

Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fourth Year of Publication · ਨਿਊਯਾਰਕ ਐਡੀਸ਼ਨ · Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 36; September 9, 2023 · 20451 N. Plum Grove Rd., Palatine, IL 60074 · Ph:847-359-0746, Fax:847-705-9388

## ਮੋਦੀ ਖਿਲਾਫ ਮੁਹਿੰਮ ਨੇ ਮਜ਼ਬੂਤੀ ਫੜੀ

**ਨਵੀਂ ਦਿੱਲੀ:** ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਗੈਰ-ਭਾਜਪਾ ਪਾਰਟੀਆਂ ਦੇ ਗੱਠਬੰਧਨ 'ਇੰਡੀਆ' ਨੇ ਭਰੋਸਾ ਜਤਾਇਆ ਕਿ ਉਹ ਭਗਵਾ ਧਿਰ ਨੂੰ ਆਸਾਨੀ ਨਾਲ ਹਰਾਉਣ ਦੇ ਸਮਰੱਥ ਹਨ। ਗੱਠਬੰਧਨ ਵਿਚ ਸ਼ਾਮਲ ਸਾਰੀਆਂ ਧਿਰਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਰਲ ਕੇ ਲੜਨ ਦਾ ਅਹਿਦ ਲਿਆ ਹੈ। 'ਇੰਡੀਆ' ਦੀ ਮੁੰਬਈ 'ਚ ਹੋਈ ਮੀਟਿੰਗ ਨੂੰ ਸਫਲ ਮੰਨਿਆ ਜਾ ਰਿਹਾ ਹੈ। ਦੋ ਦਿਨਾਂ ਦੀ ਮੀਟਿੰਗ ਦੌਰਾਨ ਸੂਬਿਆਂ ਵਿਚ ਸੀਟਾਂ ਦੀ ਵੰਡ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ। ਅਗਲੀ ਰਣਨੀਤੀ ਇਹ ਹੈ ਕਿ 30 ਸਤੰਬਰ ਤੱਕ ਸੀਟਾਂ ਦੀ ਵੰਡ ਵੀ ਕਰ ਲਈ ਜਾਵੇ। ਉਧਰ, ਪਿਛਲੇ ਕੁਝ ਦਿਨਾਂ ਵਿਚ ਭਾਜਪਾ ਦੀਆਂ ਵਧੀਆਂ ਸਰਗਰਮੀਆਂ ਨੂੰ ਇਸ ਭਗਵਾ ਧਿਰਾਂ ਦੀ ਘਬਰਾਹਟ ਨਾਲ ਜੋੜਿਆ ਜਾ ਰਿਹਾ ਹੈ।

ਕੇਂਦਰ ਸਰਕਾਰ ਵੱਲੋਂ ਸਤੰਬਰ ਵਿਚ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ, ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਿਚ 'ਇਕ ਦੇਸ਼, ਇਕ ਚੋਣ' ਬਾਰੇ ਕਮੇਟੀ ਬਣਾਉਣ, ਦੇਸ਼ ਦਾ ਨਾਮ ਇੰਡੀਆ ਦੀ ਥਾਂ ਭਾਰਤ ਰੱਖਣ ਦੀਆਂ ਕੋਸ਼ਿਸ਼ਾਂ ਸਾਫ ਇਸ਼ਾਰਾ ਕਰਦੀਆਂ ਹਨ ਕਿ ਵਿਰੋਧ ਧਿਰਾਂ ਦੇ ਏਕੇ ਨੇ ਭਾਜਪਾ ਨੂੰ ਪੈਰੋਂ ਕੱਢ ਦਿੱਤਾ ਹੈ। ਵਿਰੋਧੀ ਧਿਰਾਂ ਦੀ ਮੀਟਿੰਗ ਦੌਰਾਨ ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਇਥੋਂ ਤੱਕ ਆਖ ਦਿੱਤਾ ਹੈ ਕਿ ਵਿਰੋਧੀ ਆਗੂਆਂ ਨੂੰ ਕੇਂਦਰੀ ਏਜੰਸੀਆਂ ਦੇ ਛਾਪਿਆਂ ਅਤੇ ਗ੍ਰਿਫਤਾਰੀਆਂ ਲਈ ਤਿਆਰ ਰਹਿਣਾ ਚਾਹੀਦਾ ਹੈ; ਮਤਲਬ, ਭਾਜਪਾ ਸਰਕਾਰ ਆਉਂਦੇ ਦਿਨਾਂ ਵਿਚ ਗੱਠਜੋੜ ਦਾ ਹਿੱਸਾ ਬਣੀਆਂ ਧਿਰਾਂ ਦੇ ਆਗੂਆਂ ਉਤੇ ਦਬਾਅ ਬਣਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।





ਉਧਰ, ਵਿਰੋਧੀ ਧਿਰਾਂ ਦੇ ਭਾਜਪਾ ਖਿਲਾਫ ਬਣ ਰਹੇ ਏਕੇ ਨੂੰ ਵੇਖ ਸਿਆਸੀ ਮਾਹਿਰਾਂ ਨੇ ਵੀ 2024 ਬਾਰੇ ਭਵਿੱਖਬਾਣੀਆਂ ਕਰਨੀ ਸ਼ੁਰੂ ਕਰ ਦਿੱਤੀਆਂ ਹਨ। ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਜੇਕਰ ਇਹ ਗੱਠਜੋੜ 2024 ਲਈ ਸੀਟਾਂ ਦੀ ਵੰਡ ਸਣੇ ਸਾਰੇ ਫੈਸਲੇ ਸਹਿਮਤੀ ਨਾਲ ਲੈਣ ਵਿਚ ਸਫਲ ਹੁੰਦਾ ਹੈ ਤਾਂ ਇਹ ਭਾਜਪਾ ਦਾ ਸਫਾਇਆ ਕਰਨ ਦੇ ਸਮਰੱਥ ਹੋਵੇਗਾ; ਖਾਸ ਕਰ ਕੇ ਉਤਰੀ ਭਾਰਤ ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚ ਏਕਾ ਭਗਵਾ ਧਿਰ ਨੂੰ ਪੈਰੋਂ ਕੱਢਣ ਦੇ ਸਮਰੱਥ ਹੈ। ਪੰਜਾਬ, ਦਿੱਲੀ ਅਤੇ ਚੰਡੀਗੜ੍ਹ ਵਿਚ ਇਸ ਸਮੇਂ 'ਆਪ' ਦਾ ਦਬਦਬਾ ਹੈ। ਮੌਜੂਦਾ ਸਿਆਸੀ ਹਾਲਾਤ ਇਹ ਹੈ ਕਿ 'ਆਪ' ਤੋਂ ਬਾਅਦ ਇਨ੍ਹਾਂ ਸੂਬਿਆਂ ਵਿਚ ਕਾਂਗਰਸ ਦਾ ਨੰਬਰ ਆਉਂਦਾ ਹੈ। ਪੰਜਾਬ ਵਿਚ 13, ਦਿੱਲੀ ਵਿਚ 7 ਅਤੇ ਚੰਡੀਗੜ੍ਹ ਦੀ ਇਕ ਲੋਕ ਸਭਾ ਸੀਟ ਹੈ, ਜੇਕਰ ਗੱਠਜੋੜ ਸਿਰੇ ਚੜ੍ਹ ਗਿਆ ਤਾਂ ਇਹ ਭਾਜਪਾ ਤੇ ਇਸ ਦੇ ਹਮਾਇਤੀਆਂ ਲਈ ਵੱਡੀ ਚੁਣੌਤੀ ਹੋਵੇਗਾ। ਇਸ ਤੋਂ ਇਲਾਵਾ 10 ਲੋਕ ਸਭਾ ਸੀਟਾਂ ਵਾਲੇ ਸੂਬੇ ਹਰਿਆਣਾ ਵਿਚ ਵੀ ਕਿਸਾਨ ਅੰਦੋਲਨ ਤੋਂ ਬਾਅਦ ਸਿਆਸੀ ਹਾਲਾਤ ਬਦਲੇ ਹਨ। ਭਾਜਪਾ ਇਸ ਸਮੇਂ ਇਥੇ 7 ਸੀਟਾਂ ਉਤੇ ਕਾਬਜ਼ ਹੈ। ਕਿਸਾਨ ਅੰਦੋਲਨ ਤੇ ਪੰਜਾਬ ਵਿਚ ਸੱਤਾ ਮਿਲਣ ਤੋਂ ਬਾਅਦ ਇਥੇ ਆਪ ਦਾ ਆਧਾਰ ਵੀ ਕਾਫੀ ਵਧਿਆ ਹੈ। ਸਿਆਸੀ ਮਾਹਰ ਇਸ ਨੂੰ ਵੀ ਵਿਰੋਧੀ ਧਿਰਾਂ ਲਈ ਸ਼ੁਭ ਸੰਕੇਤ ਵਜੋਂ ਵੇਖ ਰਹੇ ਹਨ।

ਭਾਜਪਾ ਨੂੰ ਕੇਂਦਰੀ ਸੱਤਾ ਦਿਵਾਉਣ ਵਿਚ ਉਤਰ ਪ੍ਰਦੇਸ਼ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ। ਇਥੇ ਭਾਜਪਾ ਦੀ ਜਿੱਤ ਦਾ ਸਭ ਤੋਂ ਵੱਡਾ ਕਾਰਨ ਵੋਟਾਂ ਦੀ ਵੰਡ ਹੈ। ਗੱਠਜੋੜ ਦਾ ਹਿੱਸਾ ਸਮਾਜਵਾਦੀ ਪਾਰਟੀ ਦਾ ਇਥੇ ਵੱਡਾ ਵੋਟ ਬੈਂਕ ਹੈ। ਇਸ ਤੋਂ ਬਾਅਦ ਕਾਂਗਰਸ ਦਾ ਨੰਬਰ ਹੈ। ਸਮਾਜਵਾਦੀ ਪਾਰਟੀ, ਰਾਸ਼ਟਰੀ ਲੋਕ ਦਲ, ਕਾਂਗਰਸ ਅਤੇ 'ਆਪ' ਵਿਚਕਾਰ ਸਹਿਮਤੀ ਭਾਜਪਾ ਦਾ ਟਾਕਰਾ ਕਰਨ ਦੀ ਸਮਰੱਥਾ ਵਧਾਏਗੀ। ਇਸ ਤੋਂ ਇਲਾਵਾ ਗੁਜਰਾਤ ਵਿਚ ਭਾਜਪਾ ਤੇ ਕਾਂਗਰਸ ਤੋਂ ਆਪ ਇਕ ਵੱਡੀ ਧਿਰਾਂ ਵਜੋਂ ਉਭਰੀ ਹੈ। ਝਾਰਖੰਡ, ਬਿਹਾਰ, ਆਂਧਰਾ ਪ੍ਰਦੇਸ਼, ਤਾਮਿਲ ਨਾਡੂ ਆਦਿ ਪ੍ਰਾਂਤਾਂ ਵਿਚ ਸਹਿਮਤੀ ਬਣਨ ਵਿਚ ਮੁਸ਼ਕਿਲ ਨਹੀਂ ਆਵੇਗੀ। ਆਪ ਤੇ ਕਾਂਗਰਸ ਦਾ ਏਕਾ ਇਨ੍ਹਾਂ ਸੂਬਿਆਂ ਵਿਚ ਗੱਠਜੋੜ ਨੂੰ ਵੱਡੀ ਤਾਕਤ ਬਖ਼ਸ਼ ਸਕਦਾ ਹੈ ਹਾਲਾਂਕਿ ਕੇਰਲ ਅਤੇ ਪੱਛਮੀ ਬੰਗਾਲ ਵਿਚ ਸੀਟਾਂ ਦੀ ਵੰਡ ਬਾਰੇ ਜੱਦੋਜਹਿਦ ਕਰਨਾ ਪੈ ਸਕਦੀ ਹੈ।

ਇੰਡੀਆ ਦੀ ਮੁੰਬਈ ਵਿਚ ਹੋਈ ਮੀਟਿੰਗ ਦੇ ਮਾਹੌਲ ਤੋਂ ਪਤਾ ਲੱਗਦਾ ਹੈ ਕਿ ਇਹ ਪਾਰਟੀਆਂ ਆਪਣੀਆਂ ਸਿਆਸੀ ਮੁਸ਼ਕਿਲਾਂ ਸਮਝ ਰਹੀਆਂ ਹਨ। ਦਰਅਸਲ ਇਹ ਉਨ੍ਹਾਂ ਦੀ ਸਮੂਹਿਕ ਹੋਂਦ ਦਾ ਸਵਾਲ ਵੀ ਹੈ। ਉਧਰ, ਭਾਜਪਾ ਵੀ ਵਿਰੋਧੀ ਧਿਰਾਂ ਦੇ ਏਕੇ ਨੂੰ ਗੌਰ ਨਾਲ ਦੇਖ ਰਹੀ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਮੌਜੂਦਾ ਬਣ ਰਹੇ ਮਾਹੌਲ ਪਿੱਛੋਂ ਭਾਜਪਾ ਆਪਣੇ 'ਰਵਾਇਤੀ' ਏਜੰਡੇ ਨੂੰ ਹੋਰ ਜ਼ੋਰ-ਸ਼ੋਰ ਨਾਲ ਪ੍ਰਚਾਰਨ ਉਤੇ ਜ਼ੋਰ ਦੇ ਸਕਦੀ ਹੈ। ਸੰਵਿਧਾਨ ਦੀ ਧਾਰਾ 370 ਰੱਦ ਕਰ ਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਵੰਡਣਾ, ਰਾਮ ਮੰਦਰ ਬਣਾਉਣ ਵਰਗੀਆਂ 'ਪ੍ਰਾਪਤੀਆਂ' ਅਤੇ ਹਿੰਦੂ ਧਰਮ ਨੂੰ ਖਤਰੇ ਵਰਗੇ ਰੌਲੇ ਰੱਪੇ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰੇਗੀ। ਇਸ ਤੋਂ ਇਲਾਵਾ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਅਤੇ ਸਮਾਜਿਕ ਕਲਿਆਣ ਦੀਆਂ ਹੋਰ ਸਕੀਮਾਂ ਵਿਚ ਸਫਲਤਾ ਦੇ ਆਧਾਰ 'ਤੇ ਵੋਟਾਂ ਮੰਗੇਗੀ। ਉਧਰ, 'ਇੰਡੀਆ' ਗੱਠਬੰਧਨ ਦੇ ਆਗੂਆਂ ਦਾ ਸੋਚਣਾ ਹੈ ਕਿ ਲੋਕ ਧਰਮ ਆਧਾਰਿਤ ਸਿਆਸਤ ਤੋਂ ਨਿਰਾਸ਼ ਹੋ ਚੁੱਕੇ ਹਨ

*(ਬਾਕੀ ਸਫਾ 6 'ਤੇ)*

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਹਲਚਲ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਵੱਡੀ ਹਲਚਲ ਹੋ ਰਹੀ ਹੈ। ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਅਤੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਧਮੀਜਾ ਵੱਲੋਂ ਆਪੋ-ਆਪਣੇ ਅਹੁਦੇ ਤੋਂ ਅਸਤੀਫ਼ੇ ਦੇ ਦਿੱਤੇ ਗਏ ਹਨ। ਬੀਤੀ 14 ਅਗਸਤ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚ ਹੋਈ ਆਪਸੀ ਤਕਰਾਰ ਦਾ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜਾ ਸੀ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਮਾਮਲੇ ਸਬੰਧੀ ਪੰਜ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਹੈ। ਜਿਸ ਦੀ ਰਿਪੋਰਟ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰੀ ਜਾਣੀ ਹੈ।

ਚਰਚਾ ਹੈ ਕਿ ਦੋਵੇਂ ਆਗੂ ਕਰਮਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਧਮੀਜਾ ਹੁਣ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਨਿਰਧਾਰਿਤ ਚੋਣ ਪ੍ਰਕਿਰਿਆ ਤਹਿਤ ਚੋਣ ਲੜਨਗੇ। ਹਰਿਆਣਾ ਸਰਕਾਰ ਨੇ ਕਮੇਟੀ ਚੋਣਾਂ ਲਈ ਜਸਟਿਸ ਐਚ.ਐਸ. ਭੱਲਾ ਨੂੰ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਕੀਤਾ ਹੈ। ਐਚ.ਐਸ. ਭੱਲਾ ਨੇ ਚੋਣਾਂ ਦੀ ਪ੍ਰਕਿਰਿਆ ਨੂੰ ਤੇਜ਼ ਕਰਦੇ ਹੋਏ ਪੂਰੇ ਸੂਬੇ ਵਿਚ 30 ਸਤੰਬਰ ਤੱਕ ਨਵੀਆਂ ਵੋਟਾਂ ਬਣਾਉਣ ਦਾ ਸਮਾਂ ਨਿਰਧਾਰਤ ਕੀਤਾ ਹੈ। ਇਸ ਸਮੇਂ ਦੌਰਾਨ ਕੋਈ ਵੀ ਨਵਾਂ ਵੋਟਰ ਆਪਣੇ ਆਪ ਨੂੰ ਦੇ ਵੋਟਰ ਵਜੋਂ ਰਜਿਸਟਰ ਕਰ ਸਕਦਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਾਰਡਾਂ ਦੀ ਹੱਦਬੰਦੀ ਸੂਬਾ ਸਰਕਾਰ ਵੱਲੋਂ ਕੀਤੀ ਗਈ ਹੈ। 28 ਜੁਲਾਈ ਨੂੰ ਸਰਕਾਰੀ ਗਜ਼ਟ

*(ਬਾਕੀ ਸਫਾ 6 'ਤੇ)*

**One stop shop for all your taxi needs**

**The Friendly Group Ltd.**
**Chelsea Taxi Brokers**
**Ph: 212-947-9833, 212-695-0601**

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# ਮੁੱਖ ਮੰਤਰੀ ਦੀ ਕੋਠੀ ਅੱਗੇ ਅਧਿਆਪਕਾਂ ਦੀ ਖਿੱਚ-ਧੂਹ, ਪੱਗਾਂ ਲੱਥੀਆਂ

**ਸੰਗਰੂਰ:** ਮੁੱਖ ਮੰਤਰੀ ਦੀ ਕੋਠੀ ਅੱਗੇ 8736 ਕੱਚੇ ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਪੁੱਜੇ ਸੈਂਕੜੇ ਅਧਿਆਪਕਾਂ ਅਤੇ ਪੁਲਿਸ ਵਿਚਕਾਰ ਖਿੱਚਧੂਹ ਹੋਈ ਜਿਸ ਦੌਰਾਨ ਕਈਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਕਈ ਮਹਿਲਾ ਅਧਿਆਪਕ ਤੇ ਮਹਿਲਾ ਪੁਲਿਸ ਮੁਲਾਜ਼ਮ ਹੇਠਾਂ ਡਿੱਗ ਪਈਆਂ। ਪੁਲਿਸ ਨਾਲ ਝੜਪ ਤੋਂ ਬਾਅਦ ਰੋਹ 'ਚ ਆਈਆਂ ਦੋ ਮਹਿਲਾ ਅਧਿਆਪਕਾਂ ਨੇ ਆਪਣੇ 'ਤੇ ਪੈਟਰੋਲ ਛਿੜਕ ਲਿਆ ਪਰ ਹੋਰ ਅਧਿਆਪਕਾਂ ਨੇ ਉਨ੍ਹਾਂ ਨੂੰ ਅੱਗ ਨਾ ਲਾਉਣ ਦਿੱਤੀ। ਪ੍ਰਦਰਸ਼ਨਕਾਰੀ ਮੰਗ ਕਰ ਰਹੇ ਸਨ ਕਿ ਕੱਚੇ ਅਧਿਆਪਕਾਂ ਨੂੰ ਤਨਖਾਹ ਸਕੇਲ ਦੇ ਕੇ ਰੈਗੂਲਰ ਕੀਤਾ ਜਾਵੇ ਅਤੇ ਬੱਚਿਆਂ ਤੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਵਾਉਣ ਵਾਲੀ ਅਧਿਆਪਕਾ ਮਨਪ੍ਰੀਤ ਕੌਰ ਕਨੋਈ ਦੇ ਤਨਖਾਹ ਵਧੇ ਸਣੇ ਨਵੇਂ ਹੁਕਮ ਜਾਰੀ ਕੀਤੇ ਜਾਣ। ਜ਼ਿਕਰਯੋਗ ਹੈ ਕਿ ਪਿੰਡ ਖੁਰਾਣਾ ਵਿਚ 8736 ਕੱਚੇ ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਅਧਿਆਪਕਾਂ ਦਾ ਸੰਘਰਸ਼ 83 ਦਿਨਾਂ ਤੋਂ ਜਾਰੀ ਹੈ। ਇੰਦਰਜੀਤ ਸਿੰਘ ਮਾਨਸਾ 83 ਦਿਨਾਂ ਤੋਂ ਟੈਂਕੀ ਉਪਰ ਡਟਿਆ ਹੋਇਆ ਹੈ। ਪੰਜਾਬ ਭਰ ਤੋਂ ਅਧਿਆਪਕ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ ਦੀ ਅਗਵਾਈ ਹੇਠ ਇਥੇ ਨੈਸ਼ਨਲ ਹਾਈਵੇਅ ਦੇ ਬਾਈਪਾਸ ਦੇ ਓਵਰਬ੍ਰਿਜ ਹੇਠ ਇਕੱਠੇ ਹੋਏ ਜਿੱਥੋਂ ਰੋਸ ਰੈਲੀ ਕੀਤੀ ਗਈ। ਪੁਲਿਸ ਵੱਲੋਂ ਰੈਲੀ ਸਥਾਨ ਤੋਂ ਲੈ ਕੇ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਮੁੱਖ ਗੇਟ ਤੱਕ ਕਈ ਥਾਵਾਂ ਉਪਰ ਬੈਰੀਕੇਡ ਲਗਾ ਕੇ ਨਾਕਾਬੰਦੀ ਕੀਤੀ ਗਈ। ਰੈਲੀ ਮਗਰੋਂ ਰੋਸ ਮਾਰਚ ਕਰਦਿਆਂ ਅਧਿਆਪਕਾਂ ਨੇ ਪੁਲਿਸ ਦੀ ਪਹਿਲੀ ਨਾਕੇਬੰਦੀ ਪੁੱਟ ਦਿੱਤੀ ਅਤੇ ਪੁਲਿਸ ਨੂੰ ਧੂਹ ਕੇ ਅਧਿਆਪਕ ਅੱਗੇ ਵਧ ਗਏ। ਅਧਿਆਪਕਾਂ ਨੇ ਜਿਉਂ ਹੀ ਕਲੋਨੀ ਦੇ ਮੁੱਖ ਗੇਟ ਨੇੜੇ ਦੂਜੀ ਨਾਕੇਬੰਦੀ ਤੋਂ ਜਬਰੀ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨਾਲ ਝੜਪ ਹੋ ਗਈ। ਇਸ ਦੌਰਾਨ ਦੋਵਾਂ ਦਰਮਿਆਨ ਧੱਕਾਮੁੱਕੀ ਅਤੇ ਖਿੱਚਧੂਹ ਹੋਈ ਜਿਸ ਦੌਰਾਨ ਕਈਆਂ ਦੀਆਂ ਪੱਗਾਂ ਲੱਥ ਗਈਆਂ, ਕੁਝ ਮਹਿਲਾ ਅਧਿਆਪਕਾਂ ਅਤੇ ਮਹਿਲਾ ਪੁਲਿਸ ਮੁਲਾਜ਼ਮ ਹੇਠਾਂ ਵੀ ਡਿੱਗ ਪਈਆਂ। ਮੌਕੇ 'ਤੇ ਮੌਜੂਦ ਐਸ.ਪੀ. ਪਲਵਿੰਦਰ ਸਿੰਘ ਚੀਮਾ ਅਤੇ ਐਸ.ਡੀ.ਐਮ. ਨਵਰੀਤ ਕੌਰ ਸੇਖੋਂ ਵੱਲੋਂ ਪ੍ਰਦਰਸ਼ਨਕਾਰੀ ਅਧਿਆਪਕਾਂ ਨਾਲ ਗੱਲਬਾਤ ਜਾਰੀ ਰੱਖੀ ਗਈ। ਕਰੀਬ ਇਕ ਘੰਟੇ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਪੰਜਾਬ ਨਾਲ 14 ਸਤੰਬਰ ਨੂੰ ਚੰਡੀਗੜ੍ਹ 'ਚ ਮੀਟਿੰਗ ਨਿਸ਼ਚਿਤ ਕਰਵਾਈ ਗਈ ਜਿਸ ਮਗਰੋਂ ਪ੍ਰਦਰਸ਼ਨ ਸਮਾਪਤ ਹੋਇਆ।

ਉਧਰ, 1158 ਸਹਾਇਕ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਫਰੰਟ ਪੰਜਾਬ ਦੇ ਮੈਂਬਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਵਿਚ ਲਾਇਆ ਗਿਆ ਧਰਨਾ ਜਾਰੀ ਰਿਹਾ। ਇਸ ਦੌਰਾਨ ਸੂਬੇ ਦੇ ਸਰਕਾਰੀ ਸੈਕੰਡਰੀ ਸਕੂਲਾਂ 'ਚ ਆਊਟਸੋਰਸਿੰਗ ਰਾਹੀਂ ਵੋਕੇਸ਼ਨਲ ਪੋਸਟਾਂ 'ਤੇ ਕੰਮ ਕਰ ਰਹੇ ਅਧਿਆਪਕ ਵੀ ਆਪਣੀ ਤਨਖਾਹ ਵਧਾਉਣ ਦੀ ਮੰਗ ਨੂੰ ਲੈ ਕੇ ਸਿੱਖਿਆ ਮੰਤਰੀ ਦੇ ਪਿੰਡ ਧਰਨਾ ਲਗਾਉਣ ਲਈ ਪੁੱਜੇ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਅਧਿਆਪਕਾਂ ਦਾ ਰੋਸ ਵੇਖਦਿਆਂ ਮੌਕੇ 'ਤੇ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਕਰਨ ਮਗਰੋਂ ਇਨ੍ਹਾਂ ਨੂੰ ਪੈਨਲ ਮੀਟਿੰਗ ਦਾ ਭਰੋਸਾ ਦਿੱਤਾ ਗਿਆ। ਅਧਿਆਪਕ ਆਗੂ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਸਰਕਾਰ ਬਣਨ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀ ਤਨਖਾਹ ਪਹਿਲ ਦੇ ਆਧਾਰ 'ਤੇ ਵਧਾਈ ਜਾਵੇਗੀ ਪਰ ਅਫਸੋਸ ਦੀ ਗੱਲ ਹੈ ਕਿ ਸੂਬੇ ਅੰਦਰ ਸਰਕਾਰ ਬਣੀ ਨੂੰ ਲਗਭਗ ਡੇਢ ਸਾਲ ਦਾ ਸਮਾਂ ਹੋ ਚੁੱਕਿਆ ਹੈ ਪਰ ਅਜੇ ਤੱਕ ਉਨ੍ਹਾਂ ਪੱਲੇ ਕੁਝ ਨਹੀਂ ਪਿਆ। ਧਰਨੇ 'ਚ ਸ਼ਾਮਲ ਹੋਏ ਅਧਿਆਪਕਾਂ ਨੇ ਕਿਹਾ ਕਿ ਜੇ ਮੀਟਿੰਗ ਮਗਰੋਂ ਵੀ ਕੋਈ ਸਿੱਟਾ ਨਾ ਨਿਕਲਿਆ ਤਾਂ ਉਨ੍ਹਾਂ ਵੱਲੋਂ ਮੁੜ ਸੰਘਰਸ਼ ਵਿੱਢਿਆ ਜਾਵੇਗਾ।



## ਸਿੱਖਿਆ ਮੰਤਰੀ ਦੇ ਪਿੰਡ ਨੇੜੇ ਅਧਿਆਪਕਾਂ ਨੇ ਜੂਸ ਵੇਚਿਆ

**ਸ੍ਰੀ ਆਨੰਦਪੁਰ ਸਾਹਿਬ:** 1158 ਸਹਾਇਕ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਫਰੰਟ ਪੰਜਾਬ ਦੇ ਮੈਂਬਰਾਂ ਵੱਲੋਂ ਨੌਕਰੀ 'ਤੇ ਜੁਆਇਨ ਕਰਵਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਆਪਣਾ ਧਰਨਾ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਗੰਭੀਰਪੁਰ ਨਜ਼ਦੀਕ ਦਿੱਤਾ ਗਿਆ। ਇਨ੍ਹਾਂ ਉਮੀਦਵਾਰਾਂ ਨੇ ਸਿੱਖਿਆ ਮੰਤਰੀ ਵੱਲੋਂ ਆਪਣੀਆਂ ਮੰਗਾਂ ਨਾ ਮੰਨਣ ਦੇ ਵਿਰੋਧ ਵਿਚ ਵਿਲੱਖਣ ਤਰੀਕੇ ਨਾਲ ਸਰਕਾਰ ਅਤੇ ਸਿੱਖਿਆ ਮੰਤਰੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਨ੍ਹਾਂ ਉਮੀਦਵਾਰਾਂ ਨੇ ਜੂਸ ਦੀ ਰੇਹੜੀ ਲਾ ਕੇ ਜੂਸ ਵੇਚਿਆ ਤੇ ਹਰ ਆਉਣ ਜਾਣ ਵਾਲੇ ਨੂੰ ਹੋਕਾ ਦਿੱਤਾ ਕਿ ਇਸ ਰੇਹੜੀ 'ਤੇ ਸੂਬੇ ਦੇ ਸਿੱਖਿਆ ਮੰਤਰੀ ਲਈ ਜੂਸ ਬਿਲਕੁਲ ਮੁਫ਼ਤ ਹੈ।

## ਮਿੱਡ-ਡੇਅ ਮੀਲ ਕੁੱਕ ਵਰਕਰਾਂ ਵੱਲੋਂ ਰੈਲੀ

**ਸ੍ਰੀ ਆਨੰਦਪੁਰ ਸਾਹਿਬ:** ਮਿੱਡ-ਡੇਅ ਮੀਲ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸਕੂਲਾਂ 'ਚ ਨਿਗੂਣੇ ਮਾਣ ਭੱਤੇ 'ਤੇ ਕੰਮ ਕਰਦੀਆਂ ਕੁੱਕ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਦੇ ਬਾਹਰਵਾਰ ਪੰਜਾਬ ਸਰਕਾਰ ਖ਼ਿਲਾਫ਼ ਰੋਸ ਰੈਲੀ ਅਤੇ ਮੁਜ਼ਾਹਰਾ ਕੀਤਾ ਗਿਆ। ਇਸ ਮਗਰੋਂ ਉਨ੍ਹਾਂ ਨੂੰ ਚੰਡੀਗੜ੍ਹ ਵਿਚ 16 ਸਤੰਬਰ ਨੂੰ ਸਿੱਖਿਆ ਮੰਤਰੀ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਰੈਲੀ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਇਕੱਠੀਆਂ ਹੋਈਆਂ ਮਿੱਡ-ਡੇਅ ਮੀਲ ਵਰਕਰਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਲਖਵਿੰਦਰ ਕੌਰ ਫਰੀਦਕੋਟ ਨੇ ਕਿਹਾ ਕਿ ਪੰਜਾਬ ਦੇ ਸਕੂਲਾਂ ਅੰਦਰ ਕੰਮ ਕਰਦੀਆਂ ਮਿੱਡ-ਡੇਅ ਮੀਲ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਨਾ ਤਾਂ ਦੂਰ ਦੀ ਗੱਲ, ਭਗਵੰਤ ਮਾਨ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਈਆਂ ਗਰੰਟੀਆਂ 'ਚੋਂ ਕੁੱਕ ਵਰਕਰਾਂ ਦੇ ਮਾਣ ਭੱਤੇ ਨੂੰ ਤੁਰਤ ਦੁੱਗਣਾ ਕਰਨ ਦੀ ਦਿੱਤੀ ਗਾਰੰਟੀ ਵੀ ਹਾਲੇ ਪੂਰੀ ਨਹੀਂ ਕੀਤੀ ਜਾ ਰਹੀ।

# ਲੋਕ ਰੋਹ ਪਿੱਛੋਂ ਆਪ ਵਿਧਾਇਕ ਗੱਡੀ ਛੱਡ ਕੇ ਭੱਜਿਆ

**ਤਰਨ ਤਾਰਨ:** ਹਲਕਾ ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੂੰ ਇਲਾਕੇ ਦੇ ਪਿੰਡ ਗੋਹਲਵੜ ਵਿਚ ਕਿਸਾਨਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਗੱਡੀ ਮੌਕੇ 'ਤੇ ਹੀ ਛੱਡਣੀ ਪਈ ਤੇ ਪੁਲਿਸ ਦੀ ਸਖ਼ਤ ਸੁਰੱਖਿਆ ਹੇਠ ਉਨ੍ਹਾਂ ਨੂੰ ਉਥੋਂ ਕੱਢਿਆ ਗਿਆ। ਜਾਣਕਾਰੀ ਅਨੁਸਾਰ ਵਿਧਾਇਕ ਸੋਹਲ ਪਿੰਡ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਲਈ ਗਏ ਸਨ। ਉਨ੍ਹਾਂ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਮਨਜਿੰਦਰ ਸਿੰਘ ਗੋਹਲਵੜ ਦੀ ਅਗਵਾਈ ਵਿਚ ਕਿਸਾਨਾਂ ਨੇ ਘੇਰ ਕੇ ਸਵਾਲ ਕੀਤੇ। ਵਿਧਾਇਕ ਨੇ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਰੋਹ ਵਿਚ ਆਏ ਕਿਸਾਨਾਂ ਨੇ ਵਿਧਾਇਕ ਦੀ ਗੱਡੀ ਰੋਕ ਲਈ। ਵਿਧਾਇਕ ਨੂੰ ਕਿਸੇ ਪ੍ਰਾਈਵੇਟ ਗੱਡੀ ਵਿਚ ਬੈਠ ਕੇ ਭਾਰੀ ਪੁਲਿਸ ਫੋਰਸ ਵਿਚ ਮੌਕੇ ਤੋਂ ਬਾਹਰ



ਨਿਕਲਣਾ ਪਿਆ।

ਪੁਲਿਸ ਨੇ ਬਾਅਦ ਵਿਚ ਵਿਧਾਇਕ ਦੀ ਗੱਡੀ ਉਥੋਂ ਲਿਆਂਦੀ। ਇਸ ਸਬੰਧੀ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਉਨ੍ਹਾਂ ਨੂੰ ਘੇਰਨ ਵਾਲੇ ਕਿਸਾਨ ਨਹੀਂ ਬਲਕਿ ਕਾਂਗਰਸ ਅਤੇ ਅਕਾਲੀ ਦਲ ਦੇ ਵਰਕਰ ਸਨ, ਜਿਨ੍ਹਾਂ ਵੱਲੋਂ ਪਿੰਡ ਦੇ ਲੋਕਾਂ ਨੂੰ 'ਆਪ' ਵਿਚ ਸ਼ਾਮਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਉਹ ਉਨ੍ਹਾਂ ਦੇ ਸਮਾਗਮ ਵਿਚ ਵਿਘਨ ਪਾਉਣਾ ਚਾਹੁੰਦੇ ਸਨ।

# ਯੂਨੀਅਨ ਸਿਟੀ ਵਰਲਡ ਕਬੱਡੀ ਕੱਪ 'ਚ ਗਾਇਕ ਬੁੱਕਣ ਜੱਟ ਲਵਾਏਗਾ ਹਾਜ਼ਰੀ: ਗਾਖਲ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਡ ਸਪੋਰਟਸ ਕਲੱਬ ਯੂ.ਐੱਸ.ਏ. ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਸਹਿਯੋਗ ਨਾਲ 17 ਸਤੰਬਰ 2023, ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਜਾ ਰਹੇ 16ਵੇਂ ਵਰਲਡ ਕਬੱਡੀ ਕੱਪ ਵਿਚ ਜਿੱਥੇ ਦੁਨੀਆ ਭਰ ਦੇ ਸੁਪਰ ਸਟਾਰ ਕਬੱਡੀ ਖਿਡਾਰੀ ਆਪਣੀ ਖੇਡ ਕਲਾ ਦੇ ਜੌਹਰ ਦਿਖਾਉਣਗੇ, ਉੱਥੇ ਹੀ ਸੁਪਰ ਸਟਾਰ ਗਾਇਕ ਬੁੱਕਣ ਜੱਟ ਵੀ ਖੇਡ ਮੇਲੇ ਵਿਚ ਸ਼ਾਮਲ ਹੋਣਗੇ। ਉਪਰੋਕਤ ਜਾਣਕਾਰੀ ਦਿੰਦਿਆਂ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਵਰਲਡ ਕੱਪ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਦਰਸ਼ਕਾਂ ਨੂੰ ਅਪੀਲ ਹੈ ਕਿ ਸਵੇਰੇ 10 ਵਜੇ ਪਹੁੰਚ ਕੇ ਸਰਬੱਤ ਦੇ ਭਲੇ ਦੀ ਚੜ੍ਹਦੀ ਕਲਾ ਦੀ ਅਰਦਾਸ ਵਿਚ ਸ਼ਾਮਲ ਹੋ ਕੇ ਸਾਰਾ ਦਿਨ ਕਬੱਡੀ ਮੁਕਾਬਲਿਆਂ ਦਾ ਅਨੰਦ ਮਾਣਨ।

ਇਸ ਮੌਕੇ ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ



ਸਹੋਤਾ, ਇਕਬਾਲ ਸਿੰਘ ਗਾਖਲ ਅਤੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਰਾਜਾ ਸਵੀਟਸ ਵੱਲੋਂ ਗੁਰਦੁਆਰਾ ਸਾਹਿਬ ਸੈਨਹੋਜ਼ੇ, ਸਟਾਕਟਨ ਅਤੇ



ਫਰੀਮਾਂਟ ਦੇ ਸਹਿਯੋਗ ਨਾਲ ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਹਰਵਿੰਦਰ ਰਿੰਦਾ ਦੇ ਛੇ ਸਾਥੀ ਅਸਲੇ ਸਣੇ ਗ੍ਰਿਫ਼ਤਾਰ

**ਮੁਹਾਲੀ:** ਪੰਜਾਬ ਪੁਲਿਸ ਦੇ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ) ਨੇ ਮੁਹਾਲੀ ਪੁਲਿਸ ਨਾਲ ਮਿਲ ਕੇ ਪਾਕਿਸਤਾਨ ਵਿਚ ਲੁਕੇ ਬੈਠੇ ਆਈ.ਐਸ.ਆਈ. ਦੀ ਹਮਾਇਤ ਪ੍ਰਾਪਤ ਅਤਿਵਾਦੀ ਹਰਵਿੰਦਰ ਸਿੰਘ ਉਰਫ ਰਿੰਦਾ ਦੇ 6 ਸਾਥੀਆਂ ਰੋਸ਼ਨ ਕੁਮਾਰ, ਸੌਰਭ ਕੁਮਾਰ, ਵਿਕਰਮ ਕੁਮਾਰ, ਅਮਰਿੰਦਰ ਸਿੰਘ ਉਰਫ਼ ਬਿੱਲੀ, ਅਰਸ਼ਵੀਰ ਸਿੰਘ ਅਤੇ ਸੰਨੀ ਸਾਰੇ ਵਾਸੀ ਪਟਿਆਲਾ ਨੂੰ ਨਾਜਾਇਜ਼ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜ਼ੀਰਕਪੁਰ ਪੁਲਿਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਦੇ ਕਬਜ਼ੇ 'ਚੋਂ ਪੰਜ ਪਿਸਤੌਲ ਅਤੇ ਗੋਲੀ-ਸਿੱਕਾ ਬਰਾਮਦ ਕੀਤਾ ਗਿਆ ਹੈ। ਪੁਲਿਸ ਅਨੁਸਾਰ ਸਾਰੇ ਮੁਲਜ਼ਮ ਕਤਲ, ਇਰਾਦਾ-ਏ-ਕਤਲ, ਜਬਰੀ ਵਸੂਲੀ, ਡਕੈਤੀ, ਹਥਿਆਰਾਂ ਦੀ ਅੰਤਰਰਾਜੀ ਤਸਕਰੀ ਸਮੇਤ ਹੋਰ ਕਈ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਸਨ ਅਤੇ ਪੰਜਾਬ ਵਿਚ ਸਨਸਨੀਖੇਜ਼ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ।

ਡੀ.ਜੀ.ਪੀ. ਨੇ ਦੱਸਿਆ ਕਿ ਮੁਲਜ਼ਮਾਂ ਨੂੰ ਜ਼ੀਰਕਪੁਰ ਖੇਤਰ 'ਚੋਂ ਉਦੋਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਵਰਨਾ ਕਾਰ ਵਿਚ ਜਾ ਰਹੇ ਸਨ। ਇਨ੍ਹਾਂ ਵਿਚੋਂ ਮੁਲਜ਼ਮ ਅਰਸ਼ਵੀਰ ਸਿੰਘ ਪਟਿਆਲਾ ਦੇ ਦੋਹਰੇ ਕਤਲ ਕੇਸ ਵਿਚ ਲੋੜੀਂਦਾ ਸੀ। ਉਸ ਨੇ ਅਪਰੈਲ ਮਹੀਨੇ ਦੋ ਨੌਜਵਾਨਾਂ ਦਾ ਕਤਲ ਕਰ ਦਿੱਤਾ ਸੀ। ਸੰਨੀ ਅਤੇ ਅਰਸ਼ਵੀਰ ਨੂੰ ਇਸ ਤੋਂ ਪਹਿਲਾਂ ਸਪੈਸ਼ਲ ਸੈੱਲ ਦਿੱਲੀ ਵੱਲੋਂ ਜਨਵਰੀ 2023 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਸਮੇਂ ਉਹ ਜ਼ਮਾਨਤ 'ਤੇ ਜੇਲ੍ਹ 'ਚੋਂ ਬਾਹਰ ਆਏ ਸੀ ਅਤੇ ਉਨ੍ਹਾਂ ਨੇ ਮੁੜ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ।

# ਆਮ ਆਦਮੀ ਪਾਰਟੀ ਨੇ ਹੁਣ ਹਰਿਆਣਾ ਦੇ ਲੋਕਾਂ ਦਾ ਸਾਥ ਮੰਗਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੇ ਭਿਵਾਨੀ ਵਿਚ ਪਾਰਟੀ ਦੇ ਨਵੇਂ ਅਹੁਦੇਦਾਰਾਂ ਦੇ ਸਹੁੰ ਚੁੱਕ ਸਮਾਗਮ ਮੌਕੇ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਹਰਿਆਣਾ ਵਿਚ 'ਆਪ' ਦੀ ਸਰਕਾਰ ਬਣਨ 'ਤੇ ਦਿੱਲੀ ਅਤੇ ਪੰਜਾਬ ਦੀ ਤਰਜ਼ 'ਤੇ ਲੋਕਾਂ ਨੂੰ 24 ਘੰਟੇ ਮੁਫ਼ਤ ਬਿਜਲੀ ਸਪਲਾਈ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਬੱਚਿਆਂ ਨੂੰ ਵਧੀਆ ਸਿਹਤ ਤੇ ਸਿੱਖਿਆ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮੁਫ਼ਤ ਸਿਹਤ ਤੇ ਸਿੱਖਿਆ ਸਹੂਲਤਾਂ ਦੇ ਕੇ 'ਆਪ' ਆਪਣਾ ਘਰ ਨਹੀਂ ਭਰ ਰਹੀ ਸਗੋਂ



ਆਪਣੀ ਜ਼ਿੰਮੇਵਾਰੀ ਨਿਭਾਅ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਬਦਲਾਅ ਲਈ 'ਆਪ' ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦਾ ਚੋਣ ਨਿਸ਼ਾਨ ਝਾੜੂ ਹੈ ਅਤੇ ਇਹੀ ਝਾੜੂ ਦਿੱਲੀ ਤੇ ਪੰਜਾਬ ਤੋਂ ਬਾਅਦ ਦੇਸ਼ 'ਚੋਂ ਭਾਜਪਾ ਦਾ ਸਫਾਇਆ ਕਰੇਗਾ।

ਮਾਨ ਨੇ ਕਿਹਾ ਕਿ ਹਰਿਆਣਾ ਤੇ ਪੰਜਾਬ ਇਕੋ ਭਾਂਡੇ ਵਿਚ ਪਾਣੀ ਪੀਂਦੇ ਹਨ। ਕੁਝ ਲੋਕਾਂ ਨੇ ਦੋਵਾਂ ਸੂਬਿਆਂ ਵਿਚ ਲਕੀਰ ਖਿੱਚ ਦਿੱਤੀ ਸੀ ਪਰ ਅੱਜ ਉਹ ਲਕੀਰ ਮਿਟ ਚੁੱਕੀ ਹੈ। ਇਸ ਦੌਰਾਨ ਉਨ੍ਹਾਂ ਹਰਿਆਣਾ ਦੇ ਲੋਕਾਂ ਅੱਗੇ ਆਪਣੇ ਸਵਾ ਸਾਲ ਦਾ ਰਿਪੋਰਟ ਕਾਰਡ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿਚ 35 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਦੇ ਘਰਾਂ ਦੇ ਨਜ਼ਦੀਕ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਸੂਬੇ 'ਚ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਨਸ਼ਾ ਤਸਕਰਾਂ ਤੇ ਗੈਂਗਸਟਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

## ਕੇਜਰੀਵਾਲ ਨੇ ਖੱਟਰ ਦੀ ਟਿੱਪਣੀ ਦਾ ਦਿੱਤਾ ਮੋੜਵਾਂ ਜਵਾਬ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ 'ਤੇ ਹਮਲਾ ਕਰਦਿਆਂ ਕਿਹਾ ਕਿ ਦਿੱਲੀ ਅਤੇ ਪੰਜਾਬ ਦੇ ਲੋਕ 'ਆਪ' ਸਰਕਾਰ ਦੀਆਂ ਮੁਫ਼ਤ ਸਹੂਲਤਾਂ ਤੋਂ ਖੁਸ਼ ਹਨ ਅਤੇ ਛੇਤੀ ਹੀ ਹਰਿਆਣਾ ਦੇ ਲੋਕਾਂ ਨੂੰ ਵੀ ਇਸ ਦਾ ਲਾਭ ਮਿਲੇਗਾ। ਜ਼ਿਕਰਯੋਗ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨੇ ਕਿਹਾ ਸੀ ਕਿ ਬਹੁਤ ਸਾਰੀਆਂ ਪਾਰਟੀਆਂ ਮੁਫ਼ਤ ਸਹੂਲਤਾਂ ਦੇਣ ਦੀ ਗੱਲ ਕਰਦੀਆਂ ਹਨ ਪਰ ਉਨ੍ਹਾਂ (ਭਾਜਪਾ) ਦੀ ਸਰਕਾਰ ਲੋਕਾਂ ਦੇ ਵਿਕਾਸ ਲਈ ਉਨ੍ਹਾਂ ਦੇ ਹੁਨਰ ਦਾ ਸਨਮਾਨ ਕਰ ਰਹੀ ਹੈ। ਕੇਜਰੀਵਾਲ ਨੇ ਖੱਟਰ ਦੀ ਟਿੱਪਣੀ ਦਾ ਜਵਾਬ ਦਿੰਦਿਆਂ ਕਿਹਾ ਕਿ ਛੇਤੀ ਹੀ 'ਆਪ' ਹਰਿਆਣਾ ਦੇ ਲੋਕਾਂ ਨੂੰ ਲਾਭ ਪਹੁੰਚਾਉਣਾ ਸ਼ੁਰੂ ਕਰ ਦੇਵੇਗੀ।

# ਰਣਜੀਤ ਬਾਵਾ ਨੇ ਲਾਈਵ ਸ਼ੋਅ 'ਚ ਲਾਈ ਸੁਰਾਂ ਦੀ ਛਹਿਬਰ

## ਸੱਭਿਆਚਾਰਕ ਗਾਣਿਆਂ ਨਾਲ ਸਰੋਤੇ ਕੀਲੇ

ਸ਼ਿਕਾਗੋ: ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿੱਡਵੈਸਟ) ਵਲੋਂ ਪ੍ਰਧਾਨ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਲੰਘੇ ਦਿਨੀਂ ਨੌਰਥ ਸ਼ੋਰ ਸੈਂਟਰ ਸਕੋਕੀ ਵਿਖੇ ਉਘੇ ਪੰਜਾਬੀ ਗਾਇਕ ਰਣਜੀਤ ਬਾਵਾ ਦਾ ਲਾਈਵ ਸ਼ੋਅ 'ਪੰਜਾਬ ਬੋਲਦਾ' ਕਰਵਾਇਆ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਅਮਰਜੀਤ ਸਿੰਘ ਢੀਂਡਸਾ ਤੇ ਲਖਵੀਰ ਸਿੰਘ ਢੀਂਡਸਾ, ਚੇਅਰਮੈਨ ਅਮਰਜੀਤ ਸਿੰਘ ਸੰਧਰ ਅਤੇ ਈਵੈਂਟ ਮੈਨੇਜਰ ਗੁਰਿੰਦਰਜੀਤ ਸਿੰਘ ਗਰੇਵਾਲ ਸਨ।

ਆਪਣੇ ਵੱਖਰੇ ਹੀ ਅੰਦਾਜ਼ 'ਚ ਸੱਭਿਆਚਾਰਕ ਅਤੇ ਪਰਿਵਾਰਕ ਗਾਣੇ ਗਾਉਣ ਲਈ ਮਸ਼ਹੂਰ ਰਣਜੀਤ ਬਾਵਾ ਜਦੋਂ ਸਟੇਜ 'ਤੇ ਆਇਆ ਤਾਂ ਸੈਂਕੜਿਆਂ ਦੀ ਗਿਣਤੀ 'ਚ ਪੁੱਜੇ ਸਰੋਤਿਆਂ ਨੇ ਤਾੜੀਆਂ ਨਾਲ ਉਸ ਦਾ ਸਵਾਗਤ ਕੀਤਾ। ਉਹਨੇ ਆਪਣਾ ਚਰਚਿਤ ਗੀਤ 'ਤੇਰੇ ਬਿਨਾ ਮੇਰਾ ਕੌਣ ਨੀਂ ਮਿੱਟੀਏ' ਗਾ ਕੇ ਖੂਬ ਵਾਹ-ਵਾਹ ਖੱਟੀ। ਇਸ ਤੋਂ ਇਲਾਵਾ ਉਸ ਨੇ ਆਪਣੇ ਮਸ਼ਹੂਰ ਗੀਤ 'ਯਾਰੀ ਚੰਡੀਗੜ੍ਹ ਵਾਲੀਏ ਨੀਂ ਤੇਰੀ', 'ਬੌਲੀਵੁੱਡ ਵਾਲੀਏ', 'ਗਿੱਦੜਾਂ ਦਾ ਸੁਣਿਆ ਗਰੁੱਪ ਫਿਰਦਾ ਕਹਿੰਦੇ ਸ਼ੇਰ ਮਾਰਨਾ', 'ਰੋਟੀ ਖਾਧੀ ਐ ਕਿ ਨਈਂ 'ਕੱਲੀ ਮਾਂ ਪੁਛਦੀ', 'ਸਾਰੀ ਫੈਮਲੀ ਦੇ ਕੱਪੜੇ ਆ ਜਾਂਦੇ ਜਿੰਨੇ ਦੀ ਤੇਰੀ ਜੀਨ ਕੁੜੀਏ' ਗਾਏ। ਜਦੋਂ ਉਸ ਨੇ 'ਤੇਰੀ ਵੇ ਡਰਾਇਵਰਾ ਅਮਰੀਕਾ ਵਾਲਿਆ ਵੇ ਕਿੱਥੇ ਜਾਂਦੀ ਤਨਖਾਹ ਗਾਇਆ' ਤਾਂ ਹਾਲ 'ਚ ਬੈਠੇ ਡਰਾਈਵਰ ਵੀਰਾਂ ਨੇ ਉਸ ਦੇ ਨਾਲ ਇਹ ਗੀਤ ਗਾ ਕੇ ਤੇ ਭੰਗੜੇ ਪਾ ਕੇ ਖੂਬ ਰੌਣਕਾਂ ਲਾਈਆਂ। ਜਦੋਂ ਉਸ ਨੇ ਚਿਮਟਾ ਵਜਾਉਂਦਿਆਂ ਲੰਮੀ ਹੇਕ ਨਾਲ 'ਬੋਲ ਮਿੱਟੀ ਦਿਆ ਬਾਵਿਆ' ਗਾਇਆ ਤਾਂ ਦਰਸ਼ਕ ਅਸ਼-ਅਸ਼ ਕਰ ਉਠੇ। ਬਾਵੇ ਦੇ ਗਾਣਿਆਂ ਦਾ ਹਰ ਉਮਰ ਦੇ ਸਰੋਤਿਆਂ ਦੇ ਅਨੰਦ ਮਾਣਿਆ ਤੇ ਪਰਿਵਾਰਾਂ ਸਣੇ ਉਸ ਨੂੰ ਸੁਣਨ ਪੁੱਜੇ ਸਰੋਤਿਆਂ ਦਾ ਕਹਿਣਾ ਸੀ ਕਿ ਉਸ ਦੀ ਗਾਇਕੀ ਰੂਹ ਨੂੰ ਸਕੂਨ ਦੇਣ ਵਾਲੀ ਸੀ। ਜਦੋਂ ਉਹ ਗਾ ਰਿਹਾ ਸੀ ਤਾਂ ਲੋਕ ਆਪੋ-ਆਪਣੀਆਂ ਸੀਟਾਂ 'ਤੇ ਖੜੇ ਹੋ ਕੇ ਨੱਚ ਰਹੇ ਸਨ। ਬਾਵੇ ਨੇ ਆਪਣੀ ਸਾਫ-ਸੁਥਰੀ ਗਾਇਕੀ ਨਾਲ ਸਭ ਦਾ ਮਨ ਮੋਹ ਲਿਆ।

ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ ਤੇ ਬਾਕੀ ਮੈਂਬਰਾਂ ਨੇ ਰਣਜੀਤ ਬਾਵਾ ਦਾ ਸਨਮਾਨ ਕੀਤਾ ਤੇ ਖੂਬਸੂਰਤ ਗਾਇਕੀ ਨਾਲ ਸ਼ਿਕਾਗੋ ਵਾਸੀਆਂ ਦਾ ਮਨੋਰੰਜਨ ਕਰਨ ਲਈ ਉਸ ਦਾ ਧੰਨਵਾਦ ਕੀਤਾ। ਸ਼ੋਅ ਤੋਂ ਬਾਅਦ ਬਾਵੇ ਨਾਲ ਫੋਟੋਆਂ ਖਿੱਚਣ ਦਾ ਸਿਲਸਿਲਾ ਵੀ ਚੱਲਦਾ ਰਿਹਾ। ਪ੍ਰਬੰਧਕਾਂ ਨੇ ਅਗਾਂਹ ਵੀ ਅਜਿਹੇ ਪ੍ਰੋਗਰਾਮ ਕਰਵਾਉਣ ਦੀ ਗੱਲ ਆਖੀ।

ਰਣਜੀਤ ਬਾਵਾ ਨੂੰ ਸੁਣਨ ਲਈ ਦੀਦਾਰ ਸਿੰਘ ਬਸਾਤੀ ਨੇ ਵਿਸ਼ੇਸ਼ ਯੋਗਦਾਨ ਪਾਇਆ।

ਪੰਜਾਬ ਸਪੋਰਟਸ ਕਲੱਬ ਵਲੋਂ ਸ਼ਿਕਾਗੋ ਤੋਂ ਜਸਕਰਨ ਧਾਲੀਵਾਲ, ਲੱਕੀ ਸਹੋਤਾ, ਸਨੀ ਕੁਲਾਰ, ਰੋਨੀ ਕੁਲਾਰ, ਦਵਿੰਦਰ ਰੰਗੀ, ਮਨਜੀਤ ਧਨੋਆ, ਜਗਜੀਤ ਢੀਂਡਸਾ, ਵਿੱਕੀ ਧਨੋਆ, ਮੈਡੀਸਨ ਤੋਂ ਈਵੈਂਟ ਡਾਇਰੈਕਟਰ ਗੁਰਿੰਦਰਜੀਤ ਸਿੰਘ ਗਰੇਵਾਲ, ਰੇਸ਼ਮ ਸਿੰਘ, ਸੁਰਿੰਦਰ ਸਿੰਘ ਪਾਂਗਲੀ ਤੇ ਉਨ੍ਹਾਂ ਦੇ ਸਾਥੀ, ਐਪਲਟਨ ਤੋਂ ਬੱਬੂ ਖਟੜਾ ਤੇ ਸਾਥੀ, ਮਿਲਵਾਕੀ ਤੋਂ ਲਾਲੀ ਸਿੱਧੂ ਅਤੇ ਉਨ੍ਹਾਂ ਦੇ ਸਾਥੀਆਂ ਤੋਂ ਇਲਾਵਾ ਪਰਮਜੀਤ ਸਿੱਧੂ, ਰੁਪਿੰਦਰ ਅਰੋੜਾ, ਲਖਵਿੰਦਰ ਸਿੰਘ, ਹਰਿੰਦਰ ਧਾਲੀਵਾਲ ਅਤੇ ਜਸਵੰਤ ਸਿੰਘ ਪੂਰੇ ਪਰਿਵਾਰ ਸਮੇਤ ਪਹੁੰਚੇ ਹੋਏ ਸਨ। ਕਰਾਊਨ ਪੁਆਇੰਟ ਇੰਡੀਆਨਾ ਤੋਂ ਰਿੰਪੀ ਖਟੜਾ, ਧਰਮਿੰਦਰ ਖਟੜਾ ਅਤੇ ਉਨ੍ਹਾਂ ਦੇ ਪਰਿਵਾਰ, ਰਾਜਿੰਦਰ ਬੈਂਸ, ਜੱਸੀ ਧਾਲੀਵਾਲ, ਮੱਖਣ ਸਿੰਘ ਗਿੱਲ, ਮਨਦੀਪ ਸਿੰਘ ਭੂਰਾ, ਸਤਿੰਦਰ ਸੱਤਾ, ਜਗਜੀਤ ਬਾਜਵਾ, ਰਾਣਾ ਵਿਰਕ ਨੇ ਵੀ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ।

ਕਲੱਬ ਮੈਂਬਰਾਂ ਨੇ ਪੂਰੇ ਸ਼ੋਅ ਦੀ ਕਵਰੇਜ ਲਈ ਪੀ.ਟੀ.ਸੀ. ਪੰਜਾਬੀ ਵਲੋਂ ਪੁੱਜੇ, ਗੁਰਲੀਨ ਕੌਰ ਅਤੇ ਓਂਕਾਰ ਸਿੰਘ ਸੰਘਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸ਼ੋਅ ਨੂੰ ਕਾਮਯਾਬ ਕਰਨ ਵਿਚ ਅੰਮ੍ਰਿਤਪਾਲ ਗਿੱਲ, ਦਰਸ਼ਨ ਪੰਮਾ, ਬਲਵਿੰਦਰ ਚੱਠਾ, ਲਖਵਿੰਦਰ ਸਿੰਘ ਤੇ ਠਾਕੁਰ ਸੋਹੀ, ਦਿਲਰਾਜ ਢੀਂਡਸਾ, ਸੰਤੋਖ ਸਿੰਘ ਤੂਰ, ਦਵਿੰਦਰ ਅਟਵਾਲ, ਰਣਜੀਤ ਗਿੱਲ, ਗੁਰਮੀਤ ਬਾਠ, ਧਰਮਿੰਦਰ ਬਾਠ, ਜਸਰੂਪ ਸਿੰਘ, ਰਾਜਾ ਤੱਲਣ, ਰਾਣਾ ਭੰਡਾਲ, ਹਰਬੀਰ ਵਿਰਕ, ਭੁਪਿੰਦਰ ਸ਼ੌਕਰ, ਸੰਨੀ ਜੈਨ, ਤਰਲੋਚਨ ਗਿੱਲ, ਪਰਿਵਾਰਾਂ ਸਮੇਤ ਪੁੱਜੇ ਹੋਏ ਸਨ।

ਉਨ੍ਹਾਂ ਤੋਂ ਇਲਾਵਾ ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਬਲਜੀਤ ਟਿਵਾਣਾ, ਦੀਪਿੰਦਰ ਵਿਰਕ, ਜਗਜੀਤ ਸਿੰਘ, ਕਮਲਜੀਤ ਘੁਮਾਣ ਨੇ ਵੀ ਸ਼ੋਅ ਵਿਚ ਹਾਜ਼ਰੀ ਲਵਾਈ।





















# ਪੰਜਾਬ ਸਰਕਾਰ ਪ੍ਰਤੀ ਨਰਮ ਪੈਣ ਲੱਗੇ ਰਾਜਪਾਲ ਦੇ ਸੁਰ

**ਚੰਡੀਗੜ੍ਹ:** ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੀ ਖਿੱਚੋਤਾਣ ਦਰਮਿਆਨ ਦੋਵੇਂ ਧਿਰਾਂ ਦੇ ਸੁਰ ਨਰਮ ਹੋਣ ਦੇ ਸੰਕੇਤ ਮਿਲਣ ਲੱਗੇ ਹਨ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕੌਮੀ ਖੇਡ ਦਿਵਸ ਮੌਕੇ ਪੰਜਾਬ ਦੀ ਰੱਜਵੀਂ ਤਾਰੀਫ ਕੀਤੀ ਸੀ ਅਤੇ ਮੀਡੀਆ ਅੱਗੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਸੀ। ਇਧਰ, ਪੰਜਾਬ ਸਰਕਾਰ ਨੇ ਰਾਜਪਾਲ ਵੱਲੋਂ ਭੇਜੇ ਪੱਤਰਾਂ ਦੇ ਜੁਆਬ ਦੇਣੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਕੁੜੱਤਣ ਘਟਾਉਣ ਵੱਲ ਕਦਮ ਵਧਾਏ ਜਾ ਸਕਣ।

ਰਾਜਪਾਲ ਨੇ ਹੁਣ ਤੱਕ ਕੁੱਲ 16 ਪੱਤਰ ਪੰਜਾਬ ਸਰਕਾਰ ਨੂੰ ਭੇਜੇ ਹਨ ਜਿਨ੍ਹਾਂ ਦੀ ਚਰਚਾ ਉਹ ਕਈ ਵਾਰ ਮੀਡੀਆ ਕੋਲ ਕਰ ਚੁੱਕੇ ਹਨ। ਇਵੇਂ ਹੀ ਮੁੱਖ ਮੰਤਰੀ ਵੀ ਆਖ ਚੁੱਕੇ ਹਨ ਕਿ 9 ਪੱਤਰਾਂ ਦਾ ਜੁਆਬ ਭੇਜਿਆ ਜਾ ਚੁੱਕਾ ਹੈ। ਹੁਣ ਪੰਜਾਬ ਸਰਕਾਰ ਨੇ ਬਾਕੀ ਪੱਤਰਾਂ ਦੇ ਜੁਆਬ ਵੀ ਭੇਜਣੇ ਸ਼ੁਰੂ ਕਰ ਦਿੱਤੇ ਹਨ। ਸੂਤਰਾਂ ਅਨੁਸਾਰ ਬਕਾਇਆ ਪਏ ਛੇ ਪੱਤਰਾਂ ਦੇ ਜੁਆਬ ਤਿਆਰ ਕਰ ਲਏ ਗਏ ਹਨ ਅਤੇ ਇਨ੍ਹਾਂ ਚੋਂ ਇਕ ਇਕ ਕਰਕੇ ਪੱਤਰਾਂ ਦੇ ਜੁਆਬ ਰਾਜ ਭਵਨ ਨੂੰ ਜਾਣੇ ਸ਼ੁਰੂ ਹੋ ਗਏ ਹਨ। ਕਰੀਬ ਇਕ ਹਫਤੇ ਵਿਚ ਸਾਰੇ ਪੱਤਰਾਂ ਦੇ ਜੁਆਬ ਦੇਣ ਨੂੰ ਸਰਕਾਰ ਯਕੀਨੀ ਬਣਾ ਰਹੀ ਹੈ। ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ। ਚੇਤੇ ਰਹੇ ਕਿ ਇਨ੍ਹਾਂ ਪੱਤਰਾਂ ਨੂੰ ਲੈ ਕੇ ਵੱਡਾ ਬਿਖੇੜਾ ਖੜ੍ਹਾ ਹੋਇਆ ਸੀ। ਸੁਪਰੀਮ ਕੋਰਟ ਨੇ ਵੀ ਸਰਕਾਰ ਨੂੰ ਇਨ੍ਹਾਂ ਪੱਤਰਾਂ ਦੇ ਜੁਆਬ ਦੇਣ ਲਈ ਕਿਹਾ ਸੀ। ਦੋਵਾਂ ਧਿਰਾਂ ਨੇ ਪਹਿਲੀ ਦਫਾ ਸੁਖਾਵਾਂ ਮਾਹੌਲ ਬਣਾਉਣ ਵਾਲੇ ਸੰਕੇਤ ਦਿੱਤੇ ਹਨ। ਸਿਆਸੀ ਹਲਕਿਆਂ ਨੂੰ ਹਾਲੇ ਯਕੀਨ ਨਹੀਂ ਬੱਝ ਰਿਹਾ ਕਿ ਰਾਜਪਾਲ ਤੇ ਮੁੱਖ ਮੰਤਰੀ ਦਰਮਿਆਨ ਸੁਰ ਸਦੀਵੀ ਬਣ ਸਕਣਗੇ ਕਿਉਂਕਿ ਦੋਵਾਂ ਧਿਰਾਂ ਨੇ ਸਿਆਸੀ ਲੜਾਈ ਨੂੰ ਸਿਖਰ 'ਤੇ ਲਿਆਂਦਾ ਸੀ। ਸਿਖਰ ਉਦੋਂ ਹੋਇਆ ਜਦੋਂ ਰਾਜਪਾਲ ਨੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਗਾਏ ਜਾਣ ਦੀ ਸਿਫਾਰਸ਼ ਕੀਤੇ ਜਾਣ ਦੀ ਚਿਤਾਵਨੀ ਦੇ ਦਿੱਤੀ ਸੀ। ਹੁਣ ਜਦੋਂ ਪੰਜਾਬ ਸਰਕਾਰ ਨੇ ਰਾਜਪਾਲ ਦੇ ਬਕਾਇਆ ਪਏ ਪੱਤਰਾਂ ਦੇ ਜੁਆਬ ਦੇਣੇ ਸ਼ੁਰੂ ਕਰ ਦਿੱਤੇ ਹਨ ਤਾਂ ਰਾਜਪਾਲ ਕੋਲ ਇਸ ਮਾਮਲੇ 'ਚ ਹੁਣ ਕਹਿਣ ਲਈ ਕੋਈ ਗੱਲ ਬਾਕੀ ਨਹੀਂ ਬਚੇਗੀ। ਪਿਛਲੇ ਕੁਝ ਦਿਨਾਂ ਤੋਂ ਰਾਜਪਾਲ ਤੇ ਮੁੱਖ ਮੰਤਰੀ ਨੇ ਚੁੱਪ ਵੱਟੀ ਹੋਈ ਹੈ।



ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੀ ਖਿੱਚੋਤਾਣ ਕਾਰਨ ਸੂਬੇ ਦਾ ਕੰਮ ਪ੍ਰਭਾਵਿਤ ਹੋਇਆ ਹੈ। ਸੂਬਾ ਸਰਕਾਰ ਦੀ ਬਹੁਤੀ ਊਰਜਾ ਇਸ ਪਾਸੇ ਲੱਗ ਰਹੀ ਸੀ। ਛੇ ਬਿੱਲ ਵੀ ਰਾਜਪਾਲ ਕੋਲ ਬਕਾਇਆ ਪਏ ਹਨ, ਜਿਨ੍ਹਾਂ ਦੇ ਰੁਕਣ ਕਰਕੇ ਬਿੱਲ ਕਾਨੂੰਨੀ ਰੂਪ ਨਹੀਂ ਲੈ ਸਕੇ ਹਨ। ਪੰਜਾਬ ਸਰਕਾਰ ਨੂੰ ਇਸ ਸਿਆਸੀ ਲੜਾਈ ਕਰਕੇ ਆਖਰ ਸੁਪਰੀਮ ਕੋਰਟ ਤੱਕ ਜਾਣਾ ਪਿਆ ਹੈ। ਪੰਜਾਬ ਨੂੰ ਇਹ ਆਢਾ ਵਾਰਾ ਨਹੀਂ ਖਾਂਦਾ ਹੈ ਕਿਉਂਕਿ ਪੰਜਾਬ ਸੰਕਟਾਂ ਚੋਂ ਗੁਜਰ ਰਿਹਾ ਹੈ। ਸਿਆਸੀ ਧਿਰਾਂ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਨੂੰ ਕੋਈ ਮਨਾਉਣ ਵਾਲਾ ਵੀ ਨਹੀਂ ਸੀ।

ਸਿਆਸੀ ਹਲਕੇ ਹੈਰਾਨ ਹਨ ਕਿ ਆਖਰ ਅਜਿਹਾ ਕੀ ਵਾਪਰਿਆ ਹੈ ਕਿ ਅਚਾਨਕ ਸੁਰ ਏਨੀ ਮੱਠੇ ਪੈ ਗਏ ਹਨ। ਅਹਿਮ ਸੂਤਰ ਦੱਸਦੇ ਹਨ ਕਿ ਕੇਂਦਰੀ ਦਾਖਲ ਮਗਰੋਂ ਅਜਿਹਾ ਹੋਇਆ ਹੈ। ਪਤਾ ਲੱਗਾ ਹੈ ਕਿ ਕੇਂਦਰ ਦੀ ਭਾਜਪਾਈ ਲੀਡਰਸ਼ਿਪ ਨੇ ਦਾਖਲ ਦਿੱਤਾ ਹੈ। ਚਰਚੇ ਇਹ ਵੀ ਹਨ ਕਿ ਇਹ ਸਿਆਸੀ ਲੜਾਈ ਵਿਚ ਖੜੋਤ ਆਰਜ਼ੀ ਹੈ ਕਿਉਂਕਿ ਸਤੰਬਰ ਦੇ ਪਹਿਲੇ ਹਫਤੇ ਦਿੱਲੀ ਵਿਚ ਜੀ-20 ਸੰਮੇਲਨ ਹੋ ਰਿਹਾ ਹੈ ਜਿੱਥੇ ਕੌਮਾਂਤਰੀ ਹਸਤੀਆਂ ਪੁੱਜ ਰਹੀਆਂ ਹਨ। ਭਾਜਪਾ ਨੇ ਗੈਰ ਭਾਜਪਾਈ ਸੂਬਿਆਂ ਨਾਲ ਸਿਆਸੀ ਲੜਾਈ ਨੂੰ ਇਸ ਕਰਕੇ ਥੋੜ੍ਹਾ ਬਰੇਕ ਦਿੱਤਾ ਹੈ।

### ਕੇਂਦਰੀ ਦਖਲ ਕਾਰਨ ਨਰਮ ਪਏ ਰਾਜਪਾਲ!

**ਚੰਡੀਗੜ੍ਹ:** ਸੂਤਰ ਦੱਸਦੇ ਹਨ ਕਿ ਅੰਦਰੋਂ ਅੰਦਰੀ ਕੇਂਦਰ ਸਰਕਾਰ ਨੇ ਦਖਲ ਦਿੱਤਾ ਹੈ ਜਿਸ ਮਗਰੋਂ ਰਾਜਪਾਲ ਥੋੜ੍ਹੇ ਨਰਮ ਰੌਂਅ 'ਚ ਆ ਗਏ ਹਨ। ਸੂਤਰਾਂ ਅਨੁਸਾਰ ਭਾਰਤ ਸਰਕਾਰ ਸਤੰਬਰ ਦੇ ਪਹਿਲੇ ਹਫਤੇ ਜੀ-20 ਸੰਮੇਲਨ ਮੌਕੇ ਪੁੱਜਣ ਵਾਲੀਆਂ ਕੌਮਾਂਤਰੀ ਹਸਤੀਆਂ ਦੇ ਮੱਦੇਨਜ਼ਰ ਗੈਰ ਭਾਜਪਾਈ ਸ਼ਾਸਨ ਵਾਲੇ ਸੂਬਿਆਂ ਨਾਲ ਇਨ੍ਹਾਂ ਦਿਨਾਂ 'ਚ ਕੋਈ ਟਕਰਾਅ ਨਹੀਂ ਚਾਹੁੰਦੀ। ਅਹਿਮ ਸੂਤਰ ਅੰਦਾਜ਼ੇ ਲਗਾ ਰਹੇ ਹਨ ਕਿ ਰਾਜਪਾਲ ਨੂੰ ਕੇਂਦਰ ਤਰਫੋਂ ਕੋਈ ਨਾ ਕੋਈ ਹਦਾਇਤ ਜ਼ਰੂਰ ਮਿਲੀ ਹੋਵੇਗੀ ਜਿਸ ਕਰਕੇ ਰਾਜਪਾਲ ਚੰਡੀਗੜ੍ਹ 'ਚ ਪੰਜਾਬ ਦੀ ਤਾਰੀਫ ਕਰਦੇ ਨਜ਼ਰ ਆਏ।

## ਪੰਜਾਬ ਦੇ ਦੋ ਅਧਿਆਪਕਾਂ ਦੀ ਐਫ.ਟੀ.ਈ.ਏ. ਐਵਾਰਡ ਲਈ ਚੋਣ

**ਲੁਧਿਆਣਾ:** ਪੰਜਾਬ ਦੇ ਦੋ ਸਰਕਾਰੀ ਅਧਿਆਪਕਾਂ ਦੀ ਚੋਣ ਵਿਸ਼ਵ ਪ੍ਰਸਿੱਧ ਐਫ.ਟੀ.ਈ.ਏ. (ਫੁੱਲਬ੍ਰਾਈਟ ਟੀਚਿੰਗ ਐਕਸੀਲੈਂਸ ਐਂਡ ਅਚੀਵਮੈਂਟ) ਐਵਾਰਡ ਲਈ ਹੋਈ। ਲੁਧਿਆਣਾ ਦੇ ਸਰਕਾਰੀ ਹਾਈ ਸਕੂਲ ਆਂਡਲੂ ਵਿਚ ਬਤੌਰ ਅੰਗਰੇਜ਼ੀ ਅਧਿਆਪਕ ਵਜੋਂ ਸੇਵਾਵਾਂ ਦੇ ਰਹੇ ਅਮਨਦੀਪ ਸਿੰਘ ਨੇ ਦੱਸਿਆ ਕਿ ਉਸ ਸਮੇਤ ਸਰਕਾਰੀ ਸਕੂਲ ਅਜਨਾਲਾ ਵਿਚ ਬਾਇਓਲੋਜੀ ਦੇ ਲੈਕਚਰਾਰ ਦਿਨੇਸ਼ ਕੁਮਾਰ ਦੀ 2024 ਦੇ ਐਫ.ਟੀ.ਈ.ਏ. ਲਈ ਚੋਣ ਹੋਈ ਹੈ। ਇਨ੍ਹਾਂ ਅਧਿਆਪਕਾਂ ਨੂੰ ਅਮਰੀਕਾ ਦੀ ਯੂਨੀਵਰਸਿਟੀ ਵਿਚ ਬਤੌਰ ਅਧਿਆਪਕ ਸਿਖਲਾਈ ਲੈਣ ਲਈ ਛੇ ਹਫਤੇ ਦੀ ਸ਼ਕਾਲਰਸ਼ਿਪ ਦਿੱਤੀ ਗਈ ਹੈ। ਇਸ ਐਵਾਰਡ ਨੂੰ ਪ੍ਰਾਪਤ ਕਰਨ ਲਈ ਵਿਸ਼ਵ ਵਿਚੋਂ ਹਰ ਸਾਲ ਹਜ਼ਾਰਾਂ ਅਧਿਆਪਕ ਰਜਿਸਟ੍ਰੇਸ਼ਨ ਕਰਵਾਉਂਦੇ ਹਨ ਅਤੇ ਇਨ੍ਹਾਂ ਵਿਚੋਂ ਸਿਰਫ 165 ਅਧਿਆਪਕਾਂ ਦੀ ਹੀ ਚੋਣ ਕੀਤੀ ਜਾਂਦੀ ਹੈ। ਪੂਰੇ ਭਾਰਤ ਵਿਚੋਂ ਸਿਰਫ 7 ਅਧਿਆਪਕਾਂ ਦੀ ਇਸ ਐਵਾਰਡ ਲਈ ਚੋਣ ਕੀਤੀ ਗਈ ਹੈ।

## ਮਜ਼ਦੂਰਾਂ ਨੂੰ ਪਲਾਟਾਂ ਦੇ ਕਬਜ਼ੇ ਦੇਣ ਦੇ ਹੁਕਮ

**ਚੰਡੀਗੜ੍ਹ:** ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵੱਖ ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਸਿਵਲ ਸਕੱਤਰੇਤ ਵਿਚ ਮੀਟਿੰਗ ਦੌਰਾਨ ਸਰਕਾਰ ਨੇ ਅਹਿਮ ਫੈਸਲੇ ਕੀਤੇ। ਮੀਟਿੰਗ ਵਿਚ ਸ਼ਾਮਲ ਸਾਂਝੇ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਵਿੱਤ ਮੰਤਰੀ ਨੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਹੁਕਮ ਕੀਤਾ ਕਿ ਮਜ਼ਦੂਰਾਂ ਨੂੰ ਅਲਾਟ ਕੀਤੇ ਪਲਾਟਾਂ ਦਾ ਕਬਜ਼ਾ ਇਕ ਮਹੀਨੇ ਅੰਦਰ ਦਿੱਤਾ ਜਾਵੇ।



ਮੰਤਰੀ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਪਿੰਡ ਮੰਡੌਰ ਵਿਚ ਮਜ਼ਦੂਰਾਂ ਦੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੀ ਹੋਈ ਡੰਮੀ ਬੋਲੀ ਦੇ ਜ਼ਾਹਰਾ ਤੇ ਪੁਖਤਾ ਸਬੂਤਾਂ ਦੇ ਆਧਾਰ 'ਤੇ ਤਿੰਨ ਦਿਨਾਂ ਵਿਚ ਪੜਤਾਲ ਕਰਕੇ ਇਸ ਨੂੰ ਰੱਦ ਕਰਨ ਦੇ ਹੁਕਮ ਦਿੱਤੇ ਗਏ ਅਤੇ ਇਸ ਮਾਮਲੇ ਵਿਚ ਜੇਲ੍ਹ ਵਿਚ ਬੰਦ ਮਜ਼ਦੂਰਾਂ ਨੂੰ ਵੀ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਜਲਦੀ ਰਿਹਾਅ ਕਰਨ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਪੰਚਾਇਤੀ ਜ਼ਮੀਨਾਂ ਦੀਆਂ ਡੰਮੀ ਬੋਲੀਆਂ ਨੂੰ ਰੋਕਣ ਲਈ ਠੇਕੇ ਦੀ ਰਾਸ਼ੀ ਚੈੱਕ ਰਾਹੀਂ ਵਸੂਲਣ ਦੀ ਮੰਗ ਨੂੰ ਵੀ ਪ੍ਰਵਾਨਗੀ ਦਿੱਤੀ। ਵਿੱਤ ਮੰਤਰੀ ਵੱਲੋਂ ਖੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਦੇਣ ਵਾਲੀ ਪਾਲਿਸੀ ਦੀ ਜਲਦੀ ਸਮੀਖਿਆ ਕਰਕੇ ਆਰਥਿਕ ਤੰਗੀਆਂ ਕਾਰਨ ਖੁਦਕੁਸ਼ੀਆਂ ਕਰਨ ਵਾਲੇ ਮਜ਼ਦੂਰਾਂ ਨੂੰ ਮੁਆਵਜ਼ਾ ਮਿਲਣਾ ਯਕੀਨੀ ਬਣਾਉਣ ਲਈ ਕਦਮ ਚੁੱਕਣ ਦਾ ਵੀ ਭਰੋਸਾ ਦਿੱਤਾ। ਮਜ਼ਦੂਰ ਆਗੂਆਂ ਨੇ ਦੱਸਿਆ ਮੀਟਿੰਗ ਦੌਰਾਨ ਬੁਢਾਪਾ ਪੈਨਸ਼ਨ ਲਈ ਉਮਰ ਹੱਦ ਘਟਾਉਣ ਅਤੇ ਪੈਨਸ਼ਨ ਦੀ ਰਕਮ 'ਚ ਵਾਧਾ ਕਰਨ ਬਾਰੇ ਵਿੱਤ ਮੰਤਰੀ ਨੇ ਕੋਈ ਹੁੰਗਾਰਾ ਨਹੀਂ ਭਰਿਆ।

## ਸਰਕਾਰੀ ਸਕੂਲ ਦੀ ਅਧਿਆਪਕਾ ਨੇ ਕਲਾਸ ਰੂਮ ਵਿਚ ਹੀ ਫਾਹਾ ਲਿਆ

**ਮਾਛੀਵਾੜਾ:** ਪਿੰਡ ਪੰਜਗਰਾਈਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਤਾਇਨਾਤ ਅਧਿਆਪਕਾ ਸਿਮਰਨਜੀਤ ਕੌਰ (22) ਵਾਸੀ ਟਾਂਡਾ ਕੁਸ਼ਲ ਸਿੰਘ ਨੇ ਕਲਾਸ ਰੂਮ ਵਿਚ ਹੀ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕਾ ਦੇ ਪਿਤਾ ਮੋਹਣ ਸਿੰਘ ਨੇ ਦੱਸਿਆ ਕਿ ਸਿਮਰਨਜੀਤ ਕੌਰ ਇਸ ਸਕੂਲ ਵਿਚ ਇਕ ਸਾਲ ਤੋਂ ਪ੍ਰਾਈਵੇਟ ਤੌਰ 'ਤੇ ਪੜ੍ਹਾ ਰਹੀ ਸੀ। ਉਨ੍ਹਾਂ ਵੀ ਸਿਮਰਨਜੀਤ ਕੌਰ ਵੱਲੋਂ ਉਠਾਏ ਕਦਮ 'ਤੇ ਹੈਰਾਨੀ ਪ੍ਰਗਟਾਈ। ਉਨ੍ਹਾਂ ਦੱਸਿਆ ਕਿ ਸਿਮਰਨਜੀਤ ਬਹੁਤ ਹੋਣਹਾਰ ਸੀ। ਜਾਣਕਾਰੀ ਅਨੁਸਾਰ ਪੰਜਗਰਾਈਆਂ ਸਕੂਲ ਵਿਚ 2 ਵਜੇ ਛੁੱਟੀ ਹੋਈ ਤਾਂ ਸਿਮਰਨਜੀਤ ਕੌਰ ਨੇ ਖਾਲੀ ਹੋਏ ਕਲਾਸ ਰੂਮ ਵਿਚ ਪੱਖੇ ਨਾਲ ਚੁੰਨੀ ਬੰਨ੍ਹ ਕੇ ਫਾਹਾ ਲੈ ਲਿਆ। ਸਕੂਲ ਵਿਚ ਬੱਚਿਆਂ ਨੂੰ ਲੈਣ ਆਏ ਇਕ ਵਿਅਕਤੀ ਨੇ ਜਦੋਂ ਸਿਮਰਨਜੀਤ ਕੌਰ ਨੂੰ ਪੱਖੇ ਨਾਲ ਲਟਕਦੇ ਦੇਖਿਆ ਤਾਂ ਉਸ ਨੇ ਰੌਲਾ ਪਾਇਆ। ਇਸ ਦੌਰਾਨ ਸਕੂਲ ਵਿਚ ਮੌਜੂਦ ਪ੍ਰਿੰਸੀਪਲ ਅਤੇ ਹੋਰ ਸਟਾਫ਼ ਨੇ ਅਧਿਆਪਕਾ ਨੂੰ ਹੇਠਾਂ ਉਤਾਰਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਪ੍ਰਿੰਸੀਪਲ ਮੀਨੂ ਰਾਣੀ ਨੇ ਦੱਸਿਆ ਕਿ ਅਧਿਆਪਕਾ ਸਿਮਰਨਜੀਤ ਕੌਰ ਸਵੇਰ ਤੋਂ ਪਰੇਸ਼ਾਨ ਸੀ। ਸਿਮਰਨਜੀਤ ਦੀ ਭੈਣ ਦਾ ਫੋਨ ਉਸ ਦੇ ਮੋਬਾਈਲ 'ਤੇ ਆਇਆ ਸੀ ਤਾਂ ਉਨ੍ਹਾਂ ਉਸ ਦੀ ਗੱਲ ਕਰਵਾ ਦਿੱਤੀ ਸੀ। ਮ੍ਰਿਤਕਾ ਦੇ ਮੋਬਾਈਲ 'ਤੇ ਉਸ ਦੀ ਭੈਣ ਦੇ ਕਈ ਫੋਨ ਆਏ ਹੋਏ ਸਨ ਜਿਸ ਤੋਂ ਪੁਲਿਸ ਅਨੁਮਾਨ ਲਗਾ ਰਹੀ ਹੈ ਕਿ ਕੋਈ ਘਰੇਲੂ ਪਰੇਸ਼ਾਨੀ ਚੱਲ ਰਹੀ ਸੀ।



## ਅਕਾਲ ਤਖਤ ਵਿਖੇ ਭਾਈ ਦਿਲਾਵਰ ਸਿੰਘ ਦੀ ਬਰਸੀ ਮਨਾਈ

**ਅੰਮ੍ਰਿਤਸਰ:** ਇਥੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਵੱਲੋਂ ਭਾਈ ਦਿਲਾਵਰ ਸਿੰਘ ਦੀ ਬਰਸੀ ਮਨਾਈ ਗਈ। ਅਖੰਡ ਕੀਰਤਨੀ ਜਥੇ ਵੱਲੋਂ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਸਬੰਧ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ, ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਪੰਜ ਪਿਆਰਿਆਂ 'ਚੋਂ ਭਾਈ ਮੰਗਲ ਸਿੰਘ ਤੇ ਭਾਈ ਪਰਮਜੀਤ ਸਿੰਘ ਨੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਭੇਟ ਕੀਤੇ। ਇਸ ਦੌਰਾਨ ਬਾਪੂ ਗੁਰਚਰਨ ਸਿੰਘ, ਜਥੇਦਾਰ ਬਖਸ਼ੀਸ਼ ਸਿੰਘ, ਦਵਿੰਦਰ ਸਿੰਘ, ਬੇਅੰਤ ਸਿੰਘ, ਸਤਵੰਤ ਸਿੰਘ ਅਤੇ ਬੰਦੀ ਸਿੰਘ ਲਖਵਿੰਦਰ ਸਿੰਘ ਨਾਰੰਗਵਾਲ ਦੀ ਪਤਨੀ ਦਾ ਸਨਮਾਨ ਕੀਤਾ। ਬਰਸੀ ਸਮਾਗਮ ਦੌਰਾਨ ਹਵਾਰਾ ਕਮੇਟੀ ਦੇ ਮੈਂਬਰ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਵਧਾਵਾ ਸਿੰਘ ਬੱਬਰ ਦਾ ਸੰਦੇਸ਼ ਪੜ੍ਹਿਆ ਅਤੇ ਬਾਪੂ ਗੁਰਚਰਨ ਸਿੰਘ ਨੇ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਪੜ੍ਹ ਕੇ ਸੁਣਾਇਆ।

## ਸਰਦੇ ਪੁੱਜਦੇ ਕਿਸਾਨਾਂ ਨੇ ਵੀ ਸਹਿਕਾਰੀ ਬੈਂਕਾਂ ਦਾ ਕਰਜ਼ਾ ਮੋੜਨ ਤੋਂ ਪਾਸਾ ਵੱਟਿਆ

**ਚੰਡੀਗੜ੍ਹ:** ਪੰਜਾਬ ਵਿਚ 10 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਵੱਲ ਸਹਿਕਾਰੀ ਬੈਂਕ ਤੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕਾਂ ਦਾ 225 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ, ਜਦਕਿ 20 ਏਕੜ ਤੋਂ ਵੱਧ ਜ਼ਮੀਨ ਵਾਲੇ ਵੱਡੇ ਕਿਸਾਨਾਂ ਤੋਂ ਇਨ੍ਹਾਂ ਦੋਵੇਂ ਸਹਿਕਾਰੀ ਬੈਂਕਾਂ ਨੇ 27 ਕਰੋੜ ਰੁਪਏ ਵਸੂਲਣੇ ਹਨ। ਇਸੇ ਤਰ੍ਹਾਂ ਸੂਬਾ ਸਰਕਾਰ ਦੇ ਮੁਲਾਜ਼ਮਾਂ ਵੱਲ ਵੀ ਇਨ੍ਹਾਂ ਦੋਵੇਂ ਸਹਿਕਾਰੀ ਬੈਂਕਾਂ ਦੀ 125 ਕਰੋੜ ਦੀ ਰਾਸ਼ੀ ਬਕਾਇਆ ਖੜ੍ਹੀ ਹੈ।



ਪੰਜਾਬ ਵਿਧਾਨ ਸਭਾ ਦੀ ਸਹਿਕਾਰਤਾ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਇਹ ਤੱਥ ਉੱਭਰ ਕੇ ਸਾਹਮਣੇ ਆਏ ਹਨ। ਪਤਾ ਲੱਗਾ ਹੈ ਕਿ ਇਸ ਕਮੇਟੀ ਦੇ ਚੇਅਰਮੈਨ ਤੇ ਹਲਕਾ ਸਰਦੂਲਗੜ੍ਹ ਤੋਂ ਵਿਧਾਇਕ ਐਡਵੋਕੇਟ ਗੁਰਪ੍ਰੀਤ ਸਿੰਘ ਵਣਾਂਵਾਲੀ ਲਈ ਵੀ ਇਹ ਅੰਕੜੇ ਹੈਰਾਨ ਕਰ ਦੇਣ ਵਾਲੇ ਸਨ। ਇਸ ਕਮੇਟੀ ਨੇ ਪੰਜਾਬ ਸਰਕਾਰ ਨੂੰ ਇਨ੍ਹਾਂ ਕਰਜ਼ਿਆਂ ਦੀ ਵਸੂਲੀ ਵਿਚ ਤੇਜ਼ੀ ਲਿਆਉਣ ਲਈ ਕਿਹਾ ਹੈ। ਇਨ੍ਹਾਂ ਦੋਵੇਂ ਬੈਂਕਾਂ ਦੀ ਵਸੂਲੀ ਜਾਣ ਵਾਲੀ ਮੂਲ ਰਕਮ ਹੁਣ 1600 ਕਰੋੜ ਰੁਪਏ ਬਣਦੀ ਹੈ। ਵਿਧਾਨ ਸਭਾ ਦੀ ਸਹਿਕਾਰਤਾ ਕਮੇਟੀ ਨੇ ਨੋਟ ਕੀਤਾ ਹੈ ਕਿ ਕਰਜ਼ਾ ਮੋੜਨ ਦੇ ਸਮਰੱਥ ਵੱਡੇ ਕਿਸਾਨਾਂ ਤੇ ਮੁਲਾਜ਼ਮਾਂ ਨੇ ਵੀ ਕਰਜ਼ੇ ਨਹੀਂ ਮੋੜੇ, ਜਿਸ ਨਾਲ ਦੋਵੇਂ ਸਹਿਕਾਰੀ ਬੈਂਕਾਂ ਦੀ ਵਸੂਲੀ ਪ੍ਰਭਾਵਿਤ ਹੋਈ ਹੈ। ਇਨ੍ਹਾਂ ਬੈਂਕਾਂ ਨੇ ਅੱਗਿਓਂ ਜੋ ਵਿੱਤੀ ਸੰਸਥਾਵਾਂ ਤੋਂ 800 ਕਰੋੜ ਦੇ ਕਰਜ਼ੇ ਲਏ ਹੋਏ ਹਨ, ਉਨ੍ਹਾਂ ਦੀ ਅਦਾਇਗੀ ਵੀ ਕੀਤੀ ਜਾਣੀ ਹੈ। ਸੂਬਾ ਸਰਕਾਰ ਦੇ ਮੁਲਾਜ਼ਮਾਂ ਨੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦਾ 45 ਕਰੋੜ ਤੇ ਪੰਜਾਬ ਰਾਜ ਸਹਿਕਾਰੀ ਬੈਂਕ ਦਾ 80 ਕਰੋੜ ਦਾ ਕਰਜ਼ਾ ਨਹੀਂ ਮੋੜਿਆ।

ਯਾਦ ਰਹੇ ਕਿ ਸਹਿਕਾਰੀ ਬੈਂਕਾਂ ਵੱਲੋਂ ਛੋਟੀ ਕਿਸਾਨੀ ਨੂੰ ਦਿੱਤੇ ਜਾਣ ਵਾਲੇ ਕਰਜ਼ਿਆਂ ਵੇਲੇ ਪੂਰੀ ਚੌਕਸੀ ਵਰਤੀ ਜਾਂਦੀ ਰਹੀ ਹੈ, ਜਦਕਿ ਸਰਦੇ ਪੁੱਜਦੇ ਕਿਸਾਨਾਂ ਤੋਂ ਵਸੂਲੀ ਵੇਲੇ ਇਨ੍ਹਾਂ ਸਹਿਕਾਰੀ ਬੈਂਕਾਂ ਦੇ ਕਈ ਅਧਿਕਾਰੀ ਪਾਸਾ ਵੱਟ ਜਾਂਦੇ ਹਨ। ਬਹੁਤੇ ਧਨਾਢ ਕਿਸਾਨਾਂ ਦਾ ਸੂਬੇ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਨਾਲ ਸਬੰਧ ਵੀ ਹੈ। ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਨੇ ਕੁੱਝ ਵਰ੍ਹੇ ਪਹਿਲਾਂ ਧਨਾਢ ਕਿਸਾਨਾਂ ਖ਼ਿਲਾਫ਼ ਕਾਰਵਾਈ ਵਿੱਢੀ ਸੀ, ਉਦੋਂ ਕਾਫ਼ੀ ਸਰਦੇ ਪੁੱਜਦੇ ਕਿਸਾਨਾਂ ਨੇ ਅਦਾਇਗੀ ਵੀ ਕੀਤੀ ਸੀ। ਰਾਜ ਪੱਧਰੀ ਬੈਂਕਰਜ਼ ਕਮੇਟੀ ਦੇ ਅੰਕੜਿਆਂ ਅਨੁਸਾਰ ਪੰਜਾਬ ਰਾਜ ਸਹਿਕਾਰੀ ਬੈਂਕ 31 ਮਾਰਚ 2023 ਤੱਕ ਖੇਤੀ ਕਰਜ਼ੇ ਦੀ ਐਡਵਾਂਸਮੈਂਟ ਅਧੀਨ 392.97 ਕਰੋੜ ਦਾ ਐਨ.ਪੀ.ਏ. ਹੈ। ਚੇਤੇ ਰਹੇ ਕਿ ਇਸੇ ਸਹਿਕਾਰਤਾ ਕਮੇਟੀ ਨੇ ਡੀ.ਏ.ਪੀ. ਦੀ ਵੰਡ ਦੇ ਫਾਰਮੂਲੇ 'ਤੇ ਉਂਗਲ ਚੁੱਕੀ ਸੀ, ਜਿਸ ਵਿਚ ਡੀ.ਏ.ਪੀ. ਖਾਦ ਦੀ 90 ਫ਼ੀਸਦ ਸਪਲਾਈ ਪ੍ਰਾਈਵੇਟ ਖਾਦ ਡੀਲਰਾਂ ਨੂੰ ਦਿੱਤੀ ਗਈ ਸੀ ਤੇ ਸਹਿਕਾਰੀ ਸਭਾਵਾਂ ਦੇ ਹਿੱਸੇ ਸਿਰਫ 10 ਫ਼ੀਸਦ ਖਾਦ ਆਈ ਸੀ। ਮਗਰੋਂ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਖੇਤੀ ਮਹਿਕਮੇ ਦੀ ਖਿਚਾਈ ਕੀਤੀ, ਜਿਸ ਮਗਰੋਂ ਖੇਤੀ ਮਹਿਕਮੇ ਨੇ ਫ਼ੌਰੀ ਪੱਤਰ ਜਾਰੀ ਕਰਕੇ 60:40 ਦੇ ਅਨੁਪਾਤ ਵਾਲਾ ਫ਼ਾਰਮੂਲਾ ਬਹਾਲ ਕੀਤਾ ਸੀ।

### ਵੱਡੇ ਕਿਸਾਨਾਂ ਤੋਂ ਫੌਰੀ ਵਸੂਲੀ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਸਹਿਕਾਰਤਾ ਕਮੇਟੀ ਨੇ ਵੱਡੇ ਕਿਸਾਨਾਂ ਅਤੇ ਮੁਲਾਜ਼ਮਾਂ ਤੋਂ ਫੌਰੀ ਵਸੂਲੀ ਕਰਨ ਵਾਸਤੇ ਕਿਹਾ ਹੈ। ਇਸ ਕਮੇਟੀ ਦੀ ਮੁੱਖ ਜ਼ਿੰਮੇਵਾਰੀ ਬੈਂਕਾਂ ਵੱਲੋਂ ਦਿੱਤੇ ਗਏ ਕਰਜ਼ੇ ਦੀ ਵਸੂਲੀ ਨੂੰ ਯਕੀਨੀ ਬਣਾਉਣਾ ਤੇ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ ਲਈ ਸੁਝਾਅ ਦੇਣ ਦੀ ਹੈ। ਕਮੇਟੀ ਨੇ ਵੀ ਇਹ ਨੋਟਿਸ ਲਿਆ ਹੈ ਕਿ ਪਿਛਲੇ ਸਮੇਂ ਦੌਰਾਨ ਸਿਆਸੀ ਤਾਕਤ ਦੀ ਵਰਤੋਂ ਕਰਕੇ ਕਿਵੇਂ ਇਨ੍ਹਾਂ ਸਹਿਕਾਰੀ ਬੈਂਕਾਂ ਵਿਚ ਕਮਿਸ਼ਨ ਏਜੰਟਾਂ ਨੂੰ ਵੀ ਡਾਇਰੈਕਟਰ ਨਿਯੁਕਤ ਕੀਤਾ ਜਾਂਦਾ ਰਿਹਾ ਹੈ। ਅਜਿਹੇ ਲੋਕਾਂ ਨੇ ਪਹਿਲਾਂ ਕਰਜ਼ੇ ਲਏ ਅਤੇ ਮੁੜ ਡਿਫਾਲਟਰ ਹੋ ਗਏ।

# ਕਬੱਡੀ-ਮੇਲੇ ਨਿਊਯਾਰਕ ਦੇ

**ਨਿਊਯਾਰਕ:** ਕਬੱਡੀ ਪੰਜਾਬੀਆਂ ਦੀ ਜਿੰਦ-ਜਾਨ ਹੈ। ਨਿਊਯਾਰਕ ਵਿਚ ਕਬੱਡੀ ਮੇਲਿਆਂ ਦੀ ਲਗਾਤਾਰ ਚਲਦੀ ਲੜੀ ਨੂੰ ਤੀਹ ਸਾਲ ਹੋ ਗਏ ਨੇ। 1991-92 'ਚ ਕਬੱਡੀ ਮੇਲੇ ਦੀ ਸ਼ੁਰੂਆਤ ਹੋਈ ਸੀ। ਤਿੰਨ ਦਹਾਕਿਆਂ ਤੋਂ ਨਿਰੰਤਰ ਚਲਦੇ ਆ ਰਹੇ ਕਬੱਡੀ-ਮੇਲਿਆਂ ਦਾ 23 ਸਤੰਬਰ 2023 ਵਾਲਾ ਕਬੱਡੀ-ਕੱਪ ਇਤਿਹਾਸ ਰਚੇਗਾ ਕਿਉਂਕਿ ਇਸ ਕਬੱਡੀ-ਕੁੰਭ ਵਿਚ ਨਿਊਯਾਰਕ ਦੇ ਸਮੂਹ ਕਲੱਬ ਇਕ ਮੰਚ 'ਤੇ 'ਕੱਠੇ ਹੋ ਗਏ



**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਹਨ। ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ, ਐਨ ਵਾਈ ਸੀ ਕਬੱਡੀ ਕਲੱਬ, ਨਿਊਯਾਰਕ ਮੈਟਰੋ ਕਬੱਡੀ ਕਲੱਬ ਤੇ ਮਾਲਵਾ ਬ੍ਰਦਰਜ਼ ਯੂ.ਐਸ.ਏ. ਕਬੱਡੀ ਕਲੱਬ ਨਿਊਯਾਰਕ ਦੇ ਧੱਕੜ ਕਬੱਡੀ ਕਲੱਬ ਹਨ। ਕਲੱਬਾਂ ਦਾ ਇਕ ਪਲੇਟਫਾਰਮ 'ਤੇ ਇਕੱਠੇ ਹੋਣਾ ਇਥੋਂ ਦੇ ਵਾਸੀਆਂ ਵਾਸਤੇ ਚੰਗਾ ਸੰਕੇਤ ਹੈ ਤੇ ਇਸ ਨਾਲ ਦਰਸ਼ਕਾਂ ਵਿਚ ਖੁਸ਼ੀ ਦੀ ਲਹਿਰ ਹੈ। ਨਿਊਯਾਰਕ ਦੇ ਸਮੂਹ ਗੁਰੂ-ਘਰਾਂ, ਖੇਡ-ਕਲੱਬਾਂ, ਸੰਸਥਾਵਾਂ ਤੇ ਖੇਡ ਪ੍ਰੇਮੀਆਂ ਨੇ ਭਰਵਾਂ ਸਹਿਯੋਗ ਦੇਣ ਤੇ ਮੋਢੇ ਨਾਲ ਮੋਢੇ ਜੋੜ ਕੇ ਨਾਲ ਖੜ੍ਹਨ ਦਾ ਵਾਇਦਾ ਕੀਤਾ ਹੈ। ਤੀਹਾਂ ਸਾਲਾਂ 'ਚ ਸਮੇਂ ਸਮੇਂ ਦੇ ਖੇਡ-ਪ੍ਰਮੋਟਰਾਂ ਨੇ ਨਾਮਵਰ ਕਬੱਡੀ ਖਿਡਾਰੀਆਂ ਨੂੰ ਨਿਊਯਾਰਕ ਵਾਸੀਆਂ ਦੇ ਰੂ-ਬ-ਰੂ ਕੀਤਾ। ਮਹਿੰਦਰ ਸਿੰਘ ਸਿੱਧੂ 1991-92 ਤੋਂ ਅੱਜ ਦੀ ਤਾਰੀਖ ਤੱਕ ਕਬੱਡੀ ਨੂੰ ਪ੍ਰਮੋਟ ਕਰਦਾ ਆ ਰਿਹੈ।

ਕਬੱਡੀ ਦੇ ਪੁਰਾਣੇ ਖਿਡਾਰੀਆਂ ਕਾਰੀ, ਮੰਗੀ, ਬੇਵੀ ਤਿੰਨਾਂ ਨੇ ਆਪਣੇ ਸ਼ੌਕ ਪੂਰਦੇ 'ਕਪੂਰਥਲਾ ਸਪੋਰਟਸ ਕਲੱਬ' ਦੇ ਨਾਂ 'ਤੇ ਫ਼ੁੱਟਬਾਲ ਮੈਚਾਂ ਦੇ ਨਾਲ ਕਬੱਡੀ ਮੈਚ ਵੀ ਕਰਾਏ ਤੇ ਆਪਣੇ ਸਮੇਂ ਦੇ ਪ੍ਰਸਿੱਧ ਕਬੱਡੀ ਖਿਡਾਰੀ ਤੇ ਕੋਚ ਰਮੀਦੀ ਵਾਲੇ ਸ. ਸਰਬਣ ਸਿੰਘ ਬੱਲ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਛੋਟੇ ਬੱਚਿਆਂ ਤੇ ਵੱਡੇ ਲੜਕਿਆਂ ਦੇ ਕਈ ਸਾਲ ਫ਼ੁੱਟਬਾਲ, ਵਾਲੀਬਾਲ, ਰਸਾ-ਕਸ਼ੀ ਤੇ ਸ਼ਾਟ-ਪੁਟ ਮੁਕਾਬਲੇ ਕਰਾਏ। ਨਾਲ ਹੀ ਬੱਚਿਆਂ ਦੀਆਂ ਖੇਡਾਂ, ਤੇ ਮਹਿਲਾਵਾਂ ਦੇ ਮਨੋਰੰਜਨ ਈਵੈਂਟ ਵੀ ਕਰਾਏ। ਇਸੇ ਤਰ੍ਹਾਂ ਰਾਜਪੂਤ ਭਾਈਚਾਰੇ ਵਲੋਂ 'ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ' ਵਲੋਂ ਵੱਡੇ ਲੜਕਿਆਂ ਤੇ ਛੋਟੀ ਉਮਰ ਦੇ ਬੱਚਿਆਂ ਦੇ ਫ਼ੁੱਟਬਾਲ ਮੈਚ ਅਤੇ ਵੱਖ ਵੱਖ ਖੇਡਾਂ ਕਰਾ ਕੇ ਬੱਚਿਆਂ ਨੂੰ ਉਤਸ਼ਾਹਤ ਕੀਤਾ।

ਕਸ਼ਮੀਰ ਸਿੰਘ ਬੱਗਾ ਅਤੇ ਪਰਵਿੰਦਰ ਸਿੰਘ ਰਾਣਾ ਨੇ 'ਰਿੱਚਮੰਡ ਹਿੱਲ ਸਪੋਰਟਸ ਕਲੱਬ' ਵਲੋਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬੱਚਿਆਂ ਦੀਆਂ ਖੇਡਾਂ ਅਤੇ ਵੱਖ ਵੱਖ ਉਮਰ ਦੇ ਵੱਡੇ ਲੜਕਿਆਂ ਦੇ ਮੁਕਾਬਲੇ ਕਰਾਏ। ਸਿੱਖ ਕਲਚਰਲ ਸੁਸਾਇਟੀ ਆਫ਼ ਰਿਚਮੰਡ ਹਿੱਲ ਵਲੋਂ ਵੀ ਵੱਡੀਆਂ ਟੀਮਾਂ ਦੇ ਕਬੱਡੀ ਮੈਚ, ਬੱਚਿਆਂ ਦੀਆਂ ਖੇਡਾਂ ਅਤੇ ਮਹਿਲਾਵਾਂ ਦੇ ਵੱਖ-ਵੱਖ ਈਵੈਂਟ ਕਰਾਏ ਗਏ।

ਕਬੱਡੀ ਨੂੰ ਪਿਆਰ ਕਰਨ ਵਾਲੇ ਹੋਰ ਸੱਜਣਾਂ ਨੇ ਪੰਜਾਬੀਆਂ ਦੀ ਨਬਜ਼ ਪਛਾਣਦੇ 'ਮੈਟਰੋ ਕਬੱਡੀ ਕਲੱਬ' ਦੀ ਸਥਾਪਨਾ ਕਰ ਕੇ ਕਬੱਡੀ ਮੈਚਾਂ ਦੀ ਸ਼ੁਰੂਆਤ ਕੀਤੀ। ਤਕੜੇ ਖਿਡਾਰੀ ਸੱਦ ਕੇ ਫ਼ਸਵੇਂ ਮੁਕਾਬਲੇ ਕਰਾਏ। ਅਫ਼ਸੋਸ, ਮੈਟਰੋ ਕਬੱਡੀ ਕਲੱਬ ਦੀ ਰੀੜ੍ਹ ਦੀ ਹੱਡੀ ਵਜੋਂ ਜਾਂਦੇ ਮੱਖਣ ਸਿੰਘ ਸੰਧੂ ਦੇ ਅਚਾਨਕ ਤੁਰ ਜਾਣ ਦਾ ਕਲੱਬ ਤੇ ਨਿਊਯਾਰਕ ਵਾਸੀਆਂ ਨੂੰ ਬੜਾ ਘਾਟਾ ਪਿਆ।

ਇਸੇ ਤਰ੍ਹਾਂ ਨਿਊਯਾਰਕ ਕਬੱਡੀ-ਕੱਪਾਂ ਦੇ ਇਤਿਹਾਸ ਵਿਚ ਹੋਰ ਵਾਧਾ ਕਰਨ ਲਈ ਐਨ ਵਾਈ ਸੀ ਕਬੱਡੀ ਕਲੱਬ ਨੇ ਕਬੱਡੀ ਮੈਚ ਕਰਾ ਕੇ ਕਬੱਡੀ ਪ੍ਰੇਮੀਆਂ ਦੇ ਖ਼ੂਨ ਵਿਚ ਕਿਲੋ ਕਿਲੋ ਦਾ ਵਾਧਾ ਕੀਤਾ। ਹੌਸਲੇ ਬੁਲੰਦ ਕੀਤੇ। ਤਕੜੇ ਮੈਚ ਕਰਾ ਕੇ ਕਬੱਡੀ ਦੇ ਇਤਿਹਾਸਕ ਪੰਨੇ ਜੋੜੇ। ਹੈਰੀ ਪਵਾਰ, ਰਾਜ ਕੁਮਾਰ ਰਾਜੂ, ਦਲਜੀਤ ਸਿੰਘ ਪੱਤੜ, ਰਾਜ ਪਵਾਰ, ਕਾਬਲ ਸਿੰਘ ਗਿੱਲ, ਲਾਡੀ ਬਾਜਵਾ, ਬਿੱਟੂ ਭੁੱਲਰ ਤੇ ਰਾਜਿੰਦਰ ਸਿੰਘ ਹੈਪੀ ਨੇ ਕਬੱਡੀ ਦੀ ਚੜ੍ਹਤ ਬਣਾਈ।

ਸ਼ੁਰੂਆਤੀ ਖੇਡ-ਪ੍ਰਮੋਟਰਾਂ ਵਿਚੋਂ ਮਹਿੰਦਰ ਸਿੰਘ ਸਿੱਧੂ ਤੀਹਾਂ ਸਾਲਾਂ ਤੋਂ ਅੱਜ ਤੱਕ ਕਬੱਡੀ ਨਾਲ ਜੁੜਿਆ ਆ ਰਿਹੈ। ਪੰਜਾਬੀ ਖਿਡਾਰੀਆਂ ਤੋਂ ਇਲਾਵਾ ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ ਨੇ ਗੋਰਿਆਂ ਦੇ ਘਰਾਂ ਤੱਕ ਕਬੱਡੀ ਪਹੁੰਚਾ ਦਿੱਤੀ ਹੈ। ਕੈਨੇਡਾ ਦੀ ਪੀਲ-ਪੁਲਿਸ ਅਤੇ ਮੈਟਰੋ ਪੁਲਿਸ ਦੇ ਗੋਰੇ ਲੜਕਿਆਂ ਨੇ ਦਿਲ ਖਿੱਚਵੇਂ ਭੇੜ ਦਿਖਾਏ। ਬੜੇ ਸਾਲਾਂ ਤੋਂ ਹੁਣ ਨਿਊਯਾਰਕ ਦੇ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਰਿਚਮੰਡ ਹਿੱਲ ਇਲਾਕੇ ਦੇ 'ਸਮੋਕੀ ਪਾਰਕ' ਦੇ ਆਲੇ ਦੁਆਲੇ ਕਬੱਡੀ ਪ੍ਰੇਮੀਆਂ ਦੀਆਂ ਭੀੜਾਂ ਜੁੜਦੀਆਂ ਨੇ। ਕਬੱਡੀ ਤੋਂ ਇਲਾਵਾ ਪੰਜਾਬੀ ਵਿਰਸਾ ਸਪੋਰਟਸ ਕਲੱਬ ਵਲੋਂ ਸਮੋਕੀ ਪਾਰਕ ਵਿਚ ਬਾਸਕਟਬਾਲ ਮੁਕਾਬਲੇ ਵੀ ਕਰਾਏ ਜਾਂਦੇ ਹਨ। ਅਮਰੀਕਾ, ਮੈਕਸੀਕੋ ਅਤੇ ਜਰਮਨ ਦੀਆਂ ਗੋਰੀਆਂ ਲੜਕੀਆਂ ਤੋਂ ਇਲਾਵਾ ਪੰਜਾਬ ਵਿਚ ਵੀ ਲੜਕੀਆਂ ਦੀਆਂ ਟੀਮਾਂ ਤਿਆਰ ਨੇ ਜੋ ਬੱਬੂ ਰੋਡੇ ਦੀ ਕੋਚਿੰਗ ਅਧੀਨ ਪੰਜਾਬ ਦੇ ਵੱਖ ਵੱਖ ਟੂਰਨਾਮੈਂਟਾਂ 'ਚ ਖੇਡ-ਪ੍ਰਦਰਸ਼ਨ ਕਰਦੀਆਂ ਨੇ। ਇਨ੍ਹਾਂ ਨੂੰ ਵੇਖ ਪੰਜਾਬ ਦੀਆਂ ਹੋਰ ਲੜਕੀਆਂ ਵੀ ਕਬੱਡੀ ਵੱਲ ਪ੍ਰੇਰਿਤ ਹੋ ਰਹੀਆਂ ਨੇ। ਪੰਜਾਬੀ ਵਿਰਸਾ ਸਪੋਟਰਸ ਕਲੱਬ ਵਲੋਂ ਤਿਆਰ ਕੀਤੀਆਂ ਗੋਰੀਆਂ ਲੜਕੀਆਂ ਦੀਆਂ ਕਬੱਡੀ ਟੀਮਾਂ ਨੇ ਵਰਲਡ ਕਬੱਡੀ ਕੱਪਾਂ ਵਿਚ ਪੂਰੀ ਧਾਂਕ ਜਮਾਈ। ਵਰਲਡ ਕਬੱਡੀ ਕੱਪਾਂ ਵਿਚ ਦਰਸ਼ਕਾਂ ਨੇ ਲੜਕੀਆਂ ਦਾ ਮੈਚਾਂ ਦਾ ਪੂਰਾ ਅਨੰਦ ਮਾਣਿਆ। ਪ੍ਰੋ. ਮੱਖਣ ਸਿੰਘ ਹਕੀਮਪੁਰ ਤੇ ਪ੍ਰਿੰਸੀਪਲ ਸਰਵਣ ਸਿੰਘ ਵਰਲਡ ਕਬੱਡੀ ਕੱਪਾਂ ਦੇ ਕੁਮੈਂਟੇਟਰ ਤੇ ਟੈਕਨੀਕਲ ਡਾਇਰੈਕਟਰ ਵਜੋਂ ਆਪਣੇ ਸਮੇਂ ਦੇ ਤਕੜੇ ਕਬੱਡੀ ਖਿਡਾਰੀ, ਕੋਚ ਤੇ ਰਿਟਾਇਰ ਐਸ ਐਸ ਪੀ ਸ. ਸ਼ਿਵਦੇਵ ਸਿੰਘ ਸਨ। ਪੰਜਾਬੀ ਵਿਰਸਾ ਸਪੋਰਟਸ ਕਲੱਬ ਦੀ ਇਹ ਵੱਡੀ ਪ੍ਰਾਪਤੀ ਸੀ ਜੋ ਪੰਜਾਬ ਦੀ ਉਸ ਵੇਲੇ ਦੀ ਮੌਜੂਦਾ ਅਕਾਲੀ ਸਰਕਾਰ ਨੇ ਵਾਹਵਾ ਮਾਣ-ਤਾਣ ਦੇ ਕੇ ਲੜਕੀਆਂ ਦੇ ਹੌਸਲੇ ਬੁਲੰਦ ਕੀਤੇ ਤੇ ਹੋਣਹਾਰ ਲੜਕੀਆਂ ਨੂੰ ਅੱਗੇ ਵਧਣ ਦੇ ਮੌਕੇ ਮਿਲੇ।

# ਸਾਹਿਤਕ ਬੈਠਕ ਵਿਚ ਚੱਲਿਆ ਰਚਨਾਵਾਂ ਦਾ ਦੌਰ

**ਨਿਊਯਾਰਕ:** ਦੋ ਸਤੰਬਰ, ਐਤਵਾਰ ਨੂੰ ਨਿਊਯਾਰਕ ਵਿਚ ਵੱਸਦੇ ਸਾਹਿਤਕਾਰਾਂ ਨੇ ਲਾਂਗ ਆਈਲੈਂਡ ਦੇ ਆਈਜ਼ਨ ਹਾਵਰ ਪਾਰਕ ਵਿਚ ਸਾਹਿਤਕ ਬੈਠਕ ਕੀਤੀ। ਬੈਠਕ ਭਾਵੇਂ ਬਹੁਤੀ ਭਰਵੀਂ ਨਹੀਂ ਸੀ ਪਰ ਅਨੰਦ ਭਰਪੂਰ ਸੀ। ਸਾਰੇ ਮੈਂਬਰ ਦੋ ਕੁ ਵਜੇ ਤੱਕ ਆਪਣੀਆਂ ਆਪਣੀਆਂ ਰਚਨਾਵਾਂ ਤੇ ਕੁਰਸੀਆਂ ਲੈ ਕੇ ਕੁਦਰਤ ਦੀ ਗੋਦ ਵਿਚ ਆ ਬੈਠੇ। ਸਭ ਤੋਂ ਪਹਿਲਾਂ ਪੰਜਾਬੀ ਸਾਹਿਤਕ ਵਿਹੜੇ ਵਿਚੋਂ ਉਠ ਕੇ ਚਲੇ ਗਏ ਪਿਆਰਿਆਂ ਜਿਨ੍ਹਾਂ ਵਿਚ ਗਾਇਕ ਸੁਰਿੰਦਰ ਸ਼ਿੰਦਾ, ਗ਼ਜ਼ਲਗੋ ਹਰਜਿੰਦਰ ਬੱਲ ਤੇ ਸਾਹਿਤਕ ਚਿੰਤਕ ਤੇ ਨਾਵਲਕਾਰ ਦੇਸ ਰਾਜ ਕਾਲ਼ੀ ਨੂੰ ਕੁਝ ਪਲ ਚੁੱਪੀ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਪ੍ਰੋਗਰਾਮ ਦੇ ਸ਼ੁਰੂਆਤੀ ਦੌਰ ਵਿਚ ਜਸਵੀਰ ਸਿੰਘ ਉਭੀ ਨੇ ਆਪਣੀ ਕਹਾਣੀ "ਪਿੰਡਾਂ ਵਾਲੀ ਮਹਿਕ" ਪੜ੍ਹੀ ਜਿਸ ਵਿਚ ਕਰੋਨਾ ਕਾਲ਼ ਦੌਰਾਨ ਪੰਜਾਬ ਵਿਚ ਫਸ ਗਏ ਆਗਿਆ ਸਿੰਘ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਇਨ੍ਹਾਂ ਸਮਿਆਂ ਦੌਰਾਨ ਕਈਆਂ ਨੂੰ ਕਿਹੜੇ ਕਿਹੜੇ ਹਾਲਾਤ ਵਿਚੋਂ ਗੁਜ਼ਰਨਾ ਪਿਆ। ਮਗਰੋਂ ਬਲਦੇਵ ਸਿੰਘ ਗਰੇਵਾਲ ਨੇ ਆਪਣੀ ਕਹਾਣੀ "ਝੂਠ" ਸੁਣਾਈ ਕਿ ਅੱਜ ਵੀ ਜਾਤ-ਪਾਤ ਦੇ ਸ਼ਿਕੰਜੇ ਵਿਚ ਮੁਹੱਬਤ ਪਰਵਾਨ ਚੜ੍ਹਨ ਤੋਂ ਦਮ ਘੁੱਟ ਕੇ ਮਰ ਜਾਂਦੀ ਹੈ। ਕਹਾਣੀ ਬਹੁਤ ਸੰਵੇਦਨਸ਼ੀਲ ਮਾਹੌਲ ਪੈਦਾ ਕਰ ਗਈ। ਰੀਤੂ ਰੱਤੀ ਨੇ, ਰਿਸ਼ਤੇ ਸਿਰਲੇਖ ਵਾਲੀ ਕਵਿਤਾ ਸੁਣਾਈ, ਜਿਸ ਵਿਚ ਔਰਤ ਦੇ ਸਮਾਜ ਵਿਚ ਵੱਖ ਵੱਖ ਰਿਸ਼ਤਿਆਂ ਨੂੰ ਬਾਖੂਬੀ ਵਰਣਨ ਕੀਤਾ, 'ਤਲਖ਼ੀਆਂ' ਸਿਰਲੇਖ ਵਾਲੀ ਕਵਿਤਾ ਲਿਖਣਾ ਮਹਿਬੂਬ ਨੂੰ ਸੀ ਤੀਜੀ ਕਵਿਤਾ ਦਾ ਅਨੁਮਾਨ "ਮੰਡੀ" ਜਿਸਮਾਂ ਦੀ ਮੰਡੀ ਵਿਚ ਅਣਖਾਂ ਦਾ ਸੌਦਾ, ਸੁਣਾਈ ਸਾਰਿਆ ਵਲੋਂ ਵਾਹ ਵਾਹ ਖੱਟੀ। ਇਸ ਤੋਂ ਬਾਅਦ ਅਮਰੀਕ ਗ਼ਾਫ਼ਿਲ ਨੇ ਦੋ ਗ਼ਜ਼ਲਾਂ ਤਰੰਨਮ ਵਿਚ ਸੁਣਾਈਆਂ। ਪਹਿਲੀ ਗ਼ਜ਼ਲ "ਗਰੀਬਾਂ ਦੀ ਕਿਸਮਤ ਮੁਹੱਬਤ ਤੋਂ ਸੱਖਣੀ"

ਦੂਸਰੀ ਗਜ਼ਲ
"ਰੋਸ਼ਨੀ ਥੀ ਬਹੁਤ ਮਗਰ ਕਮ ਥੀ
ਸੱਚ ਕਹੂ ਤੋਂ ਮੇਰੀ ਨਜ਼ਰ ਕਮ ਥੀ"

ਸੁਣਾਈ। ਸਾਰਿਆਂ ਨੇ ਦੋਵਾਂ ਗਜ਼ਲਾਂ ਦਾ ਭਰਪੂਰ ਲੁਤਫ ਲਿਆ। ਬਲਵਿੰਦਰ ਸਿੰਘ ਨੇ "ਦੁੱਧ ਨੂੰ ਮਧਾਣੀਂ ਪੁੱਛਦੀ ਰਾਤੀਂ ਜਾਗ ਹੰਝੂਆਂ ਦਾ ਕਿੰਨੇ ਲਾਇਆ" ਗੀਤ ਤੇ ਕੁੱਝ ਟੱਪੇ ਤੇ ਇਕ ਗਜ਼ਲ ਸੁਣਾਈ। ਰੀਟਾ ਕੋਹਲੀ ਨੇ ਬੇਗਮ ਅਖ਼ਤਰ ਦੀ ਗਜ਼ਲ 'ਐ ਮੁਹੱਬਤ ਤੇਰੇ ਅੰਜ਼ਾਮ ਪੇ ਰੌਨਾ ਆਇਆ' ਬਹੁਤ ਖੂਬਸੂਰਤ ਅੰਦਾਜ਼ ਵਿਚ ਗਈ, ਇਕ ਪੰਜਾਬੀ ਗੀਤ "ਪਤਾ ਲੱਗਾ ਮੈਨੂੰ ਹੁੰਦੀ ਕੀ ਜੁਦਾਈ, ਜਦੋਂ ਦਾ ਮੇਰਾ ਮਾਹੀ ਰੁੱਸਿਆ' ਗਾਇਆ। ਅਖੀਰ ਵਿਚ ਬਲਵੀਰ ਸਿੰਘ ਡੁਮੇਲੀ ਨੇ ਦੋ-ਚਾਰ ਦੋਹੇ ਤੇ ਗੀਤ ਸੁਣਾਇਆ। ਜਿਸ ਦੇ ਨਾਲ ਇਹ ਸਾਹਿਤਕ ਬੈਠਕ ਸੰਪੰਨ ਹੋਈ। ਸਾਰਿਆਂ ਨੇ ਵੱਖੋ-ਵੱਖ ਲਿਆਂਦੇ ਸਨੈਕਸਦਾ ਮਜ਼ਾ ਲਿਆ। ਰੁੱਖਾਂ ਉੱਤੇ ਬੈਠੇ ਪਰਿੰਦਿਆਂ ਦੇ ਮਿੱਠੇ ਮਿੱਠੇ ਬੋਲਾਂ ਨੂੰ ਸੁਣਦਿਆਂ ਸਾਰਿਆਂ ਨੇ ਦੁਬਾਰਾ ਮਹਿਫ਼ਲ ਸਜਾਉਣ ਦੇ ਵਾਇਦੇ ਨਾਲ ਇੱਕ ਦੂਜੇ ਨੂੰ ਸ਼ੱਬਾ ਖੈਰ ਕਹੀ ਤੇ ਅਲਵਿਦਾ ਹੋਏ।

*- ਬਲਵੀਰ ਸਿੰਘ ਡੁਮੇਲੀ*


# Matrimonials

## ਲੜਕੀ ਦੀ ਲੋੜ ਹੈ

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-902

36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com

34-37

Sikh family looking for a USA or Canada match for their 83 born son, 5'10" completed his Civil Engineering diploma. Never married. He is in India, and has his own property. Has family in the USA. Please whatapp: 262-960-7366. Serious inquiries only.

34-37

## ਲੜਕੇ ਦੀ ਲੋੜ ਹੈ

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.

34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com

29-32

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲਾਹੌਰ ਵਿਚ ਵਾਰਿਸ ਸ਼ਾਹ ਕੌਮਾਂਤਰੀ ਇਨਾਮ ਵੰਡ ਸਮਾਗਮ ਕਰਵਾਇਆ

**ਲਾਹੌਰ:** ਲਾਹੌਰ ਦੇ ਕਜਾਫੀ ਸਟੇਡੀਅਮ ਦੇ ਖਿਲਾਫ ਆਡੀਟੋਰੀਅਮ ਵਿਚ ਵਾਰਿਸ ਸ਼ਾਹ ਕੌਮਾਂਤਰੀ ਇਨਾਮ ਕਮੇਟੀ ਨੇ ਖਾਸ ਪ੍ਰੋਗਰਾਮ ਕਰਵਾਇਆ ਜਿਸ ਵਿਚ ਵਾਰਿਸ ਸ਼ਾਹ ਕੌਮਾਂਤਰੀ ਇਨਾਮ ਦਿੱਤੇ ਗਏ।

ਵਾਰਿਸ ਸ਼ਾਹ ਕੌਮਾਂਤਰੀ ਇਨਾਮ ਕਮੇਟੀ ਦੇ ਚੇਅਰਮੈਨ ਅਤੇ ਉਘੇ ਲਿਖਾਰੀ ਇਲਿਆਸ ਘੁੰਮਣ ਨੇ ਵੱਡੀ ਗਿਣਤੀ ਵਿਚ ਇਕੱਤਰ ਹੋਏ ਲੋਕਾਂ ਦੀ ਹਾਜ਼ਰੀ ਵਿਚ ਪੰਜਾਬੀ ਦੇ ਮਸ਼ਹੂਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਉਘੇ ਸ਼ਾਇਰ ਤੇ ਕਹਾਣੀਕਾਰ ਰਵਿੰਦਰ ਰਵੀ (ਕੈਨੇਡਾ) ਨੂੰ ਵਾਰਿਸ ਸ਼ਾਹ ਇੰਟਰਨੈਸ਼ਨਲ ਐਵਾਰਡ ਦੇ ਸੈਨ ਚਿੰਨ੍ਹ ਅਤੇ ਅਨੇਕਾਂ ਹੋਰ ਤੋਹਫਿਆਂ ਨਾਲ ਨਿਵਾਜਿਆ।

ਯਾਦ ਰਹੇ ਕਿ ਇਸ ਐਵਾਰਡ ਲਈ ਪਹਿਲਾਂ ਉਘੇ ਗਾਇਕ ਗੁਰਦਾਸ ਮਾਨ ਦੀ ਚੋਣ ਵੀ ਕੀਤੀ ਗਈ ਪਰ ਕੁਝ ਜਥੇਬੰਦੀਆਂ ਵੱਲੋਂ ਇਤਰਾਜ਼ ਕਰਨ 'ਤੇ ਵਾਰਿਸ ਸ਼ਾਹ ਕੌਮਾਂਤਰੀ ਇਨਾਮ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਗੁਰਦਾਸ ਮਾਨ ਨੂੰ ਐਵਾਰਡ ਨਹੀਂ ਦਿੱਤਾ ਜਾਵੇਗਾ।



*ਲਾਹੌਰ ਵਿਚ ਵਾਰਿਸ ਸ਼ਾਹ ਕੌਮਾਂਤਰੀ ਇਨਾਮ ਸਮਾਗਮ ਦੀ ਇਕ ਝਲਕ।*

# ਸਵੀਡਨ: ਕੁਰਾਨ ਸਾੜਨ ਦੀ ਘਟਨਾ ਮਗਰੋਂ ਹਿੰਸਕ ਝੜਪਾਂ

**ਸਟਾਕਹੋਮ:** ਸਵੀਡਨ ਵਿਚ ਕੁਰਾਨ ਸਾੜੇ ਜਾਣ ਦੀ ਘਟਨਾ ਤੋਂ ਬਾਅਦ ਹਿੰਸਕ ਝੜਪਾਂ ਸ਼ੁਰੂ ਹੋ ਗਈਆਂ। ਪੁਲਿਸ ਨੇ ਦੱਸਿਆ ਕਿ ਸਵੀਡਨ ਦੇ ਤੀਜੇ ਸਭ ਤੋਂ ਵੱਡੇ ਸ਼ਹਿਰ ਮਾਲਮੋ ਵਿਚ ਪਰਵਾਸੀਆਂ ਦੀ ਬਹੁਗਿਣਤੀ ਵਾਲੇ ਇਲਾਕੇ ਵਿਚ ਇਹ ਘਟਨਾ ਵਾਪਰੀ ਹੈ ਜਿੱਥੇ ਮੁਸਲਿਮ-ਵਿਰੋਧੀ ਮੁਜ਼ਾਹਰਾਕਾਰੀ ਨੇ ਕੁਰਾਨ ਸਾੜ ਦਿੱਤਾ। ਪੁਲਿਸ ਮੁਤਾਬਕ ਘਟਨਾ ਤੋਂ ਬਾਅਦ ਲੋਕਾਂ ਨੇ ਉਨ੍ਹਾਂ ਵੱਲ ਪੱਥਰ ਸੁੱਟੇ ਅਤੇ ਦਰਜਨਾਂ ਕਾਰਾਂ ਨੂੰ ਅੱਗ ਲਾ ਦਿੱਤੀ। ਉਨ੍ਹਾਂ ਇਨ੍ਹਾਂ ਘਟਨਾਵਾਂ ਨੂੰ 'ਹਿੰਸਕ ਦੰਗੇ' ਕਰਾਰ ਦਿੱਤਾ ਹੈ। ਵੇਰਵਿਆਂ ਮੁਤਾਬਕ ਟਕਰਾਅ ਉਦੋਂ ਸ਼ੁਰੂ ਹੋਇਆ ਜਦ ਇਕ ਮੁਸਲਿਮ-ਵਿਰੋਧੀ ਕਾਰਕੁਨ ਸਲਵਾਨ ਮੋਮਿਕਾ ਨੇ ਕੁਰਾਨ ਦੀ ਕਾਪੀ ਸਾੜ ਦਿੱਤੀ। ਇਸ ਦੌਰਾਨ ਗੁੱਸੇ ਵਿਚ ਆਈ ਭੀੜ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਦਕਿ ਪੁਲਿਸ ਨੇ ਕਈ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ।

# ਆਪ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਪੁੱਤਰ ਨੂੰ ਜਨਮ ਦਿੱਤਾ

**ਭਵਾਨੀਗੜ੍ਹ:** ਹਲਕਾ ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਨੇ ਪਟਿਆਲਾ ਦੇ ਪ੍ਰਾਈਵੇਟ ਹਸਪਤਾਲ ਵਿਚ ਪੁੱਤਰ ਨੂੰ ਜਨਮ ਦਿੱਤਾ। ਇਸ ਸਬੰਧੀ ਨਰਿੰਦਰ ਕੌਰ ਭਰਾਜ ਦੇ ਪਤੀ ਮਨਦੀਪ ਸਿੰਘ ਲੱਖੇਵਾਲ ਨੇ ਦੱਸਿਆ ਕਿ ਨਰਿੰਦਰ ਕੌਰ ਭਰਾਜ ਪਟਿਆਲਾ ਦੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਹੋਏ ਸਨ। ਸਵੇਰੇ ਉਨ੍ਹਾਂ ਨੇ ਪੁੱਤਰ ਨੂੰ ਜਨਮ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮਾਂ ਤੇ ਪੁੱਤਰ ਦੋਵੇਂ ਸਿਹਤਮੰਦ ਹਨ। ਇਸੇ ਦੌਰਾਨ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ।

# ਸਰਕਾਰ ਹੜਤਾਲੀ ਪਟਵਾਰੀਆਂ ਖਿਲਾਫ ਸਖਤ ਹੋਈ

**ਚੰਡੀਗੜ੍ਹ:** ਪੰਜਾਬ 'ਚ ਪਟਵਾਰੀਆਂ ਵੱਲੋਂ 3193 ਮਾਲ ਹਲਕਿਆਂ ਦਾ ਕੰਮ ਬੰਦ ਕਰਨ ਤੋਂ ਬਾਅਦ ਸਰਕਾਰ ਨੇ ਸਖ਼ਤ ਰੁਖ ਅਖਤਿਆਰ ਕਰ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਟਵਾਰੀਆਂ ਦੀਆਂ 586 ਅਸਾਮੀਆਂ ਭਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਲ ਅਫ਼ਸਰਾਂ ਦੀ ਜ਼ਿਦ ਕਾਰਨ ਆਮ ਆਦਮੀ ਨੂੰ ਪਰੇਸ਼ਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹੜਤਾਲੀ ਪਟਵਾਰੀਆਂ ਦੀ ਮਨਮਰਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮਾਲ ਅਫਸਰ ਤੇ ਡੀ.ਸੀ. ਦਫਤਰ ਦੇ ਕਰਮਚਾਰੀਆਂ ਵੱਲੋਂ 'ਕਲਮ ਛੋੜ' ਹੜਤਾਲ ਦੇ ਸੱਦੇ ਦਰਮਿਆਨ ਸਰਕਾਰ ਨੇ 31 ਅਕਤੂਬਰ ਤੱਕ ਐਸਮਾ (ਈਸਟ ਪੰਜਾਬ ਅਸੈਂਸ਼ੀਅਲ ਸਰਵਸਿਜ ਮੈਂਟੇਨੈਂਸ ਐਕਟ) ਲਾਗੂ ਕਰ ਦਿੱਤਾ ਹੈ। ਸਰਕਾਰ ਨੇ ਕਿਹਾ ਕਿ ਐਕਟ ਵਿਚਲੀਆਂ ਵਿਵਸਥਾਵਾਂ ਦੀ ਉਲੰਘਣਾ ਲਈ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹੁਕਮਾਂ ਤਹਿਤ ਸਾਰੇ ਜ਼ਿਲ੍ਹਿਆਂ 'ਚ ਤਾਇਨਾਤ ਪਟਵਾਰੀ, ਕਾਨੂੰਗੋ, ਸਰਕਲ ਮਾਲ ਅਫਸਰ ਤੇ ਡੀ.ਸੀ. ਦਫਤਰਾਂ ਦੇ ਮੁਲਾਜ਼ਮਾਂ ਨੂੰ ਸਟੇਸ਼ਨ ਨਾ ਛੱਡਣ ਦੀ ਤਾਕੀਦ ਕੀਤੀ ਹੈ।

ਸ੍ਰੀ ਮਾਨ ਨੇ ਕਿਹਾ ਕਿ ਪਟਵਾਰੀਆਂ ਦੀ ਹਾਜ਼ਰੀ ਬਾਇਓਮੀਟਰਿਕ ਰਾਹੀਂ ਲੱਗੇਗੀ ਅਤੇ ਹਰੇਕ ਪਟਵਾਰੀ ਨੂੰ ਸਵੇਰੇ ਆਉਣ ਸਮੇਂ ਤੇ ਸ਼ਾਮ ਨੂੰ ਜਾਣ ਸਮੇਂ ਹਾਜ਼ਰੀ ਲਗਾਉਣੀ ਲਾਜ਼ਮੀ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਆਨਲਾਈਨ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਅਧਿਕਾਰੀਆਂ ਦੀ ਹੜਤਾਲ ਕਾਰਨ ਆਮ ਆਦਮੀ ਨੂੰ ਖੱਜਲ-ਖੁਆਰ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਟਵਾਰੀਆਂ ਦੀਆਂ ਕੁੱਲ 3660 ਅਸਾਮੀਆਂ ਹਨ, ਜਿਨ੍ਹਾਂ ਵਿਚੋਂ 1623 ਅਸਾਮੀਆਂ ਭਰੀਆਂ ਹੋਈਆਂ ਹਨ। ਸੂਬਾ ਸਰਕਾਰ ਨੇ ਬਾਕੀ 2037 ਅਸਾਮੀਆਂ ਭਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ 2037 ਅਸਾਮੀਆਂ ਵਿਚੋਂ 741 ਪਟਵਾਰੀਆਂ ਨੇ 18 ਮਹੀਨਿਆਂ ਵਿਚੋਂ 15 ਮਹੀਨਿਆਂ ਦੀ ਸਿਖਲਾਈ ਪੂਰੀ ਕਰ ਲਈ ਹੈ ਤੇ ਇਨ੍ਹਾਂ ਨੂੰ ਫੀਲਡ 'ਚ ਉਤਾਰਿਆ ਜਾਵੇਗਾ।

# ਕੈਨੇਡੀਅਨ ਸਕੂਲ ਨੇ ਖਾਲਿਸਤਾਨ ਰੈਫਰੈਂਡਮ ਸਮਾਗਮ ਰੱਦ ਕੀਤਾ

**ਟੋਰਾਂਟੋ:** ਕੈਨੇਡਾ ਦੇ ਇਕ ਸਕੂਲ ਵਿਚ 10 ਸਤੰਬਰ ਲਈ ਰੱਖੇ ਖਾਲਿਸਤਾਨ ਰੈਫਰੈਂਡਮ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਹੈ। ਕੁਝ ਲੋਕਾਂ ਵੱਲੋਂ ਸਮਾਗਮ ਦੇ ਪੋਸਟਰ 'ਤੇ ਹਥਿਆਰਾਂ ਦੀਆਂ ਤਸਵੀਰਾਂ ਸਕੂਲ ਅਥਾਰਿਟੀਜ਼ ਦੇ ਧਿਆਨ ਵਿਚ ਲਿਆਂਦੇ ਜਾਣ ਮਗਰੋਂ ਸਮਾਗਮ ਰੱਦ ਕੀਤਾ ਗਿਆ ਹੈ। ਸਰੀ ਸਕੂਲ ਡਿਸਟ੍ਰਿਕਟ ਨੇ ਐਲਾਨ ਕੀਤਾ ਕਿ ਉਸ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਕਸਬੇ ਵਿਚ ਤਮਨਾਵਿਸ ਸੈਕੰਡਰੀ ਸਕੂਲ ਵਿਚ ਰੱਖਿਆ ਸਮਾਗਮ ਰੱਦ ਕਰ ਦਿੱਤਾ ਹੈ ਕਿਉਂਕਿ ਸਮਾਗਮ ਦੇ ਪ੍ਰਬੰਧਕ ਵਾਰ ਵਾਰ ਗੁਜ਼ਾਰਸ਼ਾਂ ਕਰਨ ਦੇ ਬਾਵਜੂਦ 'ਸਬੰਧਤ ਤਸਵੀਰਾਂ' ਲਾਹੁਣ ਵਿਚ ਨਾਕਾਮ ਰਹੇ।

ਸਰੀ ਸਕੂਲ ਡਿਸਟ੍ਰਿਕਟ ਨੇ ਦਿ ਇੰਡੋ-ਕਨੇਡੀਅਨ ਵੁਆਇਸ ਵੈੱਬਸਾਈਟ 'ਤੇ ਪ੍ਰਕਾਸ਼ਿਤ ਇਕ ਬਿਆਨ ਵਿਚ ਕਿਹਾ, "ਕਰਾਰ ਦੀ ਉਲੰਘਣਾ ਕਾਰਨ ਸਾਡੇ ਇਕ ਸਕੂਲ ਵਿਚ ਭਾਈਚਾਰੇ ਵੱਲੋਂ ਰੱਖੇ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਹੈ। ਸਾਡੇ ਸਕੂਲ ਵਿਚ ਸਮਾਗਮ ਦੀ ਪ੍ਰਮੋਸ਼ਨ ਲਈ ਲੱਗੀ ਸਮੱਗਰੀ ਵਿਚ ਹਥਿਆਰਾਂ ਦੀਆਂ ਵੀ ਤਸਵੀਰਾਂ ਸਨ। ਪ੍ਰਬੰਧਕਾਂ ਨੂੰ ਵਾਰ ਵਾਰ ਕਹਿਣ 'ਤੇ ਵੀ ਉਨ੍ਹਾਂ ਇਹ ਪੋਸਟਰ ਨਹੀਂ ਹਟਾਏ ਤੇ ਸਬੰਧਤ ਸਮੱਗਰੀ ਸੋਸ਼ਲ ਮੀਡੀਆ 'ਤੇ ਪਾਉਣ ਦਾ ਅਮਲ ਵੀ ਬੇਰੋਕ ਜਾਰੀ ਰਿਹਾ।" ਸਕੂਲ ਵਿਚ ਲੱਗੇ ਪੋਸਟਰ ਵਿਚ ਕਿਰਪਾਨ ਦੇ ਨਾਲ ਏਕੇ-47 ਮਸ਼ੀਨ ਗੰਨ ਅਤੇ ਪੋਸਟਰ 'ਤੇ ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਵਾਲੀ ਪਾਬੰਦੀਸ਼ੁਦਾ ਖਾਲਿਸਤਾਨੀ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦਾ ਵੀ ਨਾਮ ਸੀ।

# ਵਿਜੀਲੈਂਸ ਵੱਲੋਂ ਸਾਬਕਾ ਕਾਂਗਰਸੀ ਵਿਧਾਇਕ ਤੋਂ ਪੁੱਛ-ਪੜਤਾਲ

**ਮੋਗਾ:** ਸੂਬੇ 'ਚ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਇੱਥੇ ਜ਼ਿਲ੍ਹੇ 'ਚ ਪੰਚਾਇਤਾਂ ਨੂੰ ਮਿਲੀਆਂ ਗਰਾਂਟਾਂ 'ਚ ਕਥਿਤ ਘੁਟਾਲੇ ਸਬੰਧੀ ਮੋਗਾ ਵਿਧਾਨ ਸਭਾ ਸ਼ਹਿਰੀ ਹਲਕੇ ਤੋਂ ਸਾਬਕਾ ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਤੋਂ ਸਥਾਨਕ ਵਿਜੀਲੈਂਸ ਬਿਊਰੋ ਨੇ ਦੋ ਘੰਟੇ ਪੁੱਛ ਪੜਤਾਲ ਕੀਤੀ। ਦੱਸਣਾ ਬਣਦਾ ਹੈ ਕਿ ਡਾ. ਹਰਜੋਤ ਹੁਣ ਭਾਜਪਾ 'ਚ ਸ਼ਾਮਲ ਹੋ ਚੁੱਕੇ ਹਨ। ਸਥਾਨਕ ਡੀ.ਐਸ.ਪੀ. ਵਿਜੀਲੈਂਸ ਬਿਊਰੋ ਜਸਤਿੰਦਰ ਸਿੰਘ ਰਾਣਾ ਨੇ ਮਾਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਲੇ ਜਾਂਚ ਚੱਲ ਰਹੀ ਹੈ ਤੇ ਜਾਂਚ ਤੋਂ ਪਹਿਲਾਂ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਉਨ੍ਹਾਂ ਕਿਹਾ ਕਿ ਡਾ. ਹਰਜੋਤ ਤੋਂ ਦੋ ਘੰਟੇ ਪੁੱਛ ਪੜਤਾਲ ਕੀਤੀ ਗਈ, ਜੇ ਲੋੜ ਪਈ ਤਾਂ ਸਾਬਕਾ ਵਿਧਾਇਕ ਨੂੰ ਮੁੜ ਪੇਸ਼ ਹੋਣ ਲਈ ਸੰਮਨ ਭੇਜੇ ਜਾਣਗੇ। ਸਾਬਕਾ ਵਿਧਾਇਕ ਨੂੰ ਪਹਿਲਾਂ 30 ਅਗਸਤ ਨੂੰ ਤਲਬ ਕੀਤਾ ਗਿਆ ਸੀ ਪਰ ਉਹ ਬਾਹਰ ਹੋਣ ਕਰਕੇ ਵਿਜੀਲੈਂਸ ਅੱਗੇ ਪੇਸ਼ ਨਹੀਂ ਸਨ ਹੋ ਸਕੇ। ਵਿਜੀਲੈਂਸ ਸੂਤਰਾਂ ਮੁਤਾਬਕ ਵਿਕਾਸ ਕੰਮਾਂ ਤੋਂ ਇਲਾਵਾ ਜਿਮ ਦਾ ਸਾਮਾਨ ਆਦਿ ਦੀ ਖਰੀਦ ਬਿਨਾਂ ਕੁਟੇਸ਼ਨਾਂ ਅਤੇ ਬਿਨਾਂ ਟੈਂਡਰਾਂ ਤੋਂ ਕੀਤੀ ਦੱਸੀ ਜਾਂਦੀ ਹੈ। ਇਹ ਘੁਟਾਲਾ 2022 ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀ ਤਕਨੀਕੀ ਨਿਰੀਖਣ ਰਿਪੋਰਟ 'ਚ ਸਾਹਮਣੇ ਆਇਆ ਸੀ। ਵਿਜੀਲੈਂਸ ਦੀ ਮੁੱਢਲੀ ਜਾਂਚ ਵਿਚ ਸਾਬਕਾ ਸਰਪੰਚਾਂ ਤੋਂ ਇਲਾਵਾ ਵਿਕਾਸ ਵਿਭਾਗ ਦੇ ਅਧਿਕਾਰੀਆਂ ਦੀ ਸ਼ਮੂਲੀਅਤ ਦੇ ਤੱਥ ਵੀ ਸਾਹਮਣੇ ਆਏ ਹਨ।

## ਸਿੰਗਾਪੁਰ: ਭਾਰਤੀ ਮੂਲ ਦਾ ਆਗੂ ਰਾਸ਼ਟਰਪਤੀ

**ਸਿੰਗਾਪੁਰ:** ਸਿੰਗਾਪੁਰ 'ਚ ਜੰਮੇ ਭਾਰਤੀ ਮੂਲ ਦੇ 66 ਸਾਲਾ ਥਰਮਨ ਸ਼ਨਮੁਗਰਤਨਮ ਨੇ 70.4 ਫੀਸਦ ਵੋਟਾਂ ਹਾਸਲ ਕਰਕੇ ਵੱਡੇ ਫਰਕ ਨਾਲ ਰਾਸ਼ਟਰਪਤੀ ਚੋਣ ਜਿੱਤ ਲਈ ਹੈ। ਸਾਲ 2011 ਤੋਂ ਬਾਅਦ ਇਹ ਮੁਲਕ ਦੀਆਂ ਪਹਿਲੀਆਂ ਰਾਸ਼ਟਰਪਤੀ ਚੋਣਾਂ ਸਨ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਥਰਮਨ ਨੂੰ ਸਿੰਗਾਪੁਰ ਦਾ ਰਾਸ਼ਟਰਪਤੀ ਚੁਣੇ ਜਾਣ 'ਤੇ ਵਧਾਈ ਦਿੱਤੀ।

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਹਲਚਲ

*(ਪਹਿਲੇ ਸਫੇ ਦੀ ਬਾਕੀ)*

ਵਿਚ ਪ੍ਰਕਾਸ਼ਿਤ ਸੂਚਨਾ ਅਨੁਸਾਰ ਪੂਰੇ ਸੂਬੇ ਨੂੰ 40 ਵਾਰਡਾਂ ਵਿੱਚ ਵੰਡਿਆ ਗਿਆ ਹੈ।

ਹਰਿਆਣਾ ਕਮੇਟੀ ਦੀ ਚੋਣ ਵਿਚ ਹਰ ਵਾਰਡ ਵਿਚੋਂ ਇਕ ਮੈਂਬਰ ਚੁਣਿਆ ਜਾਵੇਗਾ। 40 ਮੈਂਬਰਾਂ ਦੀ ਚੋਣ ਤੋਂ ਬਾਅਦ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ। ਹਾਲੇ ਚੋਣਾਂ ਦੀ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ। ਸੂਬੇ ਵਿਚ ਤਿੰਨ ਦਰਜਨ ਤੋਂ ਵੱਧ ਵਿਧਾਨ ਸਭਾ ਸੀਟਾਂ ਅਜਿਹੀਆਂ ਹਨ ਜੋ ਬਹੁ ਸਿੱਖ ਆਬਾਦੀ ਵਾਲੀਆਂ ਮੰਨੀਆਂ ਜਾਂਦੀਆਂ ਹਨ। ਕਰਨਾਲ, ਕੁਰੂਕਸ਼ੇਤਰ, ਅੰਬਾਲਾ ਅਤੇ ਸਿਰਸਾ ਦੀਆਂ ਤਿੰਨ ਦਰਜਨ ਵਿਧਾਨ ਸਭਾ ਸੀਟਾਂ ਉਤੇ ਸਿੱਖ ਵੋਟਰ ਕਿਸੇ ਵੀ ਪਾਰਟੀ ਦੀ ਜਿੱਤ ਜਾਂ ਹਾਰ 'ਚ ਫੈਸਲਾਕੁਨ ਭੂਮਿਕਾ ਨਿਭਾਉਂਦੇ ਰਹੇ ਹਨ।

ਯਾਦ ਰਹੇ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ 'ਚ ਭੁਪਿੰਦਰ ਸਿੰਘ ਅਸੰਧ, ਬਲਜੀਤ ਸਿੰਘ ਦਾਦੂਵਾਲ, ਬੀਬੀ ਕਰਤਾਰ ਕੌਰ ਸਮੇਤ ਕਈ ਨਾਵਾਂ ਦੀ ਚਰਚਾ ਹੋ ਰਹੀ ਹੈ।

## ਮੋਦੀ ਖਿਲਾਫ ਮੁਹਿੰਮ ਨੇ ਮਜ਼ਬੂਤੀ ਫੜੀ

*(ਪਹਿਲੇ ਸਫੇ ਦੀ ਬਾਕੀ)*

ਅਤੇ ਮੌਜੂਦਾ ਸਰਕਾਰ ਨੂੰ ਬੇਰੁਜ਼ਗਾਰੀ ਤੇ ਮਹਿੰਗਾਈ ਜਿਹੇ ਮੁੱਦਿਆਂ 'ਤੇ ਜਵਾਬਦੇਹ ਹੋਣਾ ਪਵੇਗਾ। ਮੁੰਬਈ ਮੀਟਿੰਗ ਦੌਰਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅਡਾਨੀ ਗਰੁੱਪ ਖਿਲਾਫ ਲੱਗੇ ਨਵੇਂ ਦੋਸ਼ਾਂ ਨੂੰ ਆਧਾਰ ਬਣਾ ਕੇ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ 'ਤੇ ਵੀ ਨਿਸ਼ਾਨਾ ਸਾਧਿਆ। ਕੁੱਲ ਮਿਲਾ ਕੇ ਜੇਕਰ ਇਹ ਗੱਠਜੋੜ ਆਪਣੀ ਤੈਅ ਰਣਨੀਤੀ ਤਹਿਤ ਅੱਗੇ ਵਧਦਾ ਹੈ ਤਾਂ ਭਾਜਪਾ ਧਿਰ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਰੱਖੜ ਪੁੰਨਿਆ ਕਾਨਫਰੰਸ: ਸਿਆਸੀ ਧਿਰਾਂ ਵੱਲੋਂ ਇਕ-ਦੂਜੇ ਨੂੰ ਚੋਭਾਂ




**ਰਈਆ:** ਮੇਲਾ ਰੱਖੜ-ਪੁੰਨਿਆ ਉਤੇ ਸੱਤਾਧਾਰੀ ਆਮ ਆਦਮੀ ਪਾਰਟੀ, ਪੰਜਾਬ ਪ੍ਰਦੇਸ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪੋ-ਆਪਣੀਆਂ ਕਾਨਫਰੰਸਾਂ ਕੀਤੀਆਂ ਗਈਆਂ ਅਤੇ ਆਪਣੇ ਸਿਆਸੀ ਵਿਰੋਧੀਆਂ ਬਾਰੇ ਖੁੱਲ੍ਹ ਕੇ ਦੂਸ਼ਣਬਾਜ਼ੀ ਕੀਤੀ।

ਸੱਤਾਧਾਰੀ ਆਮ ਆਦਮੀ ਪਾਰਟੀ ਦੀ ਕਾਨਫਰੰਸ ਵਿਚ ਕਿਆਸੀ ਗਈ ਭੀੜ ਤੋਂ ਕਾਫੀ ਘੱਟ ਗਿਣਤੀ ਵਿਚ ਵਰਕਰ ਪੁੱਜੇ ਅਤੇ ਵੱਡੀ ਗਿਣਤੀ ਕੁਰਸੀਆਂ ਖਾਲੀ ਮਿਲੀਆਂ। 'ਆਪ' ਵੱਲੋਂ ਹਲਕਾ ਬਾਬਾ ਬਕਾਲਾ ਸਾਹਿਬ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਦੀ ਅਗਵਾਈ ਹੇਠ ਆਈ.ਟੀ.ਆਈ. ਗਰਾਊਂਡ ਵਿਚ ਰੈਲੀ ਕੀਤੀ ਗਈ। ਇਸ ਮੌਕੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਪੰਜਾਬ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਕਾਂਗਰਸ ਸਰਕਾਰਾਂ ਵੇਲੇ ਪੰਜਾਬੀ ਸੂਬੇ ਨੂੰ ਸੀਮਤ ਕਰ ਦਿੱਤਾ ਗਿਆ ਹੈ ਤੇ ਹੁਣ ਮੋਦੀ ਸਰਕਾਰ ਵੱਲੋਂ ਪੰਜਾਬ ਦੇ ਰਾਜਪਾਲ ਰਾਹੀਂ ਪੰਜਾਬ ਨੂੰ ਬਰਬਾਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਸਫਲ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਆਗੂਆਂ ਨੇ ਸੂਬੇ ਨੂੰ ਪਹਿਲਾਂ ਹੀ ਕਰਜ਼ਾਈ ਕਰ ਰੱਖਿਆ ਹੈ। ਇਨ੍ਹਾਂ ਪਾਰਟੀਆਂ ਨੇ ਪੰਜਾਬ ਸਿਰ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਾ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਇਕ ਸਾਲ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਵੀ ਪੇਸ਼ ਕੀਤਾ।

ਪੰਜਾਬ ਪ੍ਰਦੇਸ ਕਾਂਗਰਸ ਪਾਰਟੀ ਵੱਲੋਂ ਕਾਨਫਰੰਸ ਵਿਚ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇਕਰ ਦਰਿਆਵਾਂ ਵਿਚ ਖਣਨ ਕਰਵਾ ਕੇ ਸਫਾਈ ਕਰਵਾਈ ਜਾਂਦੀ ਤਾਂ ਬਿਆਸ ਤੇ ਸਤਲੁਜ ਦਰਿਆਵਾਂ ਵਿਚ ਆਏ ਹੜ੍ਹਾਂ ਨਾਲ ਪੰਜਾਬ ਦੇ ਲੋਕਾਂ ਦਾ ਇੰਨਾ ਨੁਕਸਾਨ ਨਾ ਹੁੰਦਾ, ਇਸ ਗਲਤੀ ਦਾ ਖਮਿਆਜ਼ਾ ਕਿਸਾਨਾਂ ਨੂੰ ਝੱਲਣਾ ਪੈ ਰਿਹਾ ਹੈ ਜਿਸ ਨਾਲ ਛੇ ਲੱਖ ਏਕੜ ਫਸਲ ਦਾ ਨੁਕਸਾਨ ਹੋਇਆ, ਜੇਕਰ ਪਹਿਲਾਂ ਸਫਾਈ ਕਰਵਾਈ ਜਾਂਦੀ ਤਾਂ ਸਿਰਫ 2000 ਏਕੜ ਦਾ ਨੁਕਸਾਨ ਹੋਣਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਦੇ ਜਿਉਂ ਦੇ ਤਿਉਂ ਪਏ ਹਨ। ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਦੀ ਨਹੀਂ ਸਗੋਂ ਕੇਜਰੀਵਾਲ ਦੀ ਫਿਕਰ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਚਾਇਤਾਂ ਅਤੇ ਬਲਾਕ ਸਮਿਤੀਆਂ ਤੋੜ ਦਿੱਤੀਆਂ ਗਈਆਂ ਪਰ ਮੁੱਖ ਮੰਤਰੀ ਨੂੰ ਪੰਚਾਇਤਾਂ ਤੋੜਨ ਦਾ ਕੋਈ ਅਧਿਕਾਰ ਨਹੀਂ ਸੀ ਤੇ ਹਾਈ ਕੋਰਟ ਨੇ ਇਸ ਫੈਸਲੇ 'ਤੇ ਰੋਕ ਲਾ ਦਿੱਤੀ ਹੈ।

ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਕਾਨਫਰੰਸ ਕਰਵਾਈ ਗਈ ਜਿਸ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਐਸਮਾ (ਜ਼ਰੂਰੀ ਸੇਵਾਵਾਂ ਐਕਟ) ਮੁਲਾਜ਼ਮਾਂ ਖਿਲਾਫ਼ ਨਹੀਂ ਸਗੋਂ ਮੁੱਖ ਮੰਤਰੀ ਖਿਲਾਫ਼ ਲੱਗਣਾ ਚਾਹੀਦਾ ਹੈ ਜਿਨ੍ਹਾਂ ਨੇ ਹੜ੍ਹਾਂ ਵਿਚ ਫਸੇ ਸੂਬੇ ਦੀ ਬਾਂਹ ਨਹੀਂ ਫੜੀ ਅਤੇ ਉਹ ਸੰਕਟ ਸਮੇਂ ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੱਧ ਪ੍ਰਦੇਸ ਤੇ ਛੱਤੀਸਗੜ੍ਹ ਵਰਗੇ ਰਾਜਾਂ 'ਚ ਘੁੰਮਦੇ ਰਹੇ। ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਐਸਮਾ ਵਾਲਾ ਪੈਮਾਨਾ ਖੁਦ 'ਤੇ ਵੀ ਲਾਗੂ ਕਰਨਾ ਚਾਹੀਦਾ ਹੈ ਜੋ ਉਹ ਮੁਲਾਜ਼ਮਾਂ 'ਤੇ ਲਾਗੂ ਕਰ ਰਹੇ ਹਨ। ਇਹੀ ਪੈਮਾਨਾ ਮੰਤਰੀਆਂ ਤੇ ਵਿਧਾਇਕਾਂ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ ਜੋ ਪਿਛਲੇ ਮਹੀਨੇ ਆਏ ਹੜ੍ਹਾਂ 'ਚ ਫਸੇ ਕਿਸਾਨਾਂ ਅਤੇ ਲੋਕਾਂ ਦੀ ਮਦਦ ਵਾਸਤੇ ਮੌਕੇ 'ਤੇ ਨਹੀਂ ਪੁੱਜ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਤਾਨਾਸ਼ਾਹੀ ਰਵੱਈਆ ਅਪਣਾਉਣ ਦੀ ਥਾਂ ਹੜਤਾਲੀ ਮੁਲਾਜ਼ਮਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੂਰ ਕਰੇ। ਸ੍ਰੀ ਬਾਦਲ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਉਂਦੀਆਂ ਚੋਣਾਂ ਲੜੇਗਾ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਦੇ ਕਾਰਜਕਾਲ 'ਚ ਨਸ਼ਿਆਂ ਦਾ ਪਸਾਰ 10 ਗੁਣਾ ਵੱਧ ਗਿਆ ਹੈ। 'ਆਪ' ਨੇ ਇਸ ਮਾਮਲੇ 'ਚ ਅਕਾਲੀ ਦਲ ਤੇ ਬਿਕਰਮ ਸਿੰਘ ਮਜੀਠੀਆ ਦੀ ਬਦਨਾਮੀ ਕੀਤੀ ਪਰ ਇਸ ਵੇਲੇ ਸਿੰਥੈਟਿਕ ਡਰੱਗ ਦੀ ਖਪਤ ਸਭ ਤੋਂ ਜ਼ਿਆਦਾ ਹੈ।

## ਪੰਜਾਬ ਦੇ ਮੁੱਦੇ ਜਿਉਂ ਦੇ ਤਿਉਂ: ਕਾਂਗਰਸ

**ਚੰਡੀਗੜ੍ਹ:** ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੇ ਮੁੱਦੇ ਜਿਉਂ ਦੇ ਤਿਉਂ ਪਏ ਹਨ। ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਦੀ ਨਹੀਂ ਸਗੋਂ ਕੇਜਰੀਵਾਲ ਦੀ ਫਿਕਰ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਚਾਇਤਾਂ ਅਤੇ ਬਲਾਕ ਸਮਿਤੀਆਂ ਤੋੜ ਦਿੱਤੀਆਂ ਗਈਆਂ ਪਰ ਮੁੱਖ ਮੰਤਰੀ ਨੂੰ ਪੰਚਾਇਤਾਂ ਤੋੜਨ ਦਾ ਕੋਈ ਅਧਿਕਾਰ ਨਹੀਂ ਸੀ ਤੇ ਹਾਈ ਕੋਰਟ ਨੇ ਇਸ ਫੈਸਲੇ 'ਤੇ ਰੋਕ ਲਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਐਸਮਾ (ਜ਼ਰੂਰੀ ਸੇਵਾਵਾਂ ਐਕਟ) ਮੁਲਾਜ਼ਮਾਂ ਖਿਲਾਫ਼ ਨਹੀਂ ਸਗੋਂ ਮੁੱਖ ਮੰਤਰੀ ਖਿਲਾਫ਼ ਲੱਗਣਾ ਚਾਹੀਦਾ ਹੈ ਜਿਨ੍ਹਾਂ ਨੇ ਹੜ੍ਹਾਂ ਵਿਚ ਫਸੇ ਸੂਬੇ ਦੀ ਬਾਂਹ ਨਹੀਂ ਫੜੀ ਅਤੇ ਉਹ ਸੰਕਟ ਸਮੇਂ ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੱਧ ਪ੍ਰਦੇਸ ਤੇ ਛੱਤੀਸਗੜ੍ਹ ਵਰਗੇ ਰਾਜਾਂ 'ਚ ਘੁੰਮਦੇ ਰਹੇ।

## ਫਿਲਮ 'ਯਾਰੀਆਂ-2' ਦੀ ਟੀਮ ਖਿਲਾਫ ਦੋ ਹੋਰ ਕੇਸ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ ਉਤੇ ਅੰਮ੍ਰਿਤਸਰ ਪੁਲਿਸ ਨੇ 'ਯਾਰੀਆਂ-2' ਫਿਲਮ ਦੇ ਅਦਾਕਾਰ, ਨਿਰਦੇਸ਼ਕ ਅਤੇ ਨਿਰਮਾਤਾ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਭਾਵੇਂ ਫਿਲਮ ਨਿਰਮਾਤਾਵਾਂ ਨੇ ਸੋਸ਼ਲ ਮੀਡੀਆ ਮੰਚ 'ਤੇ ਇਸ ਕਾਰਵਾਈ ਲਈ ਮੁਆਫੀ ਮੰਗੀ ਹੈ ਪਰ ਗੀਤ ਵਿਚੋਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦ੍ਰਿਸ਼ ਨੂੰ ਸਹੀ ਤਰੀਕੇ ਨਾਲ ਹਟਾਇਆ ਨਹੀਂ ਗਿਆ। ਇਹ ਗੀਤ ਯੂਟਿਊਬ 'ਤੇ ਹਾਲੇ ਵੀ ਮੌਜੂਦ ਹੈ। ਇਸ ਤੋਂ ਇਲਾਵਾ ਇਸ ਫਿਲਮ ਦੇ ਅਦਾਕਾਰ, ਨਿਰਦੇਸ਼ਕ ਅਤੇ ਨਿਰਮਾਤਾ ਖਿਲਾਫ਼ ਧਾਰਾ 295-ਏ ਆਈ.ਪੀ.ਸੀ. ਅਧੀਨ ਪੁਲਿਸ ਥਾਣਾ ਭੋਗਪੁਰ 'ਚ ਵੀ ਕੇਸ ਦਰਜ ਕੀਤਾ ਗਿਆ ਹੈ। ਇਸ ਸਬੰਧੀ ਨਿਹੰਗ ਸਿੰਘ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਤੇ ਅੱਡਾ ਚੋਲਾਂਗ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਲਖਵੀਰ ਸਿੰਘ ਪੁੱਤਰ ਬਲਵੀਰ ਸਿੰਘ ਨੇ ਥਾਣਾ ਭੋਗਪੁਰ ਵਿਚ ਸ਼ਿਕਾਇਤ ਦਿੱਤੀ ਹੈ।

# ਕੁਆਲਾਲੰਪੁਰ-ਅੰਮ੍ਰਿਤਸਰ ਉਡਾਣ ਅੱਠ ਨਵੰਬਰ ਤੋਂ




**ਅੰਮ੍ਰਿਤਸਰ:** ਮਲੇਸ਼ੀਆ ਏਅਰਲਾਈਨ 8 ਨਵੰਬਰ ਤੋਂ ਕੁਆਲਾਲੰਪੁਰ-ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਜਾ ਰਹੀ ਹੈ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਮਲੇਸ਼ੀਆ ਏਅਰਲਾਈਨ ਕੁਆਲਾਲੰਪੁਰ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਵਾਲੀ ਮਲੇਸ਼ੀਆ ਦੀ ਤੀਜੀ ਏਅਰਲਾਈਨ ਬਣਨ ਜਾ ਰਹੀ ਹੈ।

ਵਰਤਮਾਨ ਸਮੇਂ ਬੈਟਿਕ ਏਅਰ ਹਫਤੇ 'ਚ ਤਿੰਨ ਦਿਨ, ਜਦਕਿ ਏਅਰ ਏਸ਼ੀਆ ਐਕਸ-3 ਸਤੰਬਰ ਤੋਂ ਇਸ ਰੂਟ 'ਤੇ ਹਫਤੇ 'ਚ ਚਾਰ ਦਿਨ ਇਨ੍ਹਾਂ ਉਡਾਣਾਂ ਦਾ ਸੰਚਾਲਨ ਕਰੇਗੀ।

ਮਲੇਸ਼ੀਆ ਏਅਰਲਾਈਨ ਹਫਤੇ 'ਚ ਹਰ ਬੁੱਧਵਾਰ ਅਤੇ ਸਨਿਚਰਵਾਰ ਆਪਣੇ 160 ਸੀਟਾਂ ਵਾਲੇ ਬੋਇੰਗ 737 ਜਹਾਜ਼ ਨਾਲ ਕੁਆਲਾਲੰਪੁਰ ਤੋਂ ਸ਼ਾਮ 6:50 ਵਜੇ ਰਵਾਨਾ ਹੋ ਕੇ, ਅੰਮ੍ਰਿਤਸਰ ਵਿਚ ਰਾਤ 10:10 ਵਜੇ ਪਹੁੰਚੇਗੀ।

ਅੰਮ੍ਰਿਤਸਰ ਤੋਂ ਫਿਰ ਰਾਤ 11:25 ਵਜੇ ਰਵਾਨਾ ਹੋ ਕੇ ਮਲੇਸ਼ੀਆ ਦੀ ਅਗਲੀ ਸਵੇਰ ਨੂੰ 7: 30 ਵਜੇ ਕੁਆਲਾਲੰਪੁਰ ਪਹੁੰਚੇਗੀ।

# ਹਰਿਆਣਾ ਦੀ ਸਿੱਖ ਸੰਗਤ ਸ਼੍ਰੋਮਣੀ ਕਮੇਟੀ ਨੂੰ ਸਮਰਥਨ ਦੇਣ ਲਈ ਤਿਆਰ: ਧਾਮੀ



**ਸ਼ਾਹਬਾਦ ਮਾਰਕੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਰਿਆਣਾ ਦੀ ਸਿੱਖ ਸੰਗਤ ਸਰਕਾਰ ਵੱਲੋਂ ਥੋਪੀ ਗਈ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪਰੇਸ਼ਾਨ ਹੋ ਚੁੱਕੀ ਹੈ ਤੇ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮਰਥਨ ਦੇ ਕੇ ਜਿਤਾਉਣ ਲਈ ਤਿਆਰ ਹੈ।

ਕਮੇਟੀ ਪ੍ਰਧਾਨ ਧਾਮੀ ਇਥੇ ਕੁਰੂਕਸ਼ੇਤਰ ਦੇ ਸੈਕਟਰ-3 ਸਥਿਤ ਗੁਰਦੁਆਰੇ ਵਿਚ ਸੰਗਤ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਵਿਚ ਵੱਖਰੀ ਕਮੇਟੀ ਦੇ ਕਾਨੂੰਨੀ ਮਾਮਲੇ ਵਿਚ ਹਾਰ ਗਈ ਹੈ, ਪਰ ਚੋਣਾਂ ਸਬੰਧੀ ਬੁੱਧੀਜੀਵੀਆਂ ਨਾਲ ਕੀਤੇ ਮੰਥਨ ਤੋਂ ਪਤਾ ਲੱਗਦਾ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਹੋਣ ਵਾਲੀਆਂ ਕਮੇਟੀ ਦੀਆਂ ਚੋਣਾਂ 'ਚ ਉਹ ਜ਼ਰੂਰ ਜਿੱਤਣਗੇ।

ਸ੍ਰੀ ਧਾਮੀ ਨੇ ਕਿਹਾ ਕਿ ਹਰਿਆਣਾ ਦੀ ਸਿੱਖ ਸੰਗਤ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮਰਥਨ ਦੇਣ ਲਈ ਤਿਆਰ ਹੈ, ਜਿਸ ਲਈ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਹਰ ਕਾਰਕੁਨ ਨੂੰ ਸਖਤ ਮਿਹਨਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿਸ ਕਮੇਟੀ ਦੇ ਪ੍ਰਧਾਨ 'ਤੇ ਉਸੇ ਦੇ ਅਹੁਦੇਦਾਰਾਂ ਵੱਲੋਂ ਨਸ਼ੇੜੀ ਆਦਿ ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ ਤੇ ਜਿਸ ਕਮੇਟੀ ਦੇ ਆਹੁਦੇਦਾਰ ਗੁਰਦੁਆਰੇ ਦੀ ਪਰਿਕਰਮਾ ਵਿਚ ਮਾਨ ਮਰਿਆਦਾ ਕਾਇਮ ਰੱਖਣ ਤੋਂ ਵੀ ਅਸਮਰੱਥ ਹਨ, ਉਨ੍ਹਾਂ ਤੋਂ ਹੋਰ ਕੀ ਉਮੀਦ ਰੱਖੀ ਜਾ ਸਕਦੀ ਹੈ।

# ਸੱਤਾ 'ਚ ਆਏ ਤਾਂ ਦਰਿਆਈ ਪਾਣੀਆਂ ਦੇ ਸਮਝੌਤੇ ਰੱਦ ਕਰਾਂਗੇ: ਸੁਖਬੀਰ

**ਲੌਂਗੋਵਾਲ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਮੰਡੇਰ ਕਲਾਂ ਪੁੱਜ ਕੇ ਪਿਛਲੇ ਦਿਨੀਂ ਲੌਂਗੋਵਾਲ ਵਿਚ ਹੋਏ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨ ਪ੍ਰੀਤਮ ਸਿੰਘ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਮ੍ਰਿਤਕ ਕਿਸਾਨ ਦੀ ਪਤਨੀ ਮਨਜੀਤ ਕੌਰ ਤੇ ਪੁੱਤਰ ਰਵਿੰਦਰ ਸਿੰਘ ਨੂੰ ਜਥੇਬੰਦੀ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਕਿਸਾਨ ਪ੍ਰੀਤਮ ਸਿੰਘ ਦੀ ਮੌਤ ਲਈ ਮੁੱਖ ਮੰਤਰੀ ਭਗਵੰਤ ਮਾਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਸ਼ਹੀਦ ਕਿਸਾਨ ਲਈ ਸਰਕਾਰ ਵੱਲੋਂ ਐਲਾਨੀ 10 ਲੱਖ ਦੀ ਰਾਸ਼ੀ ਨੂੰ ਨਿਗੂਣੀ ਕਰਾਰ ਦਿੰਦਿਆਂ ਉਨ੍ਹਾਂ ਸਰਕਾਰ ਤੋਂ 50 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ।

ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਰਾਜਸਥਾਨ ਨੂੰ ਅੱਧਾ ਪਾਣੀ ਦੇ ਕੇ ਸੂਬੇ ਦਾ ਸਭ ਤੋਂ ਵੱਧ ਨੁਕਸਾਨ ਕੀਤਾ ਹੈ, ਜਦਕਿ ਰਿਪੇਰੀਅਨ ਐਕਟ ਅਨੁਸਾਰ ਜਿਹੜੇ ਸੂਬੇ 'ਚੋਂ ਦਰਿਆ ਲੰਘਦੇ ਹੋਣ ਉਨ੍ਹਾਂ 'ਤੇ ਉਸ ਸੂਬੇ ਦਾ ਹੀ ਹੱਕ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਦਰਿਆਵਾਂ ਸਬੰਧੀ ਕੀਤੇ ਗਏ ਸਮੁੱਚੇ ਸਮਝੌਤੇ ਰੱਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਡੇ ਪਾਣੀ ਕਰ ਕੇ ਹੀ ਅੱਜ ਰਾਜਸਥਾਨ ਤੇ ਹਰਿਆਣਾ ਖੁਸ਼ਹਾਲੀ ਮਾਣ ਰਹੇ ਹਨ। ਇਸ ਲਈ ਦੋਵੇਂ ਸੂਬੇ ਪੰਜਾਬ ਦੇ ਹੜ੍ਹ ਪੀੜਤ ਕਿਸਾਨਾਂ ਲਈ 5-5 ਹਜ਼ਾਰ ਕਰੋੜ ਦੀ ਮੁਆਵਜ਼ਾ ਰਾਸ਼ੀ ਦੇਣ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਵਿਚ 10 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਪਰ ਕੇਂਦਰ ਸਰਕਾਰ ਨੇ ਸਿਰਫ 186 ਕਰੋੜ ਰੁਪਏ ਦੇ ਕੇ ਬੁੱਤਾ ਸਾਰਿਆ ਹੈ। ਪੰਜਾਬ ਨੂੰ ਹੋਰ ਪੈਕੇਜ ਮਿਲਣਾ ਚਾਹੀਦਾ ਹੈ।

ਆਗਾਮੀ ਲੋਕ ਸਭਾ ਚੋਣਾਂ ਲਈ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਦਾ ਹਿੱਸਾ ਬਣਨ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਸ੍ਰੀ ਬਾਦਲ ਨੇ ਕਿਹਾ ਕਿ 'ਇੰਡੀਆ' ਗਠਜੋੜ ਪੰਜਾਬ ਹਿਤੈਸ਼ੀ ਨਹੀਂ ਹੈ ਕਿਉਂਕਿ ਕਾਂਗਰਸ ਨੇ ਪੰਜਾਬੀਆਂ ਨਾਲ ਪੈਰ ਪੈਰ 'ਤੇ ਧ੍ਰੋਹ ਕਮਾਇਆ ਹੈ।

# ਰੇਲਵੇ ਸਟੇਸ਼ਨ ਦਾ ਨਾਂ ਸ਼ਹੀਦ ਸੁਖਦੇਵ ਰੱਖਣ ਦੀ ਮੰਗ




**ਲੁਧਿਆਣਾ:** ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਨੇ ਕੇਂਦਰੀ ਰੇਲਵੇ ਮੰਤਰੀ, ਪੰਜਾਬ ਦੇ ਮੁੱਖ ਮੰਤਰੀ, ਸੂਬੇ ਦੇ 117 ਵਿਧਾਇਕਾਂ, ਲੋਕ ਸਭਾ ਮੈਂਬਰਾਂ, ਰਾਜ ਸਭਾ ਮੈਂਬਰਾਂ ਸਣੇ ਚੁਣੇ ਹੋਏ ਹੋਰ ਅਹੁਦੇਦਾਰਾਂ ਨੂੰ ਪੱਤਰ ਲਿਖ ਕੇ ਲੁਧਿਆਣਾ ਰੇਲਵੇ ਸਟੇਸ਼ਨ ਦਾ ਨਾਮ ਸ਼ਹੀਦ ਸੁਖਦੇਵ ਥਾਪਰ ਰੱਖਣ ਦੀ ਮੰਗ ਕੀਤੀ ਹੈ।

ਟਰੱਸਟ ਦੇ ਕੌਮੀ ਪ੍ਰਧਾਨ ਤੇ ਸ਼ਹੀਦ ਸੁਖਦੇਵ ਥਾਪਰ ਦੇ ਵਾਰਸ ਅਸ਼ੋਕ ਥਾਪਰ ਤੇ ਤ੍ਰਿਭਵਨ ਥਾਪਰ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਲੁਧਿਆਣਾ ਰੇਲਵੇ ਸਟੇਸ਼ਨ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ।

ਸੁੰਦਰੀਕਰਨ ਉਪਰੰਤ ਬਣਨ ਵਾਲੇ ਅੰਤਰਰਾਸ਼ਟਰੀ ਪੱਧਰ ਦੇ ਰੇਲਵੇ ਸਟੇਸ਼ਨ ਦਾ ਨਾਮ ਜੇਕਰ ਸ਼ਹੀਦ ਸੁਖਦੇਵ ਥਾਪਰ ਦੇ ਨਾਮ 'ਤੇ ਰੱਖਿਆ ਜਾਵੇ ਤਾਂ ਸਟੇਸ਼ਨ 'ਤੇ ਹਰ ਦਿਨ ਆਉਣ ਜਾਣ ਵਾਲੇ ਹਜ਼ਾਰਾਂ ਯਾਤਰੀਆਂ ਨੂੰ ਸਥਾਨਕ ਨੌਘਰਾ ਸਥਿਤ ਸ਼ਹੀਦ ਦੇ ਜੱਦੀ ਘਰ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਮਿਲੇਗੀ। ਸ਼ਹੀਦ ਦੀ ਜਨਮ ਭੂਮੀ ਨੂੰ ਜਾਣ ਲਈ ਚੌੜਾ ਬਾਜ਼ਾਰ ਤੋਂ ਮਿਲਣ ਵਾਲੇ ਸਿੱਧੇ ਰਸਤੇ ਨੂੰ ਸਾਲਾਂ ਤੋਂ ਕਾਨੂੰਨੀ ਪ੍ਰਕਿਰਿਆ ਦੇ ਨਾਮ 'ਤੇ ਉਲਝਾਉਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੈਂਕੜੇ ਲੋਕ ਮੀਡੀਆ 'ਚ ਸ਼ਹੀਦ ਸੁਖਦੇਵ ਥਾਪਰ ਦੇ ਜਨਮ ਸਥਾਨ ਦੇ ਬਾਰੇ 'ਚ ਪੜ੍ਹਨ ਤੇ ਸੁਣਨ ਤੋਂ ਬਾਅਦ ਜਦੋਂ ਲੁਧਿਆਣਾ ਪੁੱਜਦੇ ਹਨ ਤਾਂ ਉਨ੍ਹਾਂ ਨੂੰ ਸ਼ਹੀਦ ਦੇ ਜਨਮ ਸਥਾਨ 'ਤੇ ਪੁੱਜਣ 'ਚ ਕਈ ਪਰੇਸ਼ਾਨੀਆਂ ਆਉਂਦੀਆਂ ਹਨ। ਉਨ੍ਹਾਂ ਕੇਂਦਰੀ ਰੇਲਵੇ ਮੰਤਰੀ, ਪੰਜਾਬ ਦੇ ਮੁੱਖ ਮੰਤਰੀ ਤੇ ਵਿਧਾਇਕਾਂ ਨੂੰ ਜਾਣੂ ਕਰਵਾਇਆ ਕਿ ਉਹ ਆਪਣੇ ਪੱਧਰ 'ਤੇ ਲੁਧਿਆਣਾ ਰੇਲਵੇ ਸਟੇਸ਼ਨ ਦਾ ਨਾਂ ਸ਼ਹੀਦ ਸੁਖਦੇਵ ਥਾਪਰ ਦੇ ਨਾਂ 'ਤੇ ਰੱਖਣ ਲਈ ਕੋਸ਼ਿਸ਼ ਕਰਨ।

# ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਖਿਲਾਫ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੇ ਭਾਜਪਾ ਆਗੂ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਜਾਂਚ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਹਨ ਅਤੇ ਹੁਣ ਕਿਸੇ ਵਕਤ ਵੀ ਸਾਬਕਾ ਮੰਤਰੀ ਖ਼ਿਲਾਫ਼ ਕਾਰਵਾਈ ਹੋ ਸਕਦੀ ਹੈ। ਪਤਾ ਲੱਗਾ ਹੈ ਕਿ ਮਨਪ੍ਰੀਤ ਬਾਦਲ ਅਤੇ ਉਨ੍ਹਾਂ ਦਾ ਨੇੜਲਾ ਰਿਸ਼ਤੇਦਾਰ ਇਸ ਵੇਲੇ ਪੰਜਾਬ ਤੋਂ ਬਾਹਰ ਹਨ। ਸੂਤਰਾਂ ਅਨੁਸਾਰ ਮਨਪ੍ਰੀਤ ਵਿਦੇਸ਼ ਗਏ ਹੋਏ ਹਨ। ਵਿਜੀਲੈਂਸ ਹੱਥ ਕੁਝ ਤਕਨੀਕੀ ਨੁਕਤੇ ਲੱਗੇ ਹਨ, ਜਿਨ੍ਹਾਂ ਨੇ ਜਾਂਚ ਨੂੰ ਕਾਨੂੰਨੀ ਤੌਰ 'ਤੇ ਬਲ ਦਿੱਤਾ ਹੈ।

ਵਿਜੀਲੈਂਸ ਜਾਂਚ 'ਚ ਬਠਿੰਡਾ ਵਿਕਾਸ ਅਥਾਰਿਟੀ ਦੇ ਸੀਨੀਅਰ ਅਧਿਕਾਰੀ ਵੀ ਨਿਸ਼ਾਨੇ 'ਤੇ ਆ ਗਏ ਹਨ ਜਿਨ੍ਹਾਂ ਨੇ ਸਾਬਕਾ ਮੰਤਰੀ ਨੂੰ ਅਸਿੱਧੇ ਤਰੀਕੇ ਨਾਲ 1560 ਵਰਗ ਗਜ ਦੇ ਦੋ ਪਲਾਂਟ ਦੇਣ ਵਿਚ ਭੂਮਿਕਾ ਨਿਭਾਈ ਹੈ। ਵੇਰਵਿਆਂ ਅਨੁਸਾਰ ਮਨਪ੍ਰੀਤ ਬਾਦਲ ਨੇ ਕਾਂਗਰਸ ਸਰਕਾਰ ਦੌਰਾਨ ਬਠਿੰਡਾ ਦੇ ਅਰਬਨ ਅਸਟੇਟ ਵਿਚ ਦੋ



ਰਿਹਾਇਸ਼ੀ ਪਲਾਟ ਰਾਜੀਵ ਕੁਮਾਰ ਅਤੇ ਵਿਕਾਸ ਕੁਮਾਰ ਤੋਂ ਖ਼ਰੀਦੇ ਸਨ। ਬਠਿੰਡਾ ਵਿਕਾਸ ਅਥਾਰਿਟੀ ਤੋਂ ਪਲਾਟ ਖ਼ਰੀਦਣ ਲਈ ਵਿਕਾਸ ਤੇ ਰਾਜੀਵ ਨੇ 27 ਸਤੰਬਰ 2021 ਨੂੰ ਆਨਲਾਈਨ ਬੋਲੀ ਦਿੱਤੀ ਸੀ। ਬੋਲੀ ਵਿਚ ਅਮਨਦੀਪ ਨਾਂ ਦੇ ਤੀਜੇ ਵਿਅਕਤੀ ਨੇ ਵੀ ਸ਼ਮੂਲੀਅਤ ਕੀਤੀ ਸੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਬੋਲੀਕਾਰਾਂ ਨੇ ਇਕੋ ਕੰਪਿਊਟਰ ਤੋਂ ਬੋਲੀ ਦਿੱਤੀ। ਰਾਜੀਵ ਤੇ ਵਿਕਾਸ ਦੇ ਬੋਲੀ ਵਿਚ ਸ਼ਮੂਲੀਅਤ ਲਈ ਐਡਵਾਂਸ ਰਾਸ਼ੀ ਦੇ ਚਲਾਨ ਵੀ ਇਕੋ ਸੀਰੀਅਲ ਨੰਬਰ ਵਾਲੇ ਸਨ। ਦੋਵਾਂ ਦੇ ਅਸ਼ਟਾਮ ਇਕੋ ਸੀਰੀਅਲ ਨੰਬਰ ਵਾਲੇ ਤੇ ਦੋਵਾਂ ਦੇ ਗਵਾਹ ਵੀ ਇਕੋ ਹੀ ਸਨ।

ਜਾਂਚ ਅਨੁਸਾਰ ਬੋਲੀ ਫਾਈਨਲ ਹੋਣ ਤੋਂ ਬਾਅਦ ਸਾਬਕਾ ਮੰਤਰੀ ਮਨਪ੍ਰੀਤ ਬਾਦਲ ਨੇ 30 ਸਤੰਬਰ 2021 ਨੂੰ ਰਾਜੀਵ ਤੇ ਵਿਕਾਸ ਨਾਲ ਦੋਵੇਂ ਪਲਾਟ ਖਰੀਦਣ ਦਾ ਐਗਰੀਮੈਂਟ ਕਰ ਲਿਆ ਅਤੇ 4 ਅਕਤੂਬਰ ਨੂੰ ਦੋਵਾਂ ਦੇ ਖਾਤਿਆਂ ਵਿਚ ਕਰੀਬ ਇਕ ਕਰੋੜ ਦੀ ਰਾਸ਼ੀ ਵੀ ਟਰਾਂਸਫਰ ਕਰ ਦਿੱਤੀ। ਖਾਤਿਆਂ ਵਿਚ ਇਹ ਰਾਸ਼ੀ ਆਉਣ ਮਗਰੋਂ 5 ਅਕਤੂਬਰ ਨੂੰ ਰਾਜੀਵ ਤੇ ਵਿਕਾਸ ਨੇ ਬਠਿੰਡਾ ਵਿਕਾਸ ਅਥਾਰਿਟੀ ਕੋਲ ਪਹਿਲੀ ਕਿਸ਼ਤ ਦੀ 25 ਫ਼ੀਸਦੀ ਰਾਸ਼ੀ ਜਮ੍ਹਾਂ ਕਰਾ ਦਿੱਤੀ। ਵਿਜੀਲੈਂਸ ਅਧਿਕਾਰੀ ਦਾ ਕਹਿਣਾ ਹੈ ਕਿ ਮਨਪ੍ਰੀਤ ਵੱਲੋਂ ਟਰਾਂਸਫ਼ਰ ਕੀਤੀ ਰਾਸ਼ੀ ਹੀ ਅੱਗੇ ਵਿਕਾਸ ਤੇ ਰਾਜੀਵ ਨੇ ਬਠਿੰਡਾ ਵਿਕਾਸ ਅਥਾਰਿਟੀ ਕੋਲ ਜਮ੍ਹਾਂ ਕਰਾਈ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਸਭ ਕੁਝ ਮਿਲ ਮਿਲਾ ਕੇ ਹੀ ਚੱਲ ਰਿਹਾ ਸੀ। ਰਾਜੀਵ ਤੇ ਵਿਕਾਸ ਤੇ ਖਾਤਿਆਂ ਵਿਚ ਅੱਗੇ ਪਿੱਛੇ ਕੋਈ ਪੈਸਾ ਨਹੀਂ ਆਇਆ ਸੀ।

# ਹਿੰਦੂ ਰਾਸ਼ਟਰ: ਧਾਮੀ ਵੱਲੋਂ ਭਾਗਵਤ ਨੂੰ ਸਿੱਖਾਂ ਦਾ ਇਤਿਹਾਸ ਪੜ੍ਹਨ ਦੀ ਸਲਾਹ



**ਜਗਰਾਉਂ:** ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵੱਲੋਂ ਦੇਸ਼ ਦੇ ਹਰ ਵਿਅਕਤੀ ਨੂੰ ਹਿੰਦੂ ਦੱਸਣ ਵਾਲੇ ਦਿੱਤੇ ਗਏ ਬਿਆਨ ਦੇ ਜਵਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਇਕ ਵੱਖਰੀ ਕੌਮ ਹੈ। ਇਸ ਦੀ ਪਛਾਣ ਨਿਰਾਲੀ ਹੈ, ਜੋ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦੀ ਹੈ। ਇਥੋਂ ਨੇੜਲੇ ਪਿੰਡ ਗੁਰੂਸਰ ਕਾਉਂਕੇ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਚ ਨਵੇਂ ਦਰਬਾਰ ਹਾਲ ਦਾ ਉਦਘਾਟਨ ਕਰਨ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਆਰ.ਐਸ.ਐਸ ਆਗੂ ਆਏ ਦਿਨ ਆਪਣੇ ਮਨ ਨੂੰ ਧਰਵਾਸ ਦੇਣ ਲਈ ਭਾਰਤ 'ਚ ਰਹਿਣ ਵਾਲੇ ਹਰ ਵਿਅਕਤੀ ਨੂੰ ਹਿੰਦੂ ਹੋਣ ਦਾ ਫਤਵਾ ਦੇ ਦਿੰਦੇ ਹਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਦੱਸਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕਹਿਣ ਵਾਲੇ ਲੋਕਾਂ ਨੂੰ ਇਕ ਵਾਰ ਭਾਰਤ ਅਤੇ ਖਾਸਕਰ ਸਿੱਖਾਂ ਦਾ ਇਤਿਹਾਸ ਜਰੂਰ ਪੜ੍ਹ ਲੈਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਨਹੀਂ ਹਨ। ਸਿੱਖਾਂ ਦਾ ਆਪਣਾ ਵਿਲੱਖਣ ਖਾਸਾ ਹੈ, ਜਿਸ ਨੂੰ ਕੋਈ ਵੀ ਰਲਗੱਡ ਨਹੀਂ ਕਰ ਸਕਦਾ। ਭਾਰਤ ਕਿਸੇ ਇਕ ਧਰਮ ਦਾ ਦੇਸ ਨਹੀਂ ਹੈ। ਉਨ੍ਹਾਂ ਆਰ.ਐਸ.ਐਸ. ਮੁਖੀ ਨੂੰ ਵਿਵਾਦਤ ਬਿਆਨ ਦੇਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ।

## ਗੈਂਗਸਟਰ ਨਾਲ ਆਗੂਆਂ ਦੀਆਂ ਤਸਵੀਰਾਂ ਜਨਤਕ ਹੋਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਗੈਂਗਸਟਰ ਕਮਲ ਬੋਰੀ ਦੀਆਂ ਪੁਲਿਸ ਅਧਿਕਾਰੀਆਂ ਨਾਲ ਨਜ਼ਦੀਕੀਆਂ ਜਨਤਕ ਹੋਣ ਮਗਰੋਂ ਹੁਣ ਉਸ ਦੀਆਂ ਤਸਵੀਰਾਂ ਸਿਆਸੀ ਆਗੂਆਂ ਨਾਲ ਸਾਹਮਣੇ ਆਈਆਂ ਹਨ ਜਿਨ੍ਹਾਂ 'ਚ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ 'ਆਪ' ਵਿਧਾਇਕ ਜਸਬੀਰ ਸਿੰਘ ਸ਼ਾਮਲ ਹਨ। ਜਾਣਕਾਰੀ ਅਨੁਸਾਰ ਕਮਲ ਬੋਰੀ ਖ਼ਿਲਾਫ਼ ਕਈ ਅਪਰਾਧਕ ਮਾਮਲੇ ਦਰਜ ਹਨ। ਹਾਲ ਹੀ 'ਚ ਉਸ ਦੀਆਂ ਕੁਝ ਤਸਵੀਰਾਂ ਅਤੇ ਵੀਡੀਓਜ ਪੁਲਿਸ ਅਧਿਕਾਰੀਆਂ ਨਾਲ ਸਾਹਮਣੇ ਆਈਆਂ ਸਨ, ਜਿਥੇ ਉਹ ਇਕ ਜਨਮ ਦਿਨ ਦੀ ਪਾਰਟੀ 'ਚ ਇਕੱਠੇ ਸਨ। ਇਹ ਮਾਮਲਾ ਜਨਤਕ ਹੋਣ ਤੋਂ ਬਾਅਦ ਪੁਲਿਸ ਵਿਭਾਗ ਨੇ ਦੋ ਡੀ.ਐਸ.ਪੀ. ਅਤੇ ਪੰਜ ਇੰਸਪੈਕਟਰਾਂ ਦੇ ਤਬਾਦਲੇ ਕਰ ਦਿੱਤੇ ਗਏ ਸਨ। ਇਸੇ ਦੌਰਾਨ ਪੁਲਿਸ ਨੇ ਕਮਲ ਬੋਰੀ ਨੂੰ ਵੀ ਇਕ ਹੋਰ ਨਵੇਂ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ, ਜੋ ਹੁਣ ਪੁਲਿਸ ਰਿਮਾਂਡ 'ਤੇ ਹੈ। ਹੁਣ ਕਮਲ ਬੋਰੀ ਦੀ ਇਕ ਤਸਵੀਰ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨਾਲ ਸਾਹਮਣੇ ਆਈ ਹੈ। ਦਿਲਚਸਪ ਗੱਲ ਇਹ ਹੈ ਕਿ ਕਥਿਤ ਗੈਂਗਸਟਰ ਨਾਲ ਪੁਲਿਸ ਅਧਿਕਾਰੀਆਂ ਦੀ ਨੇੜਤਾ ਸਾਹਮਣੇ ਆਉਣ ਤੋਂ ਬਾਅਦ ਸੰਸਦ ਮੈਂਬਰ ਨੇ ਮੁੱਖ ਮੰਤਰੀ ਨੂੰ ਇਕ ਪੱਤਰ ਭੇਜ ਕੇ ਇਸ ਮਾਮਲੇ ਨੂੰ ਉਭਾਰਿਆ ਸੀ। ਉਨ੍ਹਾਂ ਨੇ ਪੁਲਿਸ ਅਤੇ ਅਪਰਾਧਕ ਲੋਕਾਂ ਦੇ ਗੱਠਜੋੜ 'ਤੇ ਵੀ ਟਿੱਪਣੀ ਕੀਤੀ ਸੀ। ਆਮ ਆਦਮੀ ਪਾਰਟੀ ਦੇ ਵਿਧਾਇਕ ਡਾਕਟਰ ਜਸਬੀਰ ਸਿੰਘ ਨੇ ਵੀ ਕਮਲ ਬੋਰੀ ਨਾਲ ਕਿਸੇ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਉਹ ਇਲਾਕੇ ਦਾ ਕੋਈ ਮੁੱਦਾ ਲੈ ਕੇ ਉਸ ਕੋਲ ਆਇਆ ਹੋਵੇ। ਬਹੁਤ ਸਾਰੇ ਲੋਕ ਸ਼ਿਕਾਇਤਾਂ ਲੈ ਕੇ ਆਉਂਦੇ ਹਨ। ਉਨ੍ਹਾਂ ਦੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨਾਲ ਕੋਈ ਸਬੰਧ ਨਹੀਂ ਹਨ।

# ਪੁਲਿਸ ਵੱਲੋਂ ਲਖਬੀਰ ਲੰਡਾ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਲਖਬੀਰ ਸਿੰਘ ਉਰਫ ਲੰਡਾ ਨਾਲ ਸਬੰਧਤ ਵਿਅਕਤੀਆਂ ਦੇ ਸ਼ੱਕੀ ਟਿਕਾਣਿਆਂ 'ਤੇ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ ਗਈ। ਡੀ.ਜੀ.ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਵੇਰੇ 6 ਵਜੇ ਤੋਂ ਸਵੇਰੇ 10 ਵਜੇ ਤੱਕ ਇੱਕੋ ਸਮੇਂ 'ਤੇ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਸੂਬੇ ਦੇ 28 ਪੁਲਿਸ ਜਿਲ੍ਹਿਆਂ 'ਚ ਲਖਬੀਰ ਲੰਡਾ ਦੇ ਲਗਭਗ 297 ਸਾਥੀਆਂ ਨਾਲ ਸਬੰਧਤ ਰਿਹਾਇਸ਼ੀ ਅਤੇ ਹੋਰ ਟਿਕਾਣਿਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸਾਰੇ ਸੀਪੀਜ਼/ਐਸ.ਐਸ.ਪੀਜ਼. ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਇਸ ਅਪਰੇਸ਼ਨ ਨੂੰ ਸਫਲ ਬਣਾਉਣ ਲਈ ਇੰਸਪੈਕਟਰ ਜਾਂ ਸਬ-



ਇੰਸਪੈਕਟਰ ਦੀ ਅਗਵਾਈ 'ਚ ਮਜ਼ਬੂਤ ਟੀਮਾਂ ਤਾਇਨਾਤ ਕਰਨ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਦੀਆਂ 150 ਪਾਰਟੀਆਂ, ਜਿਨ੍ਹਾਂ 'ਚ ਲਗਭਗ 1200 ਮੁਲਾਜ਼ਮ ਸ਼ਾਮਲ ਹਨ, ਨੇ ਸੂਬੇ ਭਰ 'ਚ ਛਾਪੇਮਾਰੀ ਕੀਤੀ। ਇਸ ਦੌਰਾਨ ਪੁੱਛ-ਪੜਤਾਲ ਲਈ ਕਈ ਵਿਅਕਤੀਆਂ ਨੂੰ ਹਿਰਾਸਤ 'ਚ ਲੈ ਕੇ ਉਨ੍ਹਾਂ ਕੋਲੋਂ ਅਪਰਾਧਿਕ ਸਮੱਗਰੀ ਜ਼ਬਤ ਕੀਤੀ ਗਈ ਹੈ, ਜਿਸ ਦੀ ਅਗਲੇਰੀ ਜਾਂਚ ਜਾਰੀ ਹੈ। ਪੁਲਿਸ ਅਧਿਕਾਰੀ ਦੱਸਿਆ ਕਿ ਇਸ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ ਇਨ੍ਹਾਂ ਅਪਰਾਧੀਆਂ ਨਾਲ ਸਬੰਧਤ ਘਰਾਂ ਅਤੇ ਹੋਰ ਥਾਵਾਂ 'ਤੇ ਬਾਰੀਕੀ ਨਾਲ ਤਲਾਸ਼ੀ ਲਈ ਅਤੇ ਇਲੈਕਟ੍ਰਾਨਿਕ ਡਿਵਾਈਸਾਂ ਤੋਂ ਡਾਟਾ ਵੀ ਇਕੱਠਾ ਕੀਤਾ, ਜਿਸ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਅਸਲਾ ਲਾਇਸੈਂਸਾਂ ਦੀ ਵੀ ਜਾਂਚ ਕੀਤੀ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਰਹਿੰਦੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਯਾਤਰਾ ਸਬੰਧੀ ਵੇਰਵੇ, ਵਿਦੇਸ਼ਾਂ ਤੋਂ ਬੈਂਕਾਂ ਦੇ ਲੈਣ-ਦੇਣ, ਵੈਸਟਰਨ ਯੂਨੀਅਨ ਅਤੇ ਜਾਇਦਾਦ ਸਬੰਧੀ ਵੇਰਵੇ ਵੀ ਅਗਲੇਰੀ ਜਾਂਚ ਲਈ ਇਕੱਠੇ ਕੀਤੇ ਗਏ ਹਨ।

## ਆਮ ਆਦਮੀ ਕਲੀਨਿਕਾਂ ਦਾ 44 ਲੱਖ ਲੋਕਾਂ ਨੇ ਲਿਆ ਲਾਹਾ: ਬਲਬੀਰ ਸਿੰਘ

**ਪਟਿਆਲਾ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿੱਢੀ ਸੂਬਾਈ ਮੁਹਿੰਮ ਤਹਿਤ ਪੰਜਾਬ ਭਰ ਵਿਚ ਹਾਲ ਹੀ 'ਚ 76 ਹੋਰ ਨਵੇਂ ਆਮ ਆਦਮੀ ਕਲੀਨਿਕ ਬਣਾਏ ਗਏ ਹਨ ਜਿਸ ਨਾਲ ਪੰਜਾਬ ਵਿਚ ਆਮ ਆਦਮੀ ਕਲੀਨਿਕਾਂ ਦੀ ਗਿਣਤੀ 659 ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿਚ 38 ਟੈਸਟਾਂ ਸਮੇਤ 80 ਕਿਸਮ ਦੀਆਂ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਹੁਣ ਤੱਕ ਪੰਜਾਬ ਭਰ ਵਿਚਲੇ ਇਨ੍ਹਾਂ 659 ਕਲੀਨਿਕਾਂ ਵਿਚ ਸੂਬੇ ਭਰ ਦੇ 44 ਲੱਖ ਲੋਕ ਦਵਾਈਆਂ, ਟੈਸਟਾਂ ਅਤੇ ਮੁਫ਼ਤ ਇਲਾਜ ਦਾ ਲਾਭ ਲੈ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਇਕ ਸਾਲ ਵਿਚ ਪੰਜਾਬ ਵਿਚੋਂ ਨਸ਼ੇ ਦਾ ਨਾਮੋ ਨਿਸ਼ਾਨ ਖਤਮ ਕਰ ਦਿੱਤਾ ਜਾਵੇਗਾ। ਨਸ਼ੇੜੀ ਨੌਜਵਾਨਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਇੱਥੇ ਆਪਣੇ ਹਲਕੇ ਪਟਿਆਲਾ ਦਿਹਾਤੀ ਸਮੇਤ ਹੋਰਨਾਂ ਲੋਕਾਂ ਦੀਆਂ ਮੁਸ਼ਕਲਾਂ ਸੁਣਦਿਆਂ ਅਧਿਕਾਰੀਆਂ ਨੂੰ ਸਮੱਸਿਆਵਾਂ ਹੱਲ ਕਰਨ ਦੀ ਹਦਾਇਤ ਵੀ ਕੀਤੀ।

# ਅਦਾਕਾਰ ਸੋਨੂ ਸੂਦ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਹੋਕਾ

**ਮੋਗਾ:** ਮੋਗਾ ਨਿਵਾਸੀ ਫਿਲਮ ਅਦਾਕਾਰ ਸੋਨੂ ਸੂਦ ਨੇ ਪੰਜਾਬ 'ਚ ਵਧ ਰਹੇ ਨਸ਼ਿਆਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਇਕ ਵੀਡੀਓ ਜਾਰੀ ਕਰ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਹੋਕਾ ਦਿੱਤਾ। ਅਦਾਕਾਰ ਨੇ ਲੋਕਾਂ ਨੂੰ ਪੰਜਾਬ ਪੁਲਿਸ ਅਤੇ ਸੂਬਾ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਦਾ ਸਾਥ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਾਰਿਆਂ ਨੂੰ ਰਲ ਕੇ ਪੰਜਾਬ ਨੂੰ ਮੁੜ ਰੰਗਲਾ ਬਣਾਉਣ 'ਚ ਯੋਗਦਾਨ ਪਾਉਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਉਹ ਜਦੋਂ ਮੋਗਾ ਜਾਂ ਪੰਜਾਬ ਦੇ ਹੋਰ ਹਿੱਸਿਆਂ ਵਿਚ ਜਾਂਦਾ ਹੈ ਤਾਂ ਕਾਫੀ ਨੌਜਵਾਨ ਨਸ਼ਿਆਂ ਦੀ ਗ੍ਰਿਫਤ ਵਿਚ ਨਜ਼ਰ ਆਉਂਦੇ ਹਨ। ਉਸ ਨੇ ਲੋਕਾਂ ਨੂੰ ਪੰਜਾਬ ਸਰਕਾਰ ਤੇ ਪੁਲਿਸ ਦੀ



ਨਸ਼ਾ ਮੁਕਤੀ ਮੁਹਿੰਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਸ ਦੀ ਇਸ ਵੀਡੀਓ ਕਲਿਪ 'ਤੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਵੀ ਟਵੀਟ ਕਰ ਕੇ ਉਸ ਦਾ ਧੰਨਵਾਦ ਕੀਤਾ ਹੈ।

# ਮਾਨ ਸਰਕਾਰ 'ਤੇ ਹੜ੍ਹਾਂ ਦਾ ਮੁਆਵਜ਼ਾ ਦੇਣ ਦੀ ਥਾਂ ਇਸ਼ਤਿਹਾਰਬਾਜ਼ੀ 'ਤੇ ਪੈਸੇ ਉਡਾਉਣ ਦੇ ਦੋਸ਼

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਗੈਰ-ਜ਼ਿੰਮੇਵਾਰ ਅਤੇ ਝੂਠੇ ਵਾਅਦਿਆਂ ਵਾਲੀ ਸਰਕਾਰ ਕਰਾਰ ਦਿੰਦਿਆਂ ਆਖਿਆ ਕਿ ਇਹ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ ਜਿਸ ਨੂੰ ਸੱਤਾ 'ਤੇ ਰਹਿਣ ਦਾ ਕੋਈ ਹੱਕ ਨਹੀਂ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਵਿਚ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਥਾਂ ਇਸ਼ਤਿਹਾਰਬਾਜ਼ੀ 'ਤੇ ਲੋਕਾਂ ਦਾ ਸਰਮਾਇਆ ਉਡਾ ਰਹੀ ਹੈ। ਹੜ੍ਹਾਂ ਕਾਰਨ ਲੋਕਾਂ ਦਾ 10,000 ਕਰੋੜ ਰੁਪਏ ਦਾ ਮਾਲੀ ਨੁਕਸਾਨ ਹੋਇਆ ਹੈ ਪਰ ਸਰਕਾਰ ਵੱਲੋਂ ਸਿਰਫ 186 ਕਰੋੜ ਰੁਪਏ ਦੀ ਰਾਸ਼ੀ ਹੀ ਜਾਰੀ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਥਾਂ ਆਮ ਆਦਮੀ ਪਾਰਟੀ ਦੀ ਮਸ਼ਹੂਰੀ ਲਈ 750 ਕਰੋੜ ਰੁਪਏ ਦੇ ਇਸ਼ਤਿਹਾਰ ਦੂਜੇ ਰਾਜਾਂ ਦੀਆਂ ਅਖਬਾਰਾਂ ਵਿਚ ਦਿੱਤੇ ਗਏ ਹਨ ਤਾਂ ਕਿ ਉਨ੍ਹਾਂ ਰਾਜਾਂ ਵਿਚ ਅਰਵਿੰਦ ਕੇਜਰੀਵਾਲ ਨੂੰ ਲਾਭ ਪਹੁੰਚਾਇਆ ਜਾ ਸਕੇ। ਉਨ੍ਹਾਂ ਪੰਚਾਇਤਾਂ ਭੰਗ ਕਰਨ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਦੋਸ਼ੀ ਕਰਾਰ ਦਿੱਤਾ ਜਿਨ੍ਹਾਂ ਨੇ ਪੰਚਾਇਤਾਂ ਨੂੰ ਭੰਗ ਕਰਨ ਅਤੇ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਸੀ।

ਉਨ੍ਹਾਂ ਕਿਹਾ ਕਿ ਹੁਣ ਅਦਾਲਤੀ ਕਾਰਵਾਈ ਦੇ ਡਰ ਕਾਰਨ ਅਫ਼ਸਰਸ਼ਾਹੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਦਕਿ ਮੰਤਰੀ ਨੂੰ ਫੌਰੀ ਤੌਰ 'ਤੇ ਬਰਖ਼ਾਸਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਸ਼ੁਰੂ ਤੋਂ ਲੈ ਕੇ ਅੰਤ ਤੱਕ ਪੰਚਾਇਤਾਂ ਨੂੰ ਭੰਗ ਕਰਨ ਦੇ ਫੈਸਲੇ ਲਈ ਜ਼ਿੰਮੇਵਾਰ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਵੀ ਨੈਤਿਕ ਆਧਾਰ 'ਤੇ ਅਸਤੀਫ਼ਾ ਦੇਣ ਤੋਂ ਪਹਿਲਾਂ ਲੋਕਾਂ ਤੋਂ ਮੁਆਫੀ ਮੰਗਣ ਲਈ ਕਿਹਾ।



ਸਾਬਕਾ ਮੁੱਖ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਨਵ ਨਿਯੁਕਤ ਮੈਂਬਰ ਚਰਨਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੱਤਾ ਵਿਚ ਆਉਣ ਤੋਂ ਪਹਿਲਾਂ ਦਾਅਵਾ ਕਰਦੇ ਸਨ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਜੇਕਰ ਕੁਦਰਤੀ ਕਰੋਪੀ ਕਾਰਨ ਕਿਸਾਨਾਂ ਦੀਆਂ ਫਸਲਾਂ ਖਰਾਬ ਹੁੰਦੀਆਂ ਹਨ ਤਾਂ ਉਹ ਬਿਨਾਂ ਗਿਰਦਾਵਰੀ ਕਰਵਾਏ ਪ੍ਰਤੀ ਏਕੜ 20 ਹਜ਼ਾਰ ਰੁਪਏ ਮੁਆਵਜ਼ਾ ਸਬੰਧਤ ਕਿਸਾਨ ਦੇ ਖਾਤੇ ਵਿਚ ਪਾ ਦੇਣਗੇ, ਪਰ ਹੁਣ ਉਨ੍ਹਾਂ ਦਾ ਵਾਅਦਾ ਕਿੱਥੇ ਗਿਆ? ਉਨ੍ਹਾਂ ਨਾਲ ਆਏ ਰੂਪਨਗਰ ਜ਼ਿਲ੍ਹੇ ਦੇ ਪਿੰਡ ਡੂੰਮਛੇੜੀ ਦੇ ਕਿਸਾਨ ਬਲਦੇਵ ਸਿੰਘ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਸ ਕਿਸਾਨ ਦੀ 12 ਏਕੜ ਫਸਲ ਹੜ੍ਹ ਦੇ ਪਾਣੀ ਵਿਚ ਖਰਾਬ ਹੋ ਚੁੱਕੀ ਹੈ ਤੇ ਇਸ ਕਿਸਾਨ ਨੂੰ ਸਿਰਫ 12600 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ, ਜਦੋਂ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਾਅਵੇ ਮੁਤਾਬਿਕ ਮੁਆਵਜ਼ੇ ਦੀ ਰਕਮ 2.40 ਲੱਖ ਰੁਪਏ ਬਣਦੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਐਨਾ ਘੱਟ ਮੁਆਵਜ਼ਾ ਦੇ ਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਨਾ ਦਿੱਤਾ ਤਾਂ ਕਾਂਗਰਸ ਪਾਰਟੀ ਸਰਕਾਰ ਖ਼ਿਲਾਫ਼ ਧਰਨੇ ਲਗਾਉਣ ਤੋਂ ਵੀ ਗੁਰੇਜ਼ ਨਹੀਂ ਕਰੇਗੀ।

# ਪੰਜਾਬ ਸਰਕਾਰ ਨੇ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਰੌਂਅ ਨੂੰ ਭਾਂਪਦੇ ਹੋਏ ਗ੍ਰਾਮ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪੰਚਾਇਤੀ ਸੰਸਥਾਵਾਂ ਭੰਗ ਕਰਨ ਲਈ 10 ਅਗਸਤ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ।

ਪੰਚਾਇਤੀ ਪ੍ਰਤੀਨਿਧਾਂ ਨੇ ਇਸ ਫੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ। ਅਦਾਲਤੀ ਪ੍ਰਕਿਰਿਆ ਸ਼ੁਰੂ ਹੋਣ ਦੇ ਦੋ ਹਫਤੇ ਮਗਰੋਂ ਪੰਜਾਬ ਸਰਕਾਰ ਨੇ ਪੰਚਾਇਤਾਂ ਭੰਗ ਕਰਨ ਦੇ ਆਪਣੇ ਫੈਸਲੇ ਤੋਂ ਪੈਰ ਪਿਛਾਂਹ ਖਿੱਚ ਲਏ ਹਨ। ਐਡਵੋਕੇਟ ਜਨਰਲ ਵਿਨੋਦ ਘਈ ਨੇ ਚੀਫ ਜਸਟਿਸ ਰਵੀ ਸ਼ੰਕਰ ਝਾਅ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਅੱਗੇ ਪੇਸ਼ ਹੋ ਕੇ ਸੂਬਾ ਸਰਕਾਰ ਦੇ ਇਸ ਫੈਸਲੇ ਤੋਂ ਜਾਣੂ ਕਰਾਇਆ।



ਚੀਫ ਜਸਟਿਸ ਦੀ ਅਗਵਾਈ ਵਾਲਾ ਡਿਵੀਜ਼ਨ ਬੈਂਚ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਗੁਰਜੀਤ ਸਿੰਘ ਤਲਵੰਡੀ ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ। ਹਾਈਕੋਰਟ ਨੇ ਪੰਚਾਇਤਾਂ ਭੰਗ ਕੀਤੇ ਜਾਣ ਵਾਲੇ ਠੋਸ ਆਧਾਰ ਦਾ ਵੇਰਵਾ ਮੰਗਿਆ ਸੀ, ਪਰ ਸੂਬਾ ਸਰਕਾਰ ਕੋਈ ਢੁਕਵਾਂ ਜਵਾਬ ਨਹੀਂ ਦੇ ਸਕੀ। ਅਦਾਲਤ ਨੇ ਪਿਛਲੇ ਦਿਨੀਂ ਇਸ ਮਾਮਲੇ 'ਤੇ ਸਰਕਾਰ ਦੀ ਝਾੜ-ਝੰਬ ਵੀ ਕੀਤੀ ਸੀ। ਪੰਜਾਬ ਸਰਕਾਰ ਨੇ ਸੀਨੀਅਰ ਐਡਵੋਕੇਟ ਦੀਆਂ ਸੇਵਾਵਾਂ ਵੀ ਲਈਆਂ ਸਨ, ਪਰ ਸਰਕਾਰ ਨੇ ਅਦਾਲਤੀ ਰੌਂਅ ਦੇ ਮੱਦੇਨਜ਼ਰ 10 ਅਗਸਤ ਨੂੰ ਜਾਰੀ ਨੋਟੀਫਿਕੇਸ਼ਨ ਵਾਪਸ ਲੈਣ ਵਿਚ ਹੀ ਭਲਾ ਸਮਝਿਆ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੇ 28 ਅਗਸਤ ਨੂੰ ਹਾਈਕੋਰਟ ਵਿਚ ਹਲਫਨਾਮਾ ਦਾਇਰ ਕੀਤਾ ਸੀ ਕਿ ਗ੍ਰਾਮ ਪੰਚਾਇਤਾਂ ਨੂੰ ਭੰਗ ਕਰਨ ਲਈ ਸੰਵਿਧਾਨਕ ਵਿਵਸਥਾ ਅਨੁਸਾਰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਕੋਲ ਪੰਚਾਇਤੀ ਰਾਜ ਐਕਟ 1994 ਦੀ ਧਾਰਾ 209 ਅਧੀਨ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਕਰਾਉਣ ਦੇ ਆਦੇਸ਼ ਦੇਣ ਦਾ ਅਧਿਕਾਰ ਹੈ।

ਚੇਤੇ ਰਹੇ ਕਿ ਪੰਚਾਇਤ ਵਿਭਾਗ ਨੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ 25 ਨਵੰਬਰ ਤੱਕ ਅਤੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ ਤੱਕ ਕਰਾਉਣ ਵਾਸਤੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਉਧਰ, ਸਰਕਾਰੀ ਫੈਸਲੇ ਨੂੰ ਚੁਣੌਤੀ ਦੇਣ ਵਾਲੇ ਪਟੀਸ਼ਨਰਾਂ ਦੀ ਦਲੀਲ ਨੇ ਸਰਕਾਰੀ ਪੱਖ ਨੂੰ ਖਾਰਜ ਕੀਤਾ ਕਿ ਪੰਚਾਇਤਾਂ ਨੂੰ ਪੰਜ ਸਾਲ ਦੇ ਕਾਰਜਕਾਲ ਤੋਂ ਪਹਿਲਾਂ ਭੰਗ ਕਰਨਾ ਗੈਰਕਾਨੂੰਨੀ ਹੈ। ਪੰਜਾਬ ਸਰਕਾਰ ਵੱਲੋਂ ਪੰਚਾਇਤਾਂ ਭੰਗ ਕਰਨ ਦੇ ਫੈਸਲੇ 'ਤੇ ਲਏ ਯੂ-ਟਰਨ ਨੇ ਵਿਰੋਧੀ ਧਿਰਾਂ ਨੂੰ ਇਕ ਵੱਡਾ ਮੌਕਾ ਦੇ ਦਿੱਤਾ ਹੈ ਕਿਉਂਕਿ ਕਾਂਗਰਸ ਵੱਲੋਂ ਇਸ ਸਰਕਾਰੀ ਫੈਸਲੇ ਨੂੰ ਲੈ ਕੇ ਧਰਨੇ ਮੁਜ਼ਾਹਰੇ ਵੀ ਕੀਤੇ ਗਏ ਸਨ। ਪੰਜਾਬ ਵਿਚ ਇਸ ਵੇਲੇ ਬਹੁਗਿਣਤੀ ਗ੍ਰਾਮ ਪੰਚਾਇਤਾਂ 'ਤੇ ਕਾਂਗਰਸੀ ਸਰਪੰਚ ਕਾਬਜ਼ ਹਨ।

### ਤਕਨੀਕੀ ਖਾਮੀਆਂ ਕਰਕੇ ਫੈਸਲਾ ਵਾਪਸ ਲਿਆ: ਭੁੱਲਰ

**ਚੰਡੀਗੜ੍ਹ:** ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੰਚਾਇਤਾਂ ਨੂੰ ਭੰਗ ਕਰਨ ਸਬੰਧੀ ਫੈਸਲਾ ਤਕਨੀਕੀ ਖਾਮੀਆਂ ਕਰਕੇ ਵਾਪਸ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ ਵੱਲੋਂ ਪੰਚਾਇਤਾਂ ਨੂੰ ਭੰਗ ਕਰਨ ਦਾ ਮਾਮਲਾ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿਚ ਆਇਆ ਤਾਂ ਉਨ੍ਹਾਂ ਨੇ ਤਕਨੀਕੀ ਖ਼ਾਮੀਆਂ ਕਾਰਨ ਤੁਰਤ ਪੰਚਾਇਤਾਂ ਨੂੰ ਭੰਗ ਕਰਨ ਦੇ ਆਦੇਸ਼ਾਂ ਲਈ ਪੰਚਾਇਤੀ ਵਿਭਾਗ ਦੇ ਅਫਸਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਅਤੇ ਪੰਚਾਇਤਾਂ ਨੂੰ ਭੰਗ ਕਰਨ ਵਾਲਾ ਫੈਸਲਾ ਵਾਪਸ ਲੈ ਲਿਆ ਤਾਂ ਜੋ ਤਕਨੀਕੀ ਕਮੀਆਂ ਨੂੰ ਪੂਰਾ ਕਰਕੇ ਚੋਣਾਂ ਬਿਨਾਂ ਕਿਸੇ ਪੱਖਪਾਤ ਤੋਂ ਕਰਵਾਈਆਂ ਜਾ ਸਕਣ। ਪੰਜਾਬ ਸਰਕਾਰ ਨੇ ਪੰਚਾਇਤਾਂ ਭੰਗ ਕਰਨ ਸਬੰਧੀ ਤਕਨੀਕੀ ਖ਼ਾਮੀਆਂ ਵਾਲਾ ਫੈਸਲਾ ਲੈਣ ਵਾਲੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਅਤੇ ਡਾਇਰੈਕਟਰ ਨੂੰ ਤੁਰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ।

# ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈਣ ਪਿੱਛੋਂ ਸਰਪੰਚਾਂ ਨੇ ਸੁੱਖ ਦਾ ਸਾਹ ਲਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗ੍ਰਾਮ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ। ਨਵੇਂ ਨੋਟੀਫਿਕੇਸ਼ਨ ਮਗਰੋਂ ਪੰਜਾਬ ਦੀਆਂ 13,241 ਗ੍ਰਾਮ ਪੰਚਾਇਤਾਂ, 150 ਪੰਚਾਇਤ ਸਮਿਤੀਆਂ ਅਤੇ 22 ਜ਼ਿਲ੍ਹਾ ਪ੍ਰੀਸ਼ਦਾਂ ਮੁੜ ਬਹਾਲ ਹੋ ਜਾਣਗੀਆਂ। ਇਨ੍ਹਾਂ ਪੰਚਾਇਤੀ ਸੰਸਥਾਵਾਂ ਦੇ 1,00,312 ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣਾ ਕਾਰਜਕਾਲ ਪੂਰਾ ਕਰਨ ਦਾ ਮੌਕਾ ਮਿਲੇਗਾ। ਗ੍ਰਾਮ ਪੰਚਾਇਤਾਂ ਕੋਲ ਇਸ ਵੇਲੇ ਇਕ ਹਜ਼ਾਰ ਕਰੋੜ ਰੁਪਏ ਦੇ ਫੰਡ ਪਏ ਹਨ ਜਿਨ੍ਹਾਂ ਨੂੰ ਹੁਣ ਉਹ ਖਰਚ ਕਰ ਸਕਣਗੀਆਂ। ਗ੍ਰਾਮ ਪੰਚਾਇਤਾਂ ਦੇ ਲਗਾਏ ਪ੍ਰਬੰਧਕ ਹੁਣ ਮੁੜ ਪੰਚਾਇਤਾਂ ਨੂੰ ਰਿਕਾਰਡ ਸੌਂਪ ਦੇਣਗੇ।



ਪੰਜਾਬ ਵਿਚ ਪੰਚਾਇਤੀ ਸੰਸਥਾਵਾਂ ਕੋਲ ਪੰਦਰ੍ਹਵੇਂ ਵਿੱਤ ਕਮਿਸ਼ਨ ਦੇ 857.95 ਕਰੋੜ ਦੇ ਫੰਡ ਬਕਾਇਆ ਪਏ ਹਨ ਜਿਹੜੇ ਸਿਆਸੀ ਪੁਆੜੇ ਦੀ ਜੜ੍ਹ ਬਣੇ ਸਨ। ਤਕਰੀਬਨ 28 ਫੀਸਦੀ ਫੰਡ ਅਜੇ ਅਣਵਰਤੇ ਪਏ ਹਨ, ਜਿਨ੍ਹਾਂ ਨੂੰ ਲੈ ਕੇ ਹਾਕਮ ਧਿਰ ਨੇ ਹਾਈਕੋਰਟ ਵਿਚ ਗਬਨ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਸੀ। ਪੰਜਾਬ ਸਰਕਾਰ ਨੇ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਵਾਪਸ ਲੈਣ ਮਗਰੋਂ ਪੰਚਾਇਤਾਂ ਦੇ ਵਿੱਤੀ ਲੈਣ-ਦੇਣ 'ਤੇ ਲਗਾਈ ਪਾਬੰਦੀ ਵੀ ਹਟਾ ਦਿੱਤੀ ਹੈ।

ਪੰਚਾਇਤੀ ਸੰਸਥਾਵਾਂ ਨੂੰ ਵਿੱਤੀ ਸਾਲ 2020-21 ਤੋਂ ਲੈ ਕੇ 2023-24 ਦੌਰਾਨ ਪੰਦਰ੍ਹਵੇਂ ਵਿੱਤ ਕਮਿਸ਼ਨ ਦੇ ਕੁੱਲ 3157.42 ਕਰੋੜ ਰੁਪਏ ਦੇ ਫੰਡ ਰਿਲੀਜ਼ ਹੋਏ ਹਨ, ਜਿਨ੍ਹਾਂ 'ਚੋਂ 2299.47 ਕਰੋੜ ਦੇ ਫੰਡ ਵਰਤੇ ਜਾ ਚੁੱਕੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਪੰਚਾਇਤਾਂ ਭੰਗ ਕਰਨ ਪਿੱਛੇ ਤਰਕ ਸੀ ਕਿ ਸਰਪੰਚ ਚੋਣਾਂ ਨੇੜੇ ਹੋਣ ਕਰਕੇ ਇਨ੍ਹਾਂ ਫੰਡਾਂ ਵਿਚ ਗਬਨ ਕਰ ਸਕਦੇ ਹਨ। ਕਾਂਗਰਸੀ ਸਰਪੰਚਾਂ ਦਾ ਦੋਸ਼ ਸੀ ਕਿ ਸਰਕਾਰ ਗ੍ਰਾਮ ਪੰਚਾਇਤਾਂ ਦੀ ਥਾਂ ਪ੍ਰਬੰਧਕ ਲਗਾ ਕੇ ਇਨ੍ਹਾਂ ਫੰਡਾਂ ਨੂੰ ਵਰਤਣਾ ਚਾਹੁੰਦੀ ਸੀ ਤਾਂ ਜੋ ਆਗਾਮੀ ਪੰਚਾਇਤ ਚੋਣਾਂ ਵਿਚ ਇਸ ਦਾ ਸਿਆਸੀ ਲਾਹਾ ਲਿਆ ਜਾ ਸਕੇ। ਹੁਣ ਜਦੋਂ ਨਵਾਂ ਨੋਟੀਫਿਕੇਸ਼ਨ ਜਾਰੀ ਹੋਣ ਮਗਰੋਂ ਪੰਚਾਇਤਾਂ ਨੇ ਬਹਾਲ ਹੋ ਜਾਣਾ ਹੈ ਤਾਂ ਕੀ ਪੰਚਾਇਤਾਂ ਇਨ੍ਹਾਂ ਫੰਡਾਂ ਨੂੰ ਬਿਨਾਂ ਰੋਕ ਤੋਂ ਵਰਤ ਸਕਣਗੀਆਂ। ਕਾਨੂੰਨੀ ਨਜ਼ਰੀਏ ਤੋਂ ਗ੍ਰਾਮ ਪੰਚਾਇਤਾਂ ਲਈ ਹੁਣ ਇਨ੍ਹਾਂ ਫੰਡਾਂ ਨੂੰ ਵਰਤਣ ਦਾ ਰਸਤਾ ਸਾਫ ਹੋ ਗਿਆ ਹੈ। ਜਿਹੜੇ ਵਿਕਾਸ ਪ੍ਰੋਜੈਕਟ ਮੁਕੰਮਲ ਹੋ ਚੁੱਕੇ ਹਨ, ਉਨ੍ਹਾਂ ਦੀ ਅਦਾਇਗੀ ਕਲੀਅਰ ਕਰਨ ਵਿਚ ਹੀ ਬਹੁਤੇ ਫੰਡ ਵਰਤੇ ਜਾਣੇ ਹਨ। ਵੇਰਵਿਆਂ ਅਨੁਸਾਰ ਪੰਜਾਬ ਵਿਚ 22 ਜ਼ਿਲ੍ਹਾ ਪ੍ਰੀਸ਼ਦਾਂ ਹਨ, ਜਿਨ੍ਹਾਂ ਨੂੰ ਪੰਦਰ੍ਹਵੇਂ ਵਿੱਤ ਕਮਿਸ਼ਨ ਦੇ ਉਕਤ ਵਰ੍ਹਿਆਂ ਦੌਰਾਨ 315.72 ਕਰੋੜ ਰੁਪਏ ਦੇ ਫ਼ੰਡ ਰਿਲੀਜ਼ ਹੋਏ ਸਨ। ਇਨ੍ਹਾਂ 'ਚੋਂ 66.13 ਕਰੋੜ ਹਾਲੇ ਅਣਵਰਤੇ ਪਏ ਹਨ। ਸੂਬੇ ਵਿਚ 150 ਪੰਚਾਇਤ ਸਮਿਤੀਆਂ ਹਨ, ਜਿਨ੍ਹਾਂ ਨੂੰ ਵਿੱਤ ਕਮਿਸ਼ਨ ਦੇ 631.52 ਕਰੋੜ ਜਾਰੀ ਹੋਏ ਸਨ ਅਤੇ ਇਨ੍ਹਾਂ ਫੰਡਾਂ 'ਚੋਂ ਅਜੇ 172.78 ਕਰੋੜ ਦੇ ਫੰਡ ਵਰਤੇ ਜਾਣੇ ਬਾਕੀ ਹਨ। ਗ੍ਰਾਮ ਪੰਚਾਇਤਾਂ ਦੀ ਗੱਲ ਕਰੀਏ ਤਾਂ ਪੰਦਰ੍ਹਵੇਂ ਵਿੱਤ ਕਮਿਸ਼ਨ ਵੱਲੋਂ ਚਾਰ ਸਾਲਾਂ ਦੌਰਾਨ ਪੰਚਾਇਤਾਂ ਨੂੰ 2210.18 ਕਰੋੜ ਦੇ ਫ਼ੰਡ ਜਾਰੀ ਕੀਤੇ ਗਏ ਸਨ ਜਿਨ੍ਹਾਂ 'ਚੋਂ ਪੰਚਾਇਤਾਂ ਕੋਲ 619.04 ਕਰੋੜ ਦੇ ਫ਼ੰਡ ਅਣਵਰਤੇ ਪਏ ਹਨ। ਗ੍ਰਾਮ ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਕੋਲ ਇਸ ਵੇਲੇ ਕੁੱਲ 857.95 ਕਰੋੜ ਦੇ ਫ਼ੰਡ ਅਣਵਰਤੇ ਪਏ ਹਨ। ਇਨ੍ਹਾਂ ਫ਼ੰਡਾਂ ਨੂੰ ਵਰਤਣ ਵਾਸਤੇ ਪੰਚਾਇਤਾਂ ਕੋਲ ਬਹੁਤਾ ਸਮਾਂ ਬਾਕੀ ਨਹੀਂ ਹੈ। ਪੰਚਾਇਤਾਂ ਦਾ ਕਹਿਣਾ ਹੈ ਕਿ ਵਿਕਾਸ ਕੰਮ ਪਹਿਲਾਂ ਹੀ ਚੱਲ ਰਹੇ ਹਨ ਜਿਸ ਕਰਕੇ ਇਨ੍ਹਾਂ ਫ਼ੰਡਾਂ ਦੀ ਨਿਸ਼ਚਿਤ ਸਮੇਂ ਅੰਦਰ ਵਰਤੋਂ ਹੋ ਜਾਣੀ ਹੈ।

### ਸਰਕਾਰ ਫੈਸਲਾ ਵਾਪਸ ਲੈਣ ਲਈ ਮਜਬੂਰ ਹੋਈ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਵੱਲੋਂ ਪੰਚਾਇਤਾਂ ਭੰਗ ਕਰਨ ਦੇ ਫੈਸਲੇ ਨੂੰ ਵਾਪਸ ਲੈਣ ਦੇ ਮੱਦੇਨਜਰ ਕਿਹਾ ਕਿ ਇਹ ਲੋਕਤੰਤਰੀ ਸੰਸਥਾਵਾਂ ਦੀ ਜਿੱਤ ਹੈ। 'ਆਪ' ਸਰਕਾਰ ਨੂੰ ਅਜਿਹੇ ਗੈਰ-ਲੋਕਤੰਤਰੀ ਫੈਸਲੇ ਨੂੰ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਕਿਉਂਕਿ ਪੰਜਾਬ ਸਰਕਾਰ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖਿਚਾਈ ਕੀਤੀ ਸੀ। ਪੰਜਾਬ ਕਾਂਗਰਸ ਨੇ ਵੀ ਇਸ ਫੈਸਲੇ ਵਿਰੁੱਧ ਸਖਤ ਰੁਖ਼ ਲਿਆ ਤੇ ਕਈ ਮੰਚਾਂ 'ਤੇ ਇਹ ਮੁੱਦਾ ਉਠਾਇਆ। ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਨੇ ਸਰਪੰਚਾਂ ਦੇ ਅਧਿਕਾਰ ਖੋਹ ਲਏ ਸਨ। ਇਨ੍ਹਾਂ ਫੈਸਲਿਆਂ ਕਾਰਨ 41,922 ਔਰਤਾਂ ਸਮੇਤ 1,00,312 ਚੁਣੇ ਹੋਏ ਨੁਮਾਇੰਦਿਆਂ ਦੇ ਅਧਿਕਾਰਾਂ ਨਾਲ ਸਮਝੌਤਾ ਕੀਤਾ ਗਿਆ ਸੀ।

# ਅਧਿਕਾਰੀਆਂ ਨੂੰ 'ਬਲੀ ਦਾ ਬੱਕਰਾ' ਬਣਾਉਣ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਖ਼ਤ ਫੈਸਲਾ ਲੈਂਦਿਆਂ ਪੰਚਾਇਤਾਂ ਭੰਗ ਕਰਨ ਦੇ ਮਾਮਲੇ ਨੂੰ ਲੈ ਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਕੇ.ਤਿਵਾੜੀ ਅਤੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੂੰ ਮੁਅੱਤਲ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਇਸ ਗੱਲੋਂ ਖ਼ਫਾ ਸਨ ਕਿ ਪੰਚਾਇਤ ਵਿਭਾਗ ਵੱਲੋਂ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ ਇਨ੍ਹਾਂ ਅਧਿਕਾਰੀਆਂ ਨੇ ਮੁੱਖ ਮੰਤਰੀ ਦਫਤਰ ਨੂੰ ਭਰੋਸੇ ਵਿਚ ਲੈਣ ਦੀ ਕੋਈ ਲੋੜ ਨਹੀਂ ਸਮਝੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸੁਨੇਹਾ ਦੇਣ ਲਈ ਸਖਤ ਕਦਮ ਚੁੱਕਿਆ ਹੈ ਕਿਉਂਕਿ ਪੰਚਾਇਤ ਵਿਭਾਗ ਦੇ ਇਕ ਨੋਟੀਫਿਕੇਸ਼ਨ ਕਰਕੇ ਸਰਕਾਰ ਦੀ ਝੋਲੀ ਬਦਨਾਮੀ ਪਈ ਹੈ।





ਉਧਰ, ਵਿਰੋਧੀ ਧਿਰਾਂ ਨੇ ਇਸ ਮਾਮਲੇ ਉਤੇ ਸਰਕਾਰ ਦੀ ਨੀਅਤ ਉਤੇ ਸਵਾਲ ਚੁੱਕੇ ਹਨ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕਰਕੇ ਕਿਹਾ ਕਿ ਮੁੱਖ ਮੰਤਰੀ ਨੇ ਪੰਚਾਇਤਾਂ ਨੂੰ ਭੰਗ ਕਰਨ ਦੇ ਫੈਸਲੇ 'ਤੇ ਦਸਤਖ਼ਤ ਕੀਤੇ ਅਤੇ ਮਗਰੋਂ ਖੁਦ ਅਤੇ ਪੰਚਾਇਤ ਮੰਤਰੀ ਨੂੰ ਬਚਾਉਣ ਲਈ ਦੋ ਅਧਿਕਾਰੀਆਂ ਨੂੰ ਬਲੀ ਦਾ ਬੱਕਰਾ ਬਣਾਇਆ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫਾ ਦੇਣ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਟਵੀਟ ਕਰਕੇ ਫਾਈਲ ਨੋਟਿੰਗ ਨੱਥੀ ਕਰਕੇ ਕਿਹਾ ਹੈ ਕਿ ਮੁੱਖ ਮੰਤਰੀ ਅਤੇ ਪੰਚਾਇਤ ਮੰਤਰੀ ਵੱਲੋਂ ਪੰਚਾਇਤਾਂ ਨੂੰ ਭੰਗ ਕਰਨ ਦੀ ਮਨਜ਼ੂਰੀ ਦਿੱਤੀ ਗਈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਗੈਰਜਮਹੂਰੀ ਫੈਸਲੇ ਲੈਣ ਵਾਲੀ 'ਆਪ' ਦੀ ਸਰਕਾਰ ਨੂੰ ਇਹ ਇਕ ਸਬਕ ਮਿਲਿਆ ਹੈ। ਸ੍ਰੀ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਤੰਤਰੀ ਤਰੀਕੇ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਭੰਗ ਕਰ ਕੇ ਲੋਕਤੰਤਰ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਸੀ ਪਰ ਹਾਈ ਕੋਰਟ ਵੱਲੋਂ ਪੰਜਾਬ ਦੀਆਂ ਪੰਚਾਇਤਾਂ ਦੇ ਹੱਕ 'ਚ ਵੱਡਾ ਫਤਵਾ ਦਿੱਤਾ ਗਿਆ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ 'ਚ ਦੋ ਆਈ.ਏ.ਐੱਸ. ਅਧਿਕਾਰੀਆਂ ਨੂੰ ਮੁਅੱਤਲ ਕਰਨ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਪੰਚਾਇਤਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਨਾਲ ਭੰਗ ਕੀਤੀਆਂ ਗਈਆਂ ਸਨ ਤੇ ਇਸ ਮਾਮਲੇ ਵਿਚ ਅਫਸਰਾਂ ਅਤੇ ਮੁਲਾਜ਼ਮਾਂ ਦਾ ਕੋਈ ਯੋਗਦਾਨ ਨਹੀਂ ਹੈ।

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਚਾਇਤਾਂ ਭੰਗ ਕਰਨ ਦੇ ਮਾਮਲੇ ਦੀ ਜ਼ਿੰਮੇਵਾਰੀ ਅਧਿਕਾਰੀਆਂ ਉਪਰ ਪਾਉਣ 'ਤੇ ਮੁੱਖ ਮੰਤਰੀ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਆਪਣੀਆਂ ਨਾਕਾਮੀਆਂ ਦੂਜਿਆਂ 'ਤੇ ਸੁੱਟਣ ਨਾਲ ਸਰਕਾਰ ਨਹੀਂ ਚੱਲਦੀ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਤੁਰਤ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਗਲਤੀ ਮੰਨ ਕੇ ਪੰਜਾਬੀਆਂ ਤੋਂ ਮੁਆਫੀ ਮੰਗਣ ਕਿਉਂਕਿ ਇਸ ਗਲਤੀ ਲਈ ਉਹ ਖੁਦ ਜ਼ਿੰਮੇਵਾਰ ਹਨ। ਸੁਨੀਲ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਲਾਵਾਰਸ ਛੱਡ ਕੇ ਆਪਣੇ ਆਕਾ ਦੇ ਸਾਰਥੀ ਬਣ ਕੇ ਉਨ੍ਹਾਂ ਲਈ ਦੇਸ਼ ਭਰ ਵਿਚ ਸਿਆਸੀ ਜਮੀਨ ਤਿਆਰ ਕਰਨ ਵਿਚ ਲੱਗੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕਰਨ ਅਤੇ ਹੁਣ ਆਈ.ਏ.ਐੱਸ. ਅਫਸਰਾਂ ਨੂੰ ਮੁਅੱਤਲ ਕਰਨ ਦੇ ਮਾਮਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਚਾਇਤੀ ਰਾਜ ਮੰਤਰੀ ਲਾਲਜੀਤ ਭੁੱਲਰ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਫਾਈਲ ਡਾਇਰੈਕਟਰ ਪੰਚਾਇਤੀ ਰਾਜ ਤੇ ਵਿੱਤ ਕਮਿਸ਼ਨਰ ਵਿਕਾਸ ਕੋਲ ਦਸਤੀ ਲਿਆਂਦੀ ਗਈ ਸੀ ਅਤੇ ਉਨ੍ਹਾਂ ਨੂੰ 3 ਅਤੇ 4 ਅਗਸਤ ਨੂੰ ਪੰਚਾਇਤਾਂ ਭੰਗ ਕਰਨ ਦੀ ਤਜਵੀਜ਼ 'ਤੇ ਦਸਤਖ਼ਤ ਕਰਨ ਵਾਸਤੇ ਆਖਿਆ ਗਿਆ ਸੀ। ਉਪਰੰਤ ਪੰਚਾਇਤੀ ਰਾਜ ਮੰਤਰੀ ਤੇ ਮੁੱਖ ਮੰਤਰੀ ਨੇ 7 ਅਗਸਤ ਨੂੰ ਇਸ ਫਾਈਲ 'ਤੇ ਦਸਤਖਤ ਕੀਤੇ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਮਿੱਥ ਕੇ ਕੀਤਾ ਗਿਆ ਸੀ, ਜਿਸ ਦਾ ਮਕਸਦ ਇਕ ਹਜ਼ਾਰ ਕਰੋੜ ਰੁਪਏ ਦੇ ਪੰਚਾਇਤੀ ਫੰਡ ਹੜੱਪ ਕਰਨਾ ਸੀ।

### ਕਰਮਚਾਰੀਆਂ ਨੂੰ ਤਾੜਨਾ ਤੇ ਮੰਤਰੀਆਂ ਨੂੰ ਥਾਪੜਾ: ਜਾਖੜ

**ਚੰਡੀਗੜ੍ਹ:** ਪੰਜਾਬ ਦੀ ਭਾਜਪਾ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਸਰਕਾਰ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਸਰਕਾਰ ਦਾ ਆਪਣੇ ਕਰਮਚਾਰੀਆਂ ਅਤੇ ਮੰਤਰੀਆਂ ਪ੍ਰਤੀ ਵੱਖੋ-ਵੱਖ ਰਵੱਈਆ ਇਸ ਸਰਕਾਰ ਦੇ ਵਿਹਾਰ ਵਿਚ ਫਰਕ ਦਾ ਪ੍ਰਤੱਖ ਪ੍ਰਮਾਣ ਹੈ। ਸ੍ਰੀ ਜਾਖੜ ਨੇ ਕਿਹਾ ਕਿ ਜੇਕਰ ਕਿਸੇ ਕਰਮਚਾਰੀ ਨੇ ਗਲਤ ਕੀਤਾ ਹੈ ਤਾਂ ਉਸ ਦੇ ਖਿਲਾਫ ਬੇਸ਼ੱਕ ਕਾਰਵਾਈ ਹੋਵੇ, ਪਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਕੈਬਨਿਟ ਵਿਚ ਨਾਲ ਦੀਆਂ ਕੁਰਸੀਆਂ 'ਤੇ ਬੈਠੇ ਉਹ ਮੰਤਰੀ ਵਿਖਾਈ ਨਹੀਂ ਦਿੰਦੇ, ਜਿਨ੍ਹਾਂ ਦੀ ਪੁਸ਼ਤਪਨਾਹੀ ਹੇਠ ਪਠਾਨਕੋਟ ਵਿਚ ਕਰੋੜਾਂ ਦੀ ਜਮੀਨ ਦਾ ਕਥਿਤ ਘਪਲਾ ਹੋ ਗਿਆ?

# ਪਾਕਿਸਤਾਨ: ਚੋਣ ਕਮਿਸ਼ਨ ਵੱਲੋਂ ਫਰਵਰੀ ਦੇ ਅੱਧ ਤੱਕ ਚੋਣਾਂ ਕਰਵਾਉਣ ਦਾ ਭਰੋਸਾ

**ਇਸਲਾਮਾਬਾਦ:** ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਚੋਣਾਂ ਬਾਰੇ ਤੌਖਲੇ ਦੂਰ ਕਰਨ ਦੀ ਕੋਸ਼ਿਸ਼ ਕਰਦਿਆਂ ਸਿਆਸੀ ਪਾਰਟੀਆਂ ਨੂੰ ਭਰੋਸਾ ਦਿੱਤਾ ਕਿ ਅਗਲੇ ਸਾਲ ਜਨਵਰੀ ਦੇ ਅੰਤ ਵਿਚ ਜਾਂ ਅੱਧ ਫਰਵਰੀ 'ਚ ਆਮ ਚੋਣਾਂ ਕਰਵਾਈਆਂ ਜਾਣਗੀਆਂ। 'ਡਾਅਨ' ਅਖਬਾਰ ਨੇ ਇਹ ਖਬਰ ਦਿੱਤੀ ਕਿ ਪਾਕਿਸਤਾਨ ਚੋਣ ਕਮਿਸ਼ਨ (ਈ.ਸੀ.ਪੀ.) ਨੇ ਅਵਾਮੀ ਨੈਸ਼ਨਲ ਪਾਰਟੀ (ਏ.ਐਨ.ਪੀ.) ਦੇ ਨੇਤਾਵਾਂ ਨੂੰ ਚੋਣ ਸੰਸਥਾ ਨਾਲ ਮੀਟਿੰਗ 'ਚ ਇਹ ਭਰੋਸਾ ਦਿੱਤਾ ਹੈ।

ਮੀਟਿੰਗ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਈ.ਸੀ.ਪੀ. ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ। ਏ.ਐਨ.ਪੀ. ਦੇ ਵਫਦ ਦੀ ਨੁਮਾਇੰਦਗੀ ਪਾਰਟੀ ਦੇ ਜਨਰਲ ਸਕੱਤਰ ਇਫਤਿਖਾਰ ਹੁਸੈਨ ਨੇ ਕੀਤੀ, ਜਿਸ ਵਿਚ ਪਾਰਟੀ ਤਰਜਮਾਨ ਜਾਹਿਦ ਖਾਨ ਅਤੇ ਪਾਰਟੀ ਨੇਤਾ ਖੁਸ਼ਦਿਲ ਖਾਨ ਮੈਂਬਰ ਸਨ।

# ਲੋਕ ਸਭਾ ਚੋਣਾਂ ਲਈ ਇਕਜੁੱਟ ਹੋਇਆ 'ਇੰਡੀਆ'

**ਮੁੰਬਈ:** ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਨੇ ਜਿਥੋਂ ਤੱਕ ਸੰਭਵ ਹੋਵੇ 2024 ਦੀਆਂ ਲੋਕ ਸਭਾ ਚੋਣਾਂ ਰਲ ਕੇ ਲੜਨ ਦਾ ਅਹਿਦ ਲਿਆ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਉਹ ਭਾਜਪਾ ਨੂੰ ਆਸਾਨੀ ਨਾਲ ਚੋਣਾਂ 'ਚ ਹਰਾ ਦੇਣਗੇ। ਇਥੇ ਹੋਈ ਦੋ ਦਿਨੀਂ ਮੀਟਿੰਗ ਦੌਰਾਨ ਵਿਰੋਧੀ ਧਿਰਾਂ ਦੇ ਆਗੂਆਂ ਨੇ ਕਿਹਾ ਕਿ ਸੂਬਿਆਂ 'ਚ ਸੀਟਾਂ ਦੀ ਵੰਡ ਦਾ ਮਾਮਲਾ 'ਲੈਣ-ਦੇਣ' ਦੀ ਭਾਵਨਾ ਨਾਲ ਫੌਰੀ ਨੇਪਰੇ ਚਾੜ੍ਹ ਲਿਆ ਜਾਵੇਗਾ।

ਚੋਣਾਂ ਛੇਤੀ ਕਰਾਉਣ ਦੀਆਂ ਕਿਆਸਾਂ ਅਤੇ 'ਇਕ ਰਾਸ਼ਟਰ, ਇਕ ਚੋਣ' ਕਰਾਉਣ ਦੀ ਸੰਭਾਵਨਾ ਦਾ ਪਤਾ ਲਾਉਣ ਲਈ ਸਰਕਾਰ ਵੱਲੋਂ ਕਮੇਟੀ ਦੇ ਗਠਨ ਦਰਮਿਆਨ ਵਿਰੋਧੀ ਧਿਰਾਂ ਦੇ ਆਗੂਆਂ ਨੇ 14 ਮੈਂਬਰੀ ਤਾਲਮੇਲ ਕਮੇਟੀ ਬਣਾਉਣ ਸਮੇਤ ਕਈ ਅਹਿਮ ਫੈਸਲੇ ਲਏ। ਇਹ ਕਮੇਟੀ ਗੱਠਜੋੜ ਦੇ ਫੈਸਲੇ ਲਏਗੀ ਅਤੇ ਸੀਟਾਂ ਦੀ ਵੰਡ ਲਈ ਕੰਮ ਅਰੰਭੇਗੀ। ਇਥੇ ਮੀਟਿੰਗ ਦੌਰਾਨ ਪਾਸ ਕੀਤੇ ਗਏ ਮਤੇ 'ਚ 'ਇੰਡੀਆ' ਨੇ ਕਿਹਾ ਕਿ ਉਨ੍ਹਾਂ ਆਉਂਦੀਆਂ ਲੋਕ ਸਭਾ ਚੋਣਾਂ ਜਿਥੋਂ ਤੱਕ ਸੰਭਵ ਹੋਵੇ, ਰਲ ਕੇ ਲੜਨ ਦਾ ਅਹਿਦ ਲਿਆ ਹੈ। ਸੂਤਰਾਂ ਨੇ ਕਿਹਾ ਕਿ ਸੀਟਾਂ ਦੀ ਵੰਡ ਨੂੰ 30 ਸਤੰਬਰ ਤੱਕ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਮਤੇ 'ਚ ਕਿਹਾ ਗਿਆ ਹੈ ਕਿ ਪਾਰਟੀਆਂ



ਵੱਲੋਂ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਲੋਕਾਂ ਨਾਲ ਸਬੰਧਤ ਮੁੱਦਿਆਂ 'ਤੇ ਰੈਲੀਆਂ ਵੀ ਕੀਤੀਆਂ ਜਾਣਗੀਆਂ। ਵਿਰੋਧੀ ਧਿਰਾਂ ਦੇ ਗੱਠਜੋੜ ਨੇ 'ਜੁੜੇਗਾ ਭਾਰਤ, ਜਿੱਤੇਗਾ ਇੰਡੀਆ' ਥੀਮ 'ਤੇ ਵੱਖ ਵੱਖ ਭਾਸ਼ਾਵਾਂ 'ਚ ਮੀਡੀਆ ਰਣਨੀਤੀਆਂ ਅਤੇ ਪ੍ਰਚਾਰ ਮੁਹਿੰਮਾਂ ਇਕੱਠਿਆਂ ਚਲਾਉਣ ਦਾ ਵੀ ਅਹਿਦ ਲਿਆ ਹੈ। ਵਿਰੋਧੀ ਧਿਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ,''ਇੰਡੀਆ ਦੀ ਤਾਕਤ ਨਾਲ ਸਰਕਾਰ ਘਬਰਾ ਗਈ ਹੈ ਅਤੇ ਗੱਠਜੋੜ ਦੇ ਭਾਈਵਾਲਾਂ ਨੂੰ ਬਦਲਾਖੋਰੀ ਵਾਲੀ ਸਿਆਸਤ ਲਈ ਤਿਆਰ ਰਹਿਣਾ ਚਾਹੀਦਾ ਹੈ ਕਿਉਂਕਿ ਸਾਡੇ ਖਿਲਾਫ ਏਜੰਸੀਆਂ ਦੀ ਦੁਰਵਰਤੋਂ ਹੋਰ ਵੱਧ ਹੋਵੇਗੀ। ਆਉਂਦੇ ਮਹੀਨਿਆਂ 'ਚ ਛਾਪੇ ਅਤੇ ਗ੍ਰਿਫਤਾਰੀਆਂ ਵਧਣਗੀਆਂ। ਸਾਡੇ ਗੱਠਜੋੜ ਦਾ ਜਿੰਨਾ ਆਧਾਰ ਵਧੇਗਾ, ਭਾਜਪਾ ਸਰਕਾਰ ਸਾਡੇ ਆਗੂਆਂ ਖਿਲਾਫ ਓਨੀ ਹੀ ਏਜੰਸੀਆਂ ਦੀ ਦੁਰਵਰਤੋਂ ਕਰੇਗੀ।'' ਖੜਗੇ ਨੇ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਅਤੇ ਆਰ.ਐਸ.ਐੱਸ. ਨੇ ਪਿਛਲੇ ਨੌਂ ਸਾਲਾਂ ਤੋਂ ਫਿਰਕੂ ਜ਼ਹਿਰ ਫੈਲਾਇਆ ਹੈ ਜੋ ਬੇਕਸੂਰ ਰੇਲ ਮੁਸਾਫ਼ਰਾਂ ਅਤੇ ਸਕੂਲੀ ਬੱਚਿਆਂ ਖਿਲਾਫ ਨਫਰਤੀ ਅਪਰਾਧ 'ਚ ਤਬਦੀਲ ਹੋ ਗਿਆ ਹੈ।

ਉਨ੍ਹਾਂ ਦਾ ਇਸ਼ਾਰਾ ਰੇਲਵੇ ਪੁਲਿਸ ਕਾਂਸਟੇਬਲ ਵੱਲੋਂ ਪਿਛਲੇ ਮਹੀਨੇ ਗੱਡੀ 'ਚ ਲੋਕਾਂ 'ਤੇ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਅਤੇ ਮੁਜ਼ੱਫਰਨਗਰ ਦੇ ਸਕੂਲ 'ਚ ਜਮਾਤੀਆਂ ਵੱਲੋਂ ਮੁਸਲਿਮ ਸਹਿਪਾਠੀ ਨੂੰ ਥੱਪੜ ਮਾਰਨ ਦੀਆਂ ਘਟਨਾਵਾਂ ਵੱਲ ਸੀ। ਆਪਣੇ ਸੰਬੋਧਨ 'ਚ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪਟਨਾ ਅਤੇ ਬੰਗਲੂਰੂ 'ਚ ਹੋਈਆਂ ਸਫਲ ਮੀਟਿੰਗਾਂ ਦਾ ਅਸਰ ਇੰਨਾ ਹੋਇਆ ਹੈ ਕਿ ਪ੍ਰਧਾਨ ਮੰਤਰੀ ਨੇ ਨਾ ਸਿਰਫ ਆਪਣੇ ਭਾਸ਼ਨ 'ਚ 'ਇੰਡੀਆ' 'ਤੇ ਹਮਲਾ ਕੀਤਾ ਸਗੋਂ ਮੁਲਕ ਦੇ ਨਾਮ ਦੀ ਤੁਲਨਾ ਦਹਿਸ਼ਤੀ ਜਥੇਬੰਦੀ ਅਤੇ ਗੁਲਾਮੀ ਦੇ ਪ੍ਰਤੀਕ ਨਾਲ ਵੀ ਕੀਤੀ। ਮੀਟਿੰਗ ਤੋਂ ਪਹਿਲਾਂ 'ਇੰਡੀਆ' ਗੱਠਜੋੜ ਦੇ ਆਗੂਆਂ ਨੇ ਸਾਂਝੀ ਤਸਵੀਰ ਖਿਚਵਾਈ। ਆਗੂਆਂ ਨੇ ਮਤਾ ਪਾਸ ਕਰਕੇ ਚੰਦਰਯਾਨ-3 ਮਿਸ਼ਨ ਦੀ ਸਫਲਤਾ ਲਈ ਇਸਰੋ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੁਲਾੜ ਏਜੰਸੀ ਦੀ ਤਾਕਤ ਅਤੇ ਸਮਰੱਥਾ ਬਣਾਉਣ 'ਚ ਛੇ ਦਹਾਕਿਆਂ ਦਾ ਸਮਾਂ ਲੱਗ ਗਿਆ।

## 'ਇੰਡੀਆ' ਦਾ ਵਿਕਾਸ ਬਾਰੇ ਕੋਈ ਨਜ਼ਰੀਆ ਨਹੀਂ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਵੱਲੋਂ ਕੀਤੀ ਗਈ ਮੀਟਿੰਗ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਰਸਮੀ ਅਤੇ ਸਿਆਸੀ ਤੌਰ 'ਤੇ ਲੈਣ-ਦੇਣ ਦੇ ਆਪਣੇ ਸਿਧਾਂਤ ਨੂੰ ਮੰਨ ਲਿਆ ਹੈ। ਭਾਜਪਾ ਦਫਤਰ 'ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਪਾਰਟੀ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਕਥਿਤ ਵਿਰੋਧੀ ਧਿਰ ਦੇ ਗੱਠਜੋੜ ਦੀ ਤੀਜੀ ਮੀਟਿੰਗ 'ਚ ਕਿਸਾਨਾਂ, ਔਰਤਾਂ ਅਤੇ ਬੱਚਿਆਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਕੋਈ ਰਣਨੀਤੀ ਦਿਖਾਈ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਵਿਰੋਧੀ ਗੱਠਜੋੜ 'ਚ ਦੇਸ਼ ਦੇ ਵਿਕਾਸ ਅਤੇ ਗਰੀਬਾਂ ਦੀ ਭਲਾਈ ਦਾ ਕੋਈ ਖਾਕਾ ਨਜ਼ਰ ਨਹੀਂ ਆਇਆ।

# ਮੋਦੀ ਸਰਕਾਰ ਵੱਲੋਂ 'ਇਕ ਦੇਸ਼ ਇਕ ਚੋਣ' ਲਈ ਚਾਰਾਜੋਈ ਸ਼ੁਰੂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਲੋਕ ਸਭਾ, ਵਿਧਾਨ ਸਭਾਵਾਂ, ਨਗਰ ਨਿਗਮਾਂ ਅਤੇ ਪੰਚਾਇਤ ਚੋਣਾਂ ਇਕੱਠਿਆਂ ਕਰਾਉਣ ਦੇ ਮੁੱਦੇ 'ਤੇ ਵਿਚਾਰ ਕਰਨ ਅਤੇ ਛੇਤੀ ਤੋਂ ਛੇਤੀ ਸਿਫਾਰਿਸ਼ਾਂ ਦੇਣ ਲਈ ਅੱਠ ਮੈਂਬਰੀ ਉੱਚ ਪੱਧਰੀ ਕਮੇਟੀ ਨੋਟੀਫਾਈ ਕਰ ਦਿੱਤੀ ਹੈ। ਕਮੇਟੀ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਕਰਨਗੇ ਅਤੇ ਇਸ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ, ਲੋਕ ਸਭਾ 'ਚ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ, ਰਾਜ ਸਭਾ 'ਚ ਵਿਰੋਧੀ ਧਿਰ ਦੇ ਸਾਬਕਾ ਆਗੂ ਗੁਲਾਮ ਨਬੀ ਆਜ਼ਾਦ ਅਤੇ ਵਿੱਤ ਕਮਿਸ਼ਨ ਦੇ ਸਾਬਕਾ ਚੇਅਰਮੈਨ ਐੱਨ.ਕੇ. ਸਿੰਘ ਮੈਂਬਰ ਹੋਣਗੇ।

ਕਮੇਟੀ ਫੌਰੀ ਹੀ ਕੰਮ ਸ਼ੁਰੂ ਕਰ ਦੇਵੇਗੀ ਅਤੇ ਛੇਤੀ ਤੋਂ ਛੇਤੀ ਸਿਫਾਰਸ਼ਾਂ ਦੇਵੇਗੀ। ਇਸ 'ਚ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ ਸੁਭਾਸ਼ ਸੀ ਕਸ਼ਯਪ, ਸੀਨੀਅਰ ਵਕੀਲ ਹਰੀਸ਼ ਸਾਲਵੇ ਅਤੇ ਸਾਬਕਾ ਚੀਫ ਵਿਜੀਲੈਂਸ ਕਮਿਸ਼ਨਰ ਸੰਜੈ ਕੋਠਾਰੀ ਮੈਂਬਰ ਹੋਣਗੇ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵਿਸ਼ੇਸ਼ ਤੌਰ 'ਤੇ ਸੱਦੇ ਗਏ ਮੈਂਬਰ ਵਜੋਂ ਕਮੇਟੀ ਦੀਆਂ ਮੀਟਿੰਗਾਂ 'ਚ ਹਿੱਸਾ ਲੈਣਗੇ ਜਦਕਿ ਕਾਨੂੰਨੀ ਮਾਮਲਿਆਂ ਦੇ ਸਕੱਤਰ ਨਿਤੇਨ ਚੰਦਰਾ ਕਮੇਟੀ ਦੇ ਸਕੱਤਰ ਹੋਣਗੇ। ਕਮੇਟੀ ਸੰਵਿਧਾਨ, ਜਨ ਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਨ੍ਹਾਂ ਲੋੜੀਂਦੀਆਂ ਸੋਧਾਂ ਦੀ ਸਿਫਾਰਸ਼ ਕਰੇਗੀ ਜਿਸ ਦੀ ਇਕੱਠਿਆਂ ਚੋਣਾਂ ਕਰਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫਾਰਿਸ਼ ਕਰੇਗੀ ਕਿ ਕੀ



ਸੰਵਿਧਾਨ 'ਚ ਸੋਧ ਲਈ ਸੂਬਿਆਂ ਵੱਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲਬਦਲੀ ਜਿਹੇ ਮੁੱਦਿਆਂ ਦਾ ਅਧਿਐਨ ਕਰਕੇ ਸੰਭਾਵਿਤ ਹੱਲ ਦੀ ਸਿਫਾਰਿਸ਼ ਵੀ ਕਰੇਗੀ।

ਉਧਰ, ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਇਸ ਪੈਨਲ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਲਿਖਿਆ, 'ਮੈਨੂੰ ਉਸ ਕਮੇਟੀ 'ਚ ਕੰਮ ਕਰਨ ਤੋਂ ਇਨਕਾਰ ਕਰਨ ਵਿਚ ਕੋਈ ਝਿਜਕ ਨਹੀਂ ਹੈ ਜਿਸ ਦੇ ਸੰਦਰਭ ਦੀਆਂ ਸ਼ਰਤਾਂ ਉਸ ਦੇ ਨਤੀਜਿਆਂ ਦੀ ਗਾਰੰਟੀ ਦੇਣ ਲਈ ਤਿਆਰ ਕੀਤੀਆਂ ਗਈਆਂ ਹਨ। ਇਹ ਅੱਖਾਂ 'ਚ ਘੱਟਾ ਪਾਉਣ ਵਾਲੀ ਕਮੇਟੀ ਹੈ।' ਉਨ੍ਹਾਂ ਕਿਹਾ ਕਿ ਇਹ ਸੰਸਦੀ ਲੋਕਤੰਤਰ ਪ੍ਰਣਾਲੀ ਦਾ ਅਪਮਾਨ ਹੈ। ਇਸੇ ਦੌਰਾਨ ਕਾਂਗਰਸ ਨੇ ਕਿਹਾ ਕਿ ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੂੰ ਜਾਣ-ਬੁੱਝ ਕੇ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਚੇਤੇ ਰਹੇ ਕਿ 1967 ਤੱਕ ਦੇਸ਼ ਵਿਚ ਲੋਕ ਸਭਾ ਚੋਣਾਂ ਦੇ ਨਾਲ ਹੀ ਸੂਬਾਈ ਅਸੈਂਬਲੀ ਚੋਣਾਂ ਹੁੰਦੀਆਂ ਸਨ। ਸੂਤਰਾਂ ਨੇ ਕਿਹਾ ਕਿ ਕੋਵਿੰਦ ਇਸ ਗੱਲ ਦੀ ਪੜਚੋਲ ਕਰਨਗੇ ਇਕੋ ਵੇਲੇ ਲੋਕ ਸਭਾ ਤੇ ਅਸੈਂਬਲੀ ਚੋਣਾਂ ਕਰਵਾਉਣ ਦੇ ਉਸ ਅਮਲ ਵੱਲ ਦੇਸ਼ ਨੂੰ ਕਿਵੇਂ ਵਾਪਸ ਲਿਜਾਇਆ ਜਾ ਸਕਦਾ ਹੈ। ਸਾਲ 2014 ਵਿਚ ਕੇਂਦਰ ਦੀ ਸੱਤਾ 'ਤੇ ਕਾਬਜ਼ ਹੋਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿੱਤੀ ਬੋਝ ਦੇ ਹਵਾਲੇ ਨਾਲ ਲਗਾਤਾਰ 'ਇਕ ਦੇਸ਼ ਇਕ ਚੋਣ' ਦੀ ਵਕਾਲਤ ਕਰਦੇ ਰਹੇ ਹਨ। ਇਨ੍ਹਾਂ ਵਿਚ ਸਥਾਨਕ ਚੋਣਾਂ ਵੀ ਸ਼ਾਮਲ ਹਨ। ਕੋਵਿੰਦ ਨੇ ਵੀ 2017 ਵਿਚ ਰਾਸ਼ਟਰਪਤੀ ਬਣਨ ਮਗਰੋਂ ਇਸ ਵਿਚਾਰ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ। ਸਾਲ 2018 ਵਿਚ ਸੰਸਦ ਨੂੰ ਸੰਬੋਧਨ ਕਰਦਿਆਂ ਕੋਵਿੰਦ ਨੇ ਕਿਹਾ ਸੀ, ''ਵਾਰ ਵਾਰ ਆਉਂਦੀਆਂ ਚੋਣਾਂ ਨਾਲ ਮਾਨਵੀ ਸਰੋਤਾਂ 'ਤੇ ਨਾ ਸਿਰਫ ਵੱਡਾ ਬੋਝ ਬਲਕਿ ਆਦਰਸ਼ ਚੋਣ ਜ਼ਾਬਤਾ ਲੱਗਣ ਨਾਲ ਵਿਕਾਸ ਕਾਰਜਾਂ ਵਿਚ ਵੀ ਅੜਿੱਕਾ ਪੈਂਦਾ ਹੈ।'' ਪੰਜ ਰਾਜਾਂ- ਮਿਜ਼ੋਰਮ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਤੇ ਰਾਜਸਥਾਨ ਵਿਚ ਅਸੈਂਬਲੀ ਚੋਣਾਂ ਨਵੰਬਰ-ਦਸੰਬਰ ਵਿਚ ਹੋਣੀਆਂ ਹਨ ਤੇ ਇਸ ਮਗਰੋਂ ਅਗਲੇ ਸਾਲ ਮਈ-ਜੂਨ ਲਈ ਲੋਕ ਸਭਾ ਚੋਣਾਂ ਤਜਵੀਜ਼ਤ ਹਨ। ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਤੇ ਅਰੁਣਾਚਲ ਪ੍ਰਦੇਸ਼ ਅਸੈਂਬਲੀਆਂ ਦੀਆਂ ਚੋਣਾਂ ਲੋਕਾਂ ਸਭਾ ਚੋਣਾਂ ਦੇ ਨਾਲ ਹੀ ਹੋਣੀਆਂ ਹਨ।

## ਸੰਘੀ ਢਾਂਚੇ ਲਈ ਵੱਡਾ ਖਤਰਾ: ਵਿਰੋਧੀ ਧਿਰਾਂ

**ਨਵੀਂ ਦਿੱਲੀ:** ਵਿਰੋਧੀ ਧਿਰਾਂ ਨੇ 'ਇਕ ਦੇਸ਼ ਇਕ ਚੋਣ' ਦੀ ਸੰਭਾਵਨਾ ਲੱਭਣ ਲਈ ਸਾਬਕਾ ਰਾਸ਼ਟਰਪਤੀ ਦੀ ਅਗਵਾਈ ਹੇਠ ਕਮੇਟੀ ਕਾਇਮ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਵਿਰੋਧੀ ਪਾਰਟੀਆਂ ਨੇ ਕਿਹਾ ਕਿ ਸਰਕਾਰ ਦੀ ਇਹ ਪੇਸ਼ਕਦਮੀ ਦੇਸ਼ ਦੇ ਸੰਘੀ ਢਾਂਚੇ ਲਈ ਵੱਡਾ ਖਤਰਾ ਹੋਵੇਗੀ। ਵਿਰੋਧੀ ਧਿਰਾਂ ਨੇ ਕਿਹਾ ਕਿ 'ਇੰਡੀਆ' ਗੱਠਜੋੜ ਦੀ ਮੁੰਬਈ ਵਿਚ ਬੈਠਕ ਤੋਂ ਸੱਤਾਧਾਰੀ ਭਾਜਪਾ ਬੁਖਲਾ ਗਈ ਹੈ ਤੇ ਇਸੇ ਬੁਖਲਾਹਟ ਵਿਚ ਅਸੈਂਬਲੀ ਤੇ ਕੌਮੀ ਚੋਣਾਂ ਇਕੋ ਵੇਲੇ ਕਰਵਾਉਣ ਦੀ ਸੰਭਾਵਨਾ ਤਲਾਸ਼ਣ ਲਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ 'ਚ ਕਮੇਟੀ ਕਾਇਮ ਕੀਤੀ ਗਈ ਹੈ।

## ਅਕਾਲੀ ਦਲ ਵੱਲੋਂ ਤਜਵੀਜ਼ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਦੀ 'ਇਕ ਦੇਸ਼ ਇਕ ਚੋਣ' ਦੀ ਤਜਵੀਜ਼ ਦਾ ਸਵਾਗਤ ਕੀਤਾ ਹੈ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਸੰਸਦ ਤੇ ਰਾਜਾਂ ਦੀਆਂ ਚੋਣਾਂ ਇਕੱਠਿਆਂ ਕਰਵਾਉਣ ਦਾ ਹਮਾਇਤੀ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਇਸ ਮਾਮਲੇ 'ਤੇ ਪਹਿਲਾਂ 2018 ਤੇ ਫਿਰ 2023 ਵਿਚ ਕਾਨੂੰਨ ਕਮਿਸ਼ਨ ਨੇ ਸੁਝਾਅ ਮੰਗੇ ਸਨ ਤਾਂ ਪਾਰਟੀ ਨੇ ਇਸ ਦੇ ਹੱਕ ਵਿਚ ਸੁਝਾਅ ਦਿੱਤੇ ਸਨ। ਉਨ੍ਹਾਂ ਕਿਹਾ ਕਿ ਜੇਕਰ ਇਹ ਤਜਵੀਜ਼ ਲਾਗੂ ਹੋ ਗਈ ਤਾਂ ਇਸ ਨਾਲ ਸਥਿਰਤਾ ਆਵੇਗੀ ਤੇ ਵਿਕਾਸ ਪੱਖੀ ਕਦਮ ਚੁੱਕੇ ਜਾ ਸਕਣਗੇ। ਇਹ ਮੰਨਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤੀ ਜਨਤਾ ਪਾਰਟੀ ਨੂੰ ਖੁਸ਼ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਆਦਿੱਤਿਆ-ਐੱਲ1: ਚੰਦ ਮਗਰੋਂ ਭਾਰਤ ਦੀ ਹੁਣ ਸੂਰਜ ਵੱਲ ਪੁਲਾਂਘ

**ਸ੍ਰੀਹਰੀਕੋਟਾ:** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਕੁਝ ਦਿਨ ਪਹਿਲਾਂ ਚੰਦ 'ਤੇ ਸਫਲ ਲੈਂਡਿੰਗ ਮਗਰੋਂ ਹੁਣ ਮੁੜ ਇਤਿਹਾਸ ਸਿਰਜਣ ਦੇ ਉਦੇਸ਼ ਨਾਲ ਦੇਸ਼ ਦੇ ਪਹਿਲੇ ਸੂਰਜੀ ਮਿਸ਼ਨ ਆਦਿੱਤਿਆ-ਐੱਲ1 ਨੂੰ ਇਥੋਂ ਦੇ ਪੁਲਾੜ ਕੇਂਦਰ ਤੋਂ ਸਫਲਤਾਪੂਰਵਕ ਦਾਗਿਆ। ਇਸਰੋ ਨੇ ਦੱਸਿਆ ਕਿ ਆਦਿੱਤਿਆ-ਐੱਲ1 ਪੀ.ਐਸ.ਐਲ.ਵੀ. ਰਾਕੇਟ ਤੋਂ ਸਫਲਤਾਪੂਰਵਕ ਵੱਖ ਹੋ ਗਿਆ ਹੈ। ਭਾਰਤ ਦਾ ਇਹ ਮਿਸ਼ਨ ਸੂਰਜ ਨਾਲ ਸਬੰਧਤ ਭੇਤਾਂ ਤੋਂ ਪਰਦਾ ਹਟਾਉਣ 'ਚ ਸਹਾਇਤਾ ਕਰੇਗਾ। ਇਸਰੋ ਮੁਖੀ ਐੱਸ ਸੋਮਨਾਥ ਨੇ ਕਿਹਾ ਕਿ ਪੁਲਾੜ ਵਾਹਨ ਸਟੀਕ ਪੰਧ 'ਤੇ ਪੈ ਗਿਆ ਹੈ। ਉਨ੍ਹਾਂ ਨਾਲ ਪ੍ਰੋਜੈਕਟ ਡਾਇਰੈਕਟਰ ਨਿਗਾਰ ਸ਼ਾਜੀ ਅਤੇ ਮਿਸ਼ਨ ਡਾਇਰੈਕਟਰ ਬੀਜੂ ਵੀ ਮੌਜੂਦ ਸਨ। ਸ਼ਾਜੀ ਨੇ ਕਿਹਾ ਕਿ ਆਦਿੱਤਿਆ-ਐੱਲ1 ਨੇ ਸੂਰਜ ਵੱਲ 125 ਦਿਨਾਂ ਦਾ ਲੰਬਾ ਸਫਰ ਆਰੰਭ ਕਰ ਦਿੱਤਾ ਹੈ।

ਇਸਰੋ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਿਵੇਂ ਹੀ 23.40 ਘੰਟੇ ਦੀ ਪੁੱਠੀ ਗਿਣਤੀ ਖਤਮ



ਹੋਈ ਤਾਂ 44.4 ਮੀਟਰ ਲੰਬਾ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀ.ਐਸ.ਐਲ.ਵੀ.) ਚੇਨੱਈ ਤੋਂ ਕਰੀਬ 135 ਕਿਲੋਮੀਟਰ ਦੂਰ ਸ੍ਰੀਹਰੀਕੋਟਾ ਸਥਿਤ ਪੁਲਾੜ ਕੇਂਦਰ ਤੋਂ ਸਵੇਰੇ 11.50 ਵਜੇ ਨਿਰਧਾਰਿਤ ਸਮੇਂ 'ਤੇ ਸ਼ਾਨਦਾਰ ਢੰਗ ਨਾਲ ਆਸਮਾਨ ਵੱਲ ਰਵਾਨਾ ਹੋਇਆ। ਇਸਰੋ ਮੁਤਾਬਕ ਆਦਿੱਤਿਆ-ਐੱਲ1 ਸੂਰਜ ਦਾ ਅਧਿਐਨ ਕਰਨ ਵਾਲੀ ਪਹਿਲੀ ਪੁਲਾੜ ਆਧਾਰਿਤ ਅਬਜ਼ਰਵੇਟਰੀ ਹੈ। ਇਹ ਪੀ.ਐਸ.ਐਲ.ਵੀ. ਦੀ ਕਰੀਬ 63 ਮਿੰਟਾਂ ਦੀ ਸਭ ਤੋਂ ਲੰਬੀ ਉਡਾਣ ਹੈ। ਇਹ ਸਪੇਸਕ੍ਰਾਫਟ 125 ਦਿਨ 'ਚ ਪ੍ਰਿਥਵੀ ਤੋਂ ਕਰੀਬ 15 ਲੱਖ ਕਿਲੋਮੀਟਰ ਲੰਬੀ ਯਾਤਰਾ ਕਰਨ ਮਗਰੋਂ ਲੈਗਰੇਂਜੀਅਨ ਪੁਆਇੰਟ ਐੱਲ1 ਦੇ ਆਲੇ-ਦੁਆਲੇ ਇਕ ਹਾਲੋ ਪੰਧ 'ਤੇ ਸਥਾਪਿਤ ਹੋਵੇਗਾ ਜਿਸ ਨੂੰ ਸੂਰਜ ਦੇ ਸਭ ਤੋਂ ਕਰੀਬ ਮੰਨਿਆ ਜਾਂਦਾ ਹੈ। ਇਹ ਉਥੋਂ ਹੀ ਸੂਰਜ 'ਤੇ ਹੋਣ ਵਾਲੀਆਂ ਵੱਖ ਵੱਖ ਘਟਨਾਵਾਂ ਦਾ ਅਧਿਐਨ ਕਰੇਗਾ ਅਤੇ ਵਿਗਿਆਨਕ ਤਜਰਬਿਆਂ ਲਈ ਸੂਰਜ ਦੀਆਂ ਤਸਵੀਰਾਂ ਵੀ ਭੇਜੇਗਾ। ਵਿਗਿਆਨੀਆਂ ਮੁਤਾਬਕ ਪ੍ਰਿਥਵੀ ਅਤੇ ਸੂਰਜ ਵਿਚਕਾਰ ਪੰਜ ਲੈਗਰੇਂਜੀਅਨ ਪੁਆਇੰਟ (ਪਾਰਕਿੰਗ ਖੇਤਰ) ਹਨ ਜਿਥੇ ਪੁੱਜਣ 'ਤੇ ਕੋਈ ਵਸਤੂ ਉਥੇ ਹੀ ਰੁਕ ਜਾਂਦੀ ਹੈ। ਇਥੇ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਰਵਾਨਾ ਹੋਏ ਪੁਲਾੜ ਵਾਹਨ ਨੂੰ ਵਿਗਿਆਨੀ ਸ਼ੁਰੂ 'ਚ ਪ੍ਰਿਥਵੀ ਦੇ ਹੇਠਲੇ ਪੰਧ 'ਚ ਰੱਖਣਗੇ। ਇਸਰੋ ਨੇ ਕਿਹਾ ਕਿ ਆਦਿੱਤਿਆ-ਐੱਲ1 ਨੂੰ ਦਾਗਣ ਤੋਂ ਲੈ ਕੇ ਐੱਲ1 ਪੁਆਇੰਟ ਤੱਕ ਪੁੱਜਣ 'ਚ ਕਰੀਬ ਚਾਰ ਮਹੀਨੇ ਲੱਗਣਗੇ। ਸੂਰਜ ਦਾ ਅਧਿਐਨ ਕਰਨ ਦਾ ਕਾਰਨ ਦੱਸਦਿਆਂ ਇਸਰੋ ਨੇ ਕਿਹਾ ਕਿ ਇਹ ਵੱਖ ਵੱਖ ਊਰਜਾ ਕਣਾਂ ਅਤੇ ਚੁੰਬਕੀ ਖੇਤਰਾਂ ਦੇ ਨਾਲ ਨਾਲ ਤਕਰੀਬਨ ਸਾਰੀਆਂ ਵੇਵਲੈਂਥ 'ਚ ਰੇਡੀਏਸ਼ਨ ਦੀ ਨਿਕਾਸੀ ਕਰਦਾ ਹੈ। ਪ੍ਰਿਥਵੀ ਦਾ ਵਾਤਾਵਰਨ ਅਤੇ ਉਸ ਦਾ ਚੁੰਬਕੀ ਖੇਤਰ ਇਕ ਸੁਰੱਖਿਆ ਢਾਲ ਵਜੋਂ ਕੰਮ ਕਰਦਾ ਹੈ ਅਤੇ ਹਾਨੀਕਾਰਕ ਵੇਵਲੈਂਥ ਰੇਡੀਏਸ਼ਨ ਨੂੰ ਰੋਕਦਾ ਹੈ। ਅਜਿਹੇ ਰੇਡੀਏਸ਼ਨ ਦਾ ਪਤਾ ਲਾਉਣ ਲਈ ਪੁਲਾੜ ਤੋਂ ਸੂਰਜ ਦਾ ਅਧਿਐਨ ਕੀਤਾ ਜਾਂਦਾ ਹੈ। ਮਿਸ਼ਨ ਦੇ ਪ੍ਰਮੁੱਖ ਉਦੇਸ਼ਾਂ 'ਚ ਸੂਰਜ ਦੀ ਗਰਮੀ ਅਤੇ ਸੌਰ ਹਵਾ, ਸੂਰਜ 'ਤੇ ਆਉਣ ਵਾਲੇ ਭੂਚਾਲ ਜਾਂ ਕੋਰੋਨਲ ਮਾਸ ਇਜੈਕਸ਼ਨ, ਪ੍ਰਿਥਵੀ ਨੇੜੇ ਪੁਲਾੜ ਮੌਸਮ ਆਦਿ ਦਾ ਅਧਿਐਨ ਕਰਨਾ ਸ਼ਾਮਲ ਹੈ। ਅਧਿਐਨ ਲਈ ਆਦਿੱਤਿਆ-ਐੱਲ1 ਮਿਸ਼ਨ ਆਪਣੇ ਨਾਲ ਸੱਤ ਸਾਇੰਟਿਫਿਕ ਪੇਅਲੋਡ ਲੈ ਕੇ ਗਿਆ ਹੈ।

## ਸੂਰਜ ਮਿਸ਼ਨ ਦੀ ਲਾਂਚਿੰਗ ਲਈ ਇਸਰੋ ਨੂੰ ਵਧਾਈ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਪਹਿਲੇ ਸੂਰਜੀ ਮਿਸ਼ਨ ਨੂੰ ਸਫਲਤਾਪੂਰਵਕ ਦਾਗੇ ਜਾਣ ਲਈ ਇਸਰੋ ਅਤੇ ਉਸ ਦੇ ਵਿਗਿਆਨੀਆਂ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨੇ 'ਐਕਸ' 'ਤੇ ਲਿਖਿਆ,''ਸੰਪੂਰਨ ਮਾਨਵਤਾ ਦੀ ਭਲਾਈ ਲਈ ਪੁਲਾੜ ਦੀ ਬਿਹਤਰ ਸਮਝ ਵਿਕਸਤ ਕਰਨ ਵਾਸਤੇ ਸਾਡੀਆਂ ਅਣਥੱਕ ਵਿਗਿਆਨਕ ਕੋਸ਼ਿਸ਼ਾਂ ਜਾਰੀ ਰਹਿਣਗੀਆਂ।'' ਉਧਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਆਦਿੱਤਿਆ-ਐੱਲ1 ਦੀ ਸਫਲ ਲਾਂਚਿੰਗ 'ਤੇ ਦੇਸ਼ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਭਾਰਤੀ ਵਿਗਿਆਨੀਆਂ ਨੇ ਹਰ ਵਾਰ ਆਪਣੀ ਤਾਕਤ ਅਤੇ ਅਕਲਮੰਦੀ ਦਾ ਲੋਹਾ ਮਨਵਾਇਆ ਹੈ।

# ਬਾਸਮਤੀ ਬਰਾਮਦ: ਪੰਜਾਬ ਦੀ ਕਿਸਾਨੀ ਨੂੰ ਲੈ ਬੈਠੇਗਾ ਕੇਂਦਰ ਦਾ ਫੈਸਲਾ

**ਚੰਡੀਗੜ੍ਹ:** ਭਾਰਤ ਸਰਕਾਰ ਵੱਲੋਂ ਬਾਸਮਤੀ ਦੀ ਬਰਾਮਦ ਉਤੇ ਲਾਈਆਂ ਪਾਬੰਦੀਆਂ ਪਿੱਛੋਂ ਭਾਅ ਡਿੱਗਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਸਰਕਾਰ ਦਾ ਇਹ ਫੈਸਲਾ ਫਸਲੀ ਵਿਭਿੰਨਤਾ ਦੇ ਏਜੰਡਾ ਨੂੰ ਵੀ ਢਾਹ ਲਾ ਸਕਦਾ ਹੈ। ਇਸ ਫੈਸਲੇ ਨਾਲ ਸਭ ਤੋਂ ਵੱਡਾ ਝਟਕਾ ਪੰਜਾਬ ਦੇ ਕਿਸਾਨਾਂ ਨੂੰ ਲੱਗਾ ਹੈ।



ਇਨ੍ਹਾਂ ਪਾਬੰਦੀਆਂ ਨਾਲ ਪੰਜਾਬ ਦੇ ਬਾਸਮਤੀ ਬਰਾਮਦਕਾਰਾਂ ਅਤੇ ਉਤਪਾਦਕਾਂ ਨੂੰ ਵੀ ਵੱਡੀ ਸੱਟ ਵੱਜੇਗੀ। ਕੇਂਦਰੀ ਵਣਜ ਮੰਤਰਾਲੇ ਨੇ ਬਾਸਮਤੀ ਚੌਲਾਂ ਦਾ ਬਰਾਮਦ ਮੁੱਲ 1200 ਡਾਲਰ ਪ੍ਰਤੀ ਟਨ ਤੈਅ ਕਰ ਦਿੱਤਾ ਹੈ, ਜਦੋਂ ਕਿ ਪੰਜਾਬ 'ਚੋਂ ਬਰਾਮਦ ਕੀਤੀ ਜਾਣ ਵਾਲੀ ਬਾਸਮਤੀ ਦਾ ਜ਼ਿਆਦਾਤਰ ਮੁੱਲ ਕਰੀਬ 900 ਤੋਂ 950 ਡਾਲਰ ਪ੍ਰਤੀ ਟਨ ਹੈ। ਇਸ ਨਾਲ ਬਾਸਮਤੀ ਦੀਆਂ ਘਰੇਲੂ ਬਾਜ਼ਾਰ 'ਚ ਕੀਮਤਾਂ ਡਿੱਗ ਸਕਦੀਆਂ ਹਨ। ਇਸ ਨਾਲ ਪੰਜਾਬ ਸਰਕਾਰ ਦਾ ਫਸਲੀ ਵਿਭਿੰਨਤਾ ਦਾ ਏਜੰਡਾ ਵੀ ਪ੍ਰਭਾਵਿਤ ਹੋਵੇਗਾ ਕਿਉਂਕਿ ਪਿਛਲੇ ਵਰ੍ਹਿਆਂ ਵਿਚ ਬਾਸਮਤੀ ਦੇ ਭਾਅ ਉਚੇ ਰਹੇ ਹਨ ਜਿਸ ਕਰਕੇ ਪੰਜਾਬ ਵਿਚ ਬਾਸਮਤੀ ਹੇਠ ਰਕਬਾ ਵੀ ਵਧਿਆ ਹੈ। ਨਵੇਂ ਕੇਂਦਰੀ ਹੁਕਮਾਂ ਨਾਲ ਪੰਜਾਬ 'ਚੋਂ ਬਾਸਮਤੀ ਦੀ ਬਰਾਮਦ ਠੱਪ ਹੋ ਜਾਵੇਗੀ। ਲੰਘੇ ਵਰ੍ਹੇ ਦੇਸ਼ 'ਚੋਂ 45.6 ਲੱਖ ਟਨ ਬਾਸਮਤੀ ਬਰਾਮਦ ਹੋਈ ਹੈ, ਜਿਸ ਵਿਚ ਕਰੀਬ 33 ਫ਼ੀਸਦੀ ਹਿੱਸੇਦਾਰੀ ਪੰਜਾਬ ਦੀ ਹੈ। ਕੀਮਤਾਂ ਦੇ ਲਿਹਾਜ਼ ਨਾਲ ਦੇਸ਼ 'ਚੋਂ 4.8 ਬਿਲੀਅਨ ਡਾਲਰ ਦੇ ਬਾਸਮਤੀ ਚੌਲ ਬਰਾਮਦ ਹੋਏ। ਦੇਸ਼ 'ਚੋਂ ਗੈਰ-ਬਾਸਮਤੀ ਦੀ ਬਰਾਮਦ 6.36 ਬਿਲੀਅਨ ਡਾਲਰ ਦੀ ਰਹੀ ਹੈ। 'ਆਪ' ਸਰਕਾਰ ਨੇ ਗੈਰ-ਬਾਸਮਤੀ ਦਾ ਰਕਬਾ ਘਟਾਉਣ ਲਈ ਉਪਰਾਲੇ ਸ਼ੁਰੂ ਕੀਤੇ ਸਨ ਜਿਸ ਕਰਕੇ ਸੂਬੇ ਵਿਚ ਬਾਸਮਤੀ ਹੇਠ ਰਕਬਾ ਵੱਧ ਕੇ 6 ਲੱਖ ਹੈਕਟੇਅਰ ਹੋ ਗਿਆ ਹੈ ਜਦੋਂ ਕਿ ਪਿਛਲੇ ਵਰ੍ਹੇ ਇਹ ਰਕਬਾ 4.94 ਲੱਖ ਹੈਕਟੇਅਰ ਸੀ। ਹੜ੍ਹਾਂ ਕਰਕੇ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ।

ਪੰਜਾਬ ਸਰਕਾਰ ਨੂੰ ਬਾਸਮਤੀ ਦੀ ਬੰਪਰ ਫਸਲ ਹੋਣ ਦੀ ਉਮੀਦ ਹੈ। ਕੇਂਦਰ ਸਰਕਾਰ ਦਾ ਇਹ ਫੈਸਲਾ ਕਿਸਾਨਾਂ, ਬਾਸਮਤੀ ਰਾਈਸ ਮਿੱਲਰਾਂ ਅਤੇ ਬਰਾਮਦਕਾਰਾਂ 'ਤੇ ਭਾਰੀ ਪਵੇਗਾ। 1509 ਕਿਸਮ ਦੀ ਬਾਸਮਤੀ ਦੀ ਮਾਝੇ ਦੀਆਂ ਮੰਡੀਆਂ ਵਿਚ 15 ਸਤੰਬਰ ਤੋਂ ਆਮਦ ਹੋ ਜਾਂਦੀ ਹੈ। ਮਾਹਿਰ ਆਖਦੇ ਹਨ ਕਿ ਭਾਰਤ ਸਰਕਾਰ ਨੇ ਬੰਦਿਸ਼ਾਂ ਨੂੰ ਨਰਮ ਨਾ ਕੀਤਾ ਤਾਂ ਮਾਝੇ ਦੇ ਕਿਸਾਨਾਂ ਨੂੰ ਸਭ ਤੋਂ ਪਹਿਲਾਂ ਮਾਰ ਝੱਲਣੀ ਪਵੇਗੀ ਕਿਉਂਕਿ ਕਿਸਾਨਾਂ ਨੂੰ ਬਾਸਮਤੀ ਦਾ ਜੋ ਮੁੱਲ ਪਿਛਲੇ ਵਰ੍ਹੇ 3700 ਤੋਂ 4000 ਰੁਪਏ ਪ੍ਰਤੀ ਕੁਇੰਟਲ ਦਾ ਮਿਲਿਆ ਹੈ, ਉਹ ਤਿੰਨ ਹਜ਼ਾਰ ਦੇ ਆਸ-ਪਾਸ ਹੀ ਰਹਿ ਜਾਵੇਗਾ। ਬਾਸਮਤੀ ਦਾ ਕਰੀਬ 30 ਫੀਸਦੀ ਰਕਬਾ 1509 ਕਿਸਮ ਅਧੀਨ ਹੈ। 'ਦਿ ਰਾਈਸ ਮਿੱਲਰਜ਼ ਐਂਡ ਐਕਸਪੋਰਟਰਜ਼ ਐਸੋਸੀਏਸ਼ਨ ਪੰਜਾਬ ਦੇ ਮੀਤ ਪ੍ਰਧਾਨ ਰਣਜੀਤ ਸਿੰਘ ਜੋਸਨ ਨੇ ਕਿਹਾ ਕਿ ਕੇਂਦਰ ਦੇ ਫੈਸਲੇ ਨਾਲ ਸੂਬੇ ਦੀ ਸਮੁੱਚੀ ਆਰਥਿਕਤਾ ਵੀ ਡੰਬੀ ਜਾਵੇਗੀ। ਗੁਆਂਢੀ ਮੁਲਕ ਪਾਕਿਸਤਾਨ ਨੂੰ ਇਨ੍ਹਾਂ ਕੇਂਦਰੀ ਬੰਦਿਸ਼ਾਂ ਕਰ ਕੇ ਫਾਇਦਾ ਹੋਵੇਗਾ ਜੋ ਇਸ ਪ੍ਰੀਮੀਅਮ ਚੌਲਾਂ ਦਾ ਵੱਡਾ ਬਰਾਮਦਕਾਰ ਵੀ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਅਤੇ ਬਰਾਮਦਕਾਰਾਂ ਦੀ ਭਲਾਈ ਵਾਸਤੇ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਵਣਜ ਮੰਤਰਾਲੇ ਦੇ ਤਾਜ਼ਾ ਫੈਸਲੇ ਨੂੰ ਲੈ ਕੇ ਪੜਤਾਲ ਕੀਤੀ ਜਾ ਰਹੀ ਹੈ। ਸੂਬੇ ਦੀ ਆਰਥਿਕਤਾ ਉਤੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹੇ ਕੇਂਦਰੀ ਫੈਸਲਿਆਂ ਨੂੰ ਲੈ ਕੇ ਸਾਰੇ ਹਿੱਸੇਦਾਰਾਂ ਦੀ ਭਲਾਈ ਲਈ ਕਦਮ ਚੁੱਕੇਗੀ।

## ਬਰਾਮਦਗੀ 'ਤੇ ਪਾਬੰਦੀ ਕਿਸਾਨ ਵਿਰੋਧੀ ਫੈਸਲਾ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬਾਸਮਤੀ ਚੌਲਾਂ ਦੀ ਬਰਾਮਦਗੀ 'ਤੇ ਪਾਬੰਦੀ ਲਗਾਉਣ ਸਬੰਧੀ ਕੇਂਦਰ ਸਰਕਾਰ ਦੇ ਫੈਸਲੇ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੇ ਫੈਸਲੇ 'ਤੇ ਮੁੜ ਵਿਚਾਰ ਕੀਤਾ ਜਾਵੇ। ਬਾਜਵਾ ਨੇ ਕਿਹਾ ਕਿ ਪੰਜਾਬ ਕਾਂਗਰਸ ਸੂਬੇ ਦੇ ਕਿਸਾਨਾਂ ਅਤੇ ਬਰਾਮਦਕਾਰਾਂ ਨਾਲ ਡਟ ਕੇ ਖੜ੍ਹੀ ਹੈ। ਜੇਕਰ ਲੋੜ ਪਈ ਤਾਂ ਉਹ ਕੇਂਦਰ ਸਰਕਾਰ 'ਤੇ ਕਿਸਾਨ ਵਿਰੋਧੀ ਫੈਸਲੇ ਨੂੰ ਬਦਲਣ ਲਈ ਦਬਾਅ ਪਾਉਣ ਲਈ ਵਿਰੋਧ ਪ੍ਰਦਰਸ਼ਨ ਸ਼ੁਰੂ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ ਫੈਸਲੇ ਤੋਂ ਹੁਣ ਇਹ ਸਾਬਤ ਹੋ ਗਿਆ ਹੈ ਕਿ ਭਾਜਪਾ ਨਾ ਸਿਰਫ ਕਿਸਾਨ ਵਿਰੋਧੀ ਪਾਰਟੀ ਹੈ ਬਲਕਿ ਕਾਰੋਬਾਰ ਵਿਰੋਧੀ ਵੀ ਹੈ।

## ਰੋਕਾਂ ਕਿਸਾਨੀ ਤੇ ਵਪਾਰ ਲਈ ਤਬਾਹਕੁਨ: ਆੜ੍ਹਤੀ ਐਸੋਸੀਏਸ਼ਨ

**ਪਟਿਆਲਾ:** ਆੜ੍ਹਤੀ ਐਸੋਸੀਏਸ਼ਨ ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਬਾਸਮਤੀ ਦੀ ਬਰਾਮਦ ਨੂੰ ਕੰਟਰੋਲ ਕਰਨ ਲਈ ਬਣਾਈ ਜਾ ਰਹੀ ਨੀਤੀ ਨੂੰ ਕਿਸਾਨੀ ਅਤੇ ਵਪਾਰ ਨੂੰ ਤਬਾਹ ਕਰਨ ਵਾਲੀ ਦੱਸਿਆ ਹੈ। ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਰਾਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਬਾਸਮਤੀ 'ਤੇ ਰੋਕਾਂ ਕਿਸਾਨੀ ਅਤੇ ਵਪਾਰ ਨੂੰ ਤਬਾਹ ਕਰਨਗੀਆਂ ਜਿਸ ਕਰ ਕੇ ਕਿਸਾਨ ਅਤੇ ਵਪਾਰੀ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਇਕ ਪਾਸੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਘੱਟ ਸਮਾਂ ਲੈਣ ਵਾਲੇ ਬਾਸਮਤੀ ਝੋਨੇ ਨੂੰ ਉਤਸ਼ਾਹਤ ਕਰਨਾ ਚਾਹੁੰਦੀਆਂ ਹਨ, ਦੂਜੇ ਪਾਸੇ ਇਸ ਦੇ ਨਿਰਯਾਤ ਅਤੇ ਰੇਟ 'ਤੇ ਰੋਕਾਂ ਲਾਈਆਂ ਜਾ ਰਹੀਆਂ ਹਨ, ਜੋ ਉਲਟ ਫੈਸਲਾ ਹੈ।

## ਹੜ੍ਹਾਂ ਦੀ ਮਾਰ: ਕਿਸਾਨ ਜਥੇਬੰਦੀਆਂ ਨੇ 6800 ਰੁਪਏ ਪ੍ਰਤੀ ਏਕੜ ਮੁਆਵਜ਼ਾ ਨਕਾਰਿਆ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਨੇ ਹੜ੍ਹਾਂ ਨਾਲ ਤਬਾਹ ਹੋਏ ਝੋਨੇ ਲਈ ਸਰਕਾਰ ਵਲੋਂ 6800 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੇ ਐਲਾਨ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਇਸ ਨੂੰ ਹੜ੍ਹਾਂ ਕਾਰਨ ਭਾਰੀ ਨੁਕਸਾਨ ਝੱਲਣ ਵਾਲੇ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਪ੍ਰੇਮ ਸਿੰਘ ਭੰਗੂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਹੋਏ ਨੁਕਸਾਨ ਦਾ ਅੰਦਾਜ਼ਾ ਹੀ ਘਟਾ ਕੇ ਲਗਾਇਆ ਹੈ ਅਤੇ ਕੇਂਦਰ ਸਰਕਾਰ ਕੋਲ ਲੋੜੀਂਦੀ ਰਾਹਤ ਦੇਣ ਲਈ ਵੀ ਪ੍ਰਭਾਵਸ਼ਾਲੀ ਢੰਗ ਨਾਲ ਮੁੱਦਾ ਨਹੀਂ ਉਠਾਇਆ। ਕਿਸਾਨਾਂ ਨੂੰ ਹੱਥੀਂ ਮਜ਼ਦੂਰੀ ਤੋਂ ਇਲਾਵਾ ਦੂਜੀ ਵਾਰ ਝੋਨਾ ਬੀਜਣ ਲਈ ਭਾਰੀ ਖਰਚਾ ਕਰਨਾ ਪਿਆ ਹੈ। ਇਥੋਂ ਤੱਕ ਕਿ ਗੁਆਂਢੀ ਰਾਜ ਹਰਿਆਣਾ ਵੀ ਨੁਕਸਾਨੇ ਗਏ ਝੋਨੇ ਲਈ 15000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇ ਰਿਹਾ ਹੈ।



ਉਨ੍ਹਾਂ ਨੇ ਮੁੜ ਦੁਹਰਾਇਆ ਕਿ ਬਰਬਾਦ ਹੋਈ ਝੋਨੇ ਦੀ ਫਸਲ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ, ਜਾਨੀ ਨੁਕਸਾਨ ਲਈ 10 ਲੱਖ ਰੁਪਏ ਮੁਆਵਜ਼ਾ ਅਤੇ ਹਰ ਨੁਕਸਾਨੇ ਮਕਾਨ ਲਈ 5 ਲੱਖ ਰੁਪਏ ਸਮੇਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਕੰਮਲ ਤੌਰ 'ਤੇ ਮੁਆਫ ਕੀਤੇ ਜਾਣ।

## ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ ਦੀਆਂ ਮੁਸ਼ਕਲਾਂ ਵਧੀਆਂ

**ਅੰਮ੍ਰਿਤਸਰ:** ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਗ੍ਰਿਫਤਾਰ ਸਾਬਕਾ ਉਪ ਮੁੱਖ ਮੰਤਰੀ ਓਪੀ ਸੋਨੀ ਖਿਲਾਫ ਇੱਥੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਚਲਾਨ ਪੇਸ਼ ਕੀਤਾ ਹੈ, ਜਿਸ ਦੀ ਪੁਸ਼ਟੀ ਵਿਜੀਲੈਂਸ ਦੇ ਇਕ ਸੀਨੀਅਰ ਅਧਿਕਾਰੀ ਨੇ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਨੂੰ ਕੇਸ ਦਰਜ ਹੋਣ ਤੋਂ 60 ਦਿਨਾਂ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਚਲਾਨ ਪੇਸ਼ ਕਰਨਾ ਪੈਂਦਾ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ। ਜ਼ਿਕਰਯੋਗ ਹੈ ਕਿ ਓਪੀ ਸੋਨੀ ਨੂੰ ਇਸ ਸਾਲ 9 ਜੁਲਾਈ ਨੂੰ ਭ੍ਰਿਸ਼ਟਾਚਾਰ ਰੋਕੂ ਐਕਟ ਹੇਠ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਵਿਰੁੱਧ ਪਿਛਲੇ ਸਾਲ ਅਕਤੂਬਰ ਵਿਚ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਸ਼ਿਕਾਇਤ ਦਰਜ ਕੀਤੀ ਗਈ ਸੀ।



## ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਸਦਮਾ, ਵੱਡੀ ਭੈਣ ਦਾ ਦੇਹਾਂਤ

**ਸ਼ਿਕਾਗੋ:** ਉਘੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਦੇ ਮਾਸੀ ਦੀ ਧੀ ਸਰਦਾਰਨੀ ਨਛੱਤਰ ਕੌਰ ਧਾਲੀਵਾਲ ਗੁਰੂ ਵਲੋਂ ਬਖਸ਼ੀ ਆਰਜਾ ਪੂਰੀ ਕਰ ਕੇ ਲੰਘੀ 1 ਸਤੰਬਰ ਨੂੰ ਗੁਰੂ ਚਰਨਾਂ ਵਿਚ ਜਾ ਨਿਵਾਜੇ ਹਨ। ਉਹ 92 ਸਾਲਾਂ ਦੇ ਸਨ। ਉਨ੍ਹਾਂ ਦਾ ਅੰਤਮ ਸੰਸਕਾਰ 10 ਸਤੰਬਰ ਨੂੰ ਦੁਪਹਿਰ 12 ਤੋਂ 2 ਵਜੇ ਦੌਰਾਨ ਡੇਵਨਪੋਰਟ ਫਿਊਨਰਲ ਹੋਮ, ਲੇਕ ਜ਼ਿਊਰਿਖ ਵਿਖੇ ਹੋਵੇਗਾ, ਉਪਰੰਤ 3 ਤੋਂ 5 ਵਜੇ ਦਰਮਿਆਨ ਗੁਰਦੁਆਰਾ ਪੈਲਾਟਾਈਨ ਵਿਖੇ ਭੋਗ ਅਤੇ ਅੰਤਿਮ ਅਰਦਾਸ ਹੋਵੇਗੀ।

ਜ਼ਿਕਰਯੋਗ ਹੈ ਕਿ ਮਾਤਾ ਨਛੱਤਰ ਕੌਰ ਦਾ ਜਨਮ 10 ਅਗਸਤ, 1931 ਨੂੰ ਪਿੰਡ ਰੰਗੇਧਾ ਦੇ ਰਹਿਣ ਵਾਲੇ ਸ. ਭਾਗ ਸਿੰਘ ਦੇ ਘਰ ਮਾਤਾ ਬਚਨ ਕੌਰ ਦੀ ਕੁੱਖੋਂ ਹੋਇਆ। ਉਹ ਸਰਦਾਰ ਬਸੰਤ ਸਿੰਘ ਬੋਪਾਰਾਏ, ਪਿੰਡ ਆਸਾਮਾਜਰਾ, ਜ਼ਿਲ੍ਹਾ ਪਟਿਆਲਾ, ਦੇ ਦੋਹਤੀ ਸਨ। ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਮਾਸੀ ਜਸਵੰਤ ਕੌਰ ਧਾਲੀਵਾਲ ਅਤੇ ਮਾਸੜ ਬਾਪੂ ਕਰਤਾਰ ਸਿੰਘ ਧਾਲੀਵਾਲ ਨੇ ਕੀਤਾ। ਉਨ੍ਹਾਂ ਦੇ 3 ਭਰਾ ਦਰਸ਼ਨ ਸਿੰਘ ਧਾਲੀਵਾਲ, ਸੁਰਜੀਤ ਸਿੰਘ ਰੱਖੜਾ ਅਤੇ ਚਰਨਜੀਤ ਸਿੰਘ ਧਾਲੀਵਾਲ ਹਨ। ਬਚਪਨ ਤੋਂ ਹੀ ਉਨ੍ਹਾਂ ਦਾ ਗੁਰੂ ਘਰ ਵਿਚ ਅਟੱਲ ਵਿਸ਼ਵਾਸ ਸੀ ਤੇ ਉਹ ਮਿੱਠ ਬੋਲੜੇ ਅਤੇ ਮਹਾਨ ਦਾਨੀ ਸਨ।

ਮਾਤਾ ਨਛੱਤਰ ਕੌਰ ਦਾ ਵਿਆਹ ਸਰਦਾਰ ਹਰਨੇਕ ਸਿੰਘ ਧਾਲੀਵਾਲ ਨਾਲ ਕਸਿਆਣਾ ਪਿੰਡ ਜ਼ਿਲ੍ਹਾ ਪਟਿਆਲਾ ਵਿਚ ਹੋਇਆ। ਉਨ੍ਹਾਂ ਦੇ 3 ਬੱਚੇ ਸ. ਦੀਦਾਰ ਸਿੰਘ, ਸ. ਹਰਬੰਸ ਸਿੰਘ ਅਤੇ ਸਰਦਾਰਨੀ ਕਿਰਨਜੀਤ ਕੌਰ ਹਨ।

ਸਾਲ 1985 ਵਿਚ ਉਨ੍ਹਾਂ ਦੇ ਪਤੀ ਸ. ਹਰਨੇਕ ਸਿੰਘ ਧਾਲੀਵਾਲ ਅਕਾਲ ਚਲਾਣਾ ਕਰ ਗਏ ਪਰ ਮਾਤਾ ਨਛੱਤਰ ਕੌਰ ਨੇ ਹਿੰਮਤ ਨਾ ਹਾਰੀ। ਸਾਲ 1990 ਵਿਚ ਮਾਤਾ ਜੀ ਅਮਰੀਕਾ ਆ ਗਏ। ਉਨ੍ਹਾਂ ਨੇ ਆਪਣੇ ਦੋਹਤੇ, ਪੋਤੇ, ਅਤੇ ਪੋਤੀਆਂ ਨੂੰ ਸਿੱਖੀ ਦੀ ਗੁੜ੍ਹਤੀ ਦਿੱਤੀ ਅਤੇ ਪੰਜਾਬੀ ਸਿਖਾਈ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ। ਉਹ ਆਪਣੇ ਪਿੱਛੇ ਪੜਦੋਤੇ, ਪੜਪੋਤੇ, ਪੜਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

# ਐਨ.ਐਚ.ਏ.ਆਈ. ਨੇ ਪੰਜਾਬ ਦੇ ਅਧਿਕਾਰੀਆਂ ਦੀ ਭੂਮਿਕਾ 'ਤੇ ਖੜ੍ਹੇ ਕੀਤੇ ਸਵਾਲ

**ਚੰਡੀਗੜ੍ਹ:** ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐਨ.ਐਚ.ਏ.ਆਈ.) ਵੱਲੋਂ ਪੰਜਾਬ ਵਿਚ ਉਸਾਰੀ ਅਧੀਨ ਅਤੇ ਪ੍ਰਸਤਾਵਿਤ ਕੌਮੀ ਮਾਰਗਾਂ ਲਈ ਜ਼ਮੀਨ ਐਕੁਆਇਰ ਕਰਨ ਸਮੇਂ ਰਾਜ ਸਰਕਾਰ ਦੇ ਅਧਿਕਾਰੀਆਂ ਦੀ ਭੂਮਿਕਾ ਉਤੇ ਲਗਾਤਾਰ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਲੈਂਡ ਐਕਿਊਜਿਸ਼ਨ ਕੁਲੈਕਟਰ ਅਤੇ ਆਰਬਿਟਰੇਟਰ ਵਜੋਂ ਤਾਇਨਾਤ ਅਧਿਕਾਰੀਆਂ ਵੱਲੋਂ ਜ਼ਮੀਨਾਂ ਦਾ ਮੁਆਵਜ਼ਾ ਵੱਧ ਦੇਣ ਦੇ ਮੁੱਦੇ 'ਤੇ ਹਾਈਵੇਅ ਅਥਾਰਿਟੀ ਵੱਲੋਂ ਰਾਜ ਸਰਕਾਰ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਹਾਈਵੇਅ ਅਥਾਰਿਟੀ ਨੇ ਆਪਣੇ ਇਕ ਪ੍ਰੀਜ਼ਾਈਡਿੰਗ ਅਫਸਰ ਵਿਰੁੱਧ ਕਾਰਵਾਈ ਕਰਦਿਆਂ ਉਸ ਨੂੰ ਮੁਅੱਤਲ ਕਰ ਦਿੱਤਾ ਹੈ। ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਐਨ.ਐਚ.ਏ.ਆਈ. ਦੇ ਚੇਅਰਮੈਨ ਸੰਤੋਸ਼ ਕੁਮਾਰ ਯਾਦਵ ਨੇ ਕਿਹਾ ਕਿ ਅਥਾਰਿਟੀ ਨੇ ਆਪਣੇ ਅਧਿਕਾਰੀ ਖਿਲਾਫ਼ ਕਾਰਵਾਈ ਕਰ ਦਿੱਤੀ ਹੈ ਤੇ ਹੁਣ ਪੰਜਾਬ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰੇ। ਹਾਈਵੇਅ ਅਥਾਰਿਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਾਲ 2021 ਤੋਂ ਮਾਮਲਾ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ। ਇਸ ਅਧਿਕਾਰੀ ਅਨੁਸਾਰ ਜ਼ਮੀਨ ਐਕੁਆਇਰ ਕਰਨ ਸਮੇਂ ਕਈ ਥਾਵਾਂ 'ਤੇ ਮੁੱਢਲੇ ਤੌਰ 'ਤੇ ਹੀ ਮੁਆਵਜ਼ਾ ਰਾਸ਼ੀ ਜ਼ਿਆਦਾ ਨਹੀਂ ਦਿੱਤੀ ਗਈ, ਸਗੋਂ ਡਿਵੀਜ਼ਨਾਂ ਦੇ ਕਮਿਸ਼ਨਰਾਂ, ਜੋ ਕਿ ਆਰਬਿਟਰੇਟਰ ਵਜੋਂ ਵੀ ਸੇਵਾ ਨਿਭਾਅ ਰਹੇ ਹਨ, ਵੱਲੋਂ ਮੁਆਵਜ਼ਾ ਵਧਾ ਦਿੱਤਾ ਗਿਆ ਹੈ। ਇਸ ਅਧਿਕਾਰੀ ਅਨੁਸਾਰ ਇਹ ਮਾਮਲਾ ਕੇਂਦਰੀ ਆਵਾਜਾਈ ਅਤੇ ਸੜਕ ਮੰਤਰਾਲੇ ਵਿਚ ਉਪਰਲੇ ਪੱਧਰ 'ਤੇ ਵੀ ਵਿਚਾਰਿਆ ਗਿਆ ਹੈ ਅਤੇ ਅਧਿਕਾਰੀਆਂ ਵੱਲੋਂ ਮੁਆਵਜ਼ਾ ਦੇਣ ਸਮੇਂ ਲਏ ਜਾਂਦੇ ਫੈਸਲੇ ਪੂਰੀ ਤਰ੍ਹਾਂ ਸ਼ੱਕ ਦੇ ਦਾਇਰੇ ਹੇਠ ਹਨ।



ਐਨ.ਐਚ.ਏ.ਆਈ. ਦੇ ਅਧਿਕਾਰੀਆਂ ਅਨੁਸਾਰ ਖਰੜ ਤੋਂ ਲੁਧਿਆਣਾ ਮਾਰਗ 'ਤੇ ਪਿੰਡ ਭਾਗੋਮਾਜਰਾ ਨੇੜੇ ਜ਼ਮੀਨ ਐਕੁਆਇਰ ਕਰਨ ਦਾ ਮਾਮਲਾ ਪੇਚੀਦਾ ਬਣਦਾ ਜਾ ਰਿਹਾ ਹੈ। ਅਥਾਰਿਟੀ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਸ ਥਾਂ 'ਤੇ ਟੋਲ ਪਲਾਜ਼ਾ ਸਥਾਪਤ ਕਰਨ ਵਾਸਤੇ ਜ਼ਮੀਨ ਐਕੁਆਇਰ ਕਰਨ ਲਈ ਜੋ ਮੁਆਵਜ਼ਾ ਐਲਾਨਿਆ ਜਾ ਰਿਹਾ ਹੈ, ਉਸ ਨਾਲ 280 ਕਰੋੜ ਰੁਪਏ ਦਾ ਵਿੱਤੀ ਭਾਰ ਪਵੇਗਾ। ਐਨ.ਐਚ.ਏ.ਆਈ. ਦੇ ਚੇਅਰਮੈਨ ਨੇ ਰਾਜ ਸਰਕਾਰ ਨੂੰ ਹਾਲ ਹੀ ਵਿਚ 22 ਅਗਸਤ ਨੂੰ ਇਕ ਪੱਤਰ ਲਿਖ ਕੇ ਇਸ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਐਨ.ਐਚ.ਏ.ਆਈ. ਵੱਲੋਂ ਇਸ ਸਮੇਂ ਕੱਟੜਾ-ਦਿੱਲੀ ਅਤੇ ਕਈ ਹੋਰ ਮਹੱਤਵਪੂਰਨ ਕੌਮੀ ਮਾਰਗਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਸੂਬੇ ਵਿਚ ਹੋਰ ਕਈ ਸੜਕੀ ਪ੍ਰੋਜੈਕਟ ਵੀ ਅਥਾਰਟੀ ਦੇ ਵਿਚਾਰ ਅਧੀਨ ਹਨ ਅਤੇ ਇਨ੍ਹਾਂ ਮਾਰਗਾਂ ਲਈ ਜ਼ਮੀਨ ਐਕੁਆਇਰ ਕਰਨ ਦਾ ਅਮਲ ਲਗਾਤਾਰ ਜਾਰੀ ਹੈ। ਮੁੱਢਲੇ ਤੌਰ 'ਤੇ ਲੈਂਡ ਐਕੁਜ਼ੀਸ਼ਨ ਕੁਲੈਕਟਰ ਵਜੋਂ ਐਸ.ਡੀ.ਐਮ. ਨੇ ਭੂਮਿਕਾ ਨਿਭਾਉਣੀ ਹੁੰਦੀ ਹੈ ਤੇ ਉਸ ਤੋਂ ਬਾਅਦ ਡਿਵੀਜ਼ਨਲ ਕਮਿਸ਼ਨਰ ਨੂੰ ਆਰਬਿਟਰੇਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਅਥਾਰਿਟੀ ਦੇ ਅਧਿਕਾਰੀਆਂ ਅਨੁਸਾਰ ਅਦਾਲਤੀ ਮਾਮਲਿਆਂ ਦੇ ਵਧਣ ਕਾਰਨ ਸੜਕੀ ਪ੍ਰੋਜੈਕਟ ਦੀ ਉਸਾਰੀ ਦੇ ਕੰਮ ਵਿਚ ਦੇਰੀ ਹੋ ਰਹੀ ਹੈ।

## ਮੁਆਵਜ਼ਾ ਦੇਣ ਸਮੇਂ ਲਏ ਜਾਂਦੇ ਫੈਸਲੇ ਸ਼ੱਕ ਦੇ ਦਾਇਰੇ ਹੇਠ

**ਚੰਡੀਗੜ੍ਹ:** ਹਾਈਵੇਅ ਅਥਾਰਿਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਾਲ 2021 ਤੋਂ ਮਾਮਲਾ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ। ਇਸ ਅਧਿਕਾਰੀ ਅਨੁਸਾਰ ਜ਼ਮੀਨ ਐਕੁਆਇਰ ਕਰਨ ਸਮੇਂ ਕਈ ਥਾਵਾਂ 'ਤੇ ਮੁੱਢਲੇ ਤੌਰ 'ਤੇ ਹੀ ਮੁਆਵਜ਼ਾ ਰਾਸ਼ੀ ਜ਼ਿਆਦਾ ਨਹੀਂ ਦਿੱਤੀ ਗਈ, ਸਗੋਂ ਡਿਵੀਜ਼ਨਾਂ ਦੇ ਕਮਿਸ਼ਨਰਾਂ, ਜੋ ਕਿ ਆਰਬਿਟਰੇਟਰ ਵਜੋਂ ਵੀ ਸੇਵਾ ਨਿਭਾਅ ਰਹੇ ਹਨ, ਵੱਲੋਂ ਮੁਆਵਜ਼ਾ ਵਧਾ ਦਿੱਤਾ ਗਿਆ ਹੈ। ਇਸ ਅਧਿਕਾਰੀ ਅਨੁਸਾਰ ਇਹ ਮਾਮਲਾ ਕੇਂਦਰੀ ਆਵਾਜਾਈ ਅਤੇ ਸੜਕ ਮੰਤਰਾਲੇ ਵਿਚ ਉਪਰਲੇ ਪੱਧਰ 'ਤੇ ਵੀ ਵਿਚਾਰਿਆ ਗਿਆ ਹੈ ਅਤੇ ਅਧਿਕਾਰੀਆਂ ਵੱਲੋਂ ਮੁਆਵਜ਼ਾ ਦੇਣ ਸਮੇਂ ਲਏ ਜਾਂਦੇ ਫੈਸਲੇ ਪੂਰੀ ਤਰ੍ਹਾਂ ਸ਼ੱਕ ਦੇ ਦਾਇਰੇ ਹੇਠ ਹਨ।

# ਪੰਜਾਬ ਟਾਈਮਜ਼

*ਸ਼ਨਿਚਰਵਾਰ, 9 ਸਤੰਬਰ, 2023*

## ਭਾਰਤ ਮਹਾਂਭਾਰਤ

ਜਿਉਂ-ਜਿਉਂ ਅਗਲੀਆਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਸਿਆਸੀ ਪਿੜ ਹੋਰ ਭਖ ਰਿਹਾ ਹੈ। ਅਸਲ ਵਿਚ ਜਦੋਂ ਤੋਂ ਵਿਰੋਧੀ ਧਿਰਾਂ ਆਪਣੇ ਨਵੇਂ ਬਣਾਏ ਗੱਠਜੋੜ 'ਇੰਡੀਆ' ਦੇ ਬੈਨਰ ਹੇਠ ਇਕੱਠੀਆਂ ਹੋਈਆਂ ਹਨ, ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਹੁਣ ਤੱਕ 'ਇੰਡੀਆ' ਗੱਠਜੋੜ ਦੀਆਂ ਤਿੰਨ ਵੱਡੀਆਂ ਮੀਟਿੰਗਾਂ ਹੋਈਆਂ ਹਨ ਅਤੇ ਗੱਲ 30 ਸਤੰਬਰ ਤੱਕ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਫਾਈਨਲ ਕਰਨ ਤੱਕ ਜਾ ਪੁੱਜੀ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੇ ਜੋਟੀਦਾਰਾਂ ਨੇ 'ਇੰਡੀਆ' ਨੂੰ ਦੇਸ਼ਧ੍ਰੋਹੀ ਸਾਬਤ ਕਰਨ ਦਾ ਵੀ ਅਸਫਲ ਯਤਨ ਕੀਤਾ। ਹੁਣ ਦੇਸ਼ ਦਾ ਨਾਂ ਬਦਲਣ ਦੇ ਮਾਮਲੇ 'ਤੇ ਰੌਲਾ ਪੈ ਗਿਆ ਹੈ। ਮੋਦੀ ਸਰਕਾਰ ਨੇ ਜੀ-20 ਸਮਾਗਮ ਲਈ ਰਾਤ ਦੀ ਦਾਅਵਤ ਦੇ ਸੱਦੇ ਵਿਚ ਰਾਸ਼ਟਰਪਤੀ ਨੂੰ 'ਪ੍ਰੈਜ਼ੀਡੈਂਟ ਆਫ ਭਾਰਤ' ਲਿਖਿਆ ਹੈ। ਵਿਰੋਧੀ ਧਿਰਾਂ ਖਦਸ਼ਾ ਪ੍ਰਗਟਾ ਰਹੀਆਂ ਹਨ ਕਿ ਕੇਂਦਰ ਸਰਕਾਰ ਦੇਸ਼ ਦਾ ਨਾਂ ਬਦਲਣਾ ਚਾਹੁੰਦੀ ਹੈ। ਇਸੇ ਦੌਰਾਨ ਸੰਵਿਧਾਨਕ ਮਾਹਿਰਾਂ ਦੀ ਰਾਇ ਵੀ ਆ ਗਈ ਹੈ। ਸੰਵਿਧਾਨ ਦੇ ਮਾਹਿਰ ਪੀ.ਡੀ.ਟੀ. ਅਚਾਰੀ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ ਇਕ ਵਿਚ ਲਿਖਿਆ ਹੈ: 'ਇੰਡੀਆ ਜੋ ਭਾਰਤ ਹੈ', ਇਹ ਸਿਰਫ ਵਿਆਖਿਆਤਮਕ ਹੈ ਤੇ ਇਨ੍ਹਾਂ ਦੋਵਾਂ ਨੂੰ ਅਦਲਾ-ਬਦਲੀ ਕਰ ਕੇ ਨਹੀਂ ਵਰਤਿਆ ਜਾ ਸਕਦਾ ਹੈ। ਇਸੇ ਕਰ ਕੇ 'ਰਿਪਬਲਿਕ ਆਫ ਇੰਡੀਆ' ਦੇ ਨਾਮ ਵਿਚ ਕਿਸੇ ਤਰ੍ਹਾਂ ਦੀ ਵੀ ਤਬਦੀਲੀ ਲਈ ਸੰਵਿਧਾਨਕ ਸੋਧਾਂ ਦੀ ਲੋੜ ਪਵੇਗੀ।

ਮੁੱਖ ਮਸਲਾ ਇਹ ਹੈ ਕਿ ਸਿਆਸੀ ਪਿੜ ਵਿਚ 'ਇੰਡੀਆ' ਗੱਠਜੋੜ ਲਗਾਤਾਰ ਪੈਰ ਪਸਾਰ ਰਿਹਾ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਜੋ 2014 ਅਤੇ 2019 ਵਿਚ ਹੋਈਆਂ ਸਨ, ਵਿਚ ਚੋਣ ਏਜੰਡਾ ਭਾਰਤੀ ਜਨਤਾ ਪਾਰਟੀ ਤੈਅ ਕਰਦੀ ਰਹੀ ਹੈ; ਭਾਵ, ਚੋਣ ਪਿੜ ਬੰਨ੍ਹਣ ਵਿਚ ਭਾਰਤੀ ਜਨਤਾ ਪਾਰਟੀ ਦੂਜੀਆਂ ਸਾਰੀਆਂ ਪਾਰਟੀਆਂ ਨਾਲੋਂ ਦੋ ਕਦਮ ਅਗਾਂਹ ਹੀ ਰਹੀ ਸੀ। 2014 ਵਾਲੀਆਂ ਚੋਣਾਂ ਵਿਚ ਤਾਂ ਸਿਰਫ ਭ੍ਰਿਸ਼ਟਾਚਾਰ ਦਾ ਮੁੱਦਾ ਹੀ ਉਸ ਵੇਲੇ ਸੱਤਾਧਾਰੀ ਕਾਂਗਰਸ ਦੀਆ ਜੜ੍ਹਾਂ ਵਿਚ ਬੈਠ ਗਿਆ ਸੀ। ਉਪਰੋਂ ਭਾਰਤੀ ਜਨਤਾ ਪਾਰਟੀ ਵੱਲੋਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨਣ ਕਰ ਕੇ ਸਿਆਸੀ ਤੱਕੜੀ ਭਾਰਤੀ ਜਨਤਾ ਪਾਰਟੀ ਵੱਲ ਝੁਕਣੀ ਸ਼ੁਰੂ ਹੋ ਗਈ ਅਤੇ ਫਿਰ ਚੋਣਾਂ ਵਿਚ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਹੋਈ। ਇਸੇ ਤਰ੍ਹਾਂ 2019 ਵਾਲੀਆਂ ਲੋਕ ਸਭਾ ਚੋਣਾਂ ਵਿਚ ਵੀ ਭਾਵੇਂ ਪਹਿਲਾਂ ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੇ ਮੁੱਦੇ ਉਭਰਨੇ ਸ਼ੁਰੂ ਹੋਏ ਸਨ ਪਰ ਫਰਵਰੀ 2019 ਵਿਚ ਪੁਲਵਾਮਾ (ਜੰਮੂ ਕਸ਼ਮੀਰ) ਵਿਚ ਫੌਜੀ ਕਾਫਲੇ 'ਤੇ ਹਮਲੇ ਅਤੇ ਫਿਰ ਭਾਰਤੀ ਫੌਜ ਵੱਲੋਂ ਪਾਕਿਸਤਾਨੀ ਖੇਤਰ ਅੰਦਰ ਕੀਤੇ ਬਾਲਾਕੋਟ ਹਮਲੇ ਨੇ ਸਿਆਸੀ ਪਿੜ ਰਾਤੋ-ਰਾਤ ਬਦਲ ਕੇ ਰੱਖ ਦਿੱਤਾ ਸੀ। ਐਤਕੀਂ ਵਿਰੋਧੀ ਧਿਰ ਇਨ੍ਹਾਂ ਸਭ ਮਸਲਿਆਂ ਬਾਰੇ ਸੁਚੇਤ ਹੈ। ਐਤਕੀਂ ਵੱਡਾ ਫਰਕ ਇਹ ਵੀ ਹੈ ਕਿ ਇਕ ਤਾਂ ਵਿਰੋਧੀ ਧਿਰ ਇਕ ਮੰਚ 'ਤੇ ਇਕੱਠੀ ਹੋਣ ਵਿਚ ਕਾਮਯਾਬ ਹੋ ਗਈ ਹੈ; ਦੂਜੇ, ਇਹ ਚੋਣਾਂ ਦਾ ਏਜੰਡਾ ਤੈਅ ਕਰਨ ਲਈ ਵੀ ਯਤਨਸ਼ੀਲ ਹੈ। ਫਿਰ ਵੀ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਉਤੇ ਕਾਬਜ਼ ਹੋਣ ਦਾ ਫਾਇਦਾ ਜ਼ਰੂਰ ਮਿਲੇਗਾ।

ਉਂਝ, ਇਹ ਗੱਲ ਤਾਂ ਐਨ ਸਪਸ਼ਟ ਹੋ ਗਈ ਹੈ ਕਿ ਇਸ ਵਾਰ ਭਾਰਤੀ ਜਨਤਾ ਪਾਰਟੀ ਨੂੰ ਜਿੱਤ ਇੰਨੀ ਆਸਾਨ ਨਹੀਂ ਮਿਲੇਗੀ। ਇਸੇ ਕਰ ਕੇ ਕੁਝ ਸਿਆਸੀ ਮਾਹਿਰ ਇਨ੍ਹਾਂ ਚੋਣਾਂ ਨੂੰ ਮਹਾਂਭਾਰਤ (ਵੱਡੀ ਜੰਗ) ਦਾ ਨਾਂ ਵੀ ਦੇ ਰਹੇ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਵੀ ਜਾਣ-ਬੁੱਝ ਕੇ ਇਨ੍ਹਾਂ ਚੋਣਾਂ ਨੂੰ ਖਾਸ ਕਰ ਕੇ ਧਰਮ ਦੁਆਲੇ ਕੇਂਦਰਤ ਕੀਤਾ ਜਾ ਰਿਹਾ ਹੈ। ਪਿਛਲੇ ਦਿਨਾਂ ਦੌਰਾਨ ਤਾਮਿਲ ਨਾਡੂ ਦੇ ਮੁੱਖ ਮੰਤਰੀ ਦੇ ਪੁੱਤਰ ਦੇ ਇਕ ਬਿਆਨ ਨੂੰ ਲੈ ਕੇ ਸਨਾਤਨ ਧਰਮ ਬਾਰੇ ਬਹਿਸ ਛੇੜ ਦਿੱਤੀ ਗਈ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ ਹਿੰਦੂ ਧਰਮ ਉਤੇ ਹਮਲਾ ਕਰਨ ਦਾ ਮੁੱਦਾ ਬਣਾਉਣ ਅਤੇ 'ਇੰਡੀਆ' ਗੱਠਜੋੜ ਨਾਲ ਜੁੜੀਆਂ ਪਾਰਟੀਆਂ ਤੇ ਆਗੂਆਂ ਨੂੰ ਘੇਰਨ ਦਾ ਯਤਨ ਕੀਤਾ। ਪਿੱਛੇ ਜਿਹੇ ਹੋਈਆਂ ਕਰਨਾਟਕ ਵਿਧਾਨ ਸਭਾ ਚੋਣਾਂ ਦੌਰਾਨ ਵੀ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਜਰੰਗ ਦਲ ਦੀ ਬੁਰਛਾਗਰਦੀ ਬਾਰੇ ਕਾਂਗਰਸ ਆਗੂ ਦੇ ਬਿਆਨ ਨੂੰ ਬਜਰੰਗ ਬਲੀ ਉਤੇ ਹਮਲਾ ਕਰਾਰ ਦੇਣ ਦਾ ਯਤਨ ਕੀਤਾ ਸੀ ਪਰ ਉਸ ਵਕਤ ਭਾਰਤੀ ਜਨਤਾ ਪਾਰਟੀ ਲੋਕ ਰੋਹ ਇੰਨਾ ਪ੍ਰਚੰਡ ਸੀ ਸੀ ਕਿ ਵੋਟਰਾਂ ਨੇ ਬਜਰੰਗ ਦਲ ਬਨਾਮ ਬਜਰੰਗ ਬਲੀ ਦੇ ਇਸ ਮੁੱਦੇ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਅਤੇ ਕਰਨਾਟਕ ਵਿਚ ਭਾਰਤੀ ਜਨਤਾ ਪਾਰਟੀ ਬੁਰੀ ਤਰ੍ਹਾਂ ਹਾਰ ਗਈ। ਇਨ੍ਹਾਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਪੂਰੇ ਤਾਣ ਦੇ ਬਾਵਜੂਦ ਫਿਰਕੂ ਧਰੁਵੀਕਰਨ ਨਹੀਂ ਸੀ ਹੋ ਸਕਿਆ।

ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਚੋਣਾਂ ਤੋਂ ਪਹਿਲਾਂ-ਪਹਿਲਾਂ ਫਿਰਕੂ ਆਧਾਰ 'ਤੇ ਧਰੁਵੀਕਰਨ ਚਾਹੁੰਦੀ ਹੈ। ਦੂਜੇ ਬੰਨੇ ਵਿਰੋਧੀ ਧਿਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਲੋਕ ਮਸਲੇ ਵੱਧ ਤੋਂ ਉਭਾਰੇ ਜਾਣ ਅਤੇ ਮੋਦੀ ਸਰਕਾਰ ਦੀਆਂ ਊਣਤਾਈਆਂ ਉਜਾਗਰ ਕੀਤੀ ਜਾਣ। ਹੁਣ ਦੇਸ਼ ਦਾ ਨਾਮ ਬਦਲਣ ਦਾ ਮਸਲਾ ਵੀ ਜਾਣ-ਬੁੱਝ ਕੇ ਉਭਾਰਿਆ ਜਾ ਰਿਹਾ ਹੈ। ਵਿਰੋਧੀ ਧਿਰ ਨੇ ਵੀ ਇਹ ਗੱਲ ਨੋਟ ਕੀਤੀ ਹੈ ਕਿ ਅਜਿਹੀਆਂ ਕਾਰਵਾਈਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਕੀਤੀਆਂ ਜਾ ਰਹੀਆਂ ਹਨ। ਹੁਣ ਆਉਣ ਵਾਲੇ ਮਹੀਨਿਆਂ ਦੌਰਾਨ ਦੇਖਣਾ ਇਹ ਹੈ ਕਿ ਵਿਰੋਧੀ ਧਿਰਾਂ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀਆਂ ਅਜਿਹੀਆਂ ਚਾਲਾਂ ਨਾਲ ਕਿਵੇਂ ਨਜਿੱਠਦੀਆਂ ਹਨ। ਵਿਰੋਧੀ ਧਿਰ ਨੂੰ ਅਜਿਹੇ ਮਸਲਿਆਂ ਬਾਰੇ ਤਾਂ ਸੁਚੇਤ ਹੋਣਾ ਹੀ ਪੈਣਾ ਹੈ, ਆਪਸੀ ਏਕਾ ਵੀ ਰੱਖਣਾ ਪਵੇਗਾ। ਜਿਵੇਂ ਪੰਜਾਬ ਕਾਂਗਰਸ ਦੇ ਆਗੂਆਂ ਦਾ ਪੱਖ ਆ ਗਿਆ ਹੈ ਕਿ ਕਾਂਗਰਸ, ਪੰਜਾਬ ਵਿਚ ਆਮ ਆਦਮੀ ਪਾਰਟੀ ਨਾਲ ਚੋਣ ਸਮਝੌਤਾ ਕਰਨ ਦੇ ਹੱਕ ਵਿਚ ਨਹੀਂ ਹੈ। ਅਜਿਹੇ ਮਾਮਲਿਆਂ ਵਿਚ ਵਿਰੋਧੀ ਧਿਰ ਵਾਲੀਆਂ ਪਾਰਟੀਆਂ ਦੀਆਂ ਹਾਈ ਕਮਾਨਾਂ ਨੂੰ ਵਧੇਰੇ ਚੌਕਸ ਰਹਿਣਾ ਪਵੇਗਾ ਤਾਂ ਕਿ ਕਿਸੇ ਕਿਸਮ ਦਾ ਭੰਬਲਭੂਸਾ ਨਾ ਪਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਗਾ ਪੈਣਾ ਪੰਜੇ ਨੂੰ!*

'ਐਨ.ਡੀ.ਏ' ਤੇ 'ਇੰਡੀਆ' ਧੜੇ ਦੋਵੇਂ ਕਹਿੰਦੇ ਜੀਤ ਕੇ ਦਿੱਲੀ ਹਮ ਵੜੇ ਗਾ ਜੀ।
ਕਈ ਨੇ ਦਲ ਸਟੇਟਾਂ ਵਿੱਚ 'ਜੋਰ' ਵਾਲੇ ਕੌਣ ਦੇਖੀਏ ਕਿਹਦਾ ਲੜ ਫੜੇ ਗਾ ਜੀ।
ਇਹ ਮੌਦਦ ਹੀ ਸਮਝ ਲਓ ਭਾਜਪਾ ਦੀ ਹਾਥੀ 'ਕੱਲਾ ਹੀ ਰੜੇ ਜਾ ਖੜ੍ਹੇ ਗਾ ਜੀ।
ਔਖਾ ਹੋ ਗਿਆ ਕਮਲ ਲਈ ਜਾਪਦਾ ਏ ਕਿਵੇਂ ਸੱਤਾ ਦੀ ਕੁਰਸੀ 'ਤੇ ਚੜ੍ਹੇ ਗਾ ਜੀ।
ਪਈ ਐ 'ਤੱਕੜੀ' ਵੱਸ 'ਦੁਰਕਾਰਿਆਂ' ਦੇ 'ਮਾਲਕ' ਏਸਦਾ ਸੋਚਾਂ ਵਿੱਚ ਪੜੇ ਗਾ ਜੀ।
ਪੈਣਾ 'ਪੰਜੇ' ਨੂੰ ਪੰਗਾ ਦੋਂਹ ਸੂਬਿਆਂ ਵਿਚ 'ਝਾੜੂ' ਨਾਲ ਉਹ ਕਿਸ ਤਰਾਂ ਲੜੇ ਗਾ ਜੀ!

# ਮੁਲਾਜ਼ਮਾਂ ਦੀਆਂ ਮੰਗਾਂ, ਐਸਮਾ ਅਤੇ ਭ੍ਰਿਸ਼ਟਾਚਾਰ ਦਾ ਮਸਲਾ

ਪੰਜਾਬ ਸਰਕਾਰ ਵੱਲੋਂ ਰੈਵਨਿਊ ਪਟਵਾਰ ਯੂਨੀਅਨ ਅਤੇ ਕਾਨੂੰਗੋ ਐਸੋਸੀਏਸ਼ਨ ਦੀ ਹੜਤਾਲ ਦੇ ਮੱਦੇਨਜ਼ਰ ਸੂਬੇ ਵਿਚ ਕਾਲਾ ਕਾਨੂੰਨ ਐਸਮਾ ਥੋਪ ਦਿੱਤਾ ਗਿਆ। ਸੂਬਾ ਸਰਕਾਰ, ਖਾਸਕਰ ਮੁੱਖ ਮੰਤਰੀ ਭਗਵੰਤ ਮਾਨ ਨੇ ਐਸਮਾ ਲਾਗੂ ਕਰਨ ਸਮੇਂ ਇਸ ਤਰ੍ਹਾਂ ਦੀ ਪੇਸ਼ਕਾਰੀ ਕੀਤੀ ਹੈ ਜਿਵੇਂ ਸਰਕਾਰ ਭ੍ਰਿਸ਼ਟਾਚਾਰ ਖਿਲਾਫ ਵੱਡੀ ਲੜਾਈ ਲੜ ਰਹੀ ਹੋਵੇ। ਹਕੀਕਤ ਇਹ ਹੈ ਕਿ ਸਰਕਾਰ ਭ੍ਰਿਸ਼ਟਾਚਾਰ ਖਿਲਾਫ ਲੜਨ ਦੇ ਨਾਮ ਹੇਠ ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਐਸਮਾ ਬਹੁਤ ਸਖਤ ਅਤੇ ਬਦਨਾਮ ਕਾਲਾ ਕਾਨੂੰਨ ਹੈ ਜਿਸ ਨੂੰ ਸਿਰਫ ਉਸ ਹਾਲਤ ਵਿਚ ਹੀ ਲਾਗੂ ਕੀਤਾ ਜਾ ਸਕਦਾ ਹੈ ਜੇ ਕਿਸੇ ਵਿਭਾਗ ਵੱਲੋਂ ਕੀਤੀ ਹੜਤਾਲ ਨਾਲ ਆਮ ਲੋਕਾਂ ਦੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੋਵੇ ਤੇ ਉਸ ਦਾ ਲੋਕਾਂ ਦੀ ਰੋਜ਼ਮੱਰਾ ਜ਼ਿੰਦਗੀ 'ਤੇ ਬਹੁਤ ਬੁਰਾ ਅਸਰ ਪੈ ਰਿਹਾ ਹੋਵੇ; ਖਾਸਕਰ ਅਜਿਹੇ ਵਿਭਾਗ ਜੋ ਅਤਿ ਜ਼ਰੂਰੀ ਹੋਣ ਜਿਵੇਂ ਰੱਖਿਆ, ਡਾਕ ਤੇ ਟੈਲੀਗ੍ਰਾਫ, ਹਵਾਈ ਅੱਡੇ ਤੇ ਬੰਦਰਗਾਹ ਸੰਚਾਲਨ, ਰੇਲਵੇ, ਸਿਹਤ ਪ੍ਰਬੰਧ ਆਦਿ। ਵੈਸੇ ਵੀ ਐਸਮਾ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਮੀਡੀਆ ਜਾਂ ਹੋਰ ਮਾਧਿਅਮਾਂ ਰਾਹੀਂ ਹੜਤਾਲੀ ਕਰਮਚਾਰੀਆਂ ਨੂੰ ਅਗਾਊਂ ਸੂਚਿਤ ਕਰਵਾਉਣਾ ਜ਼ਰੂਰੀ ਹੁੰਦਾ ਹੈ। ਇਸ ਲਈ ਮਾਲ ਵਿਭਾਗ ਦੇ ਕਰਮਚਾਰੀਆਂ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਦੇ ਮੱਦੇਨਜ਼ਰ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਸਬੰਧਿਤ ਯੂਨੀਅਨ ਆਗੂਆਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਦੀਆਂ ਮੰਗਾਂ 'ਤੇ ਚਰਚਾ ਸ਼ੁਰੂ ਕਰਦੀ, ਹੜਤਾਲ 'ਤੇ ਜਾਣ ਦੀ ਸੂਰਤ ਵਿਚ ਵੀ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਦੀ ਪਰ ਮੁੱਖ ਮੰਤਰੀ ਨੇ ਹੜਤਾਲ ਤੋਂ ਪਹਿਲਾਂ ਹੀ ਐਸਮਾ ਲਾਗੂ ਕਰ ਦਿੱਤਾ। ਸਰਕਾਰ ਨੇ ਐਸਮਾ ਲਾਗੂ ਕਰਨ ਵਾਲੀ ਚਿੱਠੀ ਵਿਚ ਇੱਕ ਚੁਸਤੀ ਇਹ ਵਰਤੀ ਕਿ ਸੂਬੇ ਵਿਚ ਹੜ੍ਹਾਂ ਦੀ ਸਥਿਤੀ ਦਾ ਬਹਾਨਾ ਬਣਾ ਲਿਆ ਹਾਲਾਂਕਿ ਹੜਤਾਲ ਦਾ ਸੱਦਾ ਦੇਣ ਵਾਲੇ ਮੁਲਾਜ਼ਮਾਂ ਨੇ ਬਕਾਇਦਾ ਇਹ ਸੂਚਿਤ ਕੀਤਾ ਸੀ ਕਿ ਹੜਤਾਲ ਦੌਰਾਨ ਹੜ੍ਹਾਂ ਨਾਲ ਸਬੰਧਿਤ ਜ਼ਰੂਰੀ ਕੰਮ ਜਾਰੀ ਰੱਖੇ ਜਾਣਗੇ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਕਿ ਸੂਬਾ ਸਰਕਾਰ ਨੇ ਮਾਲ ਵਿਭਾਗ ਦੇ ਕਰਮਚਾਰੀਆਂ ਦੀ ਹੜਤਾਲ ਦੇ ਬਹਾਨੇ ਸੂਬੇ ਦੇ ਸੰਘਰਸ਼ਸ਼ੀਲ ਮੁਲਾਜ਼ਮਾਂ ਨੂੰ ਦਬਾਉਣ ਲਈ ਐਸਮਾ ਵਰਗਾ ਕਾਨੂੰਨ ਅਗਾਊਂ ਲਾਗੂ ਕਰ ਦਿੱਤਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮਾਲ ਵਿਭਾਗ ਵਿਚ ਬਹੁਤ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਪਰ ਇਸ ਭ੍ਰਿਸ਼ਟਾਚਾਰ ਦੀ ਬੁਨਿਆਦ ਸਾਡੇ ਰਾਜ ਪ੍ਰਬੰਧ ਵਿਚ ਪਈ ਹੈ, ਪਟਵਾਰੀ ਤਾਂ ਇਸ ਵਿਭਾਗ ਦੀ ਸਭ ਤੋਂ ਛੋਟੀ ਕੜੀ ਹੈ। ਪਟਵਾਰੀਆਂ ਦੇ ਭ੍ਰਿਸ਼ਟਾਚਾਰ ਨੂੰ ਚਸਕੇ ਲੈ-ਲੈ ਸੁਣਾਉਣ ਵਾਲੇ ਮੁੱਖ ਮੰਤਰੀ ਨੂੰ ਵੀ ਭਲੀਭਾਂਤ ਪਤਾ ਹੈ ਕਿ ਇਸ ਤਰ੍ਹਾਂ ਪਾਰਟੀ ਵਰਕਰ ਤਾਂ ਖੁਸ਼ ਕੀਤੇ ਜਾ ਸਕਦੇ ਹਨ ਪਰ ਭ੍ਰਿਸ਼ਟਾਚਾਰ ਖਤਮ ਨਹੀਂ ਹੋਵੇਗਾ। ਮਾਲ ਵਿਭਾਗ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਉੱਪਰ ਤੋਂ ਉਹ ਚੇਨ ਤੋੜਨੀ ਪਵੇਗੀ ਜੋ ਅਰਜ਼ੀ ਨਵੀਸ, ਪਟਵਾਰੀ ਤੋਂ ਸ਼ੁਰੂ ਹੋ ਕੇ ਕਾਨੂੰਗੋ, ਤਹਿਸੀਲਦਾਰਾਂ ਰਾਹੀਂ ਮੰਤਰੀਆਂ ਤੱਕ ਬਣੀ ਹੋਈ ਹੈ। ਸੋ, ਭ੍ਰਿਸ਼ਟਾਚਾਰ ਦਾ ਖਾਤਮਾ ਹੇਠਲੇ ਪੱਧਰ ਤੋਂ ਨਹੀਂ ਕੀਤਾ ਜਾ ਸਕਦਾ ਬਲਕਿ ਉੱਪਰਲੇ ਪੱਧਰ ਤੋਂ ਮਿਸਾਲੀ ਸਜ਼ਾਵਾਂ ਨਾਲ ਸ਼ੁਰੂਆਤ ਕਰਨੀ ਪੈਂਦੀ ਹੈ। ਜਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਕੈਬਨਿਟ ਮੰਤਰੀ ਵਿਜੇ ਸਿੰਗਲਾ ਫਸਿਆ ਸੀ ਤਾਂ ਮੁੱਖ ਮੰਤਰੀ ਦਾ ਦਾਅਵਾ ਸੀ ਕਿ ਉਨ੍ਹਾਂ ਕੋਲ ਮੰਤਰੀ ਖਿਲਾਫ ਪੁਖਤਾ ਸਬੂਤ ਹਨ ਪਰ ਉਨ੍ਹਾਂ ਸਬੂਤਾਂ ਦਾ ਕੀ ਬਣਿਆ? ਵਿਜੇ ਸਿੰਗਲਾ ਤਾਂ ਮਾਨਸਾ ਵਿਚ ਉਦਘਾਟਨ ਕਰਦਾ ਫਿਰਦਾ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੀ ਆਡੀਓ ਲੀਕ ਹੋਈ ਪਰ ਉਸ ਖਿਲਾਫ ਕੇਸ ਤੱਕ ਦਰਜ ਨਹੀਂ ਕੀਤਾ ਗਿਆ। ਸਰਕਾਰ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਫਸੇ ਆਪਣੇ ਵਿਧਾਇਕ ਅਮਿਤ ਰਤਨ ਨੂੰ ਪਹਿਲਾਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਬਾਅਦ ਵਿਚ ਸਬੂਤ ਜਨਤਕ ਹੋਣ ਬਾਅਦ ਗ੍ਰਿਫਤਾਰ ਤਾਂ ਕਰਨਾ ਪਿਆ ਲੇਕਿਨ ਉਸ ਨੂੰ ਅਜੇ ਤੱਕ ਪਾਰਟੀ ਵਿਚੋਂ ਬਾਹਰ ਦਾ ਰਸਤਾ ਨਹੀਂ ਦਿਖਾਇਆ ਗਿਆ। ਇਸ ਤੋਂ ਇਲਾਵਾ ਸਰਕਾਰ ਦੇ ਕਈ ਵਿਧਾਇਕਾਂ ਖਿਲਾਫ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗ ਚੁੱਕੇ ਹਨ ਪਰ ਸਰਕਾਰ ਨੇ ਉਸ ਮਾਮਲੇ ਵਿਚ ਚੁੱਪ ਵੱਟੀ ਹੋਈ ਹੈ।

ਪੰਜਾਬ ਵਿਚ 4716 ਪਟਵਾਰੀਆਂ ਦੀ ਜ਼ਰੂਰਤ ਹੈ ਪਰ ਇਸ ਸਮੇਂ ਸਿਰਫ 1800 ਦੇ ਕਰੀਬ ਪਟਵਾਰੀ ਕੰਮ ਕਰ ਰਹੇ ਹਨ। ਪੰਜਾਬ ਸਰਕਾਰ ਜੇ ਸੱਚਮੁੱਚ ਭ੍ਰਿਸ਼ਟਾਚਾਰ ਰੋਕਣ ਲਈ ਸੁਹਿਰਦ ਹੁੰਦੀ ਤਾਂ ਸਰਕਾਰ ਬਣਦਿਆਂ ਹੀ ਪਟਵਾਰੀਆਂ ਦੀਆਂ ਖਾਲੀ ਪਈਆਂ ਅਸਾਮੀਆਂ ਦਾ ਇਸ਼ਤਿਹਾਰ ਜਾਰੀ ਕਰਨਾ ਚਾਹੀਦਾ ਸੀ ਪਰ ਦੋ



ਸਤੰਬਰ ਨੂੰ ਆਪਣੇ ਫੇਸਬੁੱਕ ਪੇਜ ਤੋਂ ਲਾਈਵ ਹੁੰਦਿਆਂ ਭਗਵੰਤ ਮਾਨ ਨੇ ਗੱਲਾਂ-ਗੱਲਾਂ ਵਿਚ ਸਾਰੀਆਂ ਅਸਾਮੀਆਂ ਭਰ ਦਿੱਤੀਆਂ। ਉਨ੍ਹਾਂ ਪਹਿਲਾਂ ਤਾਂ ਪੰਜਾਬ ਵਿਚ ਪਟਵਾਰੀਆਂ ਦੀਆਂ ਕੁੱਲ ਅਸਾਮੀਆਂ 4716 ਦੀ ਬਜਾਇ ਘਟਾ ਕੇ 3660 ਦੱਸੀਆਂ ਹਾਲਾਂਕਿ ਸਰਕਾਰ ਇੱਕ ਹਜ਼ਾਰ ਦੇ ਕਰੀਬ ਅਸਾਮੀਆਂ 'ਤੇ ਕੈਂਚੀ ਫੇਰਨ ਵਾਲੀ ਚਿੱਠੀ ਵਾਪਸ ਲੈ ਚੁੱਕੀ ਹੈ। ਦੂਜਾ ਉਨ੍ਹਾਂ ਕਿਹਾ ਕਿ ਉਹ ਖਾਲੀ ਅਸਾਮੀਆਂ ਭਰਨ ਲਈ 741 ਟਰੇਨਿੰਗ ਲੈ ਰਹੇ ਪਟਵਾਰੀਆਂ ਨੂੰ ਅਗਾਊਂ ਭੇਜ ਦੇਣਗੇ ਤੇ 710 ਨੂੰ ਨਿਯੁਕਤੀ ਪੱਤਰ ਉਡੀਕ ਰਹੇ ਬੇਰੁਜ਼ਗਾਰ ਨੌਜਵਾਨਾਂ ਨੂੰ ਨਿਯੁਕਤੀ ਦੇਣਗੇ, 586 ਪਟਵਾਰੀਆਂ ਦੀਆਂ ਨਵੀਆਂ ਅਸਾਮੀਆਂ ਦਾ ਸਰਕਾਰ ਇਸ਼ਤਿਹਾਰ ਜਾਰੀ ਕਰ ਦੇਵੇਗੀ ਪਰ ਮੁੱਖ ਮੰਤਰੀ ਦੀ ਇਹ ਅਧੂਰੀ ਤੇ ਗੁਮਰਾਹਕੁਨ ਜਾਣਕਾਰੀ ਹੈ ਕਿਉਂਕਿ ਜਿਸ ਨੂੰ ਸਰਕਾਰ ਅੱਜ ਨਿਯੁਕਤੀ ਪੱਤਰ ਦੇਵੇਗੀ, ਉਹ 18 ਮਹੀਨੇ ਦੀ ਟਰੇਨਿੰਗ ਪਿੱਛੋਂ ਪਟਵਾਰੀ ਦੀ ਕੁਰਸੀ 'ਤੇ ਬੈਠਣਗੇ ਜਿਨ੍ਹਾਂ ਦੀਆਂ ਅਸਾਮੀਆਂ ਦਾ ਇਸ਼ਤਿਹਾਰ ਅਜੇ ਜਾਰੀ ਕਰਨਾ ਹੈ; ਉਹ ਅਸਾਮੀਆਂ ਭਰਨ, ਪੇਪਰ ਦੇਣ, ਆਦਿ ਭਰਤੀ ਪ੍ਰਕਿਰਿਆ ਦੇ ਗੇੜ ਵਿਚੋਂ ਨਿਕਲ ਕੇ ਡੇਢ ਸਾਲ ਦੀ ਟਰੇਨਿੰਗ ਲੈਂਦੇ ਹੋਏ ਘੱਟੋ-ਘੱਟ ਢਾਈ-ਤਿੰਨ ਸਾਲ ਬਾਅਦ ਪਟਵਾਰੀ ਦੀ ਕੁਰਸੀ 'ਤੇ ਬੈਠਣਗੇ; ਤਦ ਤੱਕ ਲੱਗਭੱਗ ਐਨੀ ਗਿਣਤੀ ਵਿਚ ਪੁਰਾਣੇ ਪਟਵਾਰੀ ਸੇਵਾ ਮੁਕਤ ਹੋ ਚੁੱਕੇ ਹੋਣਗੇ ਤੇ ਅਸਾਮੀਆਂ ਖਾਲੀ ਦੀਆਂ ਖਾਲੀ!

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸੇ ਮਾਲ ਵਿਭਾਗ ਵਿਚੋਂ ਭ੍ਰਿਸ਼ਟਾਚਾਰ ਖਤਮ ਹੋਣਾ ਚਾਹੀਦਾ ਹੈ ਪਰ ਜਦ ਅਸੀਂ ਤੱਥ ਦੇਖਦੇ ਹਾਂ ਤਾਂ ਸਮਝ ਪੈਂਦਾ ਹੈ ਕਿ ਸਰਕਾਰ ਖਾਸਕਰ ਮੁੱਖ ਮੰਤਰੀ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਕਥਿਤ ਲੜਾਈ ਦੇ ਨਾਮ ਹੇਠ ਫੋਕੀ ਬੱਲੇ-ਬੱਲੇ ਕਰਵਾਈ ਜਾ ਰਹੀ ਹੈ ਤੇ ਮੁਲਾਜ਼ਮ ਮਾਰੂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਦਸੰਬਰ 2016 ਵਿਚ ਭਰਤੀ ਕੀਤੇ ਪਟਵਾਰੀਆਂ ਨੂੰ ਪਹਿਲੇ ਡੇਢ ਸਾਲ ਟਰੇਨਿੰਗ ਦੌਰਾਨ ਮਹਿਜ਼ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਗਈ, ਛੇ ਮਹੀਨੇ ਬਗੈਰ ਤਨਖਾਹ ਲਗਵਾਏ ਅਤੇ ਉਸ ਤੋਂ ਬਾਅਦ ਤਿੰਨ ਸਾਲ ਲੱਗਭੱਗ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮੁੱਢਲੀ ਤਨਖਾਹ ਦਿੱਤੀ; ਭਾਵ, 2016 ਵਿਚ ਭਰਤੀ ਹੋਣੇ ਪਟਵਾਰੀ ਨੂੰ ਪਹਿਲੇ ਪੰਜ ਸਾਲ ਵਿਚ ਲੱਗਭੱਗ 4.50 ਲੱਖ ਰੁਪਏ ਤਨਖਾਹ ਮਿਲੀ ਜੋ ਕਰੀਬ 246 ਰੁਪਏ ਪ੍ਰਤੀ ਦਿਨ ਬਣਦੀ ਹੈ।

ਹਕੀਕਤ ਇਹ ਹੈ ਕਿ 'ਆਪ' ਸਰਕਾਰ ਨਿਜੀਕਰਨ ਨੂੰ ਵਧ-ਚੜ੍ਹ ਕੇ ਉਤਸ਼ਾਹਿਤ ਕਰ ਰਹੀ ਹੈ। ਮੁੱਖ ਮੰਤਰੀ ਇਹ ਤਾਂ ਕਹਿੰਦੇ ਹਨ ਕਿ 35 ਹਜ਼ਾਰ ਮੁਲਾਜ਼ਮ ਭਰਤੀ ਕੀਤੇ ਪਰ ਇਹ ਨਹੀਂ ਦੱਸਦੇ ਕਿ ਇਨ੍ਹਾਂ ਵਿਚ ਨਿਗੂਣੀਆਂ ਤਨਖਾਹਾਂ ਤਹਿਤ ਭਰਤੀ ਕੀਤੀਆਂ ਆਂਗਣਵਾੜੀ ਵਰਕਰਾਂ ਦਾ ਅੰਕੜਾ ਵੀ ਸ਼ਾਮਲ ਹੈ ਅਤੇ ਇਸ ਸਰਕਾਰ ਨੇ ਜਿੰਨੇ ਵੀ ਮੁਲਾਜ਼ਮ ਨਵੇਂ ਭਰਤੀ ਕੀਤੇ ਹਨ, ਉਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਵਾਂਗ ਪਹਿਲੇ ਤਿੰਨ ਸਾਲ ਨਿਗੂਣੀਆਂ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਭ੍ਰਿਸ਼ਟਾਚਾਰ ਸਿਰਫ ਕਿਸੇ ਤੋਂ ਸਿੱਧੇ ਪੈਸੇ ਲੈਣਾ ਹੀ ਨਹੀਂ ਹੁੰਦਾ ਬਲਕਿ ਬੇਰੁਜ਼ਗਾਰੀ ਦਾ ਫਾਇਦਾ ਉਠਾ ਕੇ ਨਵੇਂ ਭਰਤੀ ਕੀਤੇ ਜਾ ਰਹੇ ਮੁਲਾਜ਼ਮਾਂ ਨੂੰ ਪਹਿਲੇ ਤਿੰਨ ਸਾਲ ਨਿਗੂਣੀਆਂ ਤਨਖਾਹਾਂ (ਸਿਰਫ ਬੇਸਿਕ ਪੇਅ) ਦੇਣਾ ਵੀ ਤਾਂ ਭ੍ਰਿਸ਼ਟਾਚਾਰ ਹੀ ਹੈ। ਅੰਗਰੇਜ਼ ਹਕੂਮਤ ਸਮੇਂ ਕਾਲੇ ਕਾਨੂੰਨਾਂ ਖਿਲਾਫ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਲੜਾਈ ਲੜੀ ਸੀ ਤੇ ਅੱਜ ਜਦ 'ਆਪ' ਸਰਕਾਰ ਐਸਮਾ ਵਰਗਾ ਕਾਲਾ ਕਾਨੂੰਨ ਲਾਗੂ ਕਰ ਰਹੀ ਹੈ ਤਾਂ ਇਨ੍ਹਾਂ ਨੂੰ ਦਫਤਰਾਂ ਵਿਚੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਉਤਾਰ ਦੇਣੀ ਚਾਹੀਦੀ ਹੈ।

ਭਾਰਤ ਇੱਕ ਅਜਿਹਾ ਮੁਲਕ ਹੈ ਜਿੱਥੇ ਨੌਜਵਾਨਾਂ ਦੀ ਗਿਣਤੀ ਦੁਨੀਆ ਭਰ ਵਿਚੋਂ ਸਭ ਤੋਂ ਜ਼ਿਆਦਾ ਹੈ। ਅੱਜ ਜਦ ਚੀਨ, ਜਪਾਨ ਵਰਗੇ ਵਿਕਸਤ ਮੁਲਕ ਨੌਜਵਾਨਾਂ ਦੀ ਘੱਟ ਰਹੀ ਗਿਣਤੀ ਨਾਲ ਜੂਝ ਰਹੇ ਹਨ ਤਾਂ ਇਹ ਸਾਡੇ ਸਮਾਜ ਦਾ ਹਾਂ ਪੱਖ ਹੈ ਕਿ ਸਾਡੇ ਕੋਲ ਨੌਜਵਾਨਾਂ ਦੇ ਰੂਪ ਵਿਚ ਵਿਕਸਤ ਦਿਮਾਗ ਹਨ। ਇਸ ਲਈ ਬਣਦਾ ਤਾਂ ਇਹ ਹੈ ਕਿ ਨਵੇਂ ਨੌਜਵਾਨਾਂ ਨੂੰ ਮੌਕਾ ਦੇਣ ਲਈ ਸਰਕਾਰ ਸੇਵਾ ਮੁਕਤੀ ਉਮਰ ਹੱਦ ਘਟਾਏ ਪਰ ਭਗਵੰਤ ਮਾਨ ਸਰਕਾਰ ਨੇ ਉਲਟਾ ਰਸਤਾ ਅਖਤਿਆਰ ਕਰ ਲਿਆ ਹੈ ਕਿ ਨੌਜਵਾਨਾਂ ਨੂੰ ਭਰਤੀ ਕਰਨ ਦੀ ਬਜਾਇ ਸੇਵਾ ਮੁਕਤ ਹੋ ਚੁੱਕੇ ਮੁਲਾਜ਼ਮਾਂ ਨੂੰ ਮੁੜ ਠੇਕੇ 'ਤੇ ਭਰਤੀ ਕੀਤਾ ਜਾ ਰਿਹਾ ਹੈ।

ਪਹਿਲਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਪਟਵਾਰੀ ਭਰਤੀ ਕਰਨ ਦੀ ਥਾਂ ਸੇਵਾ ਮੁਕਤ ਪਟਵਾਰੀ ਦੁਬਾਰਾ ਉੱਕੇ-ਪੁੱਕੇ ਠੇਕੇ 'ਤੇ ਰੱਖ ਲਏ, ਹੁਣ ਟੀ.ਈ.ਟੀ. ਪਾਸ ਬੇਰੁਜ਼ਗਾਰ ਅਧਿਆਪਕਾਂ ਨੂੰ ਭਰਤੀ ਕਰਨ ਦੀ ਬਜਾਇ ਪੰਜਾਬ ਕੈਬਨਿਟ ਨੇ ਸਰਕਾਰੀ ਸਕੂਲਾਂ ਵਿਚ ਵਿਜ਼ਟਿੰਗ ਫੈਕਲਟੀ ਦੀ ਨਿਯੁਕਤੀ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਤਹਿਤ ਪਹਿਲੇ ਪੜਾਅ ਵਿਚ 117 ਸਰਕਾਰੀ ਸਕੂਲਾਂ ਵਿਚ ਵਿਜ਼ਟਿੰਗ ਫੈਕਲਟੀ ਅਧਿਆਪਕ ਨਿਯੁਕਤ ਕੀਤੇ ਜਾਣਗੇ ਅਤੇ ਉਸ ਤੋਂ ਬਾਅਦ ਬਾਕੀ ਸਕੂਲਾਂ ਵਿਚ ਇਹ ਨਿਯੁਕਤੀਆਂ ਕੀਤੀਆਂ ਜਾਣਗੀਆਂ। ਸਰਕਾਰ ਅਨੁਸਾਰ ਕਿਸੇ ਵੀ ਸਰਕਾਰੀ/ਪ੍ਰਾਈਵੇਟ ਸਕੂਲ/ਕਾਲਜ ਜਾਂ ਯੂਨੀਵਰਸਿਟੀ ਤੋਂ ਸੇਵਾ ਮੁਕਤ ਹੋਇਆ ਅਧਿਆਪਕ ਤਜਵੀਜ਼ਤ 'ਵਿਜ਼ਟਿੰਗ ਰਿਸੋਰਸ ਫੈਕਲਟੀ ਸਕੀਮ' ਲਈ ਯੋਗ ਹੋਵੇਗਾ। ਇਸ ਦਾ ਮਤਲਬ ਸਾਫ ਹੈ ਕਿ ਸਾਰੇ ਟੈਸਟ ਪਾਸ ਬੇਰੁਜ਼ਗਾਰ ਨੌਜਵਾਨ ਸਰਕਾਰ ਦੀ ਇਸ ਤਜਵੀਜ਼ ਤਹਿਤ ਅਯੋਗ ਹੋਣਗੇ ਕਿਉਂਕਿ ਸਰਕਾਰ ਰਿਟਾਇਰ ਅਧਿਆਪਕਾਂ ਨੂੰ ਦੁਬਾਰਾ ਠੇਕੇ 'ਤੇ ਪ੍ਰਤੀ ਪੀਰੀਅਡ ਦੇ ਹਿਸਾਬ ਨਾਲ ਰੱਖੇਗੀ। ਸਰਕਾਰ ਬੇਰੁਜ਼ਗਾਰਾਂ ਦੀ ਥਾਂ ਸੇਵਾ ਮੁਕਤ 'ਸੀਨੀਅਰ ਸਿਟੀਜ਼ਨ' ਭਰਤੀ ਕਰ ਕੇ ਦਾਅਵੇ ਕਰ ਰਹੀ ਹੈ ਕਿ ਇੱਥੇ ਅੰਗਰੇਜ਼ ਨੌਕਰੀ ਮੰਗਣ ਆਇਆ ਕਰਨਗੇ।

ਸੋ, ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਭ੍ਰਿਸ਼ਟਾਚਾਰ ਖਿਲਾਫ ਲੜਾਈ ਦੇ ਨਾਮ ਹੇਠ ਸੂਬਾ ਸਰਕਾਰ ਕਾਲੇ ਕਾਨੂੰਨ ਥੋਪ ਕੇ ਨਿਜੀਕਰਨ ਦਾ ਕੁਹਾੜਾ ਤੇਜ਼ ਕਰ ਰਹੀ ਹੈ। ਮਾਲ ਮਹਿਕਮਾ ਤਾਂ ਸਰਕਾਰ ਦਾ ਬਹਾਨਾ ਹੈ, ਅਸਲ ਨਿਸ਼ਾਨਾ ਸੰਘਰਸ਼ਸ਼ੀਲ ਤਬਕਾ ਹੈ ਕਿਉਂਕਿ ਸਰਕਾਰ ਨੂੰ ਪਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਖਾਲੀ ਅਸਾਮੀਆਂ ਭਰਨ, ਪ੍ਰੋਬੇਸ਼ਨ ਪੀਰੀਅਡ ਸਮੇਂ ਪੂਰੀ ਤਨਖਾਹ ਦੀ ਮੰਗ, ਪੁਰਾਣੀ ਪੈਨਸ਼ਨ ਬਹਾਲੀ ਸਮੇਤ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਖਾਤਰ ਸੰਘਰਸ਼ ਤਿੱਖਾ ਕੀਤਾ ਜਾ ਸਕਦਾ ਹੈ।

*ਮਿਆਰੀ ਸਿੱਖਿਆ ਲਈ (ੳ) ਸਰਕਾਰ (ਅ) ਪੰਜਾਬ ਸਕੂਲ ਬੋਰਡ (ੲ) ਦਫ਼ਤਰ (ਸ) ਸਕੂਲ ਅਤੇ (ਹ) ਸਮਾਜ ਸਕੂਲ ਪ੍ਰਬੰਧਕ ਕਮੇਟੀ ਪੰਜ ਅਦਾਰੇ ਹਨ। ਜਿਨ੍ਹਾਂ ਨੂੰ ਜੇਕਰ ਇੱਕ ਸੁਰ ਕਰ ਲਿਆ ਜਾਏ ਤਾਂ ਪੰਜਾਬ ਵਿਚ ਇਹ ਕੋਈ ਮੁਕਾਮ ਬਣਾ ਸਕਦਾ ਹੈ। ਪੰਜਾਬ ਦੀ ਸਕੂਲ ਸਿੱਖਿਆ ਵਿਚ ਸੁਧਾਰ ਹੋ ਸਕਦਾ ਹੈ। ਸਰਕਾਰ ਦਾ ਜਿੱਥੇ ਕੰਮ ਬਾਕੀ ਚਾਰਾਂ ਨੂੰ ਇਕ ਸੁਰ ਕਰਨਾ ਹੈ ਉੱਥੇ ਉਸ ਦੇ ਆਪਣੀ ਪੱਧਰ ਉੱਤੇ ਵੀ ਕੁਝ ਨਿਭਾਉਣ ਯੋਗ ਜ਼ਿੰਮੇਵਾਰੀਆਂ ਹਨ। ਸਕੂਲਾਂ ਵਿਚ ਅਸਾਮੀਆਂ ਪੂਰੀਆਂ ਕੀਤੀ ਜਾਣ। ਅਧਿਆਪਕ ਦੀ ਕਰੀਅਰ ਵਿਚ ਪਹਿਲੀ ਬਦਲੀ ਲਈ ਠਹਿਰ ਤਿੰਨ ਸਾਲ ਪਰ ਕੁਆਰੀਆਂ ਤੇ ਵਿਧਵਾਵਾਂ ਲਈ ਠਹਿਰ ਦੀ ਸ਼ਰਤ ਹਟਾ ਦਿੱਤੀ ਜਾਵੇ। ਪਹਿਲੀ ਬਦਲੀ ਉਪਰੰਤ ਸਭ ਲਈ ਹਰ ਬਦਲੀ ਲਈ ਠਹਿਰ ਪੰਜ ਸਾਲ ਕਰ ਦਿੱਤੀ ਜਾਵੇ। ਤਰੱਕੀ ਤੋਂ ਪਹਿਲਾਂ ਖਾਲੀ ਹੋਣ ਵਾਲੀਆਂ ਅਸਾਮੀਆਂ ਦੀ ਹੇਠੋਂ ਤਰੱਕੀ ਜਾਂ ਨਵੀਂ ਭਰਤੀ ਪਹਿਲਾਂ ਤਿਆਰ ਹੋਵੇ। ਪੰਜਾਬ ਸਰਕਾਰ ਨੂੰ ਬੇਵਜ੍ਹਾ ਸਕੂਲ ਬੰਦ ਕਰਨ ਨਾਲੋਂ ਸਕੂਲ ਚੱਲਦੇ ਰੱਖਣ ਵਿਚ ਸੋਭਾ ਖੱਟਣੀ ਚਾਹੀਦੀ ਹੈ।*

# ਮਿਆਰੀ ਸਿੱਖਿਆ ਦਾ ਮਸਲਾ ਅਤੇ ਸਰਕਾਰ




ਇਹ ਹੁਣ ਪੁਰਾਣੀ ਗੱਲ ਹੋ ਗਈ ਹੈ ਕਿ ਪੰਜ ਸਤੰਬਰ ਕਿਵੇਂ ਅਧਿਆਪਕ ਦਿਵਸ ਬਣਿਆ। ਹੁਣ ਤਾਂ ਇਹ ਦਿਨ ਮਿਆਰੀ ਸਿੱਖਿਆ ਉਪਲਬਧ ਕਰਵਾਉਣ ਲਈ ਫੈਸਲੇ ਕਰਨ ਦਾ ਸਮਾਂ ਹੈ। ਸਭ ਨੂੰ ਮਿਆਰੀ ਸਿੱਖਿਆ, ਸਸਤੀ ਸਿੱਖਿਆ ਅਤੇ ਸਿਆਣੇ ਨਾਗਰਿਕ ਬਣਾਉਣ ਵਾਲੀ ਸਿੱਖਿਆ ਦੇਣ ਦੀ ਲੋੜ ਹੈ। ਪ੍ਰਾਈਵੇਟ ਸਕੂਲ ਸਿੱਖਿਆ ਸਿਸਟਮ ਦਾ ਅਨਿੱਖੜਵਾਂ ਅੰਗ ਇਸ ਕਰ ਕੇ ਬਣਿਆ ਹੀ ਰਹੇਗਾ ਕਿਉਂਕਿ ਇਹ ਆਰਥਿਕ ਮਾਡਲ ਦਾ ਹੁਣ ਇੱਕ ਅੰਗ ਹੈ ਪਰ ਮਿਆਰੀ ਸਿੱਖਿਆ ਉੱਥੇ ਵੀ ਹਰ ਥਾਂ ਨਹੀਂ। ਇਨ੍ਹਾਂ ਸਕੂਲਾਂ ਵੱਲ ਬਰਾਬਰ ਧਿਆਨ ਦਿੰਦਿਆਂ



ਸਰਕਾਰੀ ਸਕੂਲਾਂ ਨੂੰ ਇਨ੍ਹਾਂ ਸਕੂਲਾਂ ਲਈ ਚੁਣੌਤੀ ਬਣਾਉਣਾ ਹੈ ਤਾਂ ਕਿ ਫਿਰ ਮੁਕਾਬਲੇ ਦੀ ਦੌੜ ਲਾਭਦਾਇਕ ਹੋ ਨਿੱਬੜੇ।

**ਸੁੱਚਾ ਸਿੰਘ ਖੱਟੜਾ**
**ਫੋਨ: +91-94176-52947**

ਮਿਆਰੀ ਸਿੱਖਿਆ ਲਈ (ੳ) ਸਰਕਾਰ (ਅ) ਪੰਜਾਬ ਸਕੂਲ ਬੋਰਡ (ੲ) ਦਫ਼ਤਰ (ਸ) ਸਕੂਲ ਅਤੇ (ਹ) ਸਮਾਜ ਸਕੂਲ ਪ੍ਰਬੰਧਕ ਕਮੇਟੀ ਪੰਜ ਅਦਾਰੇ ਹਨ। ਜਿਨ੍ਹਾਂ ਨੂੰ ਜੇਕਰ ਇੱਕ ਸੁਰ ਕਰ ਲਿਆ ਜਾਏ ਤਾਂ ਪੰਜਾਬ ਵਿਚ ਇਹ ਕੋਈ ਮੁਕਾਮ ਬਣਾ ਸਕਦਾ ਹੈ। ਪੰਜਾਬ ਦੀ ਸਕੂਲ ਸਿੱਖਿਆ ਵਿਚ ਸੁਧਾਰ ਹੋ ਸਕਦਾ ਹੈ। ਸਰਕਾਰ ਦਾ ਜਿੱਥੇ ਕੰਮ ਬਾਕੀ ਚਾਰਾਂ ਨੂੰ ਇਕ ਸੁਰ ਕਰਨਾ ਹੈ ਉੱਥੇ ਉਸ ਦੇ ਆਪਣੀ ਪੱਧਰ ਉੱਤੇ ਵੀ ਕੁਝ ਨਿਭਾਉਣ ਯੋਗ ਜ਼ਿੰਮੇਵਾਰੀਆਂ ਹਨ। ਸਕੂਲਾਂ ਵਿਚ ਅਸਾਮੀਆਂ ਪੂਰੀਆਂ ਕੀਤੀ ਜਾਣ। ਅਧਿਆਪਕ ਦੀ ਕਰੀਅਰ ਵਿਚ ਪਹਿਲੀ ਬਦਲੀ ਲਈ ਠਹਿਰ ਤਿੰਨ ਸਾਲ ਪਰ ਕੁਆਰੀਆਂ ਤੇ ਵਿਧਵਾਵਾਂ ਲਈ ਠਹਿਰ ਦੀ ਸ਼ਰਤ ਹਟਾ ਦਿੱਤੀ ਜਾਵੇ। ਪਹਿਲੀ ਬਦਲੀ ਉਪਰੰਤ ਸਭ ਲਈ ਹਰ ਬਦਲੀ ਲਈ ਠਹਿਰ ਪੰਜ ਸਾਲ ਕਰ ਦਿੱਤੀ ਜਾਵੇ। ਤਰੱਕੀ ਤੋਂ ਪਹਿਲਾਂ ਖਾਲੀ ਹੋਣ ਵਾਲੀਆਂ ਅਸਾਮੀਆਂ ਦੀ ਹੇਠੋਂ ਤਰੱਕੀ ਜਾਂ ਨਵੀਂ ਭਰਤੀ ਪਹਿਲਾਂ ਤਿਆਰ ਹੋਵੇ। ਪੰਜਾਬ ਸਰਕਾਰ ਨੂੰ ਬੇਵਜ੍ਹਾ ਸਕੂਲ ਬੰਦ ਕਰਨ ਨਾਲੋਂ ਸਕੂਲ ਚੱਲਦੇ ਰੱਖਣ ਵਿਚ ਸੋਭਾ ਖੱਟਣੀ ਚਾਹੀਦੀ ਹੈ।

ਐੱਸ.ਸੀ.ਈ.ਆਰ.ਟੀ., ਡੀ.ਜੀ.ਐੱਸ.ਈ., ਡੀ.ਪੀ.ਆਈ., ਸਕੂਲ ਬੋਰਡ, ਡੀ.ਈ.ਓ. ਦਫ਼ਤਰਾਂ ਦੇ ਅਧਿਕਾਰੀਆਂ ਲਈ ਸਕੂਲ ਨਿਰੀਖਣ ਦਾ ਕੰਮ ਲਾਜ਼ਮੀ ਕੀਤਾ ਜਾਵੇ। ਜੇਕਰ ਸਿੱਖਿਆ ਸਕੱਤਰ ਨੂੰ ਸਾਲ ਲਈ 10 ਸਕੂਲ ਦਿੱਤੇ ਜਾਂਦੇ ਹਨ ਤਾਂ ਉਸ ਤੋਂ ਹੇਠਾਂ ਹਰ ਅਧਿਕਾਰੀ ਲਈ ਸਾਲਾਨਾ 20 ਸਕੂਲਾਂ ਦਾ ਨਿਰੀਖਣ ਲਾਜ਼ਮੀ ਕੀਤਾ ਜਾਵੇ। ਸਿੱਖਿਆ ਮੰਤਰੀ ਕੋਲ ਨਿਰੀਖਣ ਲਈ ਸਮਾਂ ਨਹੀਂ ਹੋ ਸਕਦਾ ਪਰ ਸਕੂਲ ਇਸ ਸਮਰੱਥਾ ਨਾਲ ਚੱਲਣ ਕਿ ਅਚਨਚੇਤ ਚੈਕਿੰਗ ਕਰਵਾਉਣ ਲਈ ਹਰ ਸਕੂਲ ਦੀ ਖਾਹਿਸ਼ ਹੋਵੇ। ਸਿੱਖਿਆ ਵਿਭਾਗ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਤੇਜ਼ੀ ਨਾਲ ਸੂਬਿਆਂ ਨੂੰ ਕੇਂਦਰ ਦੀ ਨਵੀਂ ਸਿੱਖਿਆ ਨੀਤੀ ਲਾਗੂ ਕਰਨ ਦੇ ਏਜੰਟ ਬਣਾਉਣਾ ਚਾਹੁੰਦੀ ਹੈ।

ਮਿਆਰੀ ਸਿੱਖਿਆ ਲਈ ਅਗਲੀ ਧਿਰ ਪੰਜਾਬ ਸਕੂਲ ਸਿੱਖਿਆ ਬੋਰਡ ਹੈ। ਪ੍ਰੀਖਿਆਵਾਂ, ਮੁਲਾਂਕਣਾਂ ਨੂੰ ਗੈਰ-ਗੰਭੀਰਤਾ ਨਾਲ ਨਾ ਲਿਆ ਜਾਵੇ। ਇਸ ਪ੍ਰਥਾ ਨਾਲ ਬੋਰਡ ਅਤੇ ਅਧਿਆਪਕ ਦੀ ਸ਼ਾਨ ਘਟਦੀ ਹੈ। ਸਕੂਲ ਬੋਰਡ ਜ਼ਿੰਮੇਵਾਰੀ ਨਾਲ ਸਮੇਂ ਸਿਰ ਕਿਤਾਬਾਂ ਛਪਵਾ ਕੇ ਸਕੂਲ ਪਹੁੰਚਾਏ। ਵਿਦਿਆਰਥੀਆਂ ਦੀਆਂ ਬੋਰਡ ਨਾਲ ਸਬੰਧਿਤ ਸਮੱਸਿਆਵਾਂ ਸਮਾਂਬੱਧ ਢੰਗ ਨਾਲ ਹੱਲ ਕਰ ਕੇ ਕਾਰਵਾਈ ਘਰ ਪਹੁੰਚਦੀ ਕੀਤੀ ਜਾਵੇ। ਤੀਜੀ ਧਿਰ ਸਿੱਖਿਆ ਦਫ਼ਤਰ ਹਨ। ਅਧਿਆਪਕਾਂ ਦੀ ਜ਼ਿਲ੍ਹੇ ਤੋਂ ਡੀ.ਪੀ.ਆਈ. ਦਫ਼ਤਰ ਤਕ ਦੀ ਖੱਜਲ ਖੁਆਰੀ ਘਟਾਉਣ ਲਈ ਵਿਧੀ ਪੂਰਨ ਪ੍ਰਣਾਲੀ, ਡੀ.ਪੀ.ਆਈ'ਜ਼ ਦੀਆਂ ਅਨੇਕਾਂ ਸ਼ਕਤੀਆਂ ਜ਼ਿਲ੍ਹਾ ਪੱਧਰ ਨੂੰ ਅਤੇ ਜ਼ਿਲ੍ਹਿਆਂ ਦੀਆਂ ਅਨੇਕਾਂ ਸ਼ਕਤੀਆਂ ਸਕੂਲ ਮੁਖੀਆਂ ਅਤੇ ਬਲਾਕ ਸਿੱਖਿਆ ਅਧਿਕਾਰੀਆਂ ਨੂੰ ਸੌਂਪਣ ਦਾ ਕਾਰਜ ਪਹਿਲਾਂ ਦੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨਿਬੇੜ ਗਏ ਸਨ। ਫਿਰ ਵੀ ਹਰ ਦਫ਼ਤਰ ਦੀ ਹਰ ਸੀਟ ਲਈ ਅਧਿਆਪਕ ਦੇ ਨਿੱਜੀ ਕੰਮ ਦੇ ਨਿਬੇੜੇ ਨੂੰ ਸਮਾਂਬੱਧ ਕਰਕੇ ਜ਼ਿੰਮੇਵਾਰੀ ਅਤੇ ਪ੍ਰਬੰਧਕੀ ਕੌਸ਼ਲ ਨਾਲ ਇਹ ਨਿਯਮ ਲਾਗੂ ਕੀਤਾ ਜਾਵੇ। ਕਿਸੇ ਵੀ ਪੱਧਰ ਦੇ ਅਧਿਕਾਰੀ ਦੀ ਕੋਈ ਵੀ ਅਸਾਮੀ ਖਾਲੀ ਨਹੀਂ ਰਹਿਣੀ ਚਾਹੀਦੀ।

ਚੌਥੀ ਪਰ ਸਭ ਤੋਂ ਮਹੱਤਵਪੂਰਨ ਧਿਰ ਸਕੂਲ ਹਨ। ਸਕੂਲ ਸਟਾਫ਼ ਜੇ ਇੱਕ ਪਰਿਵਾਰ ਵਾਂਗ ਨਹੀਂ ਵਿਚਰਦਾ, ਬੈਠਦਾ ਅਤੇ ਇੱਕ ਦੂਜੇ ਦਾ ਸਹਿਯੋਗੀ ਨਹੀਂ ਹੈ ਤਾਂ ਅਜਿਹੇ ਸਟਾਫ਼ ਦੇ ਅਧਿਆਪਕ, ਅਧਿਆਪਕ ਨਹੀਂ। ਸਰਕਾਰੀ ਨੌਕਰ ਅਤੇ ਤਨਖਾਹਦਾਰ ਹੀ ਹਨ। ਸਕੂਲ ਮੁਖੀ ਨੇ ਸਕੂਲ ਨੂੰ ਵਿਲੱਖਣ ਬਣਾਉਣਾ ਹੈ ਤਾਂ ਉਸ ਨੂੰ ਇਸ ਪਰਿਵਾਰ ਦਾ ਆਦਰ ਮੁਖੀਆ ਬਣ ਕੇ ਦਿਖਾਉਣਾ ਹੋਵੇਗਾ। ਟਾਈਮ ਟੇਬਲ ਵਿਚ ਜਿਸ ਅਧਿਆਪਕ ਨੂੰ ਉਸ ਦਾ ਵਿਸ਼ਾ ਛੇਵੀਂ ਵਿਚ ਮਿਲੇ, ਉਹ ਉਸ ਨੂੰ ਦਸਵੀਂ ਤੱਕ ਲੈ ਕੇ ਜਾਵੇ। ਇਸ ਨਿਯਮ ਨੂੰ ਸੀਨੀਅਰ ਅਧਿਆਪਕ ਸਭ ਤੋਂ ਪਹਿਲਾਂ ਆਪਣੇ ਉੱਤੇ ਲਾਗੂ ਕਰਨ। ਇਸ ਪ੍ਰਥਾ ਦੀ ਸ਼ਾਨਦਾਰ ਪ੍ਰਾਪਤੀ ਹਰ ਅਧਿਆਪਕ ਦੇ ਕਰੀਅਰ ਵਿਚ ਸਟਾਰ ਵਾਂਗ ਚਮਕਿਆ ਕਰੇਗੀ। ਜਮਾਤ ਦਾ ਖਾਲੀ ਪੀਰੀਅਡ ਲੈਣ ਲਈ ਜੇਕਰ ਸਟਾਫ ਅੰਦਰ ਇੱਕ-ਦੂਜੇ ਤੋਂ ਪਹਿਲਾਂ ਜਾਣ ਦੀ ਦੌੜ ਨਹੀਂ ਤਾਂ ਅਧਿਆਪਕ ਨੂੰ ਪੜ੍ਹਾਉਣ ਦਾ ਨਾ ਹੀ ਸ਼ੌਕ ਹੈ, ਨਾ ਹੀ ਹੁਨਰ। ਇਹ ਅਧਿਆਪਕ ਦੀ ਮਰਜ਼ੀ ਉੱਤੇ ਛੱਡਣਾ ਚਾਹੀਦਾ ਹੈ ਕਿ ਉਹ ਪੀਰੀਅਡ ਦਾ ਵਿਸ਼ਾ ਜਾਂ ਆਪਣਾ ਵਿਸ਼ਾ ਪੜ੍ਹਾ ਸਕੇ। ਅਧਿਆਪਕਾਂ ਨੂੰ ਪ੍ਰੀਖਿਆਵਾਂ ਸਬੰਧੀ ਹਰ ਕਾਰਜ- ਪ੍ਰਸ਼ਨ ਪੱਤਰ ਬਣਾਉਣੇ, ਪ੍ਰੀਖਿਆ ਡਿਊਟੀ, ਉੱਤਰ ਪੱਤਰੀਆਂ ਚੈੱਕ ਕਰਨੀਆਂ ਆਦਿ ਨੂੰ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ ਤਾਂ ਕਿ ਪ੍ਰੀਖਿਆਵਾਂ ਮਖੌਲ ਦਾ ਵਿਸ਼ਾ ਨਾ ਬਣ ਜਾਣ। ਸਕੂਲ ਵਿਚ ਖੇਡਾਂ, ਵਿਗਿਆਨ ਅਤੇ ਸੱਭਿਆਚਾਰਕ ਮੁਕਾਬਲੇ ਲਈ ਤਿਆਰੀ ਵਿਚ ਹਰ ਸਟਾਫ਼ ਮੈਂਬਰ ਨੂੰ ਸਹਿਯੋਗੀ ਬਣਨਾ ਚਾਹੀਦਾ ਹੈ। ਸਟਾਫ ਦੀ ਏਕਤਾ ਸਟਾਫ ਦਾ ਸਤਿਕਾਰ ਵਧਾਉਂਦੀ ਹੈ। ਅਧਿਆਪਕ ਭਗਤਾਂ, ਸੂਫ਼ੀਆਂ, ਸੰਤਾਂ, ਗੁਰੂਆਂ ਦੀ ਮਾਨਵ ਸਾਂਝ ਦੇ ਵਿਰਾਸਤੀ ਉਪਦੇਸ਼ ਅਤੇ ਸੰਦੇਸ਼ ਹਰ ਸਵੇਰ ਬੱਚਿਆਂ ਨਾਲ ਸਾਂਝੇ ਕਰਨਾ ਨਿਯਮ ਹੀ ਬਣਾ ਲੈਣ, ਨਹੀਂ ਤਾਂ...ਇਸ਼ਾਰਾ ਮੁਜ਼ੱਫਰਨਗਰ ਦੀ ਘਟਨਾ ਵੱਲ ਹੈ।

ਪੰਜਵੀਂ ਧਿਰ ਸਕੂਲ ਪ੍ਰਬੰਧਕੀ ਕਮੇਟੀ ਹੈ। ਸਿੱਖਿਆ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਸਕੂਲ ਪ੍ਰਬੰਧਕ ਕਮੇਟੀ (ਐੱਸ.ਐੱਮ.ਸੀ.) ਦੇ ਗਠਨ ਦੀਆਂ ਹਦਾਇਤਾਂ ਕੇਂਦਰ ਸਰਕਾਰ ਦੇ ਮਨੁੱਖੀ ਵਸੀਲੇ ਵਿਭਾਗ ਤੋਂ ਆਈਆਂ ਹਨ। ਖੈਰ, ਸਕੂਲ ਮੁਖੀ ਨੂੰ ਚਾਹੀਦਾ ਹੈ ਕਿ ਉਹ ਪਿੰਡ, ਮੁਹੱਲੇ ਜਾਂ ਕਸਬੇ ਦਾ ਸਹਿਯੋਗ ਲੈਣ ਲਈ ਸਕੂਲ ਪ੍ਰਬੰਧਕ ਕਮੇਟੀ ਦਾ ਸਹਿਯੋਗ ਲਵੇ। ਜੇਕਰ ਕਮਿਊਨਿਟੀ ਸਹਿਯੋਗ ਦਿੰਦੀ ਹੈ ਤਾਂ ਸਕੂਲ ਵਿਚ ਸਿੱਖਿਆ ਦਾ ਮਿਆਰ ਵਧਾਉਣ ਲਈ ਅਨੇਕਾਂ ਨਵੇਂ ਬੂਹੇ ਖੁੱਲ੍ਹ ਜਾਣਗੇ। ਸਕੂਲ ਦੇ ਸਾਬਕਾ ਵਿਦਿਆਰਥੀ ਸਕੂਲ ਪ੍ਰਬੰਧਕ ਕਮੇਟੀਆਂ ਰਾਹੀਂ ਸਕੂਲ ਦੇ ਸਹਿਯੋਗੀ ਬਣਾਏ ਜਾ ਸਕਦੇ ਹਨ। ਸਕੂਲ ਪ੍ਰਬੰਧਕ ਕਮੇਟੀ ਦੀ ਚੋਣ/ਗਠਨ, ਮੀਟਿੰਗਾਂ ਜੇ ਫਰਜ਼ੀਵਾੜਾ ਨਾ ਹੋਣ ਤਾਂ ਉਪਰੋਕਤ ਸਾਰੇ ਕੰਮ ਹੋ ਸਕਦੇ ਹਨ। ਸਕੂਲ ਪ੍ਰਬੰਧਕ ਕਮੇਟੀ ਦੇ ਗਠਨ ਤੋਂ ਪਹਿਲਾਂ ਸਟਾਫ ਦੀ ਰਾਇ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਸਟਾਫ ਸਕੂਲ ਦੇ ਚੌਗਿਰਦੇ ਦੀ ਕਮਿਊਨਿਟੀ ਦਾ ਵਧੇਰੇ ਜਾਣੂ ਹੁੰਦਾ ਹੈ।

ਅਧਿਆਪਕ ਜਥੇਬੰਦੀਆਂ ਮਿਆਰੀ ਸਿੱਖਿਆ ਲਈ ਨਿੱਗਰ ਦਾਅਵੇਦਾਰ ਹੋ ਸਕਦੀਆਂ ਹਨ ਪਰ ਇਨ੍ਹਾਂ ਦੀ ਵਧੇਰੇ ਗਿਣਤੀ ਕਾਰਨ ਇਹ ਧਿਰ ਮਿਆਰੀ ਸਿੱਖਿਆ ਲਈ ਨਾ ਹੀ ਸਰਕਾਰ ਤੋਂ ਅਤੇ ਨਾ ਹੀ ਅਧਿਆਪਕਾਂ ਤੋਂ ਕੁਝ ਲਾਗੂ ਕਰਵਾ ਸਕਦੀ ਹੈ। ਮਿਸਾਲ ਲਈ ਫਿਰਕਾਪ੍ਰਸਤੀ ਦੇ ਫੈਲਦੇ ਜ਼ਹਿਰ ਦੇ ਟਾਕਰੇ ਲਈ ਇਹ ਸਕੂਲ ਮੁਖੀਆਂ ਜਾਂ ਸਰਕਾਰ ਤੋਂ ਸ਼ਾਇਦ ਹੀ ਕੋਈ ਏਜੰਡਾ ਲਾਗੂ ਕਰਵਾ ਸਕਣ। ਇਨ੍ਹਾਂ ਦੇ ਸਾਂਝੇ ਮੋਰਚੇ ਮੁਕਾਬਲੇਬਾਜ਼ੀ ਵਿਚ ਅਧਿਆਪਕਾਂ ਦੇ ਵੱਡੇ ਇਕੱਠ ਤਾਂ ਕਰ ਸਕਦੇ ਹਨ ਪਰ ਸਕੂਲਾਂ ਵਿਚ ਮਿਆਰੀ ਸਿੱਖਿਆ ਲਈ ਅਧਿਆਪਕਾਂ ਤੱਕ ਇਨ੍ਹਾਂ ਦੀ ਅਪੀਲ ਸ਼ਾਇਦ ਹੀ ਅਸਰ ਭਰਪੂਰ ਹੋ ਸਕੇ। ਪਿਛਲੀ ਸਦੀ ਦੇ ਸੱਤਰਵੇਂ ਦਹਾਕੇ ਦੇ ਆਰੰਭ ਵਿਚ ਸਾਂਝੀ ਅਤੇ ਇਕੋ-ਇਕ ਜਥੇਬੰਦੀ ਲਈ ਵਿਧਾਨ ਬਣਿਆ ਪਰ ਕੁਝ ਚੋਣਾਂ ਬਾਅਦ ਵਿਧਾਨ ਦਮ ਤੋੜ ਗਿਆ। ਹੁਣ ਜਾਂ ਤਾਂ ਕੋਈ ਇਕ ਜਥੇਬੰਦੀ ਇੰਨੀ ਦਮਦਾਰ ਬਣੇ ਕਿ ਬਾਕੀਆਂ ਦੀ ਹੋਂਦ ਨਾਚੀਜ਼ ਹੋ ਜਾਵੇ ਜਾਂ ਫਿਰ ਮੁੜ ਉਸ ਵਿਧਾਨ ਦਾ ਲੜ ਫੜ ਲਿਆ ਜਾਏ ਜਿਹੜਾ ਸਫਲਤਾ ਨਾਲ ਚੋਣ ਰਾਹੀਂ ਇਕੋ-ਇਕ ਜਥੇਬੰਦੀ ਦਿੰਦਾ ਸੀ।

# ਵਿਦਿਆਰਥੀਆਂ ਲਈ ਸਵਾਲਾਂ ਦੀ ਅਹਿਮੀਅਤ

**ਯਸ਼ਪਾਲ**

ਕੀ ਸਵਾਲ ਵਧੇਰੇ ਅਹਿਮੀਅਤ ਰੱਖਦੇ ਹਨ ਜਾਂ ਜਵਾਬ? ਜਾਪਦਾ ਹੈ, ਸਵਾਲ ਵਧੇਰੇ ਅਹਿਮੀਅਤ ਰੱਖਦੇ ਹਨ; ਉਹ ਨਵੇਂ ਮਾਰਗ ਤੇ ਚਿੰਤਨ ਦੀਆਂ ਨਵੀਆਂ ਦਿਸ਼ਾਵਾਂ ਦਿਖਾਉਂਦੇ ਹਨ; ਗਿਆਨ ਦਾ ਮਾਰਗ ਖੋਲ੍ਹਦੇ ਹਨ। ਚਿੰਤਨ ਸਵਾਲਾਂ ਰਾਹੀਂ ਅੱਗੇ ਤੁਰਦਾ ਹੈ।

ਜਵਾਬ ਸੰਤੁਸ਼ਟੀ ਦਾ ਇਜ਼ਹਾਰ ਹੁੰਦੇ ਹਨ, ਭਾਵ ਚਿੰਤਨ ਦੇ ਅਮਲ ਦਾ ਠੱਪ ਹੋਣਾ। ਚਿੰਤਨ ਦਾ ਅਮਲ ਉਦੋਂ ਅੱਗੇ ਤੁਰਦਾ ਹੈ ਜਦ ਜਵਾਬ ਨਵੇਂ ਸਵਾਲਾਂ ਤੇ ਖਿਆਲਾਂ ਦੀ ਚਿਣਗ ਲਾਉਂਦੇ ਹਨ। ਸਵਾਲ ਚਿੰਤਨ ਦੀ ਦਿਸ਼ਾ ਵੱਲ ਲਿਜਾਂਦੇ ਹਨ, ਹਾਸਲ ਗਿਆਨ ਤੋਂ ਅੱਗੇ ਝਾਤੀ ਮਾਰਨ ਦੀ ਉਤਸੁਕਤਾ ਜਗਾਉਂਦੇ ਹਨ ਅਤੇ ਲੁਕੀਆਂ ਪਰਤਾਂ ਨੂੰ ਲੱਭਣ ਤੇ ਖੋਜਣ ਦੀ ਤਾਂਘ ਪੈਦਾ ਕਰਦੇ ਹਨ।

ਵਿਗਿਆਨ ਅੰਦਰ ਬਹੁਤੀ ਤਰੱਕੀ ਸਵਾਲਾਂ ਦੇ ਪਹਿਲੂ ਰਾਹੀਂ ਹੀ ਹੋਈ ਹੈ। ਰੁੱਖ ਤੋਂ ਟੁੱਟ ਕੇ ਸੇਬ ਨੂੰ ਧਰਤੀ 'ਤੇ ਡਿਗਦਾ ਦੇਖ ਕੇ ਨਿਊਟਨ ਦੇ ਮਨ ਅੰਦਰ ਪੈਦਾ ਹੋਏ ਸਵਾਲ ਨੇ ਹੀ ਉਸ ਨੂੰ ਗੁਰੂਤਾ ਦੇ ਖਿਆਲ ਤੱਕ ਪਹੁੰਚਾਇਆ। ਪੈਰਸੀ ਸਪੈਂਸਰ ਨੇ ਦੇਖਿਆ ਕਿ ਕਾਰਜਸ਼ੀਲ ਰਾਡਾਰ ਦੇ ਸਾਹਮਣੇ ਖੜ੍ਹਿਆਂ ਉਸ ਦੀ ਜੇਬ ਵਿਚ ਪਈ ਟੌਫੀ ਪਿਘਲ ਗਈ। ਉਹ ਕੋਈ ਪਹਿਲਾ ਸ਼ਖ਼ਸ ਨਹੀਂ ਸੀ ਜਿਸ ਨੇ ਰਾਡਾਰ ਰਾਹੀਂ ਅਜਿਹਾ ਦੇਖਿਆ ਹੋਵੇਗਾ ਪਰ ਇਹ ਕਿਉਂ ਹੋਇਆ, ਇਹ ਸਵਾਲ ਪੁੱਛਣ ਵਾਲਾ ਉਹ ਪਹਿਲਾ ਹੀ ਸੀ; ਤੇ ਸਪੈਂਸਰ ਮਾਈਕ੍ਰੋਵੇਵ ਓਵਨ ਦੀ ਖੋਜ ਕਰਨ ਤੱਕ ਜਾ ਪਹੁੰਚਿਆ। ਅਜਿਹੀਆਂ ਹੋਰ ਕਿੰਨੀਆਂ ਹੀ ਮਿਸਾਲਾਂ ਹਨ।

ਇਸੇ ਕਰ ਕੇ ਕਲਾਸ ਰੂਮ ਸਿੱਖਿਆ ਨੂੰ ਵੀ, ਵਿਸ਼ੇਸ਼ ਕਰ ਕੇ ਵਿਗਿਆਨ ਦੀ ਸਿੱਖਿਆ ਨੂੰ ਉਸ ਵਿਧੀ ਤੋਂ ਹਟ ਕੇ ਸੋਚਣ ਦੀ ਲੋੜ ਹੈ ਜਿਸ ਵਿਧੀ ਅੰਦਰ ਸਿਰਫ ਅਧਿਆਪਕ ਹੀ ਸਵਾਲ ਪੁੱਛਦਾ ਹੈ ਅਤੇ ਵਿਦਿਆਰਥੀ ਜਵਾਬ ਹੀ ਦਿੰਦੇ ਹਨ। ਇਹ ਵਿਧੀ ਦੱਬੂ ਹੈ। ਵਿਦਿਆਰਥੀਆਂ ਤੋਂ ਜਵਾਬ ਦੀ ਤਵੱਕੋ ਰੱਖਣ ਦੀ ਬਜਾਇ ਸਗੋਂ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਧਿਐਨ ਸਮੱਗਰੀ ਸਬੰਧੀ ਸਵਾਲ ਪੁੱਛਣ ਲਈ ਪ੍ਰੇਰਨ ਕਰਨ। ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਚਿੰਤਨ ਦੀ ਉਚੇਰੀ ਪੌੜੀ 'ਤੇ ਚੜ੍ਹਨ ਲਈ ਵਿਦਿਆਰਥੀਆਂ ਦੇ ਜਵਾਬ-ਹੁੰਗਾਰੇ ਦਾ ਅੰਕਣ ਕਰਨ ਦੀ ਬਜਾਇ ਉਨ੍ਹਾਂ ਦੇ ਸਵਾਲਾਂ ਦੀ ਕਦਰ ਲਾਜ਼ਮੀ ਹੈ।

ਇਸ ਗੱਲ ਦੀ ਅਹਿਮੀਅਤ ਹੈ ਕਿ ਵਿਦਿਆਰਥੀਆਂ ਨੂੰ ਸਮਝਾਇਆ ਜਾਵੇ ਕਿ ਕੋਈ ਵੀ ਸਵਾਲ ਮੂਰ੍ਹਮੱਤਾ ਜਾਂ ਉਜੱਡ ਨਹੀਂ ਹੁੰਦਾ। ਉਨ੍ਹਾਂ ਨੂੰ ਭਰੋਸਾ ਬੱਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਵਾਲਾਂ ਨੂੰ ਅਧਿਆਪਕ ਸੁਣੇਗਾ, ਸਵੀਕਾਰ ਕਰੇਗਾ। ਸਵਾਲ ਪੁੱਛਣਾ ਚੁਣੌਤੀ ਭਰਿਆ ਕਾਰਜ ਹੈ ਪਰ ਜੇ ਵਿਦਿਆਰਥੀਆਂ ਅੰਦਰ ਸਵਾਲ ਪੁੱਛਣ ਦਾ ਸਾਹਸ ਤੇ ਭਰੋਸਾ ਪੈਦਾ ਹੋ ਜਾਵੇ ਤਾਂ ਉਨ੍ਹਾਂ ਨੂੰ ਜਲਦੀ ਹੀ ਇਹ ਅਹਿਸਾਸ ਹੋ ਜਾਵੇਗਾ ਕਿ ਇਹ ਅਮਲ ਲਾਹੇਵੰਦਾ ਹੈ। ਉਨ੍ਹਾਂ ਨੂੰ ਫਰਾਂਸਿਸ ਬੇਕਨ ਦਾ ਇਹ ਕਥਨ ਚੇਤੇ ਕਰਾਉਣ ਦੀ ਲੋੜ ਹੈ- "ਜਿਹੜਾ ਵਧੇਰੇ ਸਵਾਲ ਪੁੱਛਦਾ ਹੈ, ਉਹੀ ਵਧੇਰੇ ਸਿੱਖਦਾ ਹੈ ਤੇ ਵਧੇਰੇ ਚੇਤੇ ਰੱਖਦਾ ਹੈ।"

ਖੋਜਾਰਥੀਆਂ ਨੇ ਵੀ ਦਰਸਾਇਆ ਹੈ ਕਿ ਉਥੇ ਹੀ ਵਿਦਿਆਰਥੀਆਂ ਦਾ ਭਰਵਾਂ ਹੁੰਗਾਰਾ ਮਿਲਦਾ ਹੈ ਜਿਥੇ ਕਲਾਸ ਰੂਮ ਦਾ ਮਾਹੌਲ ਸਹਿਜ ਹੁੰਦਾ ਹੈ, ਵਿਦਿਆਰਥੀ ਮਹਿਸੂਸ ਕਰਦੇ ਹਨ ਕਿ ਗ਼ਲਤ ਸਵਾਲ ਪੁੱਛਣ 'ਤੇ ਨਾ ਤਾਂ ਉਨ੍ਹਾਂ ਦੀ ਨੁਕਤਾਚੀਨੀ ਹੋਵੇਗੀ ਤੇ ਨਾ ਹੀ ਖਿੱਲੀ ਉਡਾਈ ਜਾਵੇਗੀ ਸਗੋਂ ਵਿਦਿਆਰਥੀਆਂ ਨੂੰ ਮੁੜ ਜਵਾਬ ਦੇਣ ਦੇ ਜਤਨ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਸਿਖਿਆ ਵਿਧੀ-ਸ਼ਾਸਤਰ ਅੰਦਰ ਅਜਿਹੇ ਸਿੱਖਿਆ ਮਾਪ-ਦੰਡ ਅਪਣਾਉਣ ਦੀ ਲੋੜ ਹੈ ਜਿਥੇ ਅਧਿਆਪਕ ਵਿਦਿਆਰਥੀਆਂ ਨੂੰ ਚੁਣੌਤੀ ਭਰੇ ਸਵਾਲ ਪੁੱਛਣ ਲਈ ਵੰਗਾਰਨ। ਨੋਬੇਲ ਪੁਰਸਕਾਰ ਜੇਤੂ ਭੌਤਿਕ ਵਿਗਿਆਨੀ ਲਿਜੀਡੋਰ ਲਿਜ਼ਾਕ ਰਬੀ ਦੇ ਕਹੇ ਇਨ੍ਹਾਂ ਸ਼ਬਦਾਂ ਨੂੰ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਉਹ ਵਿਗਿਆਨੀ ਕਿਵੇਂ ਬਣਿਆ: "ਮੇਰੀ ਮਾਂ ਨੇ ਮੈਨੂੰ ਅਣਜਾਣੇ ਹੀ ਵਿਗਿਆਨੀ ਬਣਾ ਦਿੱਤਾ। ਬਰੂਕਲਿਨ 'ਚ ਹਰ ਯਹੂਦੀ ਮਾਂ ਸਕੂਲੋਂ ਪਰਤਣ 'ਤੇ ਆਪਣੇ ਬੱਚੇ ਨੂੰ ਪੁੱਛਦੀ ਸੀ- 'ਤੂੰ ਅੱਜ ਕੁਝ ਸਿੱਖਿਆ ਵੀ ਹੈ?' ਮੇਰੀ ਮਾਂ ਕਹਿੰਦੀ ਹੁੰਦੀ ਸੀ, 'ਲੱਜ਼ੀ, ਤੂੰ ਕੋਈ ਵਧੀਆ ਜਿਹਾ ਸਵਾਲ ਪੁੱਛਿਆ ਅੱਜ?' ਇਸੇ ਫਰਕ (ਵਧੀਆ ਸਵਾਲ ਪੁੱਛਣ) ਨੇ ਹੀ ਮੈਨੂੰ ਵਿਗਿਆਨੀ ਬਣਾ ਦਿੱਤਾ।"

***(ਸ੍ਰੋਤ: 'ਸਾਇੰਸ ਰਿਪੋਰਟਰ')***

# ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ

**ਲੇਬਰ ਡੇਅ 'ਤੇ ਵਿਸ਼ੇਸ਼**



ਚਰਨਜੀਤ ਸਿੰਘ ਪੰਨੂੰ
ਫੋਨ: 408-608-4961



ਸਿਵਲ ਰਾਈਟਸ ਲੀਡਰ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਹਰੇਕ ਅਮਰੀਕਨ ਵਾਸਤੇ ਇਕਸਾਰ ਆਜ਼ਾਦੀ, ਅਵਸਰ ਅਤੇ ਇਨਸਾਫ਼ ਦੀ ਵਕਾਲਤ ਕੀਤੀ। ਉਨ੍ਹਾਂ ਸਮਾਜ ਵਿਚ ਕਾਣੀ ਵੰਡ ਤੇ ਨਾ-ਬਰਾਬਰੀ ਦੇ ਖ਼ਿਲਾਫ਼ ਸੰਘਰਸ਼ ਅਰੰਭਿਆ ਤੇ ਅਖੀਰ ਆਪਣੇ ਹੱਕ ਲੈਣ ਤਕ ਇਹ ਘੋਲ ਜਾਰੀ ਰੱਖਿਆ। ਭੂਮੀਪਤੀਆਂ ਦੀ ਅੱਯਾਸ਼ੀ ਭਰਪੂਰ ਜੀਵਨ-ਸ਼ੈਲੀ ਦੇ ਪੋਤੜੇ ਫੋਲਣ ਤੇ ਨੰਗੇ ਕਰਨ ਵਾਲੇ ਰੋਹਿਲੇ ਲੈਕਚਰ ਦੇਣ ਵਿਚ ਸਮਰੱਥ ਉਹ ਉੱਚਤਮ ਬੁਲਾਰਾ ਮੰਨਿਆ ਜਾਂਦਾ ਸੀ।

ਉਸ ਦੀਆਂ ਤਕਰੀਰਾਂ ਨੇ ਸਾਮਰਾਜੀਆਂ ਦੇ ਸੀਨੇ ਛਲਨੀ ਕਰ ਦਿੱਤੇ। ਸਮਾਜ ਦੇ ਬੁੱਧੀਜੀਵੀ ਵਰਗ ਦਾ ਇਕ ਬਹੁਤ ਵੱਡਾ ਭਾਗ ਉਸ ਨੂੰ ਗਹੁ ਨਾਲ ਸੁਣਦਾ ਉਸ ਦਾ ਅਨੁਆਈ ਬਣ ਗਿਆ। ਉਹ ਏਨਾ ਹਰਮਨ-ਪਿਆਰਾ ਹੋ ਗਿਆ ਕਿ ਲੋਕ ਇਸ਼ਟ ਵਾਂਗ ਉਸ ਦੇ ਮੂੰਹੋਂ ਨਿਕਲਣ ਵਾਲੇ ਪ੍ਰਵਚਨ ਸੁਣਨ ਦੇ ਅਮਲੀ ਹੋ ਗਏ। ਉਸ ਦੀ ਅਗਵਾਈ ਵਿਚ 28 ਅਗਸਤ, 1963 ਨੂੰ ਢਾਈ ਲੱਖ ਲੋਕ ਆਪਣੀਆਂ ਨੌਕਰੀਆਂ ਅਤੇ ਆਜ਼ਾਦੀ ਦੀ ਬਰਾਬਰੀ ਦੇ ਹੱਕ ਵਾਸਤੇ ਮੁਜ਼ਾਹਰਾ ਕਰਦੇ ਇਕੱਠੇ ਹੋਏ। ਅਬਰਾਹਮ ਲਿੰਕਨ ਦੀ ਸਮਾਧ 'ਤੇ ਦਿੱਤਾ ਉਸ ਦਾ ਭਾਸ਼ਣ 'ਮੇਰਾ ਇਕ ਸੁਪਨਾ ਹੈ' ਅਮਰੀਕੀ ਇਤਿਹਾਸ ਦਾ ਯਾਦਗਾਰੀ ਦਸਤਾਵੇਜ਼ ਬਣ ਗਿਆ। ਕਾਵਿਕ ਭਾਸ਼ਾ ਵਿਚ ਉਸ ਨੇ ਕਿਹਾ, 'ਮੇਰਾ ਇਕ ਸੁਪਨਾ ਹੈ ਕਿ ਮੇਰਾ ਇਹ ਰਾਸ਼ਟਰ ਤਰੱਕੀਆਂ ਦੀਆਂ ਪੁਲਾਂਘਾਂ ਪੁੱਟੇ ਤੇ ਸਭ ਲੋਕ ਰੱਬ ਵੱਲੋਂ ਬਰਾਬਰ ਪੈਦਾ ਕੀਤੇ ਗਏ ਹਨ' ਦੇ ਸਿਧਾਂਤ ਨੂੰ ਸਮਝੇ ਤੇ ਅਪਣਾਏ। ਮੇਰਾ ਇਹ ਸੁਪਨਾ ਹੈ ਕਿ ਮੇਰੇ ਚਾਰੇ ਬੱਚੇ ਆਉਣ ਵਾਲੇ ਦਿਨਾਂ ਵਿਚ ਚਮੜੀ ਦੇ ਰੰਗ, ਭੇਦ ਦੇ ਵਿਤਕਰੇ ਤੋਂ ਨਹੀਂ ਬਲਕਿ ਉਨ੍ਹਾਂ ਦੀ ਸਮਰੱਥਾ ਤੇ ਲਿਆਕਤ ਤੋਂ ਜਾਣੇ-ਪਛਾਣੇ ਜਾਣ।' ਉਸ ਦੀ ਭਵਿੱਖਬਾਣੀ ਸੱਚੀ ਹੋ ਰਹੀ ਹੈ। ਹੁਣ ਛੂਤ-ਛਾਤ ਤੇ ਜਾਤੀ ਵਿਤਕਰੇ ਦੀ ਬੰਦਿਸ਼ ਏਨੀ ਸਖ਼ਤੀ ਨਾਲ ਲਾਗੂ ਕੀਤੀ ਜਾਂਦੀ ਹੈ ਕਿ ਕੋਈ ਵੀ ਹੰਕਾਰੀ ਭੱਦਰ ਪੁਰਖ ਕਿਸੇ ਬਾਰੇ ਮੰਦਭਾਵਨਾ ਭਰਪੂਰ ਮੰਦਾ ਨਫ਼ਰਤ ਵਾਲਾ ਸ਼ਬਦ ਨਹੀਂ ਬੋਲ ਸਕਦਾ। ਬਾਸਕਟ ਬਾਲ ਕਲਿੱਪਰ ਲੀਗ ਲਾਸ ਏਂਜਲਸ ਦਾ ਮਾਲਕ ਤੇ ਸੀ.ਈ.ਓ. ਡੋਨਾਲਡ ਸਟਰਲਿੰਗ ਜਿਸ ਨੇ ਅਫ਼ਰੀਕੀ-ਅਮਰੀਕਨ ਖਿਡਾਰੀਆਂ ਵਾਸਤੇ ਜਾਤੀ ਟਿੱਪਣੀ ਕੀਤੀ ਸੀ ਨੂੰ ਅਫ਼ਰੀਕਣ-ਅਮਰੀਕਨ ਵਜੋਂ ਇਸ ਅਹੁਦੇ ਤੋਂ ਜ਼ਿੰਦਗੀ ਭਰ ਲਈ ਮੁਕਤ ਕਰ ਦਿੱਤਾ ਗਿਆ ਤੇ ਦੁਬਾਰਾ ਕਿਤੇ ਵੀ ਅਜਿਹੇ ਅਹੁਦੇ ਵਾਸਤੇ ਨਾ ਅਹਿਲ ਕਰਾਰ ਦਿੱਤਾ ਗਿਆ ਹੈ।

ਸਿਵਲ ਰਾਈਟਸ 'ਤੇ ਕੀਤੇ ਉਸ ਦੇ ਕੰਮ ਨੇ ਅਧਿਕਾਰੀਆਂ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਉਹ ਕਦਰਦਾਨਾਂ ਦੀਆਂ ਨਜ਼ਰਾਂ ਵਿਚ ਚੜ੍ਹ ਗਿਆ। ਪੈਂਤੀ ਸਾਲ ਦੀ ਛੋਟੀ ਜਿਹੀ ਆਯੂ ਵਿਚ ਉਸ ਦੀਆਂ ਸੇਵਾਵਾਂ ਦੀ ਸਲਾਮੀ ਵਜੋਂ 1963 ਵਿਚ ਉਸ ਨੂੰ 'ਨੋਬੇਲ ਪ੍ਰਾਈਜ਼' ਨਾਲ ਨਿਵਾਜਿਆ ਗਿਆ। ਇਹ ਮਾਨਤਾ ਸਰਮਾਏਦਾਰਾਂ ਨੂੰ ਹਜ਼ਮ ਨਾ ਹੋਈ। ਉਹ ਸਾਮਰਾਜ ਦੀਆਂ ਮੁੱਛਾਂ ਵਿਚ ਰੜਕਣ ਲੱਗਾ। ਚਾਰ ਅਪ੍ਰੈਲ 1968 ਨੂੰ ਇਨਸਾਫ਼ ਤੇ ਸਮਾਜਿਕ ਬਰਾਬਰੀ ਦੇ ਦੋਖੀ ਹਤਿਆਰਿਆਂ ਵੱਲੋਂ ਆਪਣੀਆਂ ਕਰੂਰ ਕਾਰਸਤਾਨੀਆਂ ਦੇ ਰਸਤੇ 'ਚੋਂ ਹਟਾਉਣ ਵਾਸਤੇ ਉਸ ਨੂੰ ਕਤਲ ਕਰ ਦਿੱਤਾ ਗਿਆ। ਨਿਰਸੰਦੇਹ ਇਹ ਨਸਲੀ ਕਤਲ ਸੀ ਜਿਸ ਦਾ ਅਮਰੀਕਾ ਦੀ ਪਬਲਿਕ ਨੂੰ ਬੜਾ ਭਾਰਾ ਮੁੱਲ ਤਾਰਨਾ ਪਿਆ। ਇਸ ਘਿਣਾਉਣੀ ਵਾਰਦਾਤ ਤੋਂ ਬਾਅਦ ਅਮਰੀਕਾ ਭਰ ਦੇ ਅਫ਼ਰੀਕਣ-ਅਮਰੀਕੀ ਭੜਕ ਉੱਠੇ ਤੇ ਸੜਕਾਂ 'ਤੇ ਉੱਤਰ ਆਏ। ਰੋਹ ਵਿਚ ਆਏ ਲੋਕਾਂ ਨੇ ਜ਼ੋਰਦਾਰ ਮੁਜ਼ਾਹਰੇ ਤੇ ਹੁੱਲੜਬਾਜ਼ੀ ਮਚਾਈ ਰੱਖੀ। ਤਿੰਨ ਦਿਨਾਂ ਤੱਕ ਮੱਚੇ ਅੱਗ ਦੇ ਭਾਂਬੜਾਂ ਨਾਲ ਅਮਰੀਕਾ ਵਿਚ ਭਿਆਨਕ ਤਬਾਹੀ ਹੁੰਦੀ ਰਹੀ।

ਵਾਸ਼ਿੰਗਟਨ ਡੀ. ਸੀ. ਵਿਖੇ ਵੀਹ ਹਜ਼ਾਰ ਲੋਕਾਂ ਦੇ ਹਜੂਮ ਨੇ ਘਰਾਂ, ਬਾਜ਼ਾਰਾਂ, ਦਫ਼ਤਰਾਂ ਦੀ ਰੱਜ ਕੇ ਤੋੜ ਭੰਨ ਕੀਤੀ ਤੇ ਖ਼ੂਬ ਲੁੱਟ ਮਾਰ ਕੀਤੀ। ਸਰਕਾਰੀ ਤੇ ਗੈਰ-ਸਰਕਾਰੀ ਜਾਇਦਾਦ, ਇਮਾਰਤਾਂ ਦੇ ਦਰਵਾਜ਼ੇ ਸ਼ੀਸ਼ੇ, ਖਿੜਕੀਆਂ ਭੰਨ ਕੇ ਅੱਗ ਦੇ ਹਵਾਲੇ ਕਰ ਦਿੱਤੇ। ਸਟੋਰ ਮਾਲ ਲੁੱਟ ਲਏ। ਬਾਰਾਂ ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ ਤੇ ਸੈਂਕੜੇ ਜ਼ਖ਼ਮੀ ਹੋਏ। ਮੱਧ ਵਰਗ ਦੇ ਸ਼ਰੀਫ਼ ਲੋਕ ਹੁੱਲੜਬਾਜ਼ਾਂ ਤੋਂ ਡਰਦੇ ਇੱਥੋਂ ਪਲਾਇਨ ਕਰ ਗਏ। ਸਿਵਲ ਲੋਕਾਂ ਨੂੰ ਕੰਟਰੋਲ ਕਰਨ ਵਾਸਤੇ ਪ੍ਰੈਜ਼ੀਡੈਂਟ ਲਿੰਕਨ ਜੌਹਨਸਨ ਨੇ ਫ਼ੌਜ ਬੁਲਾਈ ਪਰ ਉਹ ਵੀ ਉਨ੍ਹਾਂ ਨੂੰ ਸ਼ਾਂਤ ਕਰਨ ਜਾਂ ਦਬਾਉਣ ਵਿਚ ਕਾਮਯਾਬ ਨਾ ਹੋ ਸਕੀ। ਅਖੀਰ ਉਹ ਆਪਣੀ ਮਨਮਰਜ਼ੀ ਨਾਲ ਪੂਰੀ ਵਾਹ ਲਾ ਕੇ ਠੱਲ੍ਹ ਗਏ। 1814 ਦੇ ਬਰਤਾਨਵੀ ਹਮਲੇ ਵਾਂਗ ਵਾਸ਼ਿੰਗਟਨ ਡੀ. ਸੀ. ਇਕੇਰਾਂ ਫੇਰ ਅੱਗ ਦੇ ਛੁਹਲਿਆਂ ਨਾਲ ਢਹਿ ਢੇਰੀ ਹੋ ਗਿਆ। ਇਸ ਉਪੱਦਰ ਵਿਚ ਪੰਦਰਾਂ ਮਿਲੀਅਨ ਡਾਲਰਾਂ ਦਾ ਨਾਪੂਰਨਯੋਗ ਨੁਕਸਾਨ ਹੋਇਆ।

ਪਹਿਲਾਂ ਹੀ ਆਰਥਿਕ ਮਜਬੂਰੀਆਂ ਥੱਲੇ ਪਿਸਿਆ ਅਮਰੀਕਨ ਸਿਸਟਮ ਇਸ ਭਿਅੰਕਰ ਤਬਾਹੀ ਨੇ ਖੋਖਲਾ ਕਰ ਦਿੱਤਾ। 6300 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਰਕਾਰੀ ਮਸ਼ੀਨਰੀ ਨੂੰ ਮੁੜ ਲੀਹਾਂ 'ਤੇ ਲਿਆਉਣ ਅਤੇ ਪੈਰਾਂ 'ਤੇ ਖੜ੍ਹਾ ਕਰਨ ਵਾਸਤੇ ਕਈ ਸਾਲ ਲੱਗ ਗਏ। ਏਸੇ ਲੜੀ ਵਿਚ ਅਮਰੀਕਾ ਭਰ ਵਿਚ ਹੋਰ ਮਜ਼ਦੂਰ ਜਥੇਬੰਦੀਆਂ ਨੇ ਵੀ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਕੇ ਸਰਕਾਰ ਦੇ ਕੰਨ ਖੋਲ੍ਹਣ ਵਾਸਤੇ ਰੋਸ ਮਾਰਚ ਕੀਤੇ।

ਇਕ ਮਈ 1986 ਨੂੰ ਸ਼ਿਕਾਗੋ ਦੇ ਰੇ ਚੌਕ ਵਿਖੇ ਕਮਿਊਨਿਸਟ ਤੇ ਹੋਰ ਜਥੇਬੰਦੀਆਂ ਵੱਲੋਂ ਕੰਮ ਦੇ ਅੱਠ ਘੰਟੇ ਦੀ ਸ਼ਿਫ਼ਟ ਨਿਰਧਾਰਤ ਕਰਾਉਣ ਵਾਸਤੇ ਸਰਕਾਰ 'ਤੇ ਦਬਾਅ ਪਾਉਣ ਹਿਤ ਜ਼ਬਰਦਸਤ ਮੁਜ਼ਾਹਰਾ ਕੀਤਾ ਗਿਆ। ਕੁੱਝ ਉਪੱਦਰੀ ਸ਼ਰਾਰਤੀਆਂ ਨੇ ਪੁਲਿਸ 'ਤੇ ਹੈਂਡ-ਗਰਨੇਡ ਸੁੱਟ ਮਾਰੇ ਜਿਸ ਕਾਰਨ ਕੁੱਝ ਪੁਲਿਸ ਕਰਮੀ ਮਾਰੇ ਗਏ ਤੇ ਬਹੁਤ ਫੱਟੜ ਹੋ ਗਏ। ਉਨ੍ਹਾਂ ਦੀ ਜਵਾਬੀ ਕਾਰਵਾਈ ਵਿਚ ਪੁਲਿਸ ਵੱਲੋਂ ਵੀ ਫਾਇਰਿੰਗ ਕੀਤੀ ਗਈ ਜਿਸ ਵਿਚ ਇਕ ਔਰਤ ਮਾਰੀ ਗਈ ਜਿਸ ਦੇ ਕੁੱਛੜ ਦੁੱਧ ਚੁੰਘਦਾ ਬੱਚਾ ਸੀ। ਬਾਅਦ ਵਿਚ ਸਰਕਾਰ ਨੇ ਇਸ ਚੌਕ ਵਿਚ ਸ਼ਹੀਦ ਪੁਲਸੀਆਂ ਦੇ ਬੁੱਤ ਲਗਾ ਦਿੱਤੇ। ਇਹ ਬੁੱਤ ਵੇਖ ਕੇ ਗ਼ੁੱਸੇ ਵਿਚ ਆਏ ਲੋਕ ਉਨ੍ਹਾਂ ਦੀ ਭੰਨ ਤੋੜ ਕਰਨ ਲੱਗੇ। ਪੁਲਿਸ-ਬੁੱਤਾਂ ਦੀ ਹਰ ਰੋਜ਼ ਕਾਲਖ ਮਲ ਕੇ ਲੋਕ ਬੇਇੱਜ਼ਤੀ ਕਰਦੇ ਸਨ। ਇਸ ਲਈ ਇਨ੍ਹਾਂ ਬੁੱਤਾਂ ਨੂੰ ਉੱਥੋਂ ਹਟਾ ਕੇ ਥਾਣੇ ਅੰਦਰ ਤਬਦੀਲ ਕਰ ਦਿੱਤਾ ਗਿਆ।

ਪਹਿਲੀ ਮਈ ਨੂੰ ਹਰ ਸਾਲ ਇਨ੍ਹਾਂ ਸ਼ਹੀਦਾਂ ਨੂੰ ਸਾਂਝੀ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਸਰਕਾਰ ਪੁਲਸੀਆਂ ਨੂੰ ਸ਼ਰਧਾਂਜਲੀ ਦਿੰਦੀ ਹੈ ਤੇ ਲੋਕ ਉਸ ਮਾਂ ਤੇ ਬੱਚੇ ਨੂੰ ਯਾਦ ਕਰਦੇ ਹਨ। ਹੁਣ ਇਹ ਇਕ ਕਿਸਮ ਦਾ ਸਾਂਝਾ ਉਤਸਵ ਬਣ ਗਿਆ ਹੈ। ਡਾ. ਮਾਰਟਿਨ ਲੂਥਰ ਕਿੰਗ ਦੀਆਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਾਪਤੀਆਂ ਕਰਕੇ ਉਸ ਦੇ ਸਨਮਾਨ ਵਜੋਂ ਇਹ ਯਾਦਗਾਰ ਸਥਾਪਤ ਕੀਤੀ ਗਈ ਹੈ। ਇਸ 30 ਫ਼ੁੱਟ ਉੱਚੇ ਦੇਅ ਕੱਦ ਬੁੱਤ 'ਸਟੋਨ ਆਫ਼ ਹੋਪ' 'ਤੇ ਉਸ ਦੀਆਂ ਚੋਣਵੀਆਂ ਤਕਰੀਰਾਂ ਤੇ ਪ੍ਰਵਚਨ ਉੱਕਰੇ ਹੋਏ ਹਨ। ਇਹ ਯਾਦਗਾਰ ਫਰੈਂਕਲਿਨ ਰੂਜ਼ਵੈਂਲਟ ਦੇ ਨੇੜੇ, ਅਬਰਾਹਮ ਲਿੰਕਨ ਅਤੇ ਜੈਫਰਸਨ ਦੀਆਂ ਸਮਾਧੀਆਂ ਦੇ ਵਿਚਕਾਰ ਨੈਸ਼ਨਲ ਮਾਲ ਦੀ ਕੇਂਦਰੀ ਜਗ੍ਹਾ 'ਤੇ ਸਥਿਤ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਕਾਂਗਰਸ ਨੇ ਉਨ੍ਹਾਂ ਦੀ ਢੁਕਵੀਂ ਯਾਦਗਾਰ ਬਣਾਉਣ ਦੇ ਪ੍ਰਸਤਾਵ ਨੂੰ 1996 ਵਿਚ ਮਨਜ਼ੂਰੀ ਦੇ ਦਿੱਤੀ।

'ਬਿਲਡ ਦਿ ਡਰੀਮ' ਯਾਨੀ ਕਿ 'ਸੁਪਨੇ ਸਿਰਜੋ' ਜੈਕਾਰੇ ਵਾਲੇ ਇਸ ਪ੍ਰੋਜੈਕਟ ਵਾਸਤੇ ਇਕ ਸੌ ਵੀਹ ਮਿਲੀਅਨ ਡਾਲਰਾਂ ਦਾ ਬਜਟ ਪਾਸ ਕੀਤਾ ਗਿਆ ਸੀ। ਇਸ ਮਾਲ ਖੇਤਰ ਵਿਚ ਇਹ ਇਕੱਲੀ ਹੀ ਨਾਨ-ਪ੍ਰੈਜ਼ੀਡੈਂਟ ਸ਼ਖ਼ਸੀਅਤ ਹੈ ਜਿਸ ਨੂੰ ਸਾਰੇ ਪ੍ਰਧਾਨਾਂ ਦੇ ਵਿਚਕਾਰ ਬਿਠਾ ਕੇ ਸਨਮਾਨ ਦਿੱਤਾ ਗਿਆ ਹੈ। ਇਹ 22 ਅਗਸਤ 2011 ਨੂੰ ਲੋਕ-ਅਰਪਣ ਕੀਤਾ ਗਿਆ ਸੀ।

# ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਨੂੰ ਪੜ੍ਹਦਿਆਂ



ਸੁਰਜੀਤ ਕੌਰ, ਟੋਰਾਂਟੋ
ਫੋਨ: 1 416-605-3784


ਵਾਰਤਕ ਸਾਹਿਤ ਦਾ ਅਜਿਹਾ ਮਹੱਤਵਪੂਰਨ ਰੂਪ ਹੈ, ਜਿਸ ਵਿਚ ਲੇਖਕ ਆਪਣੇ ਮਨੋਭਾਵਾਂ ਨੂੰ ਕਲਾਤਮਕ ਢੰਗ ਨਾਲ ਗੁੰਦ ਕੇ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਵਾਰਤਕ ਪੜ੍ਹ ਕੇ ਪਾਠਕ ਦੀ ਬੌਧਿਕ ਸੰਤੁਸ਼ਟੀ ਹੁੰਦੀ ਹੈ। ਜਿੰਨੀ ਕਲਾਤਮਕਤਾ ਨਾਲ ਲੇਖਕ ਵਾਰਤਾਕਾਰ ਆਪਣੇ ਵਿਚਾਰਾਂ ਨੂੰ ਜੋੜਦਾ ਹੈ, ਉਸ ਦੀ ਵਾਰਤਕ ਓਨੀ ਹੀ ਪ੍ਰਭਾਵਸ਼ਾਲੀ ਹੁੰਦੀ ਹੈ। ਪੰਜਾਬੀ ਵਿਚ ਵਾਰਤਕ ਬਹੁਤ ਘੱਟ ਲਿਖੀ ਜਾ ਰਹੀ ਹੈ ਅਤੇ ਕੁਝ ਗਿਣੇ-ਚੁਣੇ ਲੇਖਕ ਹੀ ਵਾਰਤਕ ਲਿਖ ਰਹੇ ਹਨ। ਸੁਖਦੇਵ ਸਿੰਘ ਝੰਡ ਕੈਨੇਡਾ ਦੇ ਉਨ੍ਹਾਂ ਚੰਦ ਲੇਖਕਾਂ ਵਿਚੋਂ ਹੈ ਜਿਹੜੇ ਵਾਰਤਕ ਲਿਖਣ ਵੱਲ ਰੁਚਿਤ ਹਨ। 'ਸਰੋਕਾਰ ਤੇ ਸ਼ਖ਼ਸੀਅਤਾਂ' ਉਸ ਦੀ ਨਵੀਂ ਵਾਰਤਕ ਪੁਸਤਕ ਹੈ।

ਡਾ. ਝੰਡ ਪੰਜਾਬੀ ਸਾਹਿਤ ਦਾ ਬਹੁ-ਵਿਧਾਵੀ ਲੇਖਕ ਹੈ ਜੋ ਇਸ ਤੋਂ ਪਹਿਲਾਂ ਰੁੱਖਾਂ ਬਾਰੇ ਤਿੰਨ ਪੁਸਤਕਾਂ ਲਿਖ ਚੁੱਕਾ ਹੈ। ਉਸ ਨੇ ਆਪਣੀ ਸਵੈ-ਜੀਵਨੀ 'ਪੱਤੇ ਤੇ ਪਰਛਾਵੇਂ : ਚੌਹਾਨ ਤੋਂ ਬਰੈਂਪਟਨ, ਕਾਵਿ-ਸੰਗ੍ਰਹਿ 'ਕਦੋਂ" ਅਤੇ ਤਿੰਨ ਪੁਸਤਕਾਂ ਲਾਇਬ੍ਰੇਰੀ ਸਾਇੰਸ ਬਾਰੇ ਲਿਖੀਆਂ ਹਨ। ਹੱਥਲੀ ਪੁਸਤਕ ਬਹੁਤ ਸਾਰੇ ਵਿਸ਼ਿਆਂ ਨੂੰ ਮੁਖਾਤਿਬ ਹੈ; ਜਿਵੇਂ ਕਿ ਇਸ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਕਿ ਇਸ ਵਿਚ ਵੱਖ-ਵੱਖ ਸਰੋਕਾਰਾਂ ਅਤੇ ਸ਼ਖ਼ਸੀਅਤਾਂ ਬਾਰੇ ਗੱਲ ਕੀਤੀ ਗਈ ਹੈ।

ਦੋ ਭਾਗਾਂ ਵਿਚ ਵੰਡੀ ਇਸ ਵੱਡ-ਆਕਾਰੀ ਪੁਸਤਕ ਵਿਚ 28 ਲੇਖ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿਚ ਬਹੁ-ਪੱਖੀ ਗਿਆਨ ਹੈ। ਮੁੱਖਬੰਦ ਵਿਚ ਵੱਖ-ਵੱਖ ਵਿਦਵਾਨਾਂ ਡਾ. ਗੁਰਬਖ਼ਸ਼ ਸਿੰਘ ਭੰਡਾਲ, ਪੂਰਨ ਸਿੰਘ ਪਾਂਧੀ, ਕੁਲਜੀਤ ਮਾਨ ਅਤੇ ਮਲਵਿੰਦਰ ਸਿੰਘ ਦੇ ਲੇਖ ਸ਼ਾਮਲ ਹਨ ਜੋ ਇਸ ਕਿਤਾਬ ਦੇ ਪਹਿਲੇ 24 ਪੰਨਿਆਂ 'ਤੇ ਫ਼ੈਲੇ ਹੋਏ ਹਨ। ਪੁਸਤਕ ਦੇ ਪਹਿਲੇ ਭਾਗ ਵਿਚ 16 ਸਰੋਕਾਰਾਂ ਦੀ ਗੱਲ ਕੀਤੀ ਗਈ ਹੈ ਅਤੇ ਦੂਸਰੇ ਭਾਗ ਵਿਚ 12 ਵਿਅਕਤੀ ਵਿਸ਼ੇਸ਼ ਸ਼ਾਮਲ ਕੀਤੇ ਗਏ ਹਨ।

ਕਿਤਾਬ ਖੋਲ੍ਹਦਿਆਂ ਸਾਰ ਪੂਰਨ ਸਿੰਘ ਪਾਂਧੀ ਦਾ ਭੂਮਿਕਾ ਵਿਚ ਸ਼ਾਮਲ ਲੇਖ ਪੜ੍ਹ ਕੇ ਪਾਠਕ ਇਸ ਗੱਲ ਦਾ ਅੰਦਾਜ਼ਾ ਲਗਾ ਸਕਦਾ ਹੈ ਕਿ ਇਹ ਪੁਸਤਕ ਆਪਣੇ ਵਿਚ ਕੀ ਕੁਝ ਸਮੋਈ ਬੈਠੀ ਹੈ ਅਤੇ ਇਸ ਦੇ ਨਾਲ ਹੀ ਪਾਂਧੀ ਸਾਹਿਬ ਦੀ ਵਾਰਤਕ ਸ਼ੈਲੀ ਦੀ ਤਾਰੀਫ਼ ਕਰਨੋਂ ਵੀ ਪਾਠਕ ਨਹੀਂ ਰਹਿ ਸਕਦਾ। ਪੁਸਤਕ ਦੇ ਪੰਨਾ-17 'ਤੇ ਪਾਂਧੀ ਸਾਹਿਬ ਲਿਖਦੇ ਹਨ, "ਕਿਤਾਬ ਦੀ ਸਮੁੱਚੀ ਸਮੱਗਰੀ ਤੋਂ ਇਹ ਸਿੱਧ ਹੁੰਦਾ ਹੈ ਕਿ ਡਾ. ਸੁਖਦੇਵ ਸਿੰਘ ਝੰਡ ਦੇ ਅੰਤਹਿਕਰਣ ਵਿਚ ਬਹੁ-ਪੱਖੀ ਤੇ ਬਹੁ-ਮੰਤਵੀ ਵਿਸ਼ਾਲ ਗਿਆਨ ਦੀਆਂ ਜੋਤਾਂ ਜਗਦੀਆਂ ਪਈਆਂ ਹਨ। ਉਹ ਪ੍ਰਤਿਭਾ ਦੀ ਉੱਚੀ ਪ੍ਰਵਾਜ਼, ਗਿਆਨ ਦੇ ਡੂੰਘੇ ਸਾਗਰਾਂ ਦਾ ਤਾਰੂ ਅਤੇ ਬ੍ਰਹਿਮੰਡੀ ਚੇਤਨਾ ਦੇ ਚਾਨਣ ਦਾ ਚਿਰਾਗ ਹੈ। ਗਿਆਨ-ਵਿਗਿਆਨ ਦੇ ਔਖੇ ਰਾਹਾਂ ਦਾ ਪਾਂਧੀ, ਅਰਸ਼ੀ ਉਡਾਰੀਆਂ ਦਾ ਮਤਵਾਲਾ ਅਤੇ ਵਿਸ਼ਾਲ ਜਾਣਕਾਰੀ ਦਾ ਭੰਡਾਰ ਹੈ। ਉਸ ਦੀ ਬੋਲੀ, ਸ਼ੈਲੀ ਅਤੇ ਸ਼ਬਦਾਵਲੀ ਦੀ ਸਰੋਦੀ ਲੈਅ ਤੇ ਵਿਸਮਾਦੀ ਰਿਦਮ ਪਾਠਕ ਨੂੰ ਆਪਣੇ ਨਾਲ ਜੋੜਨ ਅਤੇ ਕੀਲਣ ਦੀ ਸਮਰੱਥਾ ਰੱਖਦੀ ਹੈ।"

ਪਾਂਧੀ ਸਾਹਿਬ ਦਾ ਇਹ ਲੇਖ ਕਿਤਾਬ ਦੇ ਵਿਸ਼ਿਆਂ, ਬੋਲੀ ਅਤੇ ਸ਼ੈਲੀ ਬਾਰੇ ਜਾਣਕਾਰੀ ਦੇ ਕੇ ਪਾਠਕ ਨੂੰ ਇਹ ਕਿਤਾਬ ਪੜ੍ਹਨ ਲਈ ਪ੍ਰੇਰਿਤ ਕਰਦਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਸ ਪੁਸਤਕ ਦੇ ਪਹਿਲੇ ਭਾਗ ਵਿਚ 16 ਲੇਖ ਸਰੋਕਾਰਾਂ ਬਾਰੇ ਹਨ ਅਤੇ ਦੂਸਰੇ ਵਿਚ 12 ਵੱਖ-ਵੱਖ ਸ਼ਖ਼ਸੀਅਤਾਂ ਸਬੰਧੀ ਹਨ। ਪਹਿਲੇ ਭਾਗ ਵਿਚ ਪੰਜਾਬ ਅਤੇ ਪੰਜਾਬੀਅਤ ਬਾਰੇ ਦੋ ਲੇਖ ਹਨ ਜਿਨ੍ਹਾਂ ਵਿਚ ਪੰਜਾਬ ਦੇ ਪਿਛੋਕੜ ਅਤੇ ਮੌਜੂਦਾ ਹਾਲਾਤ ਬਾਰੇ ਬੜੇ ਦਰਦ ਭਿੰਨੇ ਲਹਿਜ਼ੇ ਵਿਚ ਗੱਲ ਕੀਤੀ ਗਈ ਹੈ। ਮੋਹਿੰਜੋਦਾੜੋ ਤੋਂ ਲੈ ਕੇ ਸਿਕੰਦਰ, ਬਾਬਰ, ਅਬਦਾਲੀ, ਗ਼ਜ਼ਨਵੀ ਤੱਕ ਦੇ ਪੰਜਾਬ ਨੂੰ ਉਸ ਨੇ ਸੂਖਮਤਾ ਨਾਲ ਛੋਹਿਆ ਹੈ ਅਤੇ ਸਿੱਖ ਰਾਜ ਦੇ ਦਿਨਾਂ ਨੂੰ ਵੀ ਯਾਦ ਕੀਤਾ ਹੈ। ਇਨ੍ਹਾਂ ਸਮਿਆਂ ਵਿਚ ਪੰਜਾਬੀਆਂ ਦੇ ਪਿੰਡੇ 'ਤੇ ਹੰਢਾਏ ਗਏ ਦਰਦ ਦੀ ਗੱਲ ਅਤਿ ਸੂਖ਼ਮ ਲਹਿਜ਼ੇ ਵਿਚ ਕਰਦਾ ਹੈ।




ਦੂਜਾ ਲੇਖ ਦਿੱਲੀ ਵਿਚ ਇਕ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਬਾਰੇ ਹੈ ਜਿਸ ਵਿਚ 700 ਤੋਂ ਵਧੇਰੇ ਲੋਕਾਂ ਨੇ ਕੁਰਬਾਨੀ ਦਿੱਤੀ ਅਤੇ ਬੇਹੱਦ ਮਾਲੀ ਨੁਕਸਾਨ ਵੀ ਹੋਇਆ। ਅੰਦੋਲਨ ਦੇ ਵੱਖ-ਵੱਖ ਪੜਾਵਾਂ ਦੀ ਗੱਲ ਬੜੀ ਬਾਰੀਕੀ ਨਾਲ ਕੀਤੀ ਗਈ ਹੈ। ਇਸ ਅੰਦੋਲਨ ਦਾ ਖ਼ੂਬਸੂਰਤ ਹਾਸਲ ਇਹ ਸੀ ਕਿ ਇਸ ਵਿਚ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਭਰਾਵਾਂ ਵਾਂਗ ਵਿਚਰੇ ਅਤੇ ਅੰਦੋਲਨ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ ਜਿਸ ਵਿਚ ਹਰ ਉਮਰ ਦੇ ਮਰਦਾਂ ਅਤੇ ਔਰਤਾਂ ਦੀ ਭਰਪੂਰ ਸ਼ਮੂਲੀਅਤ ਰਹੀ ਅਤੇ ਧਰਮ ਤੇ ਜਾਤ-ਪਾਤ ਖ਼ਤਮ ਹੋਈ।

ਮਨੁੱਖੀ ਸਰੋਕਾਰ ਵਾਲੇ ਭਾਗ ਵਿਚ ਪੰਜ ਲੇਖ ਹਨ- 'ਪਹਿਲਾ ਪਾਣੀ ਜੀਓ ਹੈ', 'ਲਗਾਤਾਰ ਵਿਗੜ ਰਿਹਾ ਏ ਵਾਤਾਵਰਣ', 'ਆਚਰਣ ਹੀ ਸੱਭ ਕੁਝ ਹੈ, 'ਆਦਤਾਂ ਬਦਲੀਆਂ ਵੀ ਜਾ ਸਕਦੀਆਂ ਹਨ' ਅਤੇ 'ਚਿੰਤਾ ਚਿਖ਼ਾ ਬਰਾਬਰ' ਜਿਨ੍ਹਾਂ ਦੇ ਵਿਸ਼ੇ ਇਨ੍ਹਾਂ ਦੇ ਸਿਰਲੇਖਾਂ ਤੋਂ ਹੀ ਭਲੀ-ਭਾਂਤ ਪਛਾਣੇ ਜਾ ਸਕਦੇ ਹਨ। ਅਗਲੇ ਚਾਰ ਲੇਖ ਸਮਾਜਿਕ ਸਰੋਕਾਰਾਂ ਬਾਰੇ ਹਨ- ਪਹਿਲਾ ਹੈ, 'ਫ਼ੈਸਲਾ ਲੈਣਾ ਕਲਾ ਏ, ਪ੍ਰਕਿਰਿਆ ਜਾਂ ਜੁਗਾੜ'। ਦੂਸਰੇ ਲੇਖ 'ਪਰਿਵਾਰਾਂ ਦੀ ਟੁੱਟ-ਭੱਜ' ਵਿਚ ਨਿਊਕਲੀਅਰ ਬਨਾਮ ਸੰਯੁਕਤ ਪਰਿਵਾਰਾਂ ਦੀ ਗੱਲ ਕੀਤੀ ਗਈ ਹੈ। 'ਏਕਾਂਤਵਾਸ ਬਨਾਮ ਘਰੇਲੂ ਬਨਵਾਸ' ਵਿਚ ਲੇਖਕ ਕਰੋਨਾ ਕਾਲ ਦੌਰਾਨ ਨਿੱਜੀ ਅਨੁਭਵ ਅਤੇ 'ਏਕਾਂਤਵਾਸ' ਬਾਰੇ ਬੜੇ ਰੌਚਕ ਢੰਗ ਨਾਲ ਬਿਆਨ ਕਰਦਿਆਂ ਦੱਸਦਾ ਹੈ ਕਿ ਕਿਵੇਂ ਉਸ ਸਮੇਂ ਉਹ ਅਤੇ ਉਨ੍ਹਾਂ ਵਰਗੇ ਬਹੁਤ ਸਾਰੇ ਪਰਿਵਾਰ ਘਰਾਂ ਤੋਂ ਦੂਰ ਰਹਿਣ ਲਈ ਮਜਬੂਰ ਹੋਏ।

ਅਗਲੇ ਤਿੰਨ ਬਹੁਤ ਹੀ ਮਹੱਤਵਪੂਰਨ ਲੇਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਾਲ ਸਬੰਧਿਤ ਹਨ। ਡਾ. ਝੰਡ ਨੇ ਚੋਣਵੀਆਂ ਵਾਰਾਂ ਦੀ

(ਬਾਕੀ ਅਗਲੇ ਸਫੇ 'ਤੇ)

## ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ ਨੂੰ ਪੜ੍ਹਦਿਆਂ

*(ਪਿਛਲੇ ਸਫੇ ਦਾ ਬਾਕੀ)*

ਵਿਆਖਿਆ ਕਰ ਕੇ ਉਨ੍ਹਾਂ ਵਿਚ ਸਿੱਖੀ ਜੀਵਨ-ਜਾਚ, ਸੱਚੇ ਗੁਰੂ ਦਾ ਸੰਕਲਪ ਅਤੇ ਗੁਰਮੁਖ, ਮਨਮੁਖ ਤੇ ਨਿੰਦਕ ਬਾਰੇ ਭਾਈ ਗੁਰਦਾਸ ਜੀ ਕੀ ਕਹਿੰਦੇ ਹਨ, ਬਾਰੇ ਦੱਸਿਆ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖਕ ਨੂੰ 'ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ' ਜਾਣੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਬਾਰੇ ਵੀ ਗਿਆਨ ਹੈ। ਇਸ ਤੋਂ ਇਲਾਵਾ ਇਸ ਭਾਗ ਵਿਚ ਪੰਜਾਬੀਆਂ ਦੇ ਅਹਿਮ ਧਾਰਮਿਕ ਤੇ ਸੱਭਿਆਚਰਕ ਤਿਉਹਾਰ ਵਿਸਾਖੀ ਅਤੇ ਕੈਨੇਡਾ ਵਿਚ ਪੰਜਾਬੀ ਮੀਡੀਆ ਦੀ ਸਥਿਤੀ ਬਾਰੇ ਵੀ ਬੜੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ।

ਪੁਸਤਕ ਦੇ ਦੂਸਰੇ ਭਾਗ ਸ਼ਖ਼ਸੀਅਤਾਂ ਵਿਚ ਸਿੱਖ ਗੁਰੂ ਸਾਹਿਬਾਨ ਬਾਰੇ ਤਿੰਨ ਲੇਖ ਹਨ। ਪਹਿਲਾ ਲੇਖ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਸਾਰਥਕਤਾ ਬਾਰੇ ਹੈ, ਦੂਜੇ ਲੇਖ ਦਾ ਵਿਸ਼ਾ ਗੁਰੂ ਤੇਗ਼ ਬਹਾਦਰ ਜੀ ਦੀ ਅਦੁੱਤੀ ਕੁਰਬਾਨੀ ਹੈ ਅਤੇ ਤੀਸਰਾ ਲੇਖ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਵੱਲੋਂ 'ਖ਼ਾਲਸਾ ਪੰਥ' ਸਾਜਣ ਤੋਂ ਬਾਅਦ ਜਬਰ, ਜ਼ੁਲਮ ਤੇ ਅਨਿਆਂ ਵਿਰੁੱਧ ਲੜਾਈ ਕਰਨ ਬਾਰੇ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਦੇ ਚਰਿੱਤਰ ਦੀ ਤਸਵੀਰ ਪਾਠਕ ਦੇ ਸਨਮੁੱਖ ਸਾਕਾਰ ਹੁੰਦੀ ਹੈ। ਖੋਜ ਅਤੇ ਤਰਕ 'ਤੇ ਆਧਾਰਤ ਇਹ ਲੇਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਕੁਰਬਾਨੀਆਂ ਤੋਂ ਸਾਨੂੰ ਕੁਝ ਸਿੱਖਣ ਲਈ ਪ੍ਰੇਰਦੇ ਹਨ। ਇਸ ਤੋਂ ਅਗਲੇ ਭਾਗ ਦੇ ਪੰਜ ਲੇਖਾਂ ਵਿਚ ਸਮਾਜਿਕ ਸ਼ਖ਼ਸੀਅਤਾਂ ਸ਼ਹੀਦ ਭਗਤ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਬਲਵੰਤ ਸਿੰਘ ਲੱਛੜ, ਪੂਰਨ ਸਿੰਘ ਪਾਂਧੀ ਅਤੇ ਡਾ. ਰਾਜੇਸ਼ ਕੁਮਾਰ ਪੱਲਣ ਬਾਰੇ ਗੱਲ ਕੀਤੀ ਗਈ ਹੈ, ਜਿਨ੍ਹਾਂ ਨੇ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਵੱਖ-ਵੱਖ ਖੇਤਰਾਂ ਵਿਚ ਸਮਾਜ ਨੂੰ ਸਾਰਥਿਕ ਸੇਧ ਦਿੱਤੀ।

ਆਪਣੇ ਸ਼ਹਿਰ ਬਰੈਂਪਟਨ ਦੇ ਵਿਦਵਾਨ ਪੂਰਨ ਸਿੰਘ ਪਾਂਧੀ ਦੀ ਸਿਆਣਪ ਅਤੇ ਵਿਦਵਤਾ ਬਾਰੇ ਅਸੀਂ ਸਾਰੇ ਜਾਣਦੇ ਹੀ ਹਾਂ ਜਿਸ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ। ਅਲਬੱਤਾ! ਇਸ ਪੁਸਤਕ ਤੋਂ ਡਾ. ਪੱਲਣ ਬਾਰੇ ਜਾਣ ਕੇ ਬੜਾ ਚੰਗਾ ਲੱਗਿਆ ਕਿ ਸਾਡੇ ਸ਼ਹਿਰ ਵਿਚ ਬੈਠਾ ਇਕ ਹੋਰ ਵਿਦਵਾਨ ਬੜੀ ਸਹਿਜਤਾ ਅਤੇ ਸੁਚੱਜਤਾ ਨਾਲ ਕੰਮ ਕਰ ਰਿਹਾ ਹੈ। ਉਸ ਦੇ ਪਿਛੋਕੜ, ਵਿੱਦਿਆ, ਅਧਿਆਪਨ ਅਤੇ ਖੋਜ ਕਾਰਜਾਂ ਬਾਰੇ ਗੱਲ ਕਰਦਿਆਂ ਇਸ ਗੱਲ ਦੀ ਸ਼ਲਾਘਾ ਕੀਤੀ ਗਈ ਹੈ ਕਿ ਉਹ ਕੁਝ ਗਿਣੇ ਚੁਣੇ ਵਿਦਵਾਨਾਂ ਵਿਚੋਂ ਇਕ ਹੈ ਜੋ ਅੰਗਰੇਜ਼ੀ ਵਿਚ ਪੀਐੱਚ.ਡੀ ਕਰਨ ਦੇ ਬਾਵਜੂਦ ਪੰਜਾਬੀ ਵਿਚ ਲਿਖਦੇ ਹਨ।

ਏਸੇ ਤਰ੍ਹਾਂ ਦਿੱਲੀ ਕਿਸਾਨ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਡਾ. ਸਵੈਮਾਣ ਸਿੰਘ ਪੱਖੋਕੇ ਅਤੇ ਪੰਜਾਬੀ ਦੇ ਸਿਰਮੌਰ ਲੇਖਕਾਂ ਲਾਲਾ ਧਨੀ ਰਾਮ ਚਾਤ੍ਰਿਕ, ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਸ਼ਬਦ-ਚਿੱਤਰ ਬਹੁਤ ਖ਼ੂਬਸੂਰਤੀ ਨਾਲ ਉਲੀਕੇ ਗਏ ਹਨ। ਜਸਵੰਤ ਸਿੰਘ ਕੰਵਲ ਦੀ ਮੁੱਢਲੀ ਪੜ੍ਹਾਈ, ਮਲੇਸ਼ੀਆ ਦੌਰਾ ਅਤੇ ਕਵਿਤਾ ਦੀ ਚੇਟਕ ਲੱਗਣ ਤੋਂ ਲੈ ਕੇ ਢੁੱਡੀਕੇ ਵਾਪਸੀ, ਨਾਵਲਕਾਰੀ ਵਿਚ ਸਥਾਪਤ ਹੋਣ, ਇਨਾਮਾਂ-ਸਨਮਾਨਾਂ ਦੀ ਪ੍ਰਾਪਤੀ ਤੋਂ ਲੈ ਕੇ ਡਾ. ਜਸਵੰਤ ਗਿੱਲ ਨਾਲ ਦੂਜਾ ਵਿਆਹ ਕਰਾਉਣ ਬਾਰੇ ਖੁੱਲ੍ਹ ਕੇ ਲਿਖਿਆ ਗਿਆ ਹੈ। ਜਦੋਂ ਕੰਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਖੇ ਨੌਕਰੀ ਕਰਦਾ ਸੀ ਤਾਂ ਨਾਨਕ ਸਿੰਘ ਦਾ ਉੱਥੇ ਆ ਕੇ ਕੰਵਲ ਨੂੰ ਕਹਿਣਾ "ਤੂੰ ਬਹੁਤ ਵਧੀਆ ਲਿਖਦਾ ਏਂ, ਲਿਖਣਾ ਨਾ ਛੱਡੀਂ" ਪੜ੍ਹ ਕੇ ਬਹੁਤ ਖੁਸ਼ੀ ਹੋਈ। ਇਸ ਨਾਲ ਬਹੁਤ ਸਾਰੇ ਲੇਖਕਾਂ ਨੂੰ ਪ੍ਰੇਰਨਾ ਵੀ ਮਿਲੀ ਹੋਵੇਗੀ ਕਿ ਇਕ ਲੇਖਕ ਨੂੰ ਦੂਸਰੇ ਨੂੰ ਹੋਰ ਲਿਖਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।


ਇਹ ਕਿਤਾਬ ਮਹੱਤਵਪੂਰਨ ਦਸਤਾਵੇਜ਼ ਹੈ ਜੋ ਆਪਣੇ ਅੰਦਰ ਗਿਆਨ ਦਾ ਵੱਡਾ ਖ਼ਜ਼ਾਨਾ ਸਮੋਈ ਬੈਠੀ ਹੈ। ਇਸ ਵਿਚ ਸਮਾਜਿਕ, ਧਾਰਮਿਕ, ਵਿਗਿਆਨਕ, ਪਰਿਵਾਰਕ ਅਤੇ ਵਾਤਾਵਰਣ ਨਾਲ ਸਬੰਧਤ ਬਹੁਤ ਸਾਰੇ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਹੈ। ਇਸ ਦੀ ਭਾਸ਼ਾ ਸਾਦੀ ਅਤੇ ਰਵਾਂ ਹੈ ਜੋ ਬੜੀ ਜਲਦੀ ਅਤੇ ਆਸਾਨੀ ਨਾਲ ਪੜ੍ਹੀ ਜਾਂਦੀ ਹੈ। ਲੇਖਕ ਕਿਤੇ ਵੀ ਅਕਾਊ ਪ੍ਰਤੀਤ ਨਹੀਂ ਹੁੰਦਾ। ਉਸ ਨੇ ਵਿਸ਼ਿਆਂ ਅਨੁਸਾਰ ਲੇਖਾਂ ਦੀ ਵੰਡ ਕਰ ਕੇ ਪਾਠਕ ਨੂੰ ਕਿਤਾਬ ਨਾਲ ਜੋੜੀ ਰੱਖਿਆ ਹੈ। ਇਸ ਨਾਲ ਪਾਠਕ ਦਾ ਧਿਆਨ ਇੱਕ ਸਮੇਂ ਇੱਕੋ ਵਿਸ਼ੇ 'ਤੇ ਕੇਂਦ੍ਰਿਤ ਰਹਿੰਦਾ ਹੈ। ਕੁਲ ਮਿਲਾ ਕੇ ਇਸ ਪੁਸਤਕ ਦਾ ਪੰਜਾਬੀ ਸਾਹਿਤ ਵਿਚ ਆਉਣਾ ਸ਼ੁਭ ਸ਼ਗਨ ਹੈ। ਜਿਵੇਂ ਆਰੰਭ ਵਿਚ ਕਿਹਾ ਗਿਆ ਹੈ ਕਿ ਪੰਜਾਬੀ ਵਿਚ ਵਾਰਤਕ ਬਹੁਤ ਘੱਟ ਲਿਖੀ ਜਾ ਰਹੀ ਹੈ, ਖ਼ਾਸ ਕਰਕੇ ਕੈਨੇਡਾ ਵਿਚ ਤਾਂ ਕੋਈ ਟਾਂਵੀਂ-ਟਾਂਵੀਂ ਪੁਸਤਕ ਹੀ ਵਾਰਤਕ ਦੀ ਆਉਂਦੀ ਹੈ, ਮੈਂ ਝੰਡ ਸਾਹਿਬ ਨੂੰ ਗੁਜ਼ਾਰਿਸ਼ ਕਰਦੀ ਹਾਂ ਕਿ ਉਹ ਇੰਜ ਹੀ ਲਿਖਣਾ ਜਾਰੀ ਰੱਖਣ ਅਤੇ ਪੰਜਾਬੀ ਵਾਰਤਕ ਸਾਹਿਤ ਵਿਚ ਵਾਧਾ ਕਰਨ।







## PCS Board of Directors 2023



Nick Balwinder Singh (Chairman) | Bhupinder Singh Dhaliwal (President) | Manjeet Singh Bhalla (Vice President) | Bikram Singh Sohi (Executive Secretary) | Gurlal S. Bhattal (Finance Secretary) | Gurpreet Sidhu (Tech. Director & Asst. Finance Director) | Navtej S. Sohi (Youth & Inter Community Director) | Parmjot S.Parmar (Asstt. Executive Secretary) | Jigerdeep Singh Dhillon (Sports Director) | Parvinder Singh Nanua (*Immediate Past President*) | Kevindeep S. Atwal (*Immediate Past* Chairman)

## PCS Board of Governors



Rajinder S. Mago | Sukhmel S. Atwal | Mohinderjit S. Saini | Harwinder Paul S. Lail | Bhinder S. Pamma | Jasbir S. Palia | Balwinder S. Girn

## PCS Board of Advisors



Amarjit K. Atwal | Vick Singh | Gurmit S. Dhillon | Surinder Palia

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ


## Punjabi Mela 2023 Sponsors



Dr. Bhupinder Singh Saini | Dr. Harjinder Singh Khaira | Gulzar Singh Multani | Deepinder Singh Virk | Jatinder Singh Khangura | Pal Khalil | Brij Sharma | Dr. Amrik Singh Sohi | Dr. Vikram Singh Gill | Jaskaran Singh Dhaliwal | Kevindeep Atwal | Jaidev Singh Bhattal



Pali Dhaliwal | Ranbir Singh Dhaliwal | Satish Bhardwaj | Pal Bhardwaj | Gursahib Singh Toor | Parminder S. Goldi | Sarwan Singh Tiwana | Jasbir Suga | Amritpal Singh Mangat | Avtar Singh Bhaura | Jassi Dhaliwal | Manjit S. Dhanoa




Harkewal Singh Lally | Lakhbir S. Sandhu | Lucky Sahota | Santokh Ghuman | Ajaib Singh Lakhan | Happy Heer | Narinder Singh Sran | Rajinder Dayal | Amolak Singh Gidda | Iqbal Singh Saini | Jagjit Singh Dhindsa | Parshan Singh Mann



Rajpreet Kaur Dhaliwal | Dr. Amrit Virk | Dalvir Kaur Parmar | Sanover Sohi | Davinder Singh Rangi | Swaran Singh Sekhon | Harjinder Singh Kahlon | Jorawar Singh Jarria | Jairam Singh Kahlon | Dr. Hargurmukhpal Singh | Dr. Gurdial Singh Basran | Late S. Pritam Singh Nanua

### Sher-E-Punjab Sports & Cultural Club, Chicago



Baljit Tiwana | Jaswinder Gill | Deepinder Virk | Honey Khangura | Kamaljit Ghuman | Jindi Khangura | Jinder Benipal

SWERA WOMEN SUPPORT GROUP SIKH WOMEN ERA


Oneness

Lakeland Dental

PAO www.paochicago.org

Midwest Mind Care

### Sher-E-Punjab Sports Club, Chicago (Midwest)




Deepa Bandesha | Amardev S. Bandesha | Parminder S. Walia | Darshan Pamma | Amritpal Gill | Balwinder Chatha | Lakhwinder Singh | Amarjit Bandesha | Manjinder Singh

HAWK TRUCK DRIVING SCHOOL

HT HAMPSHIRE TIRES

icons printing & signs

### Punjab Sports Club, Chicago



Lucky Sahota | Santokh S. Ghuman | Ajaib Singh Lakhan | Happy Heer | Dr. Harjinder Khaira | Narinder Singh Sran | Jaskaran S. Dhaliwal | Rajinder Dayal | Harwinder Billa | Hardeep Gill | Parminder Saimbi | Jaspal Midha



















# ਲਾ ਸ਼ਗਨਾਂ ਦੀ ਮਹਿੰਦੀ...



ਕਲਾ ਪਰਿਕਰਮਾ

**ਜੋਗਿੰਦਰ ਕੌਰ ਅਗਨੀਹੋਤਰੀ**
ਫੋਨ: +91-94178-40323

ਵਿਆਹ ਸ਼ਾਦੀ ਜਾਂ ਹੋਰ ਕਿਸੇ ਖੁਸ਼ੀ ਦੇ ਮੌਕੇ 'ਤੇ ਔਰਤਾਂ ਤੇ ਕੁੜੀਆਂ ਵੱਲੋਂ ਮਹਿੰਦੀ ਲਾਈ ਜਾਂਦੀ ਹੈ। ਮਹਿੰਦੀ ਕੁਦਰਤ ਦੀ ਦੇਣ ਹੈ। ਮਹਿੰਦੀ ਦੇ ਬੂਟੇ ਬਾਗ਼ਾਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਲਾਏ ਜਾਂਦੇ ਹਨ। ਮਹਿੰਦੀ ਦੇ ਸੁੱਕੇ ਪੱਤਿਆਂ ਨੂੰ ਪੀਸ ਕੇ ਮਹਿੰਦੀ ਤਿਆਰ ਕੀਤੀ ਜਾਂਦੀ ਹੈ। ਇਸ ਨੂੰ ਲਾਉਣ ਤੋਂ ਪਹਿਲਾਂ ਭਿਉਂ ਕੇ ਰੱਖਿਆ ਜਾਂਦਾ ਹੈ। ਇੱਕ ਵੇਲਾ ਇਹ ਵੀ ਸੀ ਜਦੋਂ ਤਾਜ਼ੇ ਪੱਤਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਕੂੰਡੇ ਘੋਟਣੇ ਨਾਲ ਰਗੜਿਆ ਜਾਂਦਾ ਸੀ। ਜਦੋਂ ਮਹਿੰਦੀ ਪੂਰੀ ਤਰ੍ਹਾਂ ਮੁਲਾਇਮ ਹੋ ਜਾਂਦੀ ਤਾਂ ਇਸ ਨੂੰ ਹੱਥਾਂ 'ਤੇ ਲਾਇਆ ਜਾਂਦਾ ਸੀ।

ਘਰੇਲੂ ਸਮੱਸਿਆਵਾਂ ਕਦੇ ਵੀ ਨਹੀਂ ਸੁਲਝਦੀਆਂ। ਜੇ ਇੱਕ ਸੁਲਝ ਜਾਂਦੀ ਹੈ ਤਾਂ ਕੋਈ ਹੋਰ ਖੜ੍ਹੀ ਹੋ ਜਾਂਦੀ ਹੈ। ਕਹਿੰਦੇ ਨੇ-ਵਸਣ ਸ਼ਰੀਕੇ ਦਾ, ਨਾਭੇ ਦੀ ਸਰਦਾਰੀ; ਭਾਵ ਸ਼ਰੀਕੇ ਕਬੀਲੇ ਵਿਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਔਕੜਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਦੋਂ ਘਰ ਵਿਚ ਅਜਿਹੀਆਂ ਸਮੱਸਿਆਵਾਂ ਆਉਂਦੀਆਂ ਹਨ ਤਾਂ ਔਰਤ ਉਨ੍ਹਾਂ ਨੂੰ ਸਹਾਰਦੀ ਹੋਈ ਵੀ ਡੋਲਦੀ ਨਹੀਂ ਪਰ ਆਪਣੇ ਮਨ ਦੀ ਵੇਦਨਾ ਨੂੰ ਪ੍ਰਗਟ ਕਰਦੀ ਹੋਈ ਕਹਿੰਦੀ ਹੈ:

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿਚ ਰਹਿੰਦੀ
ਰਗੜ ਰਗੜ ਕੇ ਹੱਥਾਂ 'ਤੇ ਲਾਉਂਦੇ
ਭੋਰੜ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਮੈਂ ਨਾ ਬਾਬਲਾ ਸਹਿੰਦੀ।

ਸ਼ਰੀਕ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਦੇ। ਮਜਬੂਰੀ ਵੱਸ ਤਾਅਨੇ ਝੱਲਣੇ ਪੈਂਦੇ ਹਨ। ਅਜਿਹੇ ਮੌਕੇ ਔਰਤ ਸਬਰ ਸੰਤੋਖ ਦਾ ਸਹਾਰਾ ਲੈ ਕੇ ਕਹਿੰਦੀ ਹੈ:

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿਚ ਰਹਿੰਦੀ
ਰਗੜ ਰਗੜ ਕੇ ਹੱਥਾਂ 'ਤੇ ਲਾਉਂਦੇ
ਬੱਤੀਆਂ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਵਖ਼ਤ ਪਏ ਤੋਂ ਸਹਿੰਦੀ।

ਮਹਿੰਦੀ ਹੱਥਾਂ 'ਤੇ ਲਾਉਣ ਨਾਲ ਹੱਥਾਂ ਦੀ ਸੁੰਦਰਤਾ ਵਧਦੀ ਹੈ। ਵਿਆਂਦੜ ਦੇ ਮਹਿੰਦੀ ਲਾਉਣੀ ਸ਼ਗਨ ਮੰਨਿਆ ਜਾਂਦਾ ਹੈ। ਉਂਜ ਤਾਂ ਵਿਆਹ ਸ਼ਾਦੀ ਦੇ ਮੌਕੇ ਔਰਤਾਂ ਮਹਿੰਦੀ ਲਾਉਂਦੀਆਂ ਹਨ ਪਰ ਸਭ ਤੋਂ ਪਹਿਲਾਂ ਵਿਆਹ ਵਾਲੀ ਕੁੜੀ ਦੇ ਮਹਿੰਦੀ ਲਾਈ ਜਾਂਦੀ ਹੈ। ਇਹ ਮਹਿੰਦੀ ਸੁਘੜ ਸਿਆਣੀ ਹੀ ਲਾਉਂਦੀ ਸੀ ਜਿਸ ਨੂੰ ਮਹਿੰਦੀ ਲਾਉਣ ਦੀ ਜਾਚ ਹੁੰਦੀ ਸੀ। ਅੱਜ ਕੱਲ੍ਹ ਮਹਿੰਦੀ ਵਾਲੇ ਕਾਰਜ ਨੂੰ ਬਿਊਟੀ ਪਾਰਲਰ ਤੋਂ ਹੀ ਕਰਵਾ ਲਿਆ ਜਾਂਦਾ ਹੈ। ਲਾੜੇ ਦੇ ਮਹਿੰਦੀ ਲਾਉਣ ਦਾ ਹੱਕ ਭਰਜਾਈ ਨੂੰ ਦਿੱਤਾ ਜਾਂਦਾ ਹੈ ਅਤੇ ਇਸ ਦੇ ਬਦਲੇ ਭਰਜਾਈ ਨੂੰ ਉਹ ਸ਼ਗਨ ਵਜੋਂ ਕੁਝ ਰੁਪਏ ਦਿੰਦਾ ਹੈ। ਇੱਕ ਸਮਾਂ ਉਹ ਵੀ ਸੀ ਜਦੋਂ ਬਰਾਤ ਦੋ ਜਾਂ ਤਿੰਨ ਦਿਨ ਰਹਿੰਦੀ ਸੀ, ਉਸ ਸਮੇਂ ਲਾੜੇ ਦੇ ਮਹਿੰਦੀ ਉਸ ਦੀਆਂ ਸਾਲੀਆਂ ਲਾਉਂਦੀਆਂ ਸਨ। ਉਸ ਸਮੇਂ ਲਾੜਾ ਉਨ੍ਹਾਂ ਨੂੰ ਸ਼ਗਨ ਵਜੋਂ ਕੁਝ ਰੁਪਏ ਦਿੰਦਾ ਸੀ।



*ਮਹਿੰਦੀ ਦੇ ਪੱਤਿਆਂ ਦੀ ਝਲਕ।*

ਮਹਿੰਦੀ ਲਾਉਣ ਦਾ ਰਿਵਾਜ ਭਾਵੇਂ ਅਲੱਗ-ਅਲੱਗ ਹੈ ਪਰ ਇਸ ਨੂੰ ਸਭ ਧਰਮਾਂ ਦੇ ਲੋਕ ਲਾਉਂਦੇ ਹਨ। ਉਂਝ ਤਾਂ ਮਹਿੰਦੀ ਲਾਉਣਾ ਖ਼ੁਸ਼ੀ ਦੀ ਨਿਸ਼ਾਨੀ ਹੈ ਪਰ ਘਰ ਵਿਚ ਕਿਸੇ ਦੀ ਮੌਤ ਹੋ ਜਾਣ 'ਤੇ ਸੋਗ ਹੋ ਜਾਂਦਾ ਹੈ ਤਾਂ ਖ਼ੁਸ਼ੀ ਦਾ ਕੋਈ ਕਾਰਜ ਨਹੀਂ ਕੀਤਾ ਜਾਂਦਾ। ਜੇਕਰ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਵੇ ਤਾਂ ਸੋਗ ਖ਼ਤਮ ਕਰਵਾਉਣ ਲਈ ਉਸ ਦੇ ਪੇਕਿਆਂ ਵੱਲੋਂ ਮਹਿੰਦੀ, ਚੂੜੀਆਂ, ਡੋਰੀ ਭਾਵ ਪਰਾਂਦੀ ਦਿੱਤੀ ਜਾਂਦੀ ਹੈ ਕਿਉਂਕਿ ਸੋਗ ਗ੍ਰਸਤ ਔਰਤ ਆਪਣੇ ਵਾਲ ਖੁੱਲ੍ਹੇ ਰੱਖਦੀ ਹੈ। ਇਸ ਲਈ ਵਿਆਹ ਸ਼ਾਦੀ ਵਰਗੇ ਕਾਰਜ ਕਰਨ ਲਈ ਸੋਗ ਵਧਾਉਣ ਜਾਂ ਖਤਮ ਕੀਤਾ ਜਾਂਦਾ ਹੈ। ਮੌਤ ਭਾਵੇਂ ਕਹਿਰ ਦੀ ਹੋਵੇ, ਸੋਗ ਵਧਾਉਣ (ਖਤਮ) ਲਈ ਇਹ ਰਸਮ ਜ਼ਰੂਰ ਕੀਤੀ ਜਾਂਦੀ ਹੈ।

ਸਾਉਣ ਦਾ ਮਹੀਨਾ ਚੜ੍ਹਦਿਆਂ ਹੀ ਔਰਤਾਂ ਅਤੇ ਕੁੜੀਆਂ ਦੇ ਚਿਹਰਿਆਂ 'ਤੇ ਰੌਣਕ ਆ ਜਾਂਦੀ ਹੈ ਕਿਉਂਕਿ ਸਾਉਣ ਦਾ ਮਹੀਨਾ ਖ਼ੁਸ਼ੀਆਂ ਦਾ ਮਹੀਨਾ ਹੈ। ਮੀਂਹ ਪੈਣ 'ਤੇ ਪਸ਼ੂ ਅਤੇ ਮਨੁੱਖ ਸਭ ਖ਼ੁਸ਼ ਹੋ ਜਾਂਦੇ ਹਨ ਕਿਉਂਕਿ ਹਾੜ੍ਹ ਮਹੀਨੇ ਦੀ ਤਪਸ਼ ਤੋਂ ਬਾਅਦ ਮੌਸਮ ਵਿਚ ਤਬਦੀਲੀ ਆਉਂਦੀ ਹੈ। ਖਾਣ-ਪੀਣ ਵਿਚ ਵੀ ਬਦਲਾਅ ਆ ਜਾਂਦਾ ਹੈ। ਠੰਢੇ ਮੌਸਮ ਵਿਚ ਖਾਧੀਆਂ ਚੀਜ਼ਾਂ ਨੁਕਸਾਨ ਨਹੀਂ ਕਰਦੀਆਂ ਜਦਕਿ ਗਰਮੀ ਵਿਚ ਬਣਾਉਣੀਆਂ ਵੀ ਔਖੀਆਂ ਅਤੇ ਖਾ ਕੇ ਹਜ਼ਮ ਕਰਨੀਆਂ ਵੀ ਔਖੀਆਂ ਹੁੰਦੀਆਂ ਹਨ। ਸੋ, ਸਾਉਣ ਮਹੀਨੇ ਵਿਚ ਤੀਆਂ ਲੱਗਦੀਆਂ ਹਨ। ਕੁੜੀਆਂ ਅਤੇ ਵਹੁਟੀਆਂ ਤੀਆਂ ਵਿਚ ਜਾ ਕੇ ਖ਼ੁਸ਼ੀ ਮਨਾਉਂਦੀਆਂ ਹਨ। ਪੀਂਘਾਂ ਝੂਟਦੀਆਂ ਅਤੇ ਮਨ ਦੇ ਭਾਵਾਂ ਨੂੰ ਬੋਲੀਆਂ ਰਾਹੀਂ ਪ੍ਰਗਟ ਕਰਦੀਆਂ ਹਨ। ਸਾਉਣ ਮਹੀਨੇ ਦੇ ਚਾਨਣੇ ਪੱਖ ਦੀ ਦੂਜ ਨੂੰ ਮਹਿੰਦੀ ਲਾਈ ਜਾਂਦੀ ਹੈ ਅਤੇ ਤੀਜ ਨੂੰ ਤੀਆਂ ਲੱਗਦੀਆਂ ਹਨ। ਸਾਉਣ ਦੇ ਮਹੀਨੇ ਵਿਚ ਵਿਆਹੀਆਂ ਕੁੜੀਆਂ ਨੂੰ ਪੇਕੇ ਤੀਆਂ ਮਨਾਉਣ ਲਈ ਲਿਆਂਦਾ ਜਾਂਦਾ ਹੈ ਤਾਂ ਹੀ ਕਿਹਾ ਜਾਂਦਾ ਹੈ:

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਇਸ ਤਰ੍ਹਾਂ ਇਸ ਤਿਉਹਾਰ ਨੂੰ ਮਨਾਉਣ ਲਈ ਦੂਜ ਵਾਲੇ ਦਿਨ ਜਦੋਂ ਮਹਿੰਦੀ ਲਾਈ ਜਾਂਦੀ ਹੈ ਤਾਂ ਕੁੜੀਆਂ ਇੱਕ ਦੂਜੀ ਦੇ ਮਹਿੰਦੀ ਲਾਉਂਦੀਆਂ ਸਨ। ਸੁੱਕੀ ਮਹਿੰਦੀ ਹੱਟੀ ਤੋਂ ਮੁੱਲ ਲਿਆਂਦੀ ਜਾਂਦੀ ਹੈ ਪਰ ਹਰੀ ਮਹਿੰਦੀ ਬਾਗ਼ ਵਿਚੋਂ ਤੋੜ ਕੇ ਲਿਆਉਂਦੇ ਹਨ। ਅਜਿਹੇ ਕਾਰਜ ਘਰ ਦੇ ਮਰਦ ਮੈਂਬਰ ਵੀ ਖ਼ੁਸ਼ੀ ਨਾਲ ਪੂਰੇ ਕਰਦੇ ਹਨ। ਉਨ੍ਹਾਂ ਅੰਦਰ ਆਪਣੇ ਪਰਿਵਾਰ ਦੀਆਂ ਨੂੰਹਾਂ ਅਤੇ ਧੀਆਂ ਦੇ ਚਾਵਾਂ ਨੂੰ ਪੂਰਾ ਕਰਨ ਦਾ ਵਧੀਆ ਮੌਕਾ ਹੁੰਦਾ ਸੀ। ਕੁਝ ਮਰਦ ਤਾਂ ਮਹਿੰਦੀ ਰਗੜਨ ਵਿਚ ਵੀ ਹੱਥ ਵਟਾਉਂਦੇ ਸਨ। ਪਰਿਵਾਰ ਦੇ ਮੈਂਬਰ ਦੇ ਸਹਿਯੋਗ ਸਦਕਾ ਉਨ੍ਹਾਂ ਦੀ ਖ਼ੁਸ਼ੀ ਹੋਰ ਵੀ ਵਧ ਜਾਂਦੀ ਹੈ। ਗਿੱਧੇ ਵਿਚ ਮਹਿੰਦੀ ਵਾਲੇ ਹੱਥਾਂ ਦੀਆਂ ਸਿਫਤਾਂ ਕਰਦੇ ਹੋਏ ਇਹ ਬੋਲੀ ਪਾਈ ਜਾਂਦੀ ਹੈ:

ਲਾ ਕੇ ਗੋਰਿਆਂ ਹੱਥਾਂ ਉੱਤੇ ਮਹਿੰਦੀ
ਗਿੱਧੇ ਦੇ ਵਿਚ ਨੱਚਦੀ ਫਿਰੇ।

ਵਿਆਹ ਵੇਲੇ ਜਦੋਂ ਲਾੜੇ ਦੇ ਮਹਿੰਦੀ ਲਾਈ ਜਾਂਦੀ ਹੈ ਤਾਂ ਉਸ ਸਮੇਂ ਇਹ ਗੀਤ ਗਾਇਆ ਜਾਂਦਾ ਹੈ ਕਿਉਂਕਿ ਵਿਆਹ ਦੇ ਹਰ ਕਾਰਜ ਨੂੰ ਗੀਤ ਗਾ ਕੇ ਹੀ ਸ਼ੁਰੂ ਕੀਤਾ ਜਾਂਦਾ ਹੈ:

ਆ ਵੇ ਬੰਨਾ
ਲਾ ਸ਼ਗਨਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਸੂਹਾ ਲਾਲ।

ਸਾਉਣ ਮਹੀਨੇ ਤੋਂ ਬਾਅਦ ਕਰਵਾ ਚੌਥ ਦੇ ਵਰਤ ਮੌਕੇ ਵੀ ਔਰਤਾਂ ਆਪਣੇ ਹੱਥਾਂ ਨੂੰ ਮਹਿੰਦੀ ਲਾ ਕੇ ਸ਼ਿੰਗਾਰਦੀਆਂ ਹਨ। ਉਂਝ ਹੁਣ ਘਰ ਵਿਚ ਮਹਿੰਦੀ ਲਾਉਣ ਦਾ ਰਿਵਾਜ਼ ਭਾਵੇਂ ਘੱਟ ਹੋ ਗਿਆ ਹੈ ਅਤੇ ਬਾਹਰ ਜਾ ਕੇ ਲਵਾਉਣ ਦਾ ਰਿਵਾਜ਼ ਵਧ ਗਿਆ ਹੈ। ਇਹੋ ਜਿਹੇ ਮਹਿੰਦੀ ਵਾਲੇ ਹੱਥਾਂ ਦੀ ਚਰਚਾ ਦੂਰ-ਦੂਰ ਤੱਕ ਹੁੰਦੀ ਹੈ। ਲੋਕ ਗੀਤਾਂ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਜਾਂਦਾ ਹੈ:

ਮਹਿੰਦੀ ਵਾਲੇ ਹੱਥਾਂ ਵਿਚ ਛੱਲੇ ਮੁੰਦੀਆਂ
ਤੇਰੀਆਂ ਨੀ ਗੱਲਾਂ ਮੇਲਿਆਂ 'ਚ ਹੁੰਦੀਆਂ।

ਸੋ, ਇਹ ਮਹਿੰਦੀ ਦੇਖਣ ਅਤੇ ਸੁਣਨ ਵਿਚ ਸਿਰਫ਼ ਰਿਵਾਜ਼ ਹੈ ਪਰ ਇਸ ਦੀ ਮਹਾਨਤਾ ਇਹੀ ਹੈ ਕਿ ਇਸ ਦੀ ਵਰਤੋਂ ਯੋਗ ਸਮੇਂ ਕਰਨਾ ਸੱਭਿਆਚਾਰ ਦੀ ਪਛਾਣ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਸਤੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-603



**ਮੇਰੇ ਆਪਣੇ ਵਿਚ ਕੈਨੇਡਾ, ਜਾਪੇ ਆਣ ਗੱਡੇ 'ਤੇ ਬਹਿ ਗਏ,
ਹੋਏ ਮੇਲ਼ ਵਿਆਹ ਸਬੱਬੀਂ, ਖਿਚਾਉਣ ਫ਼ੋਟੋ ਝੱਟ ਸ਼ਹਿ ਗਏ।
ਕਈ ਬੈਠੇ ਕੋਈ ਲੰਮੇ ਪੈਗੇ, ਬਾਹਲ਼ੇ ਖੁਸ਼ੀ 'ਚ ਆ ਨਸ਼ਿਆਏ,
ਵਿਆਹ ਸਾਡੇ ਹਰਮਨ ਦਾ, ਅਸੀਂ ਨੱਚ ਨੱਚ ਧਰਤ ਹਿਲਾਏ।**

### ਕੈਪਸ਼ਨ ਮੁਕਾਬਲਾ-601



ਹੱਜ ਨਹੀਂ ਕੋਈ ਜੀਵਣ ਦਾ
ਬੱਸ ਜਿਉਣਾ ਵੀ ਮਜਬੂਰੀ ਹੈ।
ਢਿੱਡ ਨੂੰ ਲਾਰੇ ਲਾਉਣ ਦੀ ਖਾਤਰ
ਰੁੱਖੀ ਮਿੱਸੀ ਤਾਂ ਜ਼ਰੂਰੀ ਹੈ।
ਕੱਚੀਆਂ ਪਿੱਲੀਆਂ ਥੱਪ ਲੈਨਾ ਹਾਂ
ਪੈਂਦੀ ਮਸਾਂ ਹੀ ਪੂਰੀ ਹੈ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਉਮਰ ਹੈ ਸੌ ਨੂੰ ਢੁਕਣ ਵਾਲੀ,
ਅੱਖੀਂ ਡਿੱਠਾ ਸੰਨ ਸੰਤਾਲੀ
ਵੱਢ-ਟੁੱਕ ਦੋਵੇਂ ਪਾਸੇ ਹੋਈ,
ਸਕਾ ਸਬੰਧੀ ਰਿਹਾ ਨਾ ਕੋਈ।
ਲੱਕੜਾਂ ਬਾਲ਼ ਤਪਾ ਲਿਆ ਚੁੱਲ੍ਹਾ,
ਅਗਲੇ ਪਿਛਲੇ ਦੇਵੇ ਲੇਖੇ
ਦੂਜਾ ਮੰਨ ਤਵੇ 'ਤੇ ਪਾਇਆ,
ਪਹਿਲਾ ਹੱਥੀਂ ਫ਼ੜ ਕੋਲਿਆਂ 'ਤੇ ਸੇਕੇ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਭਰ ਜਵਾਨੀ ਤਾਂ ਲਏ ਨਜ਼ਾਰੇ,
ਕੀ ਕੀ ਕਰਨਾ ਪਿਆ ਬੁੱਢੇ ਵਾਰੇ,
ਵਾਹ ਨਸੀਬਾ ਫਿਟੇ ਮੂੰਹ ਤੇਰੇ,
ਲੋੜ ਪੈਣ'ਤੇ ਸੰਗ ਛੱਡ ਗਏ ਸਾਰੇ।
ਕਾਲ਼ੇ ਪੀਲ਼ੇ ਦੋ ਮਨ ਥੱਪ ਲਏ,
ਵਿਚ 'ਗਿਆਰੀਆਂ ਦੇ ਉਹ ਰਾੜ੍ਹੇ,
ਇੰਞ ਹੀ ਜੂਨ ਹੰਢਾਉਣੀ ਪੈਣੀ,
ਜਿਉਣ ਦੇ ਜਾਣੋ ਨੇ ਵਰਕੇ ਪਾੜੇ।
***-ਸੇਵਾ ਸਿੰਘ ਨੂਰਪੁਰੀ***
***ਫ਼ੋਨ: 408-912-3438***

---

ਆਦਮੀ ਕੁਦਰਤੀ ਹੀ ਖੁਦਗਰਜ਼ ਹੈ
ਆਇਆ ਬੁਢਾਪਾ, ਗਈ ਜਵਾਨੀ
ਛੱਡ ਗਏ ਸਾਰੇ, ਹੋਏ ਪਗਲੇ
ਗੋਹਟੇ ਗਿੱਲੇ, ਤਾਅ ਨਾ ਪੈਂਦਾ ਤਵੇ
ਭੁੱਖਾ ਢਿੱਡ ਗੜੂੰਅ ਗੜੂੰਅ ਕਰੇ
ਮੋਟੇ ਠਿੱਲੇ, ਕੱਚੇ ਪਿੱਲੇ ਦੋ ਮੰਨ
ਰੱਖਸੁਲਗਦੇ ਗੋਹਟੇ ਉਤੇ
ਉਲੱਧ ਉਲੱਧ ਹੱਥ ਆਪਣੇ ਹੀ ਸਾੜੇ।
ਵਕਤ ਨਿਰਬਾਹ ਤਾਂ ਕਰਨਾ ਹੀ ਪੈਣਾ।
***-ਦਰਸ਼ਨ ਪਾਲ ਦੋਸਾਂਝ***

**To Advertise with Punjab Times Call:**
**847-359-0746**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਜਾਤੀ ਚੇਤਨਾ ਦੁਆਰਾ ਜਾਤ ਨੂੰ ਤੋੜਿਆ ਨਹੀਂ ਜਾ ਸਕਦਾ

## ਪ੍ਰੋਫੈਸਰ ਆਨੰਦ ਤੇਲਤੁੰਬੜੇ ਨਾਲ ਮੁਲਾਕਾਤ

***ਪ੍ਰੋਫੈਸਰ ਆਨੰਦ ਤੇਲਤੁੰਬੜੇ ਉੱਘੇ ਵਿਦਵਾਨ ਅਤੇ ਨਾਗਰਿਕ ਅਧਿਕਾਰਾਂ ਦੇ ਕਾਰਕੁਨ ਹਨ ਜੋ ਬੀ.ਆਰ. ਅੰਬੇਡਕਰ ਬਾਰੇ ਆਪਣੇ ਵਿਆਪਕ ਕੰਮ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੂੰ ਐਲਗਾਰ ਪ੍ਰੀਸ਼ਦ ਕੇਸ ਵਿਚ 2020 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 31 ਮਹੀਨੇ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਨਵੰਬਰ 2022 ਵਿਚ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ। ਸਨਿਗਧੇਂਦੂ ਭੱਟਾਚਾਰੀਆ ਵੱਲੋਂ 72 ਸਾਲਾ ਆਨੰਦ ਤੇਲਤੁਮੜੇ ਨਾਲ ਕੀਤੀ ਗੱਲਬਾਤ ਪੇਸ਼ ਹੈ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ 'ਪੰਜਾਬ ਟਾਈਮਜ਼' ਲਈ ਉਚੇਚਾ ਕੀਤਾ ਹੈ।***

**ਸਨਿਗਧੇਂਦੂ ਭੱਟਾਚਾਰੀਆ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

**ਸਵਾਲ:** ਜੇਲ੍ਹ ਵਿਚ ਰਹਿੰਦਿਆਂ ਤੁਸੀਂ ਜਾਤ ਦੇ ਕਿਸ ਨਵੇਂ ਪਹਿਲੂ ਬਾਰੇ ਸਿੱਖਿਆ?

**ਜਵਾਬ:** ਮੈਂ ਜੇਲ੍ਹ ਵਿਚ ਜਾਤ ਦੇ ਮੁੱਦੇ ਬਾਰੇ ਕੁਝ ਨਹੀਂ ਸਿੱਖਿਆ ਜੋ ਮੈਨੂੰ ਪਹਿਲਾਂ ਨਹੀਂ ਪਤਾ ਸੀ। ਪਿਛਲੇ ਚਾਰ ਦਹਾਕਿਆਂ ਤੋਂ ਨਾਗਰਿਕ ਅਧਿਕਾਰਾਂ ਦਾ ਕਾਰਕੁਨ ਹੋਣ ਦੇ ਨਾਤੇ ਮੈਂ ਵਿਚਾਰ ਅਧੀਨ ਕੈਦੀਆਂ ਅਤੇ ਦੋਸ਼ੀਆਂ, ਦੋਹਾਂ ਦੇ ਰੂਪ 'ਚ ਜੇਲ੍ਹਾਂ ਵਿਚ ਮੁਸਲਮਾਨਾਂ, ਦਲਿਤਾਂ ਅਤੇ ਆਦਿਵਾਸੀਆਂ ਦੀ ਬਹੁਤਾਤ ਤੋਂ ਜਾਣੂ ਸੀ। ਤਲੋਜਾ ਜੇਲ੍ਹ ਵੀ ਇਸ ਤੋਂ ਵੱਖਰੀ ਨਹੀਂ ਸੀ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਤਾਜ਼ਾ ਅੰਕੜਿਆਂ ਅਨੁਸਾਰ ਆਬਾਦੀ ਵਿਚ ਉਨ੍ਹਾਂ ਦੀ ਹਿੱਸੇਦਾਰੀ 39 ਪ੍ਰਤੀਸ਼ਤ ਦੇ ਮੁਕਾਬਲੇ ਜੇਲ੍ਹਾਂ 'ਚ ਉਨ੍ਹਾਂ ਦੀ ਗਿਣਤੀ 51 ਪ੍ਰਤੀਸ਼ਤ ਦੇ ਕਰੀਬ ਹੈ। ਇਸ ਦੇ ਲਈ ਪੂਰੀ ਤਰ੍ਹਾਂ ਮੌਜੂਦਾ ਹਕੂਮਤ ਜ਼ਿੰਮੇਵਾਰ ਨਹੀਂ ਹੈ ਜਿਸ ਨੇ ਇਨ੍ਹਾਂ ਭਾਈਚਾਰਿਆਂ ਨੂੰ ਆਪਣੇ ਚੋਣ ਲਾਹੇ ਲਈ ਆਪਣਾ ਮੁੱਖ ਨਿਸ਼ਾਨਾ ਬਣਾਇਆ ਹੈ। ਇਹ ਵਿਸ਼ੇਸ਼ਤਾ ਪਿਛਲੇ ਪ੍ਰਬੰਧ ਦੀ ਨਿਰੰਤਰਤਾ ਹੈ। ਫਿਓਦਰ ਦੋਸਤੋਵਸਕੀ ਦੇ ਕਥਨ ਦੇ ਪ੍ਰਸੰਗ ਵਿਚ ਇਹ ਸਾਡੀ ਸਭਿਅਤਾ ਦੀ ਵਿਸ਼ੇਸ਼ਤਾ ਹੈ: "ਕਿਸੇ ਸਮਾਜ ਦੀ ਸਭਿਅਤਾ ਦੀ ਡਿਗਰੀ ਦਾ ਅੰਦਾਜ਼ਾ ਉਸ ਦੀਆਂ ਜੇਲ੍ਹਾਂ ਵਿਚ ਪ੍ਰਵੇਸ਼ ਕਰ ਕੇ ਲਗਾਇਆ ਜਾ ਸਕਦਾ ਹੈ।"

ਅੱਜਕੱਲ੍ਹ ਜੋ ਫਿਰਕੂ ਜ਼ਹਿਰ ਉਗਲਿਆ ਜਾ ਰਿਹਾ ਹੈ, ਉਹ ਕਾਰਨ ਨਹੀਂ ਹੈ ਸਗੋਂ ਇਸ ਸਭਿਅਤਾ ਦੀ ਵਿਸ਼ੇਸ਼ਤਾ ਦਾ ਪ੍ਰਭਾਵ ਹੈ। ਭਾਵੇਂ ਕੋਈ ਇਸ ਨੂੰ ਜਾਤ, ਫਿਰਕੇ (ਧਰਮ) ਜਾਂ ਜਮਾਤ ਦੀਆਂ ਐਨਕਾਂ ਨਾਲ ਦੇਖੇ, ਤਸਵੀਰ ਤਕਰੀਬਨ ਇੱਕੋ ਜਿਹੀ ਰਹਿੰਦੀ ਹੈ। ਇਹ ਤੱਥ ਮਹੱਤਵਪੂਰਨ ਸਵਾਲ ਉਠਾਉਂਦਾ ਹੈ: ਆਪਣੇ ਭਵਿੱਖ ਨੂੰ ਬਿਹਤਰ ਬਣਾਉਣ ਖ਼ਾਤਰ ਟਿਕਾਊ ਲੋਕ ਅੰਦੋਲਨ ਬਣਾਉਣ ਲਈ ਇਨ੍ਹਾਂ ਵਿਚੋਂ ਕਿਹੜੀ ਸ਼੍ਰੇਣੀ ਵਿਹਾਰਕ ਪੱਖੋਂ ਟਿਕਾਊ ਸ਼੍ਰੇਣੀ ਹੋਣੀ ਚਾਹੀਦੀ ਹੈ? ਜੇਲ੍ਹਾਂ ਲੋਕਾਂ ਦੀਆਂ ਜਮਾਂਦਰੂ ਚੰਗੀਆਂ ਅਤੇ ਮਾੜੀਆਂ ਦੋਹਾਂ ਪ੍ਰਵਿਰਤੀਆਂ ਨੂੰ ਸਾਹਮਣੇ ਲਿਆਉਂਦੀਆਂ ਹਨ। ਉੱਥੇ ਇਕ ਕੈਦੀ ਨਾਲ ਮੇਰੀ ਪਹਿਲੀ ਮੁਲਾਕਾਤ ਇਸ ਸਵਾਲ ਦੇ ਨਾਲ ਹੋਈ ਕਿ ਕੀ ਮੈਂ ਮਰਾਠਾ ਹਾਂ? ਮੈਂ ਤਾਂ ਹੱਕਾ-ਬੱਕਾ ਰਹਿ ਗਿਆ ਪਰ ਮੈਂ 'ਹਾਂ' ਕਹਿ ਕੇ ਸ਼ਾਰਟ-ਕੱਟ ਰਾਹ ਅਪਣਾਇਆ। ਮੈਨੂੰ ਉਮੀਦ ਸੀ ਕਿ ਮੇਰੇ ਕੋਲੋਂ ਮੇਰੇ ਗੋਤ ਬਾਰੇ ਹੋਰ ਪੁੱਛਗਿੱਛ ਕੀਤੀ ਜਾਵੇਗੀ ਪਰ ਚੰਗੇ ਭਾਗਾਂ ਨੂੰ ਗੱਲ ਇੱਥੇ ਹੀ ਬੰਦ ਹੋ ਗਈ। ਇਸ ਨੇ ਸਿਰਫ਼ ਮੇਰੇ ਨਿਰੀਖਣ ਦੀ ਪੁਸ਼ਟੀ ਹੀ ਕੀਤੀ ਕਿ ਅੱਜ ਦਾ ਭਾਰਤ ਪਹਿਲਾਂ ਨਾਲੋਂ ਵੀ ਜ਼ਿਆਦਾ ਜਾਤੀਵਾਦੀ ਹੈ।

ਜਾਤੀ ਦੇ ਪ੍ਰਸੰਗ 'ਚ ਮੈਂ ਜੋ ਇਕ ਹੋਰ ਗੱਲ ਸੁਣੀ, ਉਹ ਸੀ ਵਿਤਕਰੇ ਵਿਰੁੱਧ ਕੁਝ ਅੰਬੇਡਕਰਵਾਦੀ ਨੌਜਵਾਨਾਂ ਦਾ ਸੰਘਰਸ਼। ਇਹ ਪਛਾਣ ਦੇ ਦਾਅਵੇ ਦੇ ਰੂਪ 'ਚ ਪ੍ਰਗਟ ਹੋਇਆ (ਜਿਸ ਨੂੰ ਮੈਂ ਅਸਵੀਕਾਰ ਕਰਦਾ ਹਾਂ) ਪਰ ਪ੍ਰਸ਼ਾਸਨ ਦੁਆਰਾ ਜਿਸ ਬੇਕਿਰਕੀ ਨਾਲ ਇਸ ਨੂੰ ਕੁਚਲਿਆ ਗਿਆ, ਉਹ ਬ੍ਰਾਹਮਣਵਾਦੀ ਹੰਕਾਰ ਨੂੰ ਦਰਸਾਉਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਸੰਘਰਸ਼ ਵਿਚ ਸ਼ਾਮਿਲ ਸਾਰੇ ਲੋਕਾਂ ਦੀ ਗਾਰਡਾਂ ਵੱਲੋਂ ਕੁੱਟਮਾਰ ਕੀਤੀ ਗਈ ਸੀ। ਇਸ ਦੀ ਅਗਵਾਈ ਕਰਨ ਵਾਲੇ ਸੁਰੇਸ਼ ਗਾਇਕਵਾੜ ਨੂੰ ਕਲਿਆਣ ਜੇਲ੍ਹ ਵਿਚ ਇੰਨੀ ਬੇਰਹਿਮੀ ਨਾਲ ਕੁੱਟਿਆ ਗਿਆ ਕਿ ਉਸ ਨੂੰ ਸਟਰੇਚਰ 'ਤੇ ਪਾ ਕੇ ਲਿਜਾਣਾ ਪਿਆ। ਫਿਰ ਵੀ ਉਸ ਨੇ ਆਪਣਾ ਸੰਘਰਸ਼ ਜਾਰੀ ਰੱਖਿਆ ਅਤੇ ਉਸ ਦੀ ਮੁੜ ਕੁੱਟਮਾਰ ਕੀਤੀ ਗਈ ਤੇ ਉਸ ਨੂੰ ਠਾਣੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹ ਉਦੋਂ ਵਾਪਰਿਆ ਜਦੋਂ ਆਈ.ਜੀ. ਜੇਲ੍ਹ ਖ਼ੁਦ ਦਲਿਤ ਸੀ। ਇਸ ਘਟਨਾ ਨੇ ਇਕ ਵਾਰ ਫਿਰ ਮੇਰੀ ਧਾਰਨਾ ਨੂੰ ਸਾਬਤ ਕਰ ਦਿੱਤਾ ਕਿ 'ਰਾਖਵਾਂਕਰਨ' ਅੰਬੇਡਕਰ ਦੁਆਰਾ ਕਲਪਨਾ ਕੀਤੇ ਉਦੇਸ਼ ਨੂੰ ਪੂਰਾ ਨਹੀਂ ਕਰਦਾ ਹੈ।

**ਸਵਾਲ:** ਕੀ ਦਲਿਤਾਂ ਦੀਆਂ ਆਪਣੀਆਂ ਦਰਜੇਬੰਦੀਆਂ ਹਨ ਅਤੇ ਉਹ ਦਲਿਤ ਰਾਜਨੀਤੀ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?

**ਜਵਾਬ:** ਦਲਿਤ ਆਪਣੇ ਆਪ 'ਚ ਵਰਣ ਆਸ਼ਰਮ ਪ੍ਰਣਾਲੀ ਦਾ ਹਿੱਸਾ ਨਹੀਂ ਸਨ ਪਰ ਉਨ੍ਹਾਂ ਦੀ ਅਲਹਿਦਗੀ ਅਤੇ ਨਾਲ ਦੀ ਨਾਲ ਉੱਚ ਜਾਤੀਆਂ ਉੱਪਰ ਉਨ੍ਹਾਂ ਦੀ ਨਿਰਭਰਤਾ ਨੇ ਉਨ੍ਹਾਂ ਨੂੰ ਆਪਣੇ ਛੇਕੇ ਹੋਏ ਸਮਾਜ ਲਈ ਉਸੇ ਤਰ੍ਹਾਂ ਦੇ ਦਰਜੇਬੰਦੀ ਵਾਲੇ ਢਾਂਚੇ ਦੀ ਨਕਲ ਕਰਨ ਲਈ ਪ੍ਰੇਰਿਆ। ਉਨ੍ਹਾਂ ਕੋਲ ਬ੍ਰਾਹਮਣ, ਨਾਈ, ਤਰਖਾਣ ਆਦਿ ਸਨ। ਦਰਜਾਬੰਦੀ ਜਾਤੀ ਦਾ ਸਾਰ ਹੈ ਅਤੇ ਇਹ ਰੋਗ ਭਾਰਤੀ ਉਪ ਮਹਾਂਦੀਪ ਵਿਚ ਬਣੇ ਸਾਰੇ ਭਾਈਚਾਰਿਆਂ ਨੂੰ ਚਿੰਬੜਿਆ ਹੈ, ਚਾਹੇ ਉਹ ਕਿਸੇ ਵੀ ਧਰਮ ਦਾ ਪਾਲਣ ਕਰਦੇ ਹੋਣ।



*ਜੇਲ੍ਹ ਵਿਚੋਂ ਰਿਹਾਈ ਵੇਲੇ ਪ੍ਰੋਫੈਸਰ ਆਨੰਦ ਤੇਲਤੁੰਬੜੇ।*

ਜੇਕਰ ਤੁਸੀਂ ਮਹਾਰਾਸ਼ਟਰ ਨੂੰ ਦਲਿਤ ਰਾਜਨੀਤੀ ਦੇ ਘਰ ਵਜੋਂ ਲੈਂਦੇ ਹੋ ਤਾਂ ਤੁਹਾਨੂੰ ਸਪਸ਼ਟ ਤੌਰ 'ਤੇ ਦਲਿਤ ਜਾਤੀਆਂ ਦਾ ਪ੍ਰਭਾਵ ਮਿਲੇਗਾ, ਸਭ ਤੋਂ ਪਹਿਲਾਂ ਅੰਬੇਡਕਰ ਦੇ ਜ਼ਮਾਨੇ 'ਚ ਗੈਰ-ਮਹਾਰ ਦਲਿਤਾਂ (ਮਾਂਗ, ਚਾਂਭਾਰ, ਢੋਰ) ਦੀ ਅਲਹਿਦਗੀ 'ਚ ਅਤੇ ਫਿਰ ਉੱਪ-ਜਾਤੀਆਂ ਅਨੁਸਾਰ ਇਸਦੀ ਵੰਡ ਹੋਈ। ਮਹਾਰਾਂ ਵਿਚ ਉੱਪ-ਜਾਤੀ ਦੀ ਚੇਤਨਾ ਇੰਨੀ ਜ਼ੋਰਦਾਰ ਸੀ ਕਿ ਬਾਬਾ ਸਾਹਿਬ ਅੰਬੇਡਕਰ ਨੂੰ ਸਹਿ-ਭੋਜ ਵਰਗੇ ਤਰੀਕਿਆਂ ਰਾਹੀਂ ਉਨ੍ਹਾਂ ਨੂੰ ਇਕਜੁੱਟ ਕਰਨ ਲਈ ਵਿਸ਼ੇਸ਼ ਯਤਨ ਕਰਨੇ ਪਏ। ਕਿਹਾ ਜਾਂਦਾ ਹੈ ਕਿ ਰਿਪਬਲਿਕਨ ਪਾਰਟੀ ਆਫ ਇੰਡੀਆ (ਆਰ.ਪੀ.ਆਈ.) ਜਿਸ ਦੀ ਕਲਪਨਾ ਉਨ੍ਹਾਂ ਨੇ ਗੈਰ-ਕਾਂਗਰਸੀ, ਗੈਰ-ਕਮਿਊਨਿਸਟ ਵਿਰੋਧੀ-ਧਿਰ ਦੇ ਰੂਪ 'ਚ ਕੀਤੀ ਸੀ, ਮਹਾਰਾਂ ਉੱਪ-ਜਾਤੀਆਂ/ਗੋਤਾਂ 'ਚ ਵੰਡੀ ਗਈ ਸੀ। ਜਿਵੇਂ ਦਲਿਤ ਪੈਂਥਰਜ਼ ਦੇ ਬਾਨੀਆਂ ਵਿਚੋਂ ਇਕ ਜੇ.ਵੀ. ਪਵਾਰ ਨੇ ਆਪਣੀ ਕਿਤਾਬ ਵਿਚ ਪੁਸ਼ਟੀ ਕੀਤੀ ਹੈ, ਇਹ ਮਹਾਰ ਉੱਪ-ਜਾਤੀ ਦਲਿਤ ਪੈਂਥਰ ਅੰਦੋਲਨ ਦੌਰਾਨ ਵੀ ਸਾਹਮਣੇ ਆਈ ਸੀ ਪਰ ਇਸ ਉੱਪਰ ਰੋਕ ਲਗਾ ਦਿੱਤੀ ਗਈ ਸੀ। ਇਹ ਇਕੱਲੇ ਮਹਾਰਾਸ਼ਟਰ ਵਿਚ ਨਹੀਂ ਹੈ; ਦਲਿਤ ਅਸਮਾਨਤਾ, ਜੋ ਮਾਲਾ-ਮਾਡੀਗਾ ਸਿੰਡਰੋਮ ਦੁਆਰਾ ਸਭ ਤੋਂ ਵਧੀਆ ਢੰਗ ਨਾਲ ਦਰਸਾਈ ਜਾਂਦੀ ਹੈ, ਹਰ ਥਾਂ ਇਕ ਹਕੀਕਤ ਹੈ। ਅੱਜ ਭਾਜਪਾ ਵਰਗੀਆਂ ਪਾਰਟੀਆਂ ਵੱਲੋਂ ਰਾਜਨੀਤੀ ਵਿਚ ਇਸ ਦਾ ਘਿਨਾਉਣੇ ਤਰੀਕੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ।

ਇਹ ਮੇਰੀ ਧਾਰਨਾ ਨੂੰ ਵੀ ਸਾਬਤ ਕਰਦਾ ਹੈ ਕਿ ਜਾਤੀ ਸਰੋਤਾਂ (ਧਾਰਨਾਵਾਂ, ਚੇਤਨਾ, ਮੁਹਾਵਰੇ) ਦੀ ਵਰਤੋਂ ਕਰ ਕੇ ਜਾਤੀ ਸਿਰਫ਼ ਮਜ਼ਬੂਤ ਹੋਵੇਗੀ, ਇਸ ਦਾ ਕਦੇ ਖ਼ਾਤਮਾ ਨਹੀਂ ਹੋਵੇਗਾ। ਜੇਕਰ ਤੁਸੀਂ ਇਸ ਨੂੰ ਨਸ਼ਟ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਮੁਤਵਾਜ਼ੀ ਸ਼੍ਰੇਣੀ ਨੂੰ ਅਪਣਾਉਣਾ ਹੋਵੇਗਾ।

**ਸਵਾਲ:** ਦਲਿਤ ਰਾਜਨੀਤੀ ਨੂੰ ਦ੍ਰਾਵਿੜ ਜਾਂ ਖੱਬੇ ਪੱਖੀ ਰਾਜਨੀਤੀ ਨਾਲ ਮਿਲਾਉਣ ਦੀ ਗੁੰਜਾਇਸ਼ ਕੀ ਹੈ ਜੋ ਹਿੰਦੂਤਵ ਦੇ ਦੋ ਵਿਚਾਰਧਾਰਕ ਵਿਰੋਧੀ ਹਨ?

**ਜਵਾਬ:** ਜ਼ਹਿਰੀਲੀ ਪਾਲਾਬੰਦੀ ਦੇ ਯੁਗ ਵਿਚ ਇਸ ਬਾਰੇ ਗੱਲ ਕਰਨ ਵਿਚ ਬਹੁਤ ਦੇਰ ਹੋ ਗਈ ਹੈ ਪਰ ਇਕ ਹਾਂਦਰੂ ਗੱਲ ਇਹ ਹੈ ਕਿ ਮੈਨੂੰ ਅਜੇ ਵੀ ਉਮੀਦ ਹੈ, ਦ੍ਰਾਵਿੜ ਰਾਜਨੀਤੀ ਤੋਂ ਨਹੀਂ ਸਗੋਂ ਜਮਾਤੀ ਰਾਜਨੀਤੀ ਤੋਂ। ਮੇਰੇ ਲਈ ਜਾਤੀ ਇਕ ਜ਼ਹਿਰੀਲੀ ਪਛਾਣ ਹੈ ਜਿਸ ਦਾ ਵਜੂਦ-ਸਮੋਇਆ ਗੁਣ ਅਮੀਬਾ ਵਾਂਗ ਵੰਡੇ ਜਾਣਾ ਹੈ; ਇਹ ਕਦੇ ਵੀ ਕਿਸੇ ਤਰ੍ਹਾਂ ਇਕੱਠੇ ਹੋਣ ਦਾ ਆਧਾਰ ਨਹੀਂ ਬਣ ਸਕਦਾ। ਇਸ ਦੀ ਇਕੋ-ਇਕ ਉਮੀਦ ਜਮਾਤ ਦੇ ਆਧਾਰ 'ਤੇ ਹੀ ਹੈ। ਮੇਰੇ ਆਲੋਚਕ ਮੇਰੇ ਉੱਪਰ ਮਾਰਕਸਵਾਦੀ ਹੋਣ ਦਾ ਠੱਪਾ ਲਾ ਦੇਣਗੇ। ਹਾਲਾਂਕਿ ਮੈਂ ਉਨ੍ਹਾਂ ਦੇ ਠੱਪਿਆਂ ਦੀ ਪ੍ਰਵਾਹ ਨਹੀਂ ਕਰਦਾ, ਮੈਂ ਉਨ੍ਹਾਂ ਦੀ ਅਗਿਆਨਤਾ ਦੂਰ ਕਰਨੀ ਚਾਹਾਂਗਾ ਕਿ ਜਮਾਤ ਦਾ ਮਤਲਬ ਜ਼ਰੂਰੀ ਤੌਰ 'ਤੇ ਮਾਰਕਸਵਾਦ ਨਹੀਂ ਹੈ।

ਮੌਜੂਦਾ ਤਾਕਤਾਂ ਬਾਰੇ ਆਪਣੀ ਸਮਝ ਦੇ ਆਧਾਰ 'ਤੇ ਆਪਣੀ ਰਾਜਨੀਤੀ ਬਣਾਉਣ ਲਈ ਤੁਹਾਡੇ ਕੋਲ ਅਜੇ ਵੀ ਕਈ ਪੱਧਰ ਦੀ ਆਜ਼ਾਦੀ ਹੈ। ਸਮੱਸਿਆ ਇਹ ਹੈ ਕਿ ਇਸ ਮੁਲਕ ਵਿਚ ਜਮਾਤੀ ਰਾਜਨੀਤੀ ਦੀ ਕਦੇ ਵੀ ਲੋੜੀਂਦੀ ਕੋਸ਼ਿਸ਼ ਨਹੀਂ ਕੀਤੀ ਗਈ। ਕਿੱਧਰੇ ਹੋਰ ਇਸ ਦੀ ਅਸਫਲਤਾ ਮੇਰੇ ਲਈ ਜਾਇਜ਼ ਨੁਕਤਾ ਨਹੀਂ ਹੈ। ਭਾਰਤ ਸਿਰਫ਼ ਲੋਕਾਂ ਦੀ ਜਮਾਤ ਆਧਾਰਿਤ ਲਾਮਬੰਦੀ ਰਾਹੀਂ ਹੀ ਇਸ ਸਭਿਅਤਾਗਤ (ਜਾਤੀ) ਰਾਜਨੀਤੀ ਤੋਂ ਛੁਟਕਾਰਾ ਪਾ ਸਕਦਾ ਹੈ। ਮੇਰੇ ਅਨੁਸਾਰ ਸਿਰਫ਼ ਇਹੀ ਗੱਲ ਹਿੰਦੂਤਵ ਵਰਗੇ ਖ਼ਤਰਨਾਕ ਅੰਦੋਲਨਾਂ ਨੂੰ ਮਜ਼ਬੂਤ ਵਿਚਾਰਧਾਰਕ ਟੱਕਰ ਦੇ ਸਕਦੀ ਹੈ।

**ਸਵਾਲ:** ਸੰਵਿਧਾਨਵਾਦ ਅਤੇ ਸਰਗਰਮੀਵਾਦ ਦਰਮਿਆਨ ਬਹਿਸ ਨੇ ਸਾਲਾਂ ਤੋਂ ਅੰਬੇਡਕਰਵਾਦੀ ਲਹਿਰ ਨੂੰ ਪ੍ਰਭਾਵਿਤ ਕੀਤਾ ਹੈ। ਹੁਣ ਇਹ ਕਿੰਨੀ ਕੁ ਪ੍ਰਸੰਗਿਕ ਹੈ?

**ਜਵਾਬ:** ਇਹ ਹੁਣ ਮਹੱਤਵਪੂਰਨ ਨਹੀਂ ਹੈ। ਇਸ ਉੱਪਰ ਲੰਮੇ ਸਮੇਂ ਤੋਂ ਮੌਕਾਪ੍ਰਸਤੀ ਭਾਰੂ ਰਹੀ ਹੈ। ਇਹ ਮੁੱਖ ਤੌਰ 'ਤੇ ਅੰਬੇਡਕਰਵਾਦ ਕੀ ਹੈ, ਦੇ ਮੁੱਦੇ ਉੱਪਰ ਆਰ.ਪੀ.ਆਈ. (ਰਿਪਬਲਿਕਨ ਪਾਰਟੀ) ਦੇ ਅੰਦਰ ਸ਼ੁਰੂਆਤੀ ਬਹਿਸ ਵਿਚ ਉੱਭਰਿਆ ਸੀ। ਇਕ ਗਰੁੱਪ ਦਾ ਮੰਨਣਾ ਸੀ ਕਿ ਸੰਵਿਧਾਨਵਾਦ ਅੰਬੇਡਕਰਵਾਦ ਹੈ ਜੋ ਸੰਘਰਸ਼ ਦੀ ਵਕਾਲਤ ਕਰਨ ਵਾਲੇ ਦੂਜੇ ਗਰੁੱਪ ਦਾ ਵਿਰੋਧ ਕਰਦਾ ਸੀ। ਪਹਿਲੇ ਗਰੁੱਪ ਨੇ ਦੂਜੇ ਉੱਪਰ ਮਾਰਕਸਵਾਦ ਦਾ ਠੱਪਾ ਲਗਾ ਕੇ ਘਟੀਆ ਪ੍ਰਚਾਰ ਕੀਤਾ। ਇਸ ਨਾਲ ਆਰ.ਪੀ.ਆਈ. ਵੰਡੀ ਗਈ। ਫਿਰ ਇਹ ਦਲਿਤ ਪੈਂਥਰਜ਼ ਦੌਰਾਨ ਮੁੜ ਸੁਰਜੀਤ ਹੋਇਆ, ਜਦੋਂ ਅੰਬੇਡਕਰਵਾਦ ਬੁੱਧ ਧਰਮ ਬਣ ਗਿਆ, ਜਿਸ ਨੇ ਸੰਘਰਸ਼ ਦੇ ਨਾਇਕਾਂ ਨੂੰ ਮਾਰਕਸਵਾਦੀ ਕਹਿ ਕੇ ਨਿੰਦਿਆ। ਇਸ ਨੇ ਦਲਿਤ ਪੈਂਥਰਾਂ ਨੂੰ ਵੰਡ ਦਿੱਤਾ। ਬਹਿਸ ਖ਼ਤਮ ਹੋ ਗਈ ਪਰ ਮਾਰਕਸਵਾਦ ਕਿਸੇ ਵੀ ਪਾਰਟੀ, ਇੱਥੋਂ ਤੱਕ ਕਿ ਭਾਜਪਾ ਵਿਚ ਵੀ ਮੌਕਾਪ੍ਰਸਤੀ ਨਾਲ ਸ਼ਾਮਿਲ ਹੋ ਜਾਣ ਦਾ ਡਰਨਾ/ਹਊਆ ਬਣ ਗਿਆ।

***ਇਹ ਸੋਚਣਾ ਸਰਾਸਰ ਮੂਰਖਤਾ ਹੈ ਕਿ ਜਾਤੀ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਜਾਤ ਵਰਗੀਆਂ ਸੰਸਥਾਵਾਂ ਦੁਨੀਆ ਭਰ ਵਿਚ ਕਈ ਥਾਵਾਂ 'ਤੇ ਮਨੁੱਖੀ ਇਤਿਹਾਸ ਦਾ ਹਿੱਸਾ ਰਹੀਆਂ ਹਨ ਅਤੇ ਉਹ ਲੋਪ ਹੋ ਗਈਆਂ ਹਨ।***

**ਸਵਾਲ:** ਕਮਿਊਨਿਸਟਾਂ ਨੇ ਜਾਤੀ ਦੇ ਮਹੱਤਵ ਨੂੰ ਸਮਝਣ ਵਿਚ ਦੇਰ ਕਰ ਦਿੱਤੀ। ਤੁਸੀਂ ਉਨ੍ਹਾਂ ਨੂੰ ਕਿਸ ਹੱਦ ਤੱਕ ਆਪਣਾ ਰਸਤਾ ਸਹੀ ਕਰਦੇ ਹੋਏ ਦੇਖਦੇ ਹੋ?

**ਜਵਾਬ:** ਜਾਤੀ ਨੂੰ ਨਜ਼ਰਅੰਦਾਜ਼ ਕਰਨਾ ਕਮਿਊਨਿਸਟਾਂ ਦੀ ਸਭ ਤੋਂ ਵੱਡੀ ਗ਼ਲਤੀ ਰਹੀ ਹੈ, ਜਾਤੀ ਵਿਰੋਧੀ ਸੰਘਰਸ਼ ਦੇ ਪ੍ਰਸੰਗ 'ਚ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਜਮਾਤੀ ਸੰਘਰਸ਼ ਦੇ ਪ੍ਰਸੰਗ 'ਚ। ਜਾਤੀ ਦੀ ਹਕੀਕਤ ਨੂੰ ਛੱਡ ਕੇ ਜਮਾਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਲਈ ਜਮਾਤ ਦੀ ਵਿਆਪਕ ਵਿਆਖਿਆ ਹੋਣੀ ਚਾਹੀਦੀ ਹੈ। ਜਮਾਤੀ ਸੰਘਰਸ਼ ਵਿਚ ਜਾਤ-ਪਾਤ ਦਾ ਜਬਰ-ਜ਼ੁਲਮ ਸ਼ਾਮਿਲ ਹੈ। ਮੇਰੀ ਇਹ ਚੰਗੀ ਤਰ੍ਹਾਂ ਸੋਚੀ ਵਿਚਾਰੀ ਰਾਇ ਹੈ ਕਿ ਜੇਕਰ ਉਨ੍ਹਾਂ ਨੇ ਜਾਤੀਆਂ ਨੂੰ ਸ਼ਾਮਿਲ ਕਰ ਕੇ ਜਮਾਤਾਂ ਦੀ ਧਾਰਨਾ ਬਣਾਈ ਹੁੰਦੀ ਅਤੇ ਆਪਣੇ ਜਮਾਤੀ ਸੰਘਰਸ਼ ਦੀ ਰਣਨੀਤੀ ਬਣਾਈ ਹੁੰਦੀ ਤਾਂ ਉਹ ਇਸ ਦੁਖਦਾਈ ਹਾਲਤ 'ਚ ਨਾ ਪਹੁੰਚਦੇ। ਇਸ ਨੂੰ ਅੱਜ ਵੀ ਅਜ਼ਮਾਇਆ ਜਾ ਸਕਦਾ ਹੈ, ਹਾਲਾਂਕਿ ਇਹ ਅੱਜ ਇਕ ਸਦੀ ਪਹਿਲਾਂ ਨਾਲੋਂ (ਜਦੋਂ ਦਲਿਤ ਅਤੇ ਕਮਿਊਨਿਸਟ ਦੋਹਾਂ ਲਹਿਰਾਂ ਦਾ ਜਨਮ ਹੋਇਆ ਸੀ) ਇਕ ਲੱਖ ਗੁਣਾ ਜ਼ਿਆਦਾ ਮੁਸ਼ਕਿਲ ਹੋ ਸਕਦਾ ਹੈ।

**ਸਵਾਲ:** ਅੰਬੇਡਕਰ ਨੂੰ ਹੜੱਪਣ ਦੀਆਂ ਹਿੰਦੂ ਰਾਸ਼ਟਰਵਾਦੀ ਕੋਸ਼ਿਸ਼ਾਂ ਨੂੰ ਕਿਵੇਂ ਨਾਕਾਮ ਕੀਤਾ ਜਾ ਸਕਦਾ ਹੈ? ਹਿੰਦੂ ਧਰਮ ਬੁੱਧ ਧਰਮ ਨੂੰ ਵੀ ਆਪਣੇ 'ਚ ਜਜ਼ਬ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਦਾ ਅੰਬੇਡਕਰਵਾਦੀਆਂ 'ਤੇ ਕੀ ਅਸਰ ਪੈਂਦਾ ਹੈ?

**ਜਵਾਬ:** ਹਿੰਦੂਤਵ ਦਾ ਅੰਬੇਡਕਰ ਨੂੰ ਅਪਣਾਉਣਾ ਉਨ੍ਹਾਂ ਦੀ ਚੋਣ ਖੇਡ ਲਈ ਰਣਨੀਤਕ ਚਾਲ ਹੈ। ਅੰਬੇਡਕਰ ਅਤੇ ਹਿੰਦੂਤਵ ਇਕ ਦੂਜੇ ਦੇ ਵਿਰੋਧੀ ਹਨ। 1980 ਦੇ ਦਹਾਕੇ ਦੇ ਮੁੱਢ ਵਿਚ ਦੇਵਰਸ (ਸੰਘ ਦੇ ਪ੍ਰਮੁੱਖ ਆਗੂ) ਵੱਲੋਂ ਆਰ.ਐੱਸ.ਐੱਸ. 'ਚ ਕੀਤੇ ਰਣਨੀਤਕ ਸੁਧਾਰ ਤੱਕ ਹਿੰਦੂਤਵ ਤਾਕਤਾਂ ਅੰਬੇਡਕਰ ਨੂੰ ਨਫ਼ਰਤ ਕਰਦੀਆਂ ਸਨ। ਉਹ ਇਸ ਵਿਚ ਕਦੇ ਵੀ ਕਾਮਯਾਬ ਨਾ ਹੁੰਦੇ ਜੇਕਰ ਅਖੌਤੀ ਅੰਬੇਡਕਰਵਾਦੀਆਂ ਨੇ ਉਸ ਨੂੰ ਬੇਹਰਕਤ ਪ੍ਰਤੀਕ ਵਿਚ ਨਾ ਬਦਲਿਆ ਹੁੰਦਾ। 2024 ਦੀਆਂ ਆਮ ਚੋਣਾਂ ਇਸ ਮੇਲਜੋਲ ਦੇ ਅੰਤ ਦਾ ਪ੍ਰਤੀਕ ਹੋ ਸਕਦੀਆਂ ਹਨ ਕਿਉਂਕਿ ਉਸ ਤੋਂ ਬਾਅਦ ਹਿੰਦੂਤਵ ਤਾਕਤਾਂ ਨੂੰ ਅੰਬੇਡਕਰ ਨੂੰ ਵਰਤਣ ਦੀ ਕੋਈ ਲੋੜ ਨਹੀਂ ਰਹਿ ਜਾਵੇਗੀ।

**ਸਵਾਲ:** ਪੇਰੀਆਰ ਉੱਪਰ ਕਬਜ਼ਾ ਜਮਾਉਣਾ ਹਿੰਦੂ ਰਾਸ਼ਟਰਵਾਦੀਆਂ ਲਈ ਵਧੇਰੇ ਔਖਾ ਕੰਮ ਹੋ ਸਕਦਾ ਹੈ ਪਰ ਕੀ ਦਲਿਤ ਰਾਜਨੀਤੀ ਪੇਰੀਆਰ ਦੀ ਵਰਤੋਂ ਤਾਮਿਲਨਾਡੂ ਜਾਂ ਦੱਖਣ ਤੋਂ ਪਾਰ ਕਰ ਸਕਦੀ ਹੈ?

**ਜਵਾਬ:** ਪੇਰੀਆਰ ਇੰਨਾ ਤਿੱਖਾ ਬ੍ਰਾਹਮਣਵਾਦ ਵਿਰੋਧੀ ਪ੍ਰਤੀਕ ਹੈ ਕਿ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਉਸ ਦੀ ਦੁਰਵਰਤੋਂ ਨਹੀਂ ਕੀਤੀ ਜਾ ਸਕਦੀ ਪਰ ਜਿੱਥੋਂ ਤੱਕ ਹਿੰਦੂਆਂ, ਹਿੰਦੂਵਾਦ ਅਤੇ ਹਿੰਦੂਤਵ ਬਾਰੇ ਉਨ੍ਹਾਂ ਦੇ ਵਿਚਾਰਾਂ ਦਾ ਸਬੰਧ ਹੈ, ਅੰਬੇਡਕਰ ਵੀ ਅਜਿਹੇ ਹੀ ਸਨ। ਜਿਵੇਂ ਮੈਂ ਕਿਹਾ, ਇਹ ਉਨ੍ਹਾਂ ਦੇ ਆਪੇ ਬਣੇ ਪੈਰੋਕਾਰ ਹਨ ਜਿਨ੍ਹਾਂ ਨੇ ਧਾਂਦਲੀ ਵਿਚ ਉਨ੍ਹਾਂ (ਸੰਘੀਆਂ) ਦੀ ਮਦਦ ਕੀਤੀ। ਹਾਲਾਂਕਿ, ਮੈਨੂੰ ਨਹੀਂ ਲੱਗਦਾ ਕਿ ਇਹ ਨਾਇਕ ਕੇਂਦਰਿਤ ਨਜ਼ਰੀਆ ਹੁਣ ਵਿਰੋਧ ਲਹਿਰਾਂ ਦੀ ਉਸਾਰੀ ਵਿਚ ਕੰਮ ਆਵੇਗਾ। ਇਕ ਨਵੀਂ ਆਤਮਸਾਤ ਕੀਤੀ ਜਮਾਤੀ ਰਾਜਨੀਤੀ ਭਵਿੱਖ ਦੀ ਜ਼ਰੂਰਤ ਹੈ।

**ਸਵਾਲ:** ਕੀ ਜਾਤ ਦੀਆਂ ਰੁਕਾਵਟਾਂ ਕਦੇ ਖ਼ਤਮ ਹੋ ਸਕਦੀਆਂ ਹਨ? ਜੇ ਨਹੀਂ ਤਾਂ ਸਰਕਾਰਾਂ ਅਤੇ ਸਿਵਲ ਸੁਸਾਇਟੀ ਨੂੰ ਉਨ੍ਹਾਂ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ?

**ਜਵਾਬ:** ਇਹ ਸੋਚਣਾ ਸਰਾਸਰ ਮੂਰਖ਼ਤਾ ਹੈ ਕਿ ਜਾਤੀ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਜਾਤ ਵਰਗੀਆਂ ਸੰਸਥਾਵਾਂ ਦੁਨੀਆ ਭਰ ਵਿਚ ਕਈ ਥਾਵਾਂ 'ਤੇ ਮਨੁੱਖੀ ਇਤਿਹਾਸ ਦਾ ਹਿੱਸਾ ਰਹੀਆਂ ਹਨ ਅਤੇ ਉਹ ਲੋਪ ਹੋ ਗਈਆਂ ਹਨ। ਹਾਲਾਂਕਿ ਕਈ ਮਾਇਨਿਆਂ 'ਚ ਭਾਰਤ ਦੀ ਜਾਤੀ ਪ੍ਰਣਾਲੀ ਨੇ ਆਪਣੇ ਇਤਿਹਾਸ ਅਤੇ ਭੂਗੋਲ ਦੇ ਮਾਧਿਅਮ ਜ਼ਰੀਏ ਆਪਣੀ ਵਿਲੱਖਣਤਾ ਹਾਸਲ ਕੀਤੀ ਹੈ ਅਤੇ ਇਹ ਸਵੈ-ਸੰਗਠਿਤ, ਸਵੈ-ਨਿਯਮਬੱਧ ਹੋਣ ਵਾਲੀ ਪ੍ਰਣਾਲੀ ਬਣ ਗਈ ਹੈ ਪਰ ਇਸ ਨੂੰ ਤੋੜਨਾ ਅਸੰਭਵ ਨਹੀਂ। ਹਾਲਾਂਕਿ, ਇਸ ਦੀ ਵਿਰੋਧੀ ਸ਼ਕਤੀ ਦੀ ਉਸਾਰੀ ਇਸ ਦੇ ਆਪਣੇ ਵਸੀਲਿਆਂ ਯਾਨੀ ਧਰਮ, ਸੱਭਿਆਚਾਰ ਆਦਿ ਦੀ ਵਰਤੋਂ ਕਰਕੇ ਨਹੀਂ ਕੀਤੀ ਜਾ ਸਕਦੀ ਸਗੋਂ ਆਧੁਨਿਕਤਾ ਦੇ ਵਸੀਲਿਆਂ ਦੀ ਵਰਤੋਂ ਕਰ ਕੇ ਹੀ ਕੀਤੀ ਜਾ ਸਕਦੀ ਹੈ।

**ਸਵਾਲ:** ਭਵਿੱਖ ਲਈ ਤੁਹਾਡੀ ਉਮੀਦ ਕੀ ਹੈ?


**ਜਵਾਬ:** ਤਰਕਸੰਗਤ ਰੂਪ 'ਚ ਕਹੀਏ ਤਾਂ ਜਿਸ ਤਰ੍ਹਾਂ ਨਾਲ ਚੀਜ਼ਾਂ ਚੱਲ ਰਹੀਆਂ ਹਨ, ਉਸ ਨੂੰ ਦੇਖਦੇ ਹੋਏ ਮੈਨੂੰ ਇਸ ਮੁਲਕ ਦੇ ਲਈ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਕਈ ਲੋਕਾਂ ਨੂੰ ਇਸ ਦੀ ਜਾਣਕਾਰੀ ਨਹੀਂ ਹੈ ਕਿ ਫਾਸ਼ੀਵਾਦੀ ਤਰੀਕਿਆਂ ਦੀ ਵਰਤੋਂ ਕਰ ਕੇ ਭਾਰਤ ਨੂੰ ਪਹਿਲਾਂ ਹੀ ਬ੍ਰਾਹਮਣਵਾਦ ਦੇ ਮੱਧਯੁਗ ਤੋਂ ਪਹਿਲੇ ਯੁਗ ਦੇ ਹਾਲਾਤ 'ਚ ਧੱਕ ਦਿੱਤਾ ਗਿਆ ਹੈ। ਇਸ ਤੱਥ ਨੂੰ ਦੇਖਦੇ ਹੋਏ ਕਿ ਫਾਸ਼ੀਵਾਦ ਦੀ ਹਾਰ ਸਿਰਫ਼ ਆਲਮੀ ਯੁੱਧ ਦੇ ਹਾਲਾਤ 'ਚ ਹੋਈ ਸੀ, ਤੇ ਮੌਜੂਦਾ ਨਵਉਦਾਰਵਾਦੀ ਭੂ-ਰਾਜਨੀਤੀ ਨੂੰ ਦੇਖਦੇ ਹੋਏ, ਭਾਰਤ ਦੇ ਆਪਣੇ ਪ੍ਰਾਚੀਨ ਸਵੈ ਨੂੰ ਮੁੜ ਪ੍ਰਾਪਤ ਕਰਨ ਦਾ ਕੰਮ ਔਖਾ ਜਾਪਦਾ ਹੈ ਪਰ ਮੇਰਾ ਪੱਕਾ ਵਿਸ਼ਵਾਸ ਹੈ ਕਿ ਹਮੇਸ਼ਾ ਹੀ ਕਿਸੇ ਵੀ ਸਮੱਸਿਆ ਦਾ ਇਕ ਹੱਲ ਹੁੰਦਾ ਹੈ; ਤੇ ਜੇਕਰ ਅਸੀਂ ਆਪਣੀ ਰਾਜਨੀਤੀ ਨੂੰ ਲੋਕਾਂ ਦੀ ਮੁਕਤੀ 'ਤੇ ਕੇਂਦਰਿਤ ਕਰਦੇ ਹਾਂ, ਤੇ ਹਾਕਮ ਜਮਾਤਾਂ ਦੀਆਂ ਖੇਡਾਂ ਖੇਡਣ ਦੇ ਲਾਲਚ ਤੋਂ ਦੂਰ ਰਹਿੰਦੇ ਹਾਂ ਤਾਂ ਸਿਰਫ਼ ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਮਨੁੱਖਤਾ ਦੇ ਹਿਤ 'ਚ ਮੁਕਤੀ ਦਿਵਾਉਣਾ ਸੰਭਵ ਹੈ। ਮੌਜੂਦਾ ਗੰਦਗੀ ਸਾਡੀ ਹੀ ਬਣਾਈ ਹੋਈ ਹੈ ਅਤੇ ਸਾਨੂੰ ਹੀ ਇਸ ਨੂੰ ਸਾਫ ਕਰਨਾ ਪਵੇਗਾ।

***(ਆਊਟਲੁੱਕ ਦੇ ਧੰਨਵਾਦ ਸਹਿਤ)***

# ਸਿਰਜਣਾ ਦੀ ਸਾਂਝ

***ਮੁਹਾਲੀ ਵੱਸਦੀ ਲੇਖਕਾ ਕਾਨਾ ਸਿੰਘ ਦਾ ਲੇਖ 'ਸਿਰਜਣਾ ਦੀ ਸਾਂਝ' ਸ਼ਾਇਰ ਅਜੈ ਤਨਵੀਰ ਰਾਹੀਂ ਪੁੱਜਿਆ ਹੈ। ਇਸ ਲੇਖ ਵਿਚ ਉਘੇ ਸ਼ਾਇਰ ਸਾਹਿਰ ਲੁਧਿਆਣਵੀ ਦੇ ਸਿਰਜਣ ਪਲਾਂ ਦਾ ਨਕਸ਼ਾ ਖਿੱਚਿਆ ਗਿਆ ਹੈ। ਲੇਖ ਦੀ ਸਭ ਤੋਂ ਖੂਬਸੂਰਤ ਬਾਤ ਇਹ ਹੈ ਕਿ ਸ਼ਾਇਰੀ ਰਚ ਰਹੇ ਸਾਹਿਰ ਲੁਧਿਆਣਵੀ ਨੂੰ ਕਾਨਾ ਸਿੰਘ ਵੱਲੋਂ ਪਾਈ ਜਾ ਰਹੀ ਸਿਰਜਣਾ ਦੀ ਸਾਂਝ ਬਾਰੇ ਕੋਈ ਇਲਮ ਤੱਕ ਨਹੀਂ ਹੈ।***

ਬੰਬਈ ਦੇ ਵਰਸੋਵਾ ਤੱਟ ਦੀ ਸਰਬੋਤਮ ਬਸਤੀ 'ਸਾਤ ਬੰਗਲਾ' ਦੇ ਮੱਧ ਵਿਚ ਸਥਿਤ ਸੀ ਗਵਾਲੀਅਰ ਪੈਲੇਸ-ਗਵਾਲੀਅਰ ਦੇ ਰਾਜੇ ਦਾ ਮਹੱਲ ਜੋ ਰਾਜੇ ਨੇ ਸਾਗਰ-ਕੰਢੇ ਤਫ਼ਰੀਹ ਕਰਨ ਲਈ ਖਾਸ ਤੌਰ ਤੇ ਆਪਣੇ ਲਈ ਬਣਵਾਇਆ ਸੀ ਤੇ ਇਸ ਦੇ ਖੱਬੇ ਹੱਥ ਨਾਲ ਲਗਦਾ ਗਵਾਲੀਅਰ ਹਾਊਸ ਆਪਣੇ ਸੇਵਕਾਂ, ਅਹਿਲਕਾਰਾਂ ਲਈ। ਹੁਣ ਇਸ ਮਹੱਲ (ਜੋ ਹੁਣ ਬੰਗਲਾ ਅਖਵਾਉਂਦਾ ਸੀ) ਦਾ ਮਾਲਕ ਇੱਕ ਗੁਜਰਾਤੀ ਸੇਠ ਸੀ। ਇਮਾਰਤ ਦੇ ਥਲਵੇਂ, ਸਭ ਤੋਂ ਵੱਡੇ ਤੇ ਪ੍ਰਮੁੱਖ ਭਾਗ ਵਿਚ ਰਹਿੰਦਾ ਸੀ, ਅਸ਼ਕ। ਓਮ ਪ੍ਰਕਾਸ਼ ਅਸ਼ਕ। ਸਾਹਿਰ ਲੁਧਿਆਣਵੀ ਦਾ ਹਮ-ਉਮਰ ਅਤੇ ਲੰਗੋਟੀਆ ਯਾਰ। ਉਹਦੇ ਵਾਂਗ ਹੀ ਇਕੱਲਾ ਤੇ ਆਦੀ ਛੜਾ। ਉਹ ਫਿਲਮਾਂ ਦਾ ਸਕਰਿਪਟ ਰਾਈਟਰ ਸੀ ਸ਼ਾਇਦ, ਸੰਵਾਦ-ਲਿਖਾਰੀ। ਚਾਂਦ ਉਸ ਦਾ ਰਸੋਈਆ ਸੀ, ਨੌਕਰ। ਪਰ ਨੌਕਰਾਂ ਵਾਲੀ ਉਸ ਵਿਚ ਕੋਈ ਗੱਲ ਨਹੀਂ ਸੀ।



**ਕਾਨਾ ਸਿੰਘ**

ਸੂਖਮ ਸਰੀਰ, ਗੋਰਾ-ਚਿੱਟਾ, ਕਾਲੇ ਘੁੰਗਰਾਲੇ ਵਾਲ, ਅੱਪ-ਟੂ-ਡੇਟ ਤੇ ਖੂਬਸੂਰਤ ਉਰਦੂ ਲਹਿਜਾ, ਸਗਵਾਂ ਹੀਰੋ ਸੀ ਚਾਂਦ। ਅਸ਼ਕ ਦਾ ਲਾਡਲਾ (ਅਸ਼ਕ ਆਪਣੀ ਵਸੀਅਤ ਦਾ ਕੁੱਝ ਭਾਗ ਚਾਂਦ ਦੇ ਨਾਂ ਕਰ ਗਿਆ ਸੀ), ਕਰਤਾ-ਧਰਤਾ, ਮੁਖਤਿਆਰ। ਬੰਗਲੇ ਤੇ ਉਸ ਦੇ ਆਊਟ ਹਾਊਸਾਂ ਵਿਚ ਵਸਦੇ ਪਰਿਵਾਰਾਂ ਦਾ ਚਹੇਤਾ, ਭਾਈਜਾਨਾਂ ਦਾ ਦੋਸਤ ਅਤੇ ਭਾਬੀਜਾਨਾਂ ਦਾ ਦੇਵਰ ਸੀ ਚਾਂਦ। ਬੰਗਲੇ ਦੀ ਪਹਿਲੀ ਛੱਤ ਉੱਤੇ, ਅਸ਼ਕ ਵਾਲੇ ਭਾਗ ਦੇ ਐਨ੍ਹ ਉੱਪਰ ਵਾਲੇ ਸੈੱਟ ਵਿਚ ਰਹਿੰਦੇ ਸਨ ਭਾਟੀਆ ਸਾਹਿਬ ਤੇ ਅਸੀਂ ਉਨ੍ਹਾਂ ਦੇ ਸਬ ਟੈਨੈਂਟ ਸਾਂ, ਕਿਰਾਏਦਾਰਾਂ ਦੇ ਕਿਰਾਏਦਾਰ।

ਸੱਜ-ਵਿਆਹੇ ਜੋੜੇ ਵਜੋਂ ਅਸਾਂ ਏਸੇ ਘਰ ਵਿਚ ਪ੍ਰਵੇਸ਼ ਕੀਤਾ ਸੀ। ਬੈੱਡ ਰੂਮ ਤੇ ਹਾਲ ਵਿਚਕਾਰਲੇ ਬੂਹੇ ਨੂੰ ਪੱਕੇ ਤੌਰ 'ਤੇ ਬੰਦ ਕਰਕੇ ਅਗਲਾ ਸੌਣ ਕਮਰਾ ਤੇ ਰਸੋਈ ਉਨ੍ਹਾਂ ਸਾਨੂੰ ਦੇ ਦਿਤੀ ਸੀ ਪਰ ਲੌਬੀ ਦੇ ਆਖਰੀ ਕੋਨੇ ਵਿਚ ਤੇ ਕਮਰੇ ਤੋਂ ਕਾਫੀ ਦੂਰ ਹੋਣ ਕਾਰਨ ਬਾਦ ਵਿਚ ਮੈਂ ਰਸੋਈ ਨੂੰ ਸਟੋਰ ਵਿਚ ਤਬਦੀਲ ਕਰ ਲਿਆ ਸੀ ਤੇ ਉਸ ਵਿਸ਼ਾਲ ਕਮਰੇ ਦੇ ਸਾਹਮਣੇ ਵਾਲੇ ਕੋਨੇ ਨਾਲ ਲਗਦੀ ਖਿੜਕੀ ਮੂਹਰੇ ਹੀ ਰਸੋਈ-ਮੇਜ਼ ਲਗਾ ਲਿਆ ਸੀ। ਅਜੋਕੇ ਤਿੰਨ ਕਮਰਿਆਂ ਵਾਲੇ ਫਲੈਟਾਂ ਤੋਂ ਵੀ ਵੱਡੇ ਖੇਤਰਫਲ ਵਾਲੇ ਉਸ ਕਮਰੇ ਵਿਚ ਖਾਣ, ਬੈਠਣ, ਸੌਣ ਅਤੇ ਰਸੋਈ-ਕੋਨਿਆਂ ਦੀ ਵੰਡ ਕਰਕੇ ਅਸਾਂ ਆਪਣੀਆਂ ਲੋੜਾਂ ਅਨੁਸਾਰ ਉਸ ਨੂੰ ਕਾਫੀ ਖੂਬਸੂਰਤ ਤੇ ਅਰਾਮਦੇਹ ਬਣਾ ਲਿਆ ਸੀ। ਸਾਡੇ ਏਸ ਘਰ ਦੇ ਐਨ੍ਹ ਥੱਲੇ ਸੀ ਅਸ਼ਕ ਦੀ ਉਹ ਬੈਠਕ ਜਿੱਥੇ ਅਕਸਰ ਸ਼ਾਮੀਂ ਤਾਸ਼-ਪੱਤੇ ਖੇਡੇ ਜਾਂਦੇ ਤੇ ਮਹਿਫਲਾਂ ਲਗਦੀਆਂ। ਸੰਗੀਤ, ਪੱਤੇ, ਸਿਗਰਟਾਂ ਦੀ ਬੂ, ਬਹਿਸਾਂ-ਮੁਬਾਹਿਸੇ ਤੇ ਫਿਲਮ-ਜਗਤ ਦੇ ਲੋਕਾਂ ਦੀ ਆਵਾਜਾਈ...ਆਪਣੇ ਘਰ ਦੇ ਹੇਠਾਂ ਦੇ ਇਸ ਸਾਹਿਤਕ ਅਰ ਸਿਨੇ ਸੰਸਾਰ ਦੇ ਮਿਲੇ-ਜੁਲੇ ਮਾਹੌਲ ਦਾ ਮੈਨੂੰ ਬੜਾ ਸਹਾਰਾ ਸੀ, ਮੈਨੂੰ ਜਿਸ ਨੂੰ ਅਖਬਾਰਾਂ, ਫੈਮਿਨਾ ਅਤੇ ਰੀਡਰਜ਼ ਡਾਇਜੈਸਟ ਆਦਿ ਅੰਗਰੇਜ਼ੀ ਰਿਸਾਲਿਆਂ ਤੋਂ ਸਿਵਾ ਹੋਰ ਕੋਈ ਵੀ ਪੁਸਤਕ ਪੜ੍ਹਨ ਦੀ ਇਜਾਜ਼ਤ ਨਹੀਂ ਸੀ। ਪੰਜਾਬੀ ਤਾਂ ਅਸਲੋਂ ਹੀ ਵਿਵਰਜਿਤ ਸੀ।

"ਕਿਤਾਬਾਂ ਵਿਚ ਕੇਵਲ ਇਸ਼ਕ-ਮੁਸ਼ਕ ਦੀਆਂ ਗੱਲਾਂ ਹੁੰਦੀਆਂ ਨੇ ਤੇ ਪੰਜਾਬੀ ਭਾਸ਼ਾ ਵਿਚ ਨਿਰਾ ਲੁੱਚ-ਪੁਣਾ", ਜੀਤ ਦਾ ਮੱਤ ਸੀ।

ਉਹਦੇ ਵਿਚਾਰ-ਅਨੁਸਾਰ ਹੀਰ ਵਾਰਿਸ ਤਾਂ ਸਭ ਤੋਂ 'ਫੋਸ਼' ਕਹਾਣੀ ਸੀ।

ਰੇਡਿਓ ਤੇ 'ਵਿਵਿਧ ਭਾਰਤੀ ਦੇ ਸੰਗੀਤ' ਅਤੇ 'ਹਵਾ ਮਹਿਲ' ਆਦਿ ਪ੍ਰੋਗਰਾਮਾਂ ਦੇ ਨਾਟਕ ਹੀ ਮੇਰੀ ਸਾਹਿਤਕ ਭੁੱਖ ਦੀ ਤ੍ਰਿਪਤੀ ਕਰਦੇ ਸਨ। ਸਾਹਮਣੇ ਠਾਠਾਂ ਮਾਰਦਾ ਮਹਾਨ ਅਰਬ ਸਾਗਰ ਜਿਸ ਦੀਆਂ ਛੱਲਾਂ ਉੱਛਲ ਉੱਛਲ ਬੰਗਲੇ ਦੇ ਦਾਲਾਨ ਵੀ ਕਈ ਵੇਰਾਂ ਜਲਥਲ ਕਰ ਜਾਂਦੀਆਂ; ਸਮੁੰਦਰੀ ਹਵਾ ਦੇ ਵੇਗ ਨਾਲ ਗਗਨ-ਚੁੰਬੀ ਨਾਰੀਅਲ ਦੇ ਬ੍ਰਿਛਾਂ ਦੀ ਸਾਂ ਸਾਂ, ਖੜਖੜ, ਇਕੱਲੀ ਉਦਾਸ ਸਾਗਰ-ਕੰਢੇ, ਰਾਜੇ ਦੇ ਮਹੱਲ ਦੇ ਉਸ ਕੋਨੇ ਵਿਚ ਨਜ਼ਰਬੰਦ ਜਿਹੀ ਸਾਂ ਮੈਂ, ਜਿਸ ਦੇ ਠੀਕ ਥੱਲੇ ਸੀ ਉਹ ਜੀਵਨ ਭਰਪੂਰ ਬੈਠਕ, ਉਸ ਸ਼ਾਂਤ ਉਦਾਸ ਤੇ ਬਾਹਲੀ ਵੇਰਾਂ ਤੂਫ਼ਾਨੀ ਖੌਫ਼ਨਾਕ ਵਾਤਾਵਰਣ ਵਿਚ ਇੱਕ ਮਾਤਰ ਚਹਿਲ ਪਹਿਲ ਦਾ ਅੱਡਾ, ਮਾਨੋਂ ਸੁਤੇ ਪਏ ਗਵਾਲੀਅਰ ਪੈਲੇਸ ਦਾ ਧੜਕਦਾ ਦਿਲ।

ਚਿੱਟੇ-ਦੁੱਧ ਕੁਰਤੇ ਪਜਾਮੇ ਵਿਚ ਸੰਧੂਰੀ ਭਾਅ ਮਾਰਦਾ ਗੰਦਮੀ ਚਿਹਰਾ, ਤਿੱਖਾ ਨੱਕ, ਰੌਸ਼ਨ ਮੱਥਾ ਤੇ ਲਾਖੇ ਹੋਠ (ਇਹ ਉਸਦਾ ਅਸਲੀ ਰੂਪ ਸੀ ਜਾਂ ਮੇਰੀ ਕਲਪਨਾ ਦੀ ਸਿਰਜਣਾ, ਕਹਿ ਨਹੀਂ ਸਕਦੀ। ਉਹਦੇ ਚਿਹਰੇ ਵੱਲ ਸਿੱਧੇ ਤੌਰ ਤੇ ਵੇਖਣ ਦੀ ਹਿੰਮਤ ਮੈਨੂੰ ਕਦੇ ਨਹੀਂ ਸੀ ਹੋਈ। ਬੱਸ ਦੂਰੋਂ, ਉਡਦੀ ਉਡਦੀ ਨਜ਼ਰ, ਕੇਵਲ ਚਾਲ ਢਾਲ ਤੋਂ ਹੀ ਪਛਾਣਦੀ ਸਾਂ ਮੈਂ ਉਸਨੂੰ।

ਅਕਸਰ ਦਿਨੇ ਦਸ ਬਾਰਾਂ ਵਜੇ ਦੇ ਕਰੀਬ ਦੂਰੋਂ ਸਾਹਮਣਿਓਂ ਸੜਕ ਤੋਂ ਤੁਰਿਆ ਆਉਂਦਾ ਦਿਸਦਾ ਸੀ ਸਾਹਿਰ, ਸਾਹਿਰ ਲੁਧਿਆਣਵੀ। ਗਵਾਲੀਅਰ ਪੈਲੇਸ ਕੋਲੋਂ ਸਮੁੰਦਰ-ਤੱਟ ਨੂੰ ਜਾਂਦੇ ਮੁੱਖ ਚੌੜੇ ਰਸਤੇ ਨੂੰ ਛੱਡ ਕੇ ਓਸੇ ਹੱਥ ਤੇ ਦੋ ਤਿੰਨ ਬੰਗਲਿਆਂ ਦੀ ਵਿੱਥ ਉੱਤੇ ਸੀ ਉਸ ਦਾ ਬੰਗਲਾ। ਜਾਂਦਿਆਂ ਕਦੇ ਨਹੀਂ ਸੀ ਡਿੱਠਾ। ਪਤਾ ਨਹੀਂ ਉਹ ਵਾਪਸ ਘਰ ਕਦੋਂ ਪਰਤਦਾ ਸੀ? ਅਸ਼ਕ ਘਰ ਹੋਵੇ ਜਾਂ ਨਾਂਹ, ਸਾਹਿਰ ਅਕਸਰ ਏਧਰ ਹੀ ਹੁੰਦਾ ਸੀ।

ਗੇਟੋਂ ਅੰਦਰ ਵੜਦਿਆਂ ਐਨ੍ਹ ਸਾਹਮਣੇ ਹੀ ਤਾਂ ਪੈਂਦਾ ਸੀ ਅਸ਼ਕ ਦਾ ਘਰ। ਖੁੱਲ੍ਹੇ ਬੂਹੇ-ਖੁੱਲ੍ਹੀਆਂ ਬਾਰੀਆਂ। ਛੜਿਆਂ ਦਾ ਕੀ ਓਹਲਾ! ਇਸਤ੍ਰੀ ਕਦੇ ਨਹੀਂ ਸੀ ਵੇਖੀ ਕੋਈ। ਬੰਦੇ ਹੀ ਬੰਦੇ। ਛੜੇ ਜਾਂ ਛੜਿਆਂ ਵਰਗੇ। ਪਰ ਆਂਢ-ਗੁਆਂਢ ਵਿਚ ਕਿਸੇ ਲਈ ਉਹ ਕੋਈ ਸਮੱਸਿਆ ਨਹੀਂ ਸਨ। ਸਭ ਤੋਂ ਨਿਆਰੇ ਹੀ ਰਹਿੰਦੇ। ਨਾ ਤਾਂ ਅਸ਼ਕ ਹੀ ਕੂਇਆ ਸੀ ਕਦੇ ਕਿਸੇ ਇਸਤ੍ਰੀ ਨਾਲ ਤੇ ਨਾ ਹੀ ਸਾਹਿਰ। ਅੱਵੱਲ ਤਾਂ ਅੱਖ ਭਰ ਕੇ ਵੇਖਦੇ ਹੀ ਨਹੀਂ ਸਨ ਕਿਸੇ ਵੱਲ ਤੇ ਜੇ ਕਿਤੇ ਭੁੱਲੇ-ਚੁੱਕੇ ਸਾਹਮਣਾ ਹੋ ਹੀ ਜਾਂਦਾ ਤਾਂ ਠੰਢੀ, ਮਿੱਠੀ, ਸੀਤਲ ਸੁਖਾਵੀਂ ਸਤਿਕਾਰ ਭਰੀ ਨਜ਼ਰ ਨਾਲ।

ਅਸੀਂ ਨਵੇਂ ਵਿਆਹੇ ਸਾਂ। ਦੋਵੇਂ ਸੋਹਣੇ ਤੇ ਸਮਾਰਟ। ਲੰਘਦਿਆਂ-ਪਲੰਘਦਿਆਂ ਅਕਸਰ ਸਾਹਿਰ ਨਾਲ ਮੇਲ ਹੋ ਜਾਂਦਾ। 'ਹਾਇ ਹੈਲੋ', ਪਰ ਮੇਰੇ ਪਤੀ ਨਾਲ ਹੀ। ਮੇਰੇ ਵੱਲ ਕੇਵਲ ਇੱਕ ਆਦਰ ਭਰੀ, ਨੀਵੀਂ ਪਾਈ, ਪੈਰ ਛੂੰਹਦੀ ਨਜ਼ਰ। ਮੂਕ ਪ੍ਰਸ਼ੰਸਾ! ਤੇ ਮੇਰਾ ਹੁੰਗਾਰਾ, ਗੂੰਗੀ ਨਮਸਕਾਰ!

ਵਿਆਹ ਤੋਂ ਡੇਢ ਕੁ ਸਾਲ ਮਗਰੋਂ ਸਨੀ ਜੰਮਿਆ। ਸਾਡਾ ਪਲੇਠੀ ਦਾ ਪੁੱਤਰ। ਇੱਕ, ਡੇਢ, ਦੋ ਸਾਲਾਂ ਦਾ ਡਾਢਾ, ਅੱਥਰਾ। ਕੱਪ-ਪਲੇਟਾਂ ਚਮਚੇ-ਕਟੋਰੀਆਂ, ਬਾਲ-ਖਿਡੌਣੇ ਜੋ ਆਉਂਦਾ ਮੂੰਹ ਅੱਗੇ, ਵਗਾਹ ਮਾਰਦਾ ਖਿੜਕੀ ਤੋਂ ਥੱਲੇ, ਤੇ ਮੈਂ ਭਜਦੀ ਰਹਿੰਦੀ ਬੋਚਣ ਨੂੰ, ਚੁੱਕਣ ਨੂੰ। ਇੱਕ ਚੀਜ਼ ਚੁੱਕ ਕੇ ਪਰਤਦੀ ਨਾਂਹ ਕਿ ਦੂਜੀ ਥੱਲੇ। ਪਰੇਸ਼ਾਨ। ਹਫ਼ੀ ਹਫ਼ੀ। ਜੇ ਖਿੜਕੀਆਂ ਬੰਦ ਕਰਾਂ ਤਾਂ ਕਮਰਾ ਘੁੱਪ, ਜੇ ਬੂਹਾ ਬੰਦ ਰਖਾਂ ਤਾਂ ਸਨੀ ਪਿੱਟੇ। ਚੀਕ-ਚਿਹਾੜਾ, ਕੰਧਾਂ ਨਾਲ ਸਿਰ ਮਾਰੇ। ਕਿਸੇ ਵੀ ਪੱਜ ਬੂਹਾ ਖੁਲ੍ਹਿਆ ਨਹੀਂ ਕਿ ਉਹ ਥੱਲੇ ਦੌੜਿਆ ਨਹੀਂ, ਸ਼ੂਟ ਵਟਕੇ ਗੇਟੋਂ ਬਾਹਰ।

ਸਮੁੰਦਰੀ ਨਜ਼ਾਰੇ ਪੱਖੋਂ ਤਾਂ ਬਹੁਤ ਹੀ ਆਕਰਸ਼ਕ ਸਥਿਤੀ ਸੀ ਗਵਾਲੀਅਰ ਪੈਲੇਸ ਦੀ ਪਰ ਸੜਕ ਵਾਲੇ ਪਾਸਿਓਂ ਬੜੇ ਖਤਰਨਾਕ ਮੋੜ 'ਤੇ ਸੀ। ਅੰਧੇਰੀ ਤੋਂ ਵਰਸੋਵੇ ਵੱਲ ਨੂੰ ਜਾਂਦੀਆਂ ਤੇਜ਼ ਸ਼ੂਕਦੀਆਂ ਬੱਸਾਂ, ਗੱਡੀਆਂ ਦੀ ਆਵਾਜਾਈ। ਦਿਲ ਧੱਕ ਕਰਕੇ ਰਹਿ ਜਾਂਦਾ।

ਸਾਹਿਰ ਜੇ ਵੇਖ ਲੈਂਦਾ ਸਨੀ ਨੂੰ ਭਜਦਿਆਂ ਤਾਂ ਲਪਕ ਕੇ ਫੜ ਲੈਂਦਾ। ਮੇਰੀ ਘਬਰਾਹਟ ਦਾ ਉਸ ਨੂੰ ਪੂਰਾ ਅਹਿਸਾਸ ਹੁੰਦਾ ਸੀ, ਬਿਨਾਂ ਦੱਸੇ-ਬੋਲੇ। ਕਈ ਵੇਰਾਂ ਸਨੀ ਅਸ਼ਕ ਦੀ ਰਸੋਈ ਦੇ ਪਿਛਵਾੜੇ ਦੀਆਂ ਝਾੜੀਆਂ ਵਿਚ ਲੁੱਕ ਜਾਂਦਾ। 'ਸਨੀ-ਸਨੀ' ਮੈਂ ਕੋਲੋਂ ਦੀ ਕੂਕਦੀ ਲਭਦੀ ਗੇੜੇ ਮਾਰਦੀ ਰਹਿੰਦੀ। ਉਹ ਨਾ ਬੋਲਦਾ। ਮੈਂ ਘਬਰਾਅ ਜਾਂਦੀ। ਅਸ਼ਕ ਤੇ ਸਾਹਿਰ ਖੜ੍ਹੇ ਦਿਸਦੇ। ਨਿੰਮਾ ਨਿੰਮਾ ਮੁਸਕਰਾਂਦੇ। ਉਨ੍ਹਾਂ ਦੀ ਖਾਮੋਸ਼ ਮੁਸਕਰਾਹਟ ਤੋਂ ਮੈਨੂੰ ਸਨੀ ਦਾ ਅਤਾ-ਪਤਾ ਮਿਲ ਜਾਂਦਾ। ਮੈਂ ਉਸਨੂੰ ਲਭ ਲੈਂਦੀ। ਨਿੱਕਾ ਜਿਹਾ ਵਜੂਦ, ਸੂਹਲ-ਮਲੂਕ ਜਿੰਦੜੀ, ਅਨੀਮਿਕ ਤੇ ਉੱਪਰੋਂ ਉੱਚੀ ਅੱਡੀ ਦੀ ਚੱਪਲ (ਛੋਟੇ ਕੱਦ ਦੇ ਅਹਿਸਾਸ ਕਾਰਨ ਉੱਚੀ ਅੱਡੀ ਦੀ ਚੱਪਲ ਬਿਨਾਂ ਮੈਂ ਕਦੇ ਕਿਸੇ ਦੇ ਸਾਹਮਣੇ ਨਹੀਂ ਸੀ ਹੁੰਦੀ, ਘਰ ਵਿਚ ਵੀ ਨਹੀਂ)। ਤੇ ਏਸ ਚੱਪਲ ਨਾਲ ਦਰਜਨਾਂ ਵਾਰ ਕਾਹਲੀ ਕਾਹਲੀ ਬੰਗਲੇ ਦੀਆਂ ਉੱਚੀਆਂ ਉੱਚੀਆਂ ਦੂਹਰੀਆਂ ਪੌੜੀਆਂ ਨੂੰ ਦੁਲਾਂਘਣਾਂ ਤੇ ਸਨੀ ਪਿੱਛੇ ਭੱਜਣਾ-ਬੁਰੀ ਤਰ੍ਹਾਂ ਹੰਭ ਜਾਂਦੀ ਸਾਂ ਮੈਂ ਤੇ ਸਾਹਿਰ ਨੂੰ ਇਸ ਦਾ ਪੂਰਾ ਕਿਆਸ ਹੁੰਦਾ ਸੀ। ਮੂਕ ਹਮਦਰਦੀ! ਇਹ ਮੇਰਾ ਯਕੀਨ ਸੀ।

ਢਾਈ ਸਾਲਾ ਸਨੀ ਸੰਗ ਭਾਲਦਾ ਸੀ। ਰੌਣਕਾਂ। ਹਾਣ-ਮਿੱਤਰ। ਸੜਕ ਉੱਤੇ, ਬਗੀਚੇ



ਵਿਚ, ਸਾਗਰ-ਕੰਢੇ ਕਦੇ ਕਿਸੇ ਦੇ 'ਬਾਬੇ' (ਬੇਟੇ) ਦੇ ਮਗਰ ਭਜਦਾ ਤੇ ਕਦੇ ਕਿਸੇ ਦੀ 'ਬੇਬੀ' ਨੂੰ ਘਰ ਲਿਜਾਣ ਦੀ ਜ਼ਿਦ ਕਰਦਾ। ਛੱਤ 'ਤੇ ਟੰਗਿਆ, ਨਿੱਕੇ ਜਿਹੇ ਘਰ ਵਿਚ ਇਕੱਲਾ ਰਹਿਣੋਂ ਉਹ ਅਸਲੋਂ ਹੀ ਬਾਗੀ ਹੁੰਦਾ ਜਾ ਰਿਹਾ ਸੀ। ਉਹਦਾ ਗੁੱਸਾ ਵੱਧ ਰਿਹਾ ਸੀ। ਜ਼ਿੱਦਾਂ ਹੀ ਜ਼ਿੱਦਾਂ।

ਨਵਾਂ ਨਵਾਂ ਹੀ ਚਲਿਆ ਸੀ ਉਦੋਂ ਤਿੰਨ ਪਹੀਆ-ਸਕੂਟਰ। ਉਹਨੂੰ ਵੇਖਦਿਆਂ ਹੀ ਉਸ ਦੀ ਟ੍ਰਾਈਸਿਕਲ 'ਚੋਂ ਸਾਰੀ ਦਿਲਚਸਪੀ ਖਤਮ ਹੋ ਗਈ। ਉਹ ਸਕੂਟਰ ਲਈ ਪੁਆੜਾ ਪਾ ਬੈਠਾ।

"ਸਕੂਟਰ ਤੈਨੂੰ ਏਸ ਸ਼ਰਤ ਤੇ ਲੈ ਕੇ ਦਿਆਂਗੇ ਜੇ ਤੂੰ ਵਾਅਦਾ ਕਰੇਂ ਕਿ ਕਦੇ ਵੀ ਕੰਪਾਊਂਡ ਵਿਚ ਇਕੱਲਿਆਂ ਨਹੀਂ ਲੈ ਕੇ ਜਾਵੇਂਗਾ ਤੇ ਕੇਵਲ ਮੰਮੀ ਪਾਪਾ ਨਾਲ ਹੀ ਗੇਟੋਂ ਬਾਹਰ", ਜੀਤ ਦਾ ਕਹਿਣਾ ਸੀ।

"ਮੰਮੀ ਪਰਾਮਿਸ, ਗੌਡ ਪਰਾਮਿਸ" ਕੰਨ ਫੜ ਕੇ ਆਖਦਿਆਂ ਸਨੀ ਨੇ ਪਾਪਾ ਨੂੰ ਰਾਜ਼ੀ ਕਰ ਲਿਆ।

ਦਰ ਅਸਲ ਸਾਨੂੰ ਵੀ ਸਾਈਕਲ ਨਾਲੋਂ ਸਕੂਟਰ ਵਧੇਰੇ ਮਾਫ਼ਕ ਸੀ। ਇੱਕਹਰਾ ਤੇ ਲੰਮੇ ਆਕਾਰ ਦਾ ਹੋਣ ਕਾਰਨ ਉਹ ਘੱਟ ਜਗ੍ਹਾ ਘੇਰਦਾ ਸੀ ਤੇ ਹਲਕਾ ਹੋਣ ਕਾਰਨ ਮੈਂ ਵੀ ਉਸਨੂੰ ਚੁੱਕ ਕੇ ਥੱਲੇ ਲਿਜਾ ਸਕਦੀ ਸਾਂ। ਸਕੂਟਰ ਕਾਰਨ ਉਸਨੇ ਘਰ ਵਿਚ ਹੀ ਬਿਜ਼ੀ ਹੋ ਜਾਣਾ ਸੀ ਤੇ ਮੈਨੂੰ ਬਾਰ ਬਾਰ ਉਹਦੇ ਮਗਰ ਥੱਲੇ ਭੱਜਣ ਤੋਂ ਨਿਜਾਤ ਮਿਲ ਜਾਣੀ ਸੀ।

ਸਕੂਟਰ ਆ ਗਿਆ। ਲੌਬੀ ਵਿਚ, ਕਮਰੇ ਵਿਚ ਦੁੜਾਂਦਾ ਸਨੀ ਖੁਸ਼ ਹੋ ਗਿਆ। ਦਸ ਵੱਜੇ ਜੀਤ ਦਵਾਖਾਨੇ ਲਈ ਰਵਾਨਾ ਹੋ ਜਾਂਦਾ ਸੀ। ਘਰ ਨੂੰ ਠੀਕ ਠਾਕ ਕਰ, ਭਾਂਡੇ ਸਫ਼ਾਈਆਂ ਕਰਵਾ, ਗਿਆਰਾਂ ਵਜੇ ਦੇ ਕਰੀਬ ਮੈਂ ਰੋਟੀ-ਟੁੱਕ ਲਈ ਜੁੱਟ ਜਾਂਦੀ। ਏਸ ਦੌਰਾਨ ਸਨੀ ਕਦੇ ਫਰਿੱਜ ਦੁਆਲੇ ਤੇ ਕਦੇ ਸੋਫ਼ੇ ਦੁਆਲੇ, ਕਦੇ ਪਲੰਘ ਦੁਆਲੇ ਤੇ ਕਦੇ ਖਾਣੇ ਦੇ ਮੇਜ਼ ਦੁਆਲੇ ਅੱਠ ਦੇ ਹਿੰਦਸੇ ਦੀ ਸ਼ਕਲ ਵਿਚ ਗੇੜੇ ਕੱਟਦਾ ਰਹਿੰਦਾ। ਵਿਵਿਧ ਭਾਰਤੀ ਦੇ ਸੰਗੀਤ ਤੇ ਸਕੂਟਰ, ਸ਼ੋਰ ਵਿਚ ਗੁਆਚੇ ਮਾਂ-ਪੁੱਤ ਆਪੋ ਆਪਣੀ ਦੁਨੀਆਂ ਵਿਚ ਰੁਝੇ ਰਹਿੰਦੇ। ਇੱਕ ਵਜੇ ਤੱਕ ਉਹ ਥੱਕ ਜਾਂਦਾ, ਉਸ ਦੀ ਰੱਜਵੀਂ ਵਰਜਿਸ਼ ਹੋ ਜਾਂਦੀ ਤੇ ਇਸ ਦੌਰਾਨ ਮੈਂ ਦੋਹਾਂ ਵੇਲਿਆਂ ਲਈ ਦਾਲ ਸਬਜ਼ੀਆਂ ਬਣਾ ਲੈਂਦੀ। ਫੇਰ ਮੈਂ ਉਸ ਨੂੰ ਚੰਗੀ ਮਾਲਿਸ਼ ਕਰਕੇ, ਨੁਹਾ-ਧੁਆ ਦੇਂਦੀ ਤੇ ਉਸ ਤੋਂ ਬਾਅਦ ਮੇਜ਼ ਲਗਾ ਕੇ ਆਪ ਵੀ ਤਿਆਰ ਹੋ ਜਾਂਦੀ। ਜੀਤ ਮੁੜ ਢਾਈ ਵਜੇ ਦੇ ਕਰੀਬ ਦੁਪਹਿਰ ਦਾ ਖਾਣਾ ਖਾਣ ਆਉਂਦਾ ਸੀ। ਖਾਰੋਂ, ਦਵਾਖਾਨੇ ਤੋਂ। ਖਾਰ ਤੋਂ ਅੰਧੇਰੀ ਤੱਕ ਰੇਲ ਦਾ ਸਫ਼ਰ 'ਤੇ ਅਗੋਂ ਬਸ ਉੱਤੇ ਸੱਤ ਬੰਗਲੇ। ਉਸ ਦੇ ਆਉਣ ਤੱਕ ਘਰ ਟਿੱਚਨ ਹੋਣਾ ਲਾਜ਼ਮੀ ਸੀ ਤੇ ਮੈਂ ਸਾੜ੍ਹੀ ਵਿਚ ਸੱਜੀ ਸੰਵਰੀ ਪੂਰੀ ਮੇਕ-ਅੱਪ ਵਿਚ ਜਿਵੇਂ ਕਿਸੇ ਪਾਰਟੀ 'ਤੇ ਜਾਣਾ ਹੋਵੇ, ਜੀਤ ਨੂੰ ਏਦਾਂ ਹੀ ਪਸੰਦ ਸੀ ਤੇ ਉਹਦੀ ਪਸੰਦ ਨੂੰ ਫੁੱਲ ਚੜ੍ਹਾਉਣੇ ਮੇਰੀ ਰੂਹ ਦੀ ਰੀਝ। ਹੁਣ ਸਕੂਟਰ ਆ ਜਾਣ ਤੇ ਮੇਰੀਆਂ ਥੱਲੇ ਦੀਆਂ ਦੌੜਾਂ, ਪਰੇਸ਼ਾਨੀਆਂ ਖਤਮ ਹੋ ਗਈਆਂ ਸਨ। ਸਨੀ ਵੀ ਖੁਸ਼ ਸੀ ਤੇ ਮੈਂ ਵੀ।

ਮਸਾਂ ਥੋੜ੍ਹੇ ਦਿਨ ਹੀ ਲੰਘੇ ਹੋਣਗੇ। ਸਾਢੇ ਗਿਆਰਾਂ ਬਾਰ੍ਹਾਂ ਵਜੇ ਦਾ ਵਕਤ। ਚਾਂਦ ਆਇਆ। ਉਸ ਮੇਰਾ ਬੂਹਾ ਠਕੋਰਿਆ।

"ਦੀਦੀ ਜਾਨ! ਏਕ ਗੁਜ਼ਾਰਿਸ਼ ਹੈ ਆਪ ਸੇ, ਅਗਰ ਆਪ ਬੁਰਾ ਨਾ ਮਾਨੇਂ ਤੋ।"

"ਬੋਲੋ ਚਾਂਦ ਭਾਈ"

"ਅਗਰ ਆਪ ਥੋੜ੍ਹਾ ਸ਼ੋਰ ਕਮ ਕਰ ਸਕੇਂ? ਨੀਚੇ ਸਾਹਿਰ ਸਾਹਿਬ ਲਿਖ ਰਹੇ ਹੈ?"

"ਸਾਹਿਰ ਸਾਹਿਬ? ਗੀਤ ਲਿਖ ਰਹੇ ਹੈਂ? ਯਹਾਂ?"

"ਹਾਂ, ਦੀਦੀ ਜਾਨ, ਵੋ ਯਹੀਂ ਤੋ ਲਿਖਤੇ ਹੈਂ। ਘਰ ਕਾ ਮਾਹੌਲ ਤੋ...ਅੰਮੀ ਜਾਨ ਕੋ ਤੋ ਆਪ ਜਾਨਤੇ ਹੀ ਹੈਂ ..."

ਚਿੱਟੇ ਸੂਟ ਤੇ ਸਿਰ ਤੇ ਪੱਲਾ ਲਈ, ਦੁਬਲੀ ਪਤਲੀ ਕਾਹਲੀ ਕਾਹਲੀ, ਗੁੱਸੇ-ਗੁੱਸੇ, ਦੂਰੋਂ ਸੜਕ ਤੋਂ ਆਉਂਦੀ ਅਕਸਰ ਵੇਖਦੀ ਸਾਂ ਮੈਂ ਸਾਹਿਰ ਦੀ ਮਾਂ! ਪਤਾ ਨਹੀਂ ਇਹ ਕਿੱਥੋਂ ਤੱਕ ਸੱਚ ਸੀ ਪਰ ਸੁਣਦੀ ਸਾਂ ਕਿ ਉਹ ਉਹਨੂੰ ਏਦਾਂ ਡਾਂਟਦੀ ਸੀ ਜਿਵੇਂ ਉਹ ਪੰਜ-ਸਾਲਾ ਬੱਚਾ ਹੋਵੇ ਤੇ ਸਾਹਿਰ ਅਗੋਂ ਕਦੇ ਨਹੀਂ ਸੀ ਬੋਲਦਾ, ਬੱਸ ਮੁਸ ਮੁਸ ਕਰਦਾ ਰਹਿੰਦਾ ਸੀ।

"ਮਾਫ਼ ਕਰਨਾ ਚਾਂਦ ਭਾਈ, ਹਮੇਂ ਮਾਲੂਮ ਨਾ ਥਾ। ਆਇੰਦਾ ਸੇ ਸਾਹਿਰ ਸਾਹਿਬ ਕੋ ਕਭੀ ਨਾ ਕਹਲਵਾਨਾ ਪੜੇਗਾ।"

ਚਾਂਦ ਚਲਾ ਗਿਆ ਪਰ ਮੈਂ ਬੇਚੈਨ ਹੋ ਗਈ। ਕਦੇ ਮੈਂ ਵੀ ਲਿਖਦੀ ਸਾਂ। ਗੀਤ, ਨਜ਼ਮਾਂ, ਕਹਾਣੀਆਂ। ਕੀ ਹਾਲਤ ਹੁੰਦੀ ਸੀ ਉਦੋਂ? ਬਿਲਕੁਲ ਚੁੱਪ ਚਾਹੀਦੀ ਹੁੰਦੀ ਸੀ। ਘੜੀ ਦੀ ਟਿਕ ਟਿਕ ਵੀ ਨਹੀਂ। ਬੰਦ ਕਰ ਦੇਂਦੀ ਸਾਂ ਮੈਂ। ਅਕਸਰ ਰਾਤੀਂ ਲਿਖਣਾ ਸ਼ੁਰੂ ਕਰਦੀ ਸਾਂ। ਬਾਰਾਂ ਵਜੇ, ਜਦੋਂ ਸਾਰੇ ਸੌਂ ਜਾਣ। ਚਾਹ ਦੇ ਕੱਪ। ਥਰਮਸ ਭਰਕੇ ਰਖ ਲੈਂਦੀ ਸਾਂ ਕੋਲ। ਸੁਨਹਿਰੀ ਸੁਪਨੇ, ਖਿਆਲੀ ਦੁਨੀਆਂ। ਪਰ ਅਸਲੀਅਤ ਕਿੰਨੀ ਕੜਵੀ ਹੈ। ਅੱਜ ਲਿਖਣਾ ਤਾਂ ਦੂਰ ਰਿਹਾ ਮੈਂ ਪੜ੍ਹਨ ਲਈ ਵੀ ਸਹਿਕਦੀ ਸਾਂ। ਜੀਤ ਦੀ ਪੱਗ-ਚਾਪ ਸੁਣਦਿਆਂ ਹੀ ਪੁਸਤਕ ਲੁਕਾ ਛੱਡਦੀ ਸਾਂ ਜਿਵੇਂ ਕੋਈ ਬਹੁਤ ਵੱਡਾ ਅਪਰਾਧ ਕਰ ਰਹੀ ਹੋਵਾਂ। ਫੜੀ ਨਾ ਜਾਵਾਂ! ਲਿਖਣ ਬਾਰੇ ਤਾਂ ਮੈਂ ਸੋਚ ਵੀ ਨਹੀਂ ਸਾਂ ਸਕਦੀ। ਮਾਨੋ ਸਕਤਾ ਮਾਰ ਗਿਆ ਹੋਵੇ।

ਮੈਂ ਸਾਰਾ ਸਵੈ-ਵਿਸ਼ਵਾਸ ਗੁਆ ਬੈਠੀ ਸਾਂ ਤੇ ਏਥੇ ਠੀਕ ਮੇਰੇ ਹੇਠਾਂ ਗੀਤ ਜਨਮ ਲੈ ਰਿਹਾ ਸੀ, ਸਾਹਿਰ ਦਾ ਗੀਤ!

...
'ਔਰਤ ਨੇ ਜਨਮ ਦੀਆ ਮਰਦੋਂ ਕੋ,
ਮਰਦੋਂ ਨੇ ਉਸੇ ਬਾਜ਼ਾਰ ਦੀਆ'...
ਅਤੇ
'ਇੱਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇਕਰ
ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ'... ਵਰਗੇ ਸ਼ਾਹਕਾਰ ਗੀਤਾਂ ਦੇ ਹਾਣ ਦਾ।

ਗੀਤ ਲਿਖਿਆ ਜਾ ਰਿਹਾ ਸੀ ਤੇ ਉਸਦੀ ਸਿਰਜਣਾ ਪ੍ਰਕਿਰਿਆ ਵਿਚ ਮੇਰਾ ਯੋਗਦਾਨ ਮੰਗਿਆ ਸੀ ਸਾਹਿਰ ਨੇ। ਵਾਹ ਵਾਹ! ਮੇਰੇ ਆਵੇਸ਼ ਦੀ ਕੋਈ ਸੀਮਾ ਨਹੀਂ ਸੀ।

ਖਿੜਕੀ ਦੇ ਨਾਲ ਹੀ ਸੀ ਮੇਰਾ ਰਸੋਈ-ਮੇਜ਼, ਕਮਰੇ ਵਿਚ ਹੀ ਹੌਟ-ਪਲੇਟ ਉੱਤੇ ਖਾਣਾ ਬਣਾਂਦੀ ਸਾਂ ਮੈਂ ਤੇ ਸਾਹਮਣੇ ਵਿਚੀ ਲੰਮੀ ਸੜਕ ਉੱਤੇ ਦੂਰੋਂ ਹੀ ਆਉਂਦਾ ਨਜ਼ਰ ਆ ਜਾਂਦਾ ਸੀ ਸਾਹਿਰ। ਉਸ ਲਈ ਏਨੀ ਦੂਰੋਂ ਖਿੜਕੀ ਦੇ ਪਰਦਿਆਂ ਵਿਚਲੀ ਵਿਰਲ 'ਚੋਂ ਮੈਨੂੰ ਵੇਖਣਾ ਨਾਮੁਮਕਿਨ ਸੀ। ਪਰ ਮੈਂ ਉਸ ਨੂੰ ਵੇਖਦਿਆਂ ਸਾਰ ਹੀ ਰੇਡੀਓ ਬੰਦ ਕਰ ਦੇਂਦੀ ਤੇ ਸਨੀ ਨੂੰ ਕਹਾਣੀ ਸੁਣਾ, ਲੋਰੀ ਸੁਣਾ, ਹੂਟੇ ਮਾਈਆਂ ਕਰ, ਕਿੱਕਲੀ ਪਾ, ਲੁਕਣਮੀਟੀ ਖੇਡ, ਇਸ ਤਰ੍ਹਾਂ ਦੇ ਸੌ ਸੌ ਪਾਪੜ ਵੇਲ ਕੇ ਵਰਚਾਅ ਲੈਂਦੀ। ਕੁੱਝ ਚਿਰ ਲਈ ਉਹ ਭੁਲਦਾ, ਮੁੜ ਜ਼ਿੱਦ ਕਰਨ ਲੱਗ ਪੈਂਦਾ ਰੇਡੀਓ ਲਈ, ਸਕੂਟਰ ਲਈ। ਕੰਧਾਂ ਨਾਲ ਸਿਰ ਮਾਰਦਾ। ਆਪਣੇ ਵਾਲ ਖੋਂਹਦਾ। ਏਧਰ ਉਹਦੀ ਅੜੀ ਤੇ ਓਧਰ ਸਾਹਿਰ ਖਾਤਰ ਪਿਨ-ਡਰੋਪ-ਸਾਇਲੈਂਸ ਦੀ ਮਜਬੂਰੀ।

ਬੜੀ ਮੁਸ਼ਕਿਲ ਆ ਪਈ ਸੀ ਮੇਰੇ ਲਈ!

ਆਖਿਰ ਮੈਂ ਇੱਕ ਨਵਾਂ ਰਾਹ ਕੱਢਿਆ। ਸਨੀ ਨੂੰ ਘਨਾੜੇ ਚੜ੍ਹਨਾ ਬੜਾ ਪਸੰਦ ਸੀ। ਮੈਂ ਉਹਨੂੰ ਪਿੱਠ 'ਤੇ ਚੜ੍ਹਾ ਕੇ ਨੰਗੇ ਤੇ ਪੋਲੇ ਪੈਰੀਂ 'ਆਟੇ ਦੀ ਬੋਰੀ' ਲੰਮੀ ਹੇਕ ਨਾਲ ਬੋਲਦੀ ਕਮਰੇ ਵਿਚ ਗੇੜੇ ਕੱਢਦੀ ਤੇ ਉਸ ਲਈ ਮਗਰ ਮਗਰ ਬੋਲਣ ਲਈ ਨਵੇਂ ਨਵੇਂ ਸ਼ਬਦ ਘੜਦੀ ਰਹਿੰਦੀ।

"ਆਟੇ ਦੀ ਬੋਰੀ" ਮੈਂ ਆਖਦੀ

"ਪੰਜ ਰੁਪਏ" ਉਹ ਆਖਦਾ ਤੇ ਫੇਰ

"ਆਟੇ ਦੀ ਬੋਰੀ ..." (ਈ ਮਾਤਰਾ ਦੀ ਲੰਮੀ ਰਸੀਲੀ ਹੇਕ)

"ਬੜੀ ਭਾਰੀ..." "ਆਟੇ ਦੀ ਬੋਰੀ... "

"ਬੜੀ ਪੋਲੀ..." "ਆਟੇ ਦੀ ਬੋਰੀ"

"ਡਿਗ ਜਾਏਗੀ..." "ਆਟਾ ਸਾਰਾ"

"ਡੁਲ੍ਹ ਜਾਏਗਾ..."

ਤੇ ਏਸ ਤਰ੍ਹਾਂ ਕਦੇ ਉਹਨੂੰ ਡੇਗ ਤੇ ਕਦੇ ਚੁੱਕ, ਏਦਾਂ ਦੀਆਂ ਕਲਾਬਾਜ਼ੀਆਂ ਕਰਦੇ, ਖੇਡਦੇ ਮਾਂ-ਪੁੱਤ ਕਦੇ ਸੋਫ਼ੇ ਦੁਆਲੇ ਕਦੇ ਮੰਜੇ ਦੁਆਲੇ ਚੱਕਰ ਕੱਟਦੇ ਰਹਿੰਦੇ। ਕਦੇ ਮੈਂ ਘੋੜੀ ਬਣ ਜਾਂਦੀ ਤੇ ਉਹ ਮੇਰੀ ਪਿੱਠ ਉੱਤੇ 'ਚਲ ਮੇਰੇ ਘੋੜੇ ਟਿੱਕ ਟਿੱਕ' ਕਰਦਾ ਮੇਰੀ ਗੁੱਤ ਦੀ ਚਾਬੁਕ ਬਣਾ ਮੈਨੂੰ ਦੁੜਾਂਦਾ ਰਹਿੰਦਾ। ਕਦੇ ਮੈਂ ਸਲੇਟ ਉੱਤੇ ਰੰਗ ਬਿਰੰਗੇ ਚਾਕਾਂ ਨਾਲ ਮੂਰਤਾਂ ਬਨਾਣੀਆਂ ਤੇ ਕਦੇ ਉਸਦੇ ਪਲਾਸਟਿਕ ਦੇ ਵਰਗਾਕਾਰ ਟੁਕੜਿਆਂ ਨਾਲ ਉਹਦੇ ਨਾਲ ਬੈਠ ਕੇ ਘਰ ਤੇ ਮੀਨਾਰਾਂ ਬਨਾਣੀਆਂ ਤੇ ਢਾਹੁਣੀਆਂ। ਏਦਾਂ ਕਿਸੇ ਵੀ ਤਰ੍ਹਾਂ ਮੈਂ ਉਸ ਨੂੰ ਦੋ ਘੰਟੇ ਵਰਚਾਈ ਰਖਦੀ। ਪਰ ਬੈਠਵੀਆਂ ਖੇਡਾਂ ਕਾਰਨ ਉਹਦੀ ਬਾਲ-ਸ਼ਕਤੀ ਦਾ ਪੂਰਾ ਨਿਕਾਸ ਨਾ ਹੁੰਦਾ ਜਿਸ ਕਰਕੇ ਉਹ ਛੇਤੀ ਨਾ ਸੌਂਦਾ ਅਰ ਮੈਂ ਖਾਣਾ ਨਾ ਬਣਾ ਸਕਦੀ। ਉਹ ਵੀ ਖਿਝਿਆ ਰਹਿੰਦਾ ਤੇ ਮੈਂ ਵੀ।

ਹੁਣ ਇੱਕੋ ਹੀ ਹੱਲ ਰਹਿ ਗਿਆ ਸੀ, ਸਮੱਸਿਆ ਦਾ। ਜੀਤ ਦੇ ਕੰਮ ਲਈ ਰਵਾਨਾ ਹੋਣ ਮਗਰੋਂ ਥੋੜ੍ਹਾ ਘਰ ਵਿਚ ਵਰਚਾਣ ਉਪਰੰਤ ਮੈਂ ਘਰ ਨੂੰ ਜੰਦਰਾ ਲਗਾ ਕੇ ਉਸਨੂੰ ਥੱਲੇ ਲੈ ਜਾਂਦੀ, ਕੰਪਾਊਂਡ ਵਿਚ ਪਰ ਬੰਗਲੇ ਦੇ ਪਿਛਵਾੜੇ ਹੀ ਤਾਂ ਜੁ ਸਾਹਿਰ ਦੀ ਇੱਕਾਗਰਤਾ ਵਿਚ ਕੋਈ ਵਿਘਨ ਨਾ ਪਵੇ, ਅਤੇ ਆਪਣੇ ਬੰਗਲੇ ਦੀ ਥਾਂ ਤੇ ਗਵਾਲੀਅਰ ਹਾਊਸ ਦੀਆਂ ਤੱਟ ਵੱਲ ਨੂੰ ਜਾਂਦੀਆਂ ਪੌੜੀਆਂ ਰਾਹੀਂ ਉਹਨੂੰ ਬੀਚ ਉੱਤੇ ਲੈ ਜਾਂਦੀ, ਸਾਗਰ-ਕੰਢੇ ਤਾਂ ਜੋ ਸਾਹਿਰ ਨੂੰ ਦਿਸੀਏ ਵੀ ਨਾ।

'ਜੇ ਉਹਨੂੰ ਮੇਰੇ ਉਚੇਚ ਦੀ ਭਿਣਕ ਪੈ ਗਈ ਤਾਂ ਉਸ ਦੇ ਮਨ ਉੱਤੇ ਬੋਝ ਪਵੇਗਾ ਤੇ ਫੇਰ ਕੀ ਪਤਾ ਉਹ ਏਥੇ ਵੀ ਲਿਖ ਸਕੇ ਕਿ ਨਾ' ਮੇਰਾ ਤੌਖਲਾ ਸੀ।

ਰੇਤ ਦੇ ਘਰ ਬਣਾਂਦੇ, ਸਿੱਪੀਆਂ ਲਭਦੇ ਪਾਣੀ ਵਿਚ ਗੇਂਦ ਸੁੱਟਦੇ ਤੇ ਬੋਚਦੇ, ਕਦੇ ਸਨੀ ਦੌੜਦਾ ਮੈਂ ਫੜਦੀ, ਤੇ ਕਦੇ ਮੈਂ ਦੌੜਦੀ, ਸਨੀ ਫੜਦਾ। ਇਸ ਤਰ੍ਹਾਂ ਭਰਪੂਰ ਦੌੜ ਭੱਜ ਨਾਲ ਉਸ ਦੀ

*(ਬਾਕੀ ਅਗਲੇ ਸਫੇ 'ਤੇ)*

# ਤੁਰ ਗਿਆ 'ਨਾਥ ਚੌਰੇ' ਦਾ ਜੋਗੀ - ਦੇਸ ਰਾਜ ਕਾਲੀ

***ਪੰਜਾਬੀ ਸਾਹਿਤ ਜਗਤ ਵਿਚ ਇਕ ਵਿਲੱਖਣ ਸਾਹਿਤਕਾਰ ਵਜੋਂ ਆਪਣੀ ਹਾਜ਼ਰੀ ਲੁਆਉਣ ਵਾਲੇ ਦੇਸ ਰਾਜ ਕਾਲੀ ਦੇ ਦੇਹਾਂਤ ਨੇ ਉਸ ਦੇ ਪ੍ਰਸ਼ੰਸਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਕ ਤਰ੍ਹਾਂ ਨਾਲ ਝੰਜੋੜ ਸੁੱਟਿਆ ਹੈ। ਉਸ ਨਾਲ ਸਾਂਝ ਰੱਖਣ ਵਾਲਿਆਂ ਨੇ ਆਪੋ-ਆਪਣੇ ਢੰਗ ਨਾਲ ਉਸ ਦੀਆਂ ਯਾਦਾਂ ਦੀ ਲੜੀ ਪਰੋਈ ਹੈ। ਦੇਸ ਰਾਜ ਕਾਲੀ ਦੇ ਸਮਕਾਲੀ ਲੇਖਕ ਬਿੰਦਰ ਬਸਰਾ ਨੇ ਆਪਣੇ ਇਸ ਲੇਖ ਜੋ ਸ਼ਾਇਰ ਅਜੈ ਤਨਵੀਰ ਮਾਰਫਤ ਹਾਸਲ ਹੋਇਆ ਹੈ, ਵਿਚ ਦੇਸ ਰਾਜ ਕਾਲੀ ਦੇ ਰਚੇ ਵਿਲੱਖਣ ਸਹਿਤ ਅਤੇ ਸ਼ਖਸੀਅਤ ਦੀ ਗੱਲ ਛੋਹੀ ਹੈ।***

ਦੇਸ ਰਾਜ ਕਾਲੀ ਦਾ ਨਾਂ ਪੰਜਾਬੀ ਸਾਹਿਤ 'ਚ ਨਵੀਂ ਲੀਹ ਪਾਉਣ ਵਾਲਿਆਂ 'ਚ ਸ਼ੁਮਾਰ ਹੈ। ਅੱਜ ਉਹ 'ਹੈ' ਤੋਂ 'ਸੀ' ਦਾ ਸਫ਼ਰ ਤੈਅ ਕਰ 'ਨਾਥ ਚੌਰਾ' ਸੁੰਨਾ ਕਰ ਗਿਆ। ਫੇਸਬੁੱਕ 'ਤੇ ਪਾਈ ਆਖਰੀ ਪੋਸਟ 'ਚ ਉਹ ਲਿਖਦਾ ਹੈ, 'ਸਾਰੇ ਦੋਸਤਾਂ ਤੋਂ ਮਾਫ਼ੀ ਸਹਿਤ ਦੱਸ ਰਿਹਾਂ ਕਿ ਸਾਰਾ ਮਹੀਨਾ ਮੈਨੂੰ ਬੁਖ਼ਾਰ ਨੇ ਏਨਾ ਪਰੇਸ਼ਾਨ ਕੀਤਾ ਕਿ ਪੁੱਛੋ ਕੱਝ ਨਾ, ਪਰ ਮੈਂ ਦੁੱਖ ਖਿਲਾਰਨਾ ਨਹੀਂ ਸੀ ਚਾਹੁੰਦਾ। ਇੰਜ ਦੁੱਖ ਭੂਹੇ ਚੜ੍ਹ ਜਾਂਦੈ। ਮੈਂ ਉਹਨੂੰ ਕਿਹਾ ਕਿ ਜਾਹ ਬੁਲਾ ਲੈ ਜਿਹਨੂੰ ਬੁਲਾਉਣਾ, ਮੈਂ ਨਹੀਂ ਤੈਥੋਂ ਹਾਰਦਾ। ਅੱਜ ਬੁਖ਼ਾਰ ਹਾਰ ਗਿਆ! ਤਦੇ ਮੈਂ ਤੁਹਾਨੂੰ ਸਭ ਨੂੰ ਦੱਸ ਰਿਹਾਂ ਕਿ ਹੁਣ ਜਦੋਂ ਮਰਜ਼ੀ ਫੋਨ ਕਰੋ! ਕੱਲ੍ਹ ਤੋਂ ਬਰਕਤਾਂ ਵੀ ਸਾਹਿਤ ਲੈ ਕੇ ਆਉਣਗੀਆਂ!' ਸਭ ਨੂੰ ਆਉਣ ਦਾ ਸੱਦਾ ਦੇਣ ਵਾਲਾ ਕਾਲੀ ਅੱਜ ਆਪ ਬੂਹਾ ਕੁੰਡਾ ਮਾਰ ਕੇ ਪਤਾ ਨਹੀਂ ਕਿਹੜੇ ਰਾਹੀਂ ਤੁਰ ਗਿਆ। ਉਸ ਨਾਲ ਜੁੜੀਆਂ ਯਾਦਾਂ ਦੀ ਪਟਾਰੀ ਕਿਸ ਕੋਲ ਖੋਲ੍ਹਾਂ, ਸਮਝ ਨਹੀਂ ਆਉਂਦੀ।

ਬਿੰਦਰ ਬਸਰਾ
ਫੋਨ: +91-98765-46675

ਉਹ ਮੁਹੱਬਤੀ ਬੰਦਾ ਸੀ। ਮੁਹੱਬਤਾਂ ਵੰਡਦਾ ਤੁਰ ਗਿਆ। ਉਹ ਸਭ ਦਾ ਯਾਰ ਸੀ। ਜਿਸ ਨੂੰ ਮਿਲਦਾ, ਉਸ ਦਾ ਆਪਣਾ ਹੋ ਜਾਂਦਾ। ਉਹ ਕਦੇ ਚੰਡੀਗੜ੍ਹ ਪ੍ਰੈਸ ਕਲੱਬ 'ਚ ਜਾਂ ਕਿਸੇ ਹੋਰ ਸਮਾਗਮ 'ਚ ਸਾਂਝੇ ਮਿੱਤਰਾਂ ਨਾਲ ਬੈਠਾ ਅੱਧੀ ਰਾਤ ਨੂੰ ਮੈਨੂੰ ਫੋਨ ਖੜਕਾ ਦਿੰਦਾ। ਮੇਰੇ ਕੁਝ ਕਹਿਣ ਜਾਂ ਗੁੱਸੇ ਹੋਣ ਤਾਂ ਪਹਿਲਾਂ ਹੀ ਉਹ ਕਹਿੰਦਾ, 'ਅਸੀਂ ਤੈਨੂੰ ਮੁਹੱਬਤ ਕਰਦੇ ਆਂ, ਉਹ ਵੀ ਢਿੱਡੋਂ'।

ਉਹ ਸਾਹਿਤਕ ਰਸਾਲੇ 'ਲਕੀਰ' ਦਾ ਸੰਪਾਦਕ ਰਿਹਾ। ਜਿੰਨਾ ਨਾਂ ਉਸ ਨੇ ਇਕ ਗਲਪਕਾਰ ਵਜੋਂ ਕਮਾਇਆ ਲਗਪਗ ਓਨਾ ਹੀ ਪੱਤਰਕਾਰ ਦੇ ਤੌਰ 'ਤੇ। 'ਲਕੀਰ' ਦੀ ਸੰਪਾਦਨਾ ਕਰਦਿਆਂ ਉਹ ਕਦੇ ਵੀ ਲਕੀਰ ਦਾ ਫ਼ਕੀਰ ਨਹੀਂ ਬਣਿਆ। ਨਵੀਆਂ ਪੈੜਾਂ ਪਾਉਂਦਿਆਂ ਉਸ ਨੇ 'ਲਕੀਰ' ਦੇ ਕਈ ਯਾਦਗਾਰੀ ਅੰਕ ਕੱਢੇ। ਆਪਣੇ ਬੇਰੁਜ਼ਗਾਰੀ ਦੇ ਦਿਨਾਂ 'ਚ ਉਸ ਨੇ ਬਹੁਤ ਧੰਦ ਪਿੱਟੇ। ਕਦੇ ਉਹ ਦੋਧੀ ਬਣ ਜਾਂਦਾ ਤੇ ਕਦੇ ਹੱਟੀ ਵਾਲਾ ਬਾਣੀਆ। ਅਜਿਹਾ ਕੋਈ ਵੀ ਕਾਰਜ ਉਹਨੂੰ ਰਾਸ ਨਾ ਆਇਆ। ਘਰ ਫੂਕ ਤਮਾਸ਼ਾ ਦੇਖਣ ਦੇ ਰਾਹ ਉਹ ਕਈ ਵਾਰ ਤੁਰਿਆ। ਘਾਟੇ ਵਾਲੇ ਵਣਜ ਕਰ ਕੇ ਵੀ ਉਹ ਕਦੇ ਨਾ ਡੋਲ੍ਹਦਾ। ਉਹ ਆਪਣੇ ਪੈਰੀਂ ਬੇੜੀਆਂ ਪਾਉਂਦਾ ਤੇ ਫੇਰ ਆਪ ਹੀ ਤੋੜ ਕੇ ਬਾਗ਼ੀ ਹੋ ਜਾਂਦਾ।

ਉਹ ਸਾਹਿਤ ਦੇ ਖੇਤਰ 'ਚ ਹੀ ਨਹੀਂ ਸਗੋਂ ਪੱਤਰਕਾਰੀ 'ਚ ਵੀ ਨਵੇਂ ਤਜਰਬੇ ਕਰਦਾ ਰਹਿੰਦਾ ਸੀ। ਉਸ ਨੇ ਆਪਣਾ ਵੈੱਬ ਚੈਨਲ 'ਬਰਕਤਾਂ' ਸ਼ੁਰੂ ਕੀਤਾ ਜਿਸ 'ਤੇ ਉਹ ਬੇਖ਼ੌਫ ਹੋ ਕੇ ਬੋਲਦਾ। ਭਾਵੇਂ ਉਸ ਨੂੰ ਪਤਾ ਹੁੰਦਾ ਕਿ ਇਸ ਨਿਡਰਤਾ ਦਾ ਉਸ ਨੂੰ 'ਨਤੀਜਾ' ਵੀ ਭੁਗਤਣਾ ਪੈ ਸਕਦਾ ਫਿਰ ਵੀ ਉਹ ਕਦੇ ਸਮਝੌਤਾ ਨਾ ਕਰਦਾ। ਭ੍ਰਿਸ਼ਟ ਨੇਤਾਵਾਂ ਨੂੰ ਲੰਮੇ ਹੱਥੀਂ ਲੈਂਦਾ। ਚੰਗਾ ਬੁਲਾਰਾ ਹੋਣ ਕਾਰਨ ਉਹ ਸਭ ਦਾ ਧਿਆਨ ਖਿੱਚਦਾ। ਉਸ ਦੀ ਤਰਕਪੂਰਨ ਗੱਲਬਾਤ ਸਭ ਨੂੰ ਪ੍ਰਭਾਵਿਤ ਕਰਦੀ। ਸਾਹਿਤ ਅਤੇ ਸਮਾਜ ਵਿਗਿਆਨ ਬਾਰੇ ਲੈਕਚਰ ਦੇਣ ਜੇ ਉਹ ਅੱਜ ਚੰਡੀਗੜ੍ਹ ਹੈ ਤੇ ਕੱਲ੍ਹ ਦਿੱਲੀ ਹੁੰਦਾ। ਉਹ ਵਧੀਆ ਸੰਪਾਦਕ ਹੀ ਨਹੀਂ ਸਗੋਂ ਸਫ਼ਲ ਪ੍ਰਬੰਧਕ ਵੀ ਸੀ। ਉਹ ਵੱਡੇ-ਵੱਡੇ ਸਾਹਿਤਕ ਸਮਾਗਮ ਕਰਨ- ਕਰਵਾਉਣ ਦਾ ਜ਼ਿੰਮਾ ਓਟ ਲੈਂਦਾ ਤੇ ਫਿਰ ਉਨ੍ਹਾਂ ਨੂੰ ਬਾਖ਼ੂਬੀ ਸਿਰੇ ਵੀ ਚਾੜ੍ਹਦਾ। ਲੇਖਕ ਸਭਾਵਾਂ ਅਤੇ ਅਕਾਦਮੀ 'ਚ ਉਹ ਸਲਾਹਕਾਰ ਜਾਂ ਅਹੁਦੇਦਾਰ ਵਜੋਂ ਵਿਚਰਦਾ।

ਉਸ ਦੀ ਸਿਰਜਣਾ ਦੇ ਬੀਜ ਸਿੱਧਾਂ ਨਾਥਾਂ ਦੇ ਸਾਹਿਤ 'ਚ ਪਏ ਹਨ। ਉਸ ਦਾ ਬਚਪਨ ਸਿੱਧਾਂ ਨਾਥਾਂ ਦੀਆਂ ਦਾਰਸ਼ਨਿਕ ਪ੍ਰੰਪਰਾਵਾਂ ਦੇ ਮੌਖਿਕ ਸਾਹਿਤ 'ਚ ਬੀਤਿਆ ਹੋਣ ਕਾਰਨ ਇਨ੍ਹਾਂ ਦੀ ਝਲਕ ਉਸ ਦੀਆਂ ਰਚਨਾਵਾਂ 'ਚੋਂ ਦਿਖਾਈ ਦਿੰਦੀ ਹੈ।



ਦੇਸ ਰਾਜ ਕਾਲੀ ਨਾਲ ਸ਼ਾਇਰ ਅਜੇ ਤਨਵੀਰ।

ਉਹ ਗੱਲਬਾਤ ਕਰਦਿਆਂ ਅਕਸਰ ਕਹਿੰਦਾ, 'ਮੇਰੇ ਵਿਹੜੇ ਦੇ ਲੋਕ ਜੋ ਸਨ, ਉਹ ਗੁੱਗਾ ਗਾਉਂਦੇ। ਸਾਰੀ-ਸਾਰੀ ਰਾਤ ਗੁੱਗੇ ਦੀ ਕਥਾ ਚੱਲਦੀ। ਇਸ ਕਥਾ ਰਾਹੀਂ ਗੋਰਖ ਨਾਥ ਦੀ ਬਾਣੀ ਦੇ ਹਵਾਲਿਆਂ ਨਾਲ ਮੈਨੂੰ ਸਾਹਿਤ ਰਾਹੀਂ ਇਤਿਹਾਸ ਦੀ ਜਾਣਕਾਰੀ ਵੀ ਮਿਲਦੀ ਰਹੀ ਹੈ।' ਉਹ ਕਹਿੰਦਾ, 'ਮੇਰਾ ਜਨਮ ਭਾਵੇਂ ਗ਼ਰੀਬ ਪਰਿਵਾਰ 'ਚ ਹੋਇਆ ਪਰ ਸੱਭਿਆਚਾਰਕ ਤੌਰ ਉਤੇ ਮੈਂ ਬਹੁਤ ਹੀ ਅਮੀਰ ਹਾਂ। ਮੇਰੇ ਸਾਹਿਤ ਵਿਚੋਂ ਤੁਸੀਂ ਸਿੱਧਾਂ/ਨਾਥਾਂ ਦੇ ਧੂਣੇ ਦਾ ਸੇਕ ਮਹਿਸੂਸ ਕਰ ਸਕਦੇ ਹੋ।' ਉਹ ਆਪਣੇ ਸਾਹਿਤ 'ਚੋਂ ਹਵਾਲੇ ਦਿੰਦਿਆਂ ਆਪਣੀ ਮਾਂ ਤੇ ਬਾਪੂ ਦਾ ਜ਼ਿਕਰ ਜ਼ਰੂਰ ਕਰਦਾ।

ਉਸ ਦੇ ਨਾਵਲਾਂ ਦੇ ਨਾਂ ਮਿੱਥਾਂ ਤੋਂ ਪ੍ਰਭਾਵਿਤ ਹਨ। ਇਸ ਦਾ ਕਾਰਨ ਉਹ ਆਪਣੇ ਬਚਪਨ ਦੀ ਸੱਭਿਆਚਾਰਕ ਅਮੀਰੀ ਨੂੰ ਮੰਨਦਾ। ਉਸ ਦੇ ਇਕ ਨਾਵਲ ਦਾ ਨਾਂ 'ਪਰਣੇਸ਼ਵਰੀ' ਹੈ, ਦੂਜੇ ਦਾ ਨਾਂ 'ਪ੍ਰਥਮ ਪੌਰਾਣ', ਤੀਸਰੇ ਦਾ ਨਾਂ 'ਸ਼ਾਂਤੀ ਪਰਵ' ਹੈ। ਇਸੇ ਤਰ੍ਹਾਂ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ 'ਚ ਮਿੱਥਕ ਪਾਤਰ ਤੁਰਦੇ-ਫਿਰਦੇ ਨਜ਼ਰ ਆ ਜਾਂਦੇ ਹਨ। ਇਸੇ ਕਰਕੇ ਹੀ ਉਸ ਦੇ ਦਫ਼ਤਰ ਦਾ ਨਾਂ 'ਨਾਥ ਚੌਰਾ' ਹੈ। ਕੁਝ ਥਾਵਾਂ ਦੀ ਪਛਾਣ ਬੰਦਿਆਂ ਨਾਲ ਹੁੰਦੀ ਹੈ। ਜਲੰਧਰ ਦੇ ਧੋਬੀ ਘਾਟ ਨੇੜਲੇ ਉਸ ਦੇ ਦਫ਼ਤਰ ਨਾਥ ਚੌਰਾ ਦੀ ਪਛਾਣ ਕਾਲੀ ਕਰਕੇ ਹੀ ਹੈ।

ਉਸ ਦੇ ਨਾਵਲ 'ਪਰਣੇਸ਼ਵਰੀ' 'ਚ ਦੁਆਬੇ ਦੇ ਦਲਿਤ ਪਰਿਵਾਰਾਂ ਦੀ ਜ਼ਿੰਦਗੀ, ਉਨ੍ਹਾਂ ਦਾ ਇਤਿਹਾਸ, ਸੱਭਿਆਚਾਰ, ਫਲਸਫ਼ਾ ਸਭ ਕੁਝ ਸੁਣਾਈ ਦਿੰਦਾ ਹੈ, ਉਥੇ ਇਕ ਹੋਰ ਨਾਵਲ 'ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ' 'ਚ ਵਿੱਤੀ ਪੂੰਜੀ ਤੋਂ ਬਾਅਦ ਅਸੁਰੱਖਿਆ ਦੀ ਭਾਵਨਾ ਦਾ ਝੰਬਿਆ ਪੰਜਾਬੀ ਮਨੁੱਖ ਜਾਂ ਵਿਸ਼ਵ ਮਨੁੱਖ ਵਿਸ਼ੇ ਦਾ ਕਾਰਨ ਬਣਦਾ ਹੈ। ਉਸ ਨੇ ਆਪਣੇ ਨਾਵਲ 'ਅੰਤਹੀਣ' 'ਚ ਅੱਤਵਾਦ ਤੋਂ ਬਾਅਦ ਪੰਜਾਬ ਦੀ ਮੁਰਦੇਹਾਣ ਨੌਜਵਾਨ ਪੀੜ੍ਹੀ ਦੇ ਦਰਦ ਨੂੰ ਬਿਆਨ ਕੀਤਾ ਹੈ। 'ਸ਼ਾਂਤੀ-ਪਰਵ' ਨਾਵਲ 'ਚ ਜਿੱਥੇ ਤਕਨੀਕ ਦੇ ਪੱਖ ਤੋਂ ਪ੍ਰਯੋਗ ਹਨ, ਉਥੇ ਵਿਸ਼ੇ ਦੇ ਤੌਰ 'ਤੇ ਦਲਿਤ, ਕਮਿਊਨਿਸਟ ਤੇ ਬੁੱਧੀਜੀਵੀ ਵਰਗ ਦੇ ਸਮਾਜ 'ਚੋਂ ਖ਼ਾਰਜ ਕਰ ਦਿੱਤੇ ਜਾਣ ਜਾਂ ਹਾਸ਼ੀਏ ਉਤੇ ਚਲੇ ਜਾਣ ਨੂੰ ਵੀ ਚਿਤਰਿਆ ਹੈ ਤੇ ਸਟੇਟ ਦੇ ਟੈਰੋਰਿਜ਼ਮ ਨੂੰ ਵੀ ਖੰਗਾਲਿਆ ਹੈ। 'ਤਸੀਹੇ ਕਦੇ ਬੁੱਢੇ ਨਹੀਂ ਹੁੰਦੇ' ਨਾਵਲ ਮਾਨਸਿਕ ਅਤੇ ਸਰੀਰਕ ਤਸੀਹਿਆਂ ਦੀ ਬਾਤ ਪਾਉਂਦਾ ਹੈ।

ਉਹ ਮੌਲਿਕ ਰੂਪ 'ਚ ਭਾਵੇਂ ਗਲਪਕਾਰ ਸੀ ਪਰ ਉਹ ਕਿਤਾਬਾਂ ਹਮੇਸ਼ਾ ਪੰਜਾਬੀ ਕਵਿਤਾ ਦੀਆਂ ਸੰਪਾਦਤ ਕਰਦਾ। ਕਵਿਤਾ ਨਾਲ ਆਪਣੀ ਰੂਹ ਦੇ ਜੁੜੇ ਹੋਣ ਦੇ ਕਾਰਨ ਬਿਆਨਦਿਆਂ ਉਹ ਕਿਹਾ ਕਰਦਾ ਸੀ, 'ਮੇਰੇ ਜ਼ਿਹਨ 'ਚ ਸਾਹਿਤ ਦਾ ਜੋ ਬੀਜ ਹੈ, ਉਹ ਕਵਿਤਾ ਰਾਹੀਂ ਹੀ ਪਿਆ। ਮੇਰੇ ਪਿਤਾ ਜੀ ਕਿੱਸਾ-ਕਾਵਿ ਦੇ ਮੁਰੀਦ ਸਨ। ਉਹ ਗਾ ਕੇ ਕਿੱਸੇ ਪੜ੍ਹਦੇ ਹੁੰਦੇ ਸਨ। ਮੇਰਾ ਬਚਪਨ ਉਨ੍ਹਾਂ ਦੇ ਕਿੱਸਾ-ਕਾਵਿ ਦੇ ਗਾਇਨ 'ਚ ਹੀ ਬੀਤਿਆ ਹੈ। ਜਾਨੀ ਚੋਰ, ਨਲ ਦਮਯੰਤੀ, ਹੀਰ, ਸੋਹਣੀ, ਰੂਪ ਬਸੰਤ, ਜ਼ਿੰਦਗੀ ਬਿਲਾਸ ਤੇ ਹੋਰ ਅਨੇਕਾਂ ਕਿੱਸੇ ਮੈਂ ਆਪਣੇ ਪਿਤਾ ਜੀ ਪਾਸੋਂ ਸੁਣੇ ਹਨ। ਉਹ ਸਾਰਾ ਰਿਦਮ ਮੇਰੇ ਮਨ-ਮਸਤਕ 'ਚ ਅਜੇ ਵੀ ਘੁੰਮਦਾ ਰਹਿੰਦਾ ਹੈ। ਮੈਂ ਲਿਖਦਾ ਭਾਵੇਂ ਗਲਪ ਹਾਂ ਪਰ ਮੇਰੀ ਰੂਹ ਹਮੇਸ਼ਾ ਕਵਿਤਾ 'ਚ ਰਹਿੰਦੀ ਹੈ। ਮੇਰਾ ਲਾਲ ਸਿੰਘ ਦਿਲ ਨਾਲ ਜੋ ਰਿਸ਼ਤਾ ਬਹੁਤ ਗਹਿਰਾ ਸੀ, ਉਹ ਉਹਦੀ ਕਵਿਤਾ ਤੇ ਵਿਚਾਰ ਦੀ ਸਾਂਝ ਕਰਕੇ ਹੀ ਸੀ। ਮੈਂ ਉਹਦੇ ਕੋਲੋਂ ਕਵਿਤਾ ਬਾਰੇ ਬਹੁਤ ਕੁੱਝ ਸਿੱਖਿਆ। ਮੇਰੀ ਬਹੁਤੀ ਦੋਸਤੀ ਦੇ ਘੇਰੇ 'ਚ ਵੀ ਕਵੀ ਜ਼ਿਆਦਾ ਨੇ।'

ਉਸ ਦਾ ਬਹੁਤ ਸਾਰਾ ਸਾਹਿਤ ਉਰਦੂ, ਹਿੰਦੀ, ਬੰਗਲਾ, ਰਾਜਸਥਾਨੀ, ਅੰਗਰੇਜ਼ੀ ਆਦਿ ਜ਼ੁਬਾਨਾਂ 'ਚ ਅਨੁਵਾਦ ਹੋ ਚੁੱਕਾ ਹੈ। ਉਸ ਨੇ ਪੰਜ ਵਾਰ 'ਜੈਪੁਰ ਲਿਟਰੇਚਰ ਫੈਸਟੀਵਲ' 'ਚ ਬੁਲਾਰੇ ਵਜੋਂ ਸ਼ਿਰਕਤ ਕੀਤੀ। ਅਸਟ੍ਰੇਲੀਆ ਦੀ ਮੋਨਾਸ਼ ਯੂਨੀਵਰਸਿਟੀ 'ਚ ਵੀ ਇਕ ਫੈਸਟੀਵਲ ਦੌਰਾਨ ਬੁਲਾਰੇ ਵਜੋਂ ਗਿਆ। ਕਹਾਣੀਆਂ ਤੇ ਨਾਵਲਾਂ ਦੇ ਨਾਲ-ਨਾਲ ਉਸ ਨੇ ਇਤਿਹਾਸ ਨਾਲ ਸਬੰਧਿਤ ਚਾਰ ਕਿਤਾਬਾਂ ਲਿਖੀਆਂ, ਜਿਹੜੀਆਂ ਗ਼ਦਰ ਲਹਿਰ ਨਾਲ ਸਬੰਧਿਤ ਹਨ। ਸੱਭਿਆਚਾਰ ਅਤੇ ਦਲਿਤ ਸਮਾਜ ਬਾਰੇ ਉਸ ਦੀ ਬੜੀ ਬਾਰੀਕ ਸਮਝ ਸੀ। ਉਸ ਦੀ ਇਕ ਕਹਾਣੀ ਦਾ ਨਾਂ ਹੈ 'ਯਹਾਂ ਚਾਏ ਅੱਛੀ ਨਹੀਂ ਬਨਤੀ' ਪਰ ਅੱਜ ਮੈਂ ਕਹਿਣਾ ਚਾਹੁੰਨੈ ਇੱਥੇ ਤਾਂ ਚਾਹ ਹੀ ਅੱਛੀ ਨਹੀਂ ਬਣਦੀ, ਜਿੱਥੇ ਤੁਰ ਗਿਆਂ ਉੱਥੇ ਕੁਝ ਵੀ ਅੱਛਾ ਨਹੀਂ।

## ਸਿਰਜਣਾ ਦੀ ਸਾਂਝ

(ਪਿਛਲੇ ਸਫੇ ਦਾ ਬਾਕੀ)

ਪੂਰੀ ਸ਼ਕਤੀ ਖਰਚ ਕੇ ਉਹਨੂੰ ਦੋ ਦੀ ਥਾਂ ਤੇ ਇੱਕ ਅੱਧ ਘੰਟੇ ਵਿਚ ਹੀ ਏਨਾ ਥਕਾਅ ਦੇਂਦੀ ਕਿ ਆਪੇ ਹੀ 'ਬੱਸ ਬੱਸ' ਕਰਦਾ ਉਹ ਘਰ ਪਰਤਣ ਲਈ ਕਾਹਲਾ ਪੈ ਜਾਂਦਾ ਤੇ ਮੈਂ ਉਸ ਨੂੰ ਨੁਹਾ-ਧੁਆ ਤੇ ਸੁਆ ਕੇ ਛੇਤੀ ਛੇਤੀ ਰਸੋਈ ਸਮੇਟ ਲੈਂਦੀ।

ਜੀਤ ਦੂਜੇ ਬੱਚੇ ਲਈ ਉੱਕਾ ਹੀ ਰਾਜ਼ੀ ਨਹੀਂ ਸੀ। ਅਸੀਂ ਅਜੇ ਆਰਥਕ ਤੌਰ ਤੇ ਏਨੇ ਸੁਖਾਲੇ ਨਹੀਂ ਸਾਂ ਹੋਏ। ਫਲੈਟ ਵੀ ਆਪਣਾ ਨਹੀਂ ਸੀ। ਜੀਤ ਕੋਲ ਐਮ. ਬੀ. ਬੀ. ਐਸ. ਦੀ ਡਿਗਰੀ ਵੀ ਨਹੀਂ ਸੀ। ਕੇਵਲ ਫਾਰਮੇਸੀ ਦਾ ਡਿਪਲੋਮਾ ਸੀ ਭਾਵੇਂ ਡਾਕਟਰ ਉਹ ਚੰਗਾ ਸੀ। ਕਾਬਲ ਤੇ ਅਨੁਭਵੀ। ਡਾਕਟਰੀ ਤਾਂ ਉਸਨੂੰ ਖਾਨਦਾਨੀ ਗੁੜ੍ਹਤੀ ਵਜੋਂ ਮਿਲੀ ਹੋਈ ਸੀ। ਤਿੰਨ ਪੀੜ੍ਹੀਆਂ ਤੋਂ ਡਾਕਟਰੀ ਪੇਸ਼ਾ। ਪਰ ਬੰਬਈ ਵਰਗੀ ਮਹਾਂਨਗਰੀ ਵਿਚ ਉਚ ਵਿਦਿਆ ਦੀ ਅਣਹੋਂਦ ਕਾਰਨ ਕਲੀਨਿਕ ਬੰਦ ਹੋ ਜਾਣ ਦਾ ਧੁੜਕੂ ਲਗਿਆ ਹੀ ਰਹਿੰਦਾ ਸੀ। ਸੋ ਉਸ ਨੇ ਹੋਮਿਓਪੈਥੀ ਦਾ ਚਾਰ-ਸਾਲਾ ਕੋਰਸ ਕਰਨ ਦੀ ਠਾਣ ਲਈ ਸੀ ਤੇ ਦਾਖਲਾ ਵੀ ਲੈ ਲਿਆ ਸੀ ਜਿਸ ਕਾਰਨ ਸਵੇਰ ਦੀ ਪ੍ਰੈਕਟਿਸ ਬੰਦ ਕਰਨੀ ਪੈ ਗਈ ਸੀ। ਕੇਵਲ ਸ਼ਾਮ ਦੀ ਤਿੰਨ ਘੰਟਿਆਂ ਦੀ ਕਮਾਈ ਤੇ ਉੱਪਰੋਂ ਗ੍ਰਹਿਸਥੀ ਦੇ ਬੋਝ ਦੇ ਨਾਲ ਨਾਲ ਪੜ੍ਹਾਈ ਦਾ ਵੀ ਖਰਚਾ। ਦੂਜੇ, ਉਸ ਨੂੰ 'ਕੁੜੀ ਦਾ ਪਿਓ' ਬਣਨਾ ਅਸਲੋਂ ਹੀ ਪਰਵਾਨ ਨਹੀਂ ਸੀ। 'ਇੱਕ ਹੋਰ ਮੁੰਡੇ ਦੇ ਲਾਲਚ ਵਿਚ ਕਿਤੇ ਕੁੜੀ ਹੀ ਨਾ ਆ ਜਾਵੇ' ਉਹਦਾ ਡਰ ਸੀ। ਇਸ ਤੋਂ ਇਲਾਵਾ ਇੱਕ ਹੋਰ ਅਨੋਖੀ ਹੀ ਦਲੀਲ ਸੀ ਉਸ ਦੀ।

"ਕੋਈ ਮੇਰੇ ਸਨੀ ਲਈ ਮੇਰਾ ਪਿਆਰ ਵੰਡਾਅ ਲਵੇ, ਭਾਵੇਂ ਮੇਰਾ ਆਪਣਾ ਹੀ ਬੱਚਾ, ਇਹ ਮੈਂ ਬਰਦਾਸ਼ਤ ਨਹੀਂ ਕਰ ਸਕਦਾ" ਉਸਦਾ ਕਹਿਣਾ ਸੀ। ਇਨ੍ਹਾਂ ਸਾਰੇ ਮਿਲੇ-ਜੁਲੇ ਕਾਰਨਾਂ ਕਾਰਨ ਪੂਰੀ ਇਹਤਿਆਤ ਵਰਤੀ ਜਾਂਦੀ ਸੀ ਪਰ ਭਾਣਾ ਫੇਰ ਵੀ ਵਰਤ ਗਿਆ। ਰੱਬ-ਸਬੱਬੀ। ਦਿਲ ਕੱਚਾ ਤੇ ਉਲਟੀਆਂ! ਮੇਰੇ ਅੰਦਰ ਕੁੱਝ ਨਾ ਠਹਿਰਦਾ। ਮੂੰਹ ਸਿਰ ਲਪੇਟ ਕੇ ਪਏ ਰਹਿਣ ਨੂੰ ਹੀ ਜੀ ਕਰਦਾ ਪਰ ਅੱਥਰਾ ਸਨੀ ਤੇ ਸਾਹਿਰ...ਏਸ ਜਦੋ ਜਹਿਦ ਨਾਲ ਜੂਝਣ ਦਾ ਜਤਨ ਏਨਾਂ ਪਿਆਰਾ ਸੀ ਕਿ ਪਤਾ ਨਹੀਂ ਕੀਕੂੰ ਤੇ ਕਿਵੇਂ ਉਸ ਪਲ ਮੈਂ ਬਿਲਕੁਲ ਠੀਕ ਹੋ ਜਾਂਦੀ।

ਦਿਨ ਵਧਦੇ ਜਾ ਰਹੇ ਸਨ। ਪੇਟ ਵਧਦਾ ਜਾ ਰਿਹਾ ਸੀ ਤੇ ਕੁੱਖ ਦੇ ਭਾਰ ਦੇ ਨਾਲ ਨਾਲ 'ਆਟੇ ਦੀ ਬੋਰੀ' ਦਾ ਵਜ਼ਨ ਵੀ ਵਧਦਾ ਜਾ ਰਿਹਾ ਸੀ।

'ਸਾਹਿਰ ਦੀ ਕਾਵਿ ਸਿਰਜਣਾ ਵਿਚ ਮੈਂ ਵੀ ਸ਼ਾਮਿਲ ਹਾਂ, ਪਰੋਖ ਰੂਪ ਵਿਚ' ਇਸ ਅਹਿਸਾਸ ਦੀ ਸ਼ਿੱਦਤ ਸਦਕੇ ਸਭ ਕੁੱਝ ਉਸੇ ਤਰ੍ਹਾਂ ਹੀ ਚਲਦਾ ਰਿਹਾ। 'ਘੋੜੀ' ਵੀ 'ਬੋਰੀ' ਵੀ ਤੇ ਸਮੁੰਦਰ-ਤੱਟ ਦੀਆਂ ਦੌੜਾਂ ਵੀ।

ਇਹ ਜ਼ਰੂਰੀ ਤਾਂ ਨਹੀਂ ਸੀ ਕਿ ਸਾਹਿਰ ਜ਼ਰੂਰ ਤੇ ਹਮੇਸ਼ਾਂ ਉਸ ਵੇਲੇ ਹੀ ਲਿਖਦਾ ਹੋਵੇ ਪਰ ਸ਼ਾਇਰ ਦੇ ਮੂਡ ਦਾ ਕੀ ਭਰੋਸਾ? ਏਸ ਲਈ ਕਦੇ ਵੀ, ਕਿਸੇ ਵੀ ਵੇਲੇ ਜੇ ਮੈਂ ਉਸ ਨੂੰ ਆਉਂਦੇ ਵੇਖ ਲੈਂਦੀ ਤਾਂ ਵਾਹ ਲਗਦੇ-ਘਰ ਵਿਚ ਕਿਸੇ ਵੀ ਕਿਸਮ ਦੀ ਹਲਚਲ ਜਾਂ ਸ਼ੋਰ ਨਾ ਹੋਣ ਦੇਂਦੀ।

ਸ਼ਾਮੀ ਛੇ ਵਜੇ ਜੀਤ ਨੇ ਮੁੜ ਦਵਾਖਾਨਾ ਖੋਲ੍ਹਣਾ ਹੁੰਦਾ ਸੀ। ਸਾਢੇ ਚਾਰ ਵਜੇ ਦੇ ਕਰੀਬ ਸਨੀ ਤੇ ਮੈਂ ਵੀ ਅਕਸਰ ਉਸ ਨਾਲ ਘਰੋਂ ਨਿਕਲ ਜਾਂਦੇ। ਇੱਕ ਅੱਧ ਘੰਟਾ ਇਕੱਠੇ ਟਹਿਲਦੇ। ਸਨੀ ਪਾਪਾ ਨਾਲ ਬਗੀਚੇ ਜਾਂ ਬੀਚ ਉਤੇ ਖੇਡਦਾ ਤੇ ਫੇਰ ਉਸ ਨੂੰ ਬਸ ਤੇ ਚੜ੍ਹਾਅ, ਟਾ ਟਾ ਕਰ ਮੇਰੇ ਨਾਲ ਵਾਪਸ ਘਰ ਪਰਤਦਾ। ਬੰਗਲੇ ਦੇ ਮੁੱਖ ਦਵਾਰ ਤੇ ਜਾਂ ਦਲਾਨ ਵਿਚ ਹੀ ਕਈ ਵੇਰਾਂ ਸਾਹਿਰ ਨਾਲ; ਸਾਹਮਣਾ ਹੋ ਜਾਂਦਾ। ਗਰਭਵਤੀ, ਸਨੀ ਨੂੰ ਉਂਗਲੀ ਲਾਈ ਜਦੋਂ ਮੈਂ ਉਸ ਕੋਲੋਂ ਲੰਘ ਜਾਂਦੀ ਤਾਂ ਉਸ ਦੀ ਨੀਝ ਦਾ ਮੈਨੂੰ ਪੂਰਾ ਕਿਆਸ ਹੁੰਦਾ, ਮੇਰੀ ਪਿੱਠ ਨੂੰ ਪਲੋਸਦਾ ਕੋਸਾ ਕੋਸਾ ਨਿੰਘਾ ਨਿੰਘਾ ਸੇਕ।

ਸਨੀ ਦੇ ਵੇਲੇ ਵੀ ਪੂਰੇ ਦਿਨਾਂ ਦੀ ਅਵਸਥਾ ਵਿਚ ਖਾਸ ਤੌਰ ਤੇ ਕੰਪਾਊਂਡ ਵਿਚ ਟਹਿਲਦੀ ਨੂੰ ਇੰਜ ਲਗਦਾ ਹੁੰਦਾ ਜਿਵੇਂ ਸਾਹਿਰ ਮੇਰੀ ਕੁੱਖ ਨੂੰ ਸਤਿਕਾਰ ਰਿਹਾ ਹੋਵੇ। ਨਮਸਕਾਰ ਰਿਹਾ ਹੋਵੇ।

*****

ਇਕੱਤੀ ਦਸੰਬਰ, ਸੰਨ ਸਤਾਹਠਵੇਂ ਦੀ ਆਖਰੀ ਸ਼ਾਮ ਤੇ ਨਵੇਂ ਸਾਲ ਦੀ ਪੂਰਵ-ਸੰਧਿਆ!

ਬੰਬਈ ਵਿਚ ਇਸ ਰਾਤ ਦੀਆਂ ਰੌਣਕਾਂ ਦੇ ਕਿਆ ਕਹਿਣੇ। ਹੋਟਲਾਂ ਤੇ ਸੰਸਥਾਵਾਂ ਦੇ ਸਮਾਗਮਾਂ ਤੋਂ ਇਲਾਵਾ ਮਹੱਲਿਆਂ, ਹਾਊਸਿੰਗ ਸੋਸਾਇਟੀਆਂ ਤੇ ਗਰੀਬ ਤੋਂ ਗਰੀਬ ਬਸਤੀਆਂ ਦੀਆਂ ਝੌਂਪੜੀਆਂ ਵਿਚ ਵੀ 'ਓਲਡ ਮੈਨ' (ਪੁਰਾਣੇ ਸਾਲ) ਦੇ ਪੁਤਲੇ ਠੀਕ ਬਾਰਾਂ ਵਜੇ ਸਾੜੇ ਜਾਂਦੇ ਹਨ।

ਗੁਬਾਰੇ, ਪਟਾਖੇ ਤੇ ਆਤਿਸ਼ਬਾਜ਼ੀ।

ਗਰਬੇ ਤੇ ਡਾਂਡੀ ਨਾਚਾਂ ਵਿਚ ਪੂਰਬੀ ਤੇ ਪੱਛਮੀ ਧੁਨਾਂ ਦੇ ਪੂਰੇ ਆਰਕੈਸਟਰਾ ਨਾਲ ਸਮੂਹਿਕ ਨਾਚ, ਮਾਨੋਂ ਸਾਰੀ ਬੰਬਈ ਹੀ ਹੜ੍ਹ ਬਣ ਕੇ ਸਮੁੰਦਰ ਵੱਲ ਵਹਿ ਤੁਰੀ ਹੋਵੇ।

ਸਭ ਤੋਂ ਮਨਮੋਹਕ ਤੇ ਰਮਣੀਕ ਸਥਿਤੀ 'ਤੇ ਹੋਣ ਕਾਰਨ ਸਾਡੇ ਬੰਗਲੇ ਦੇ ਉਸ ਵਿਸ਼ਾਲ ਦਾਲਾਨ ਵਿਚ ਬੀਚ ਉਤੇ ਵਧੀਆ ਕੋਨੇ ਮੱਲਣ ਖਾਤਰ ਦੁਪਹਿਰ ਤੋਂ ਹੀ ਮੌਜ-ਮੇਲਾ ਕਰਨ ਵਾਲਿਆਂ ਦੀਆਂ ਟੋਲੀਆਂ ਆ ਰਹੀਆਂ ਸਨ ਤੇ ਮੇਲੇ ਦੇ ਸਟਾਲ ਵੀ। ਇਹ ਸਾਡੇ ਵਿਆਹ ਦੀ ਛੇਵੀਂ ਨਵ-ਬਰਸ-ਸ਼ਾਮ ਸੀ ਤੇ ਹਮੇਸ਼ਾਂ ਵਾਂਗ ਐਤਕੀਂ ਵੀ ਮੈਂ ਦੁਲਹਣ ਦੇ ਵੇਸ ਵਿਚ ਸੱਜਣਾ ਸੀ।

ਜੀਤ ਸਾਲ ਦਾ ਆਰੰਭ ਯਾਰਾਂ-ਦੋਸਤਾਂ ਨਾਲ ਕਿਸੇ ਹੋਟਲ ਦੇ ਕੈਬਰੇ ਡਾਂਸ ਨਾਲ ਕਰਦਾ ਸੀ ਪਰ ਸੁਵੇਰੇ ਇੱਕ ਦੋ ਵਜੇ ਘਰ ਪਰਤਣ ਉਤੇ ਮੈਂ ਉਸ ਦਾ ਸੁਆਗਤ ਸੁਹਾਗਰਾਤ ਵਾਲੇ ਵੇਸ ਵਿਚ, ਲਾਲ ਸੂਹੀ ਸੁੱਚੇ ਜੈ ਪੁਰੀ ਗੋਟੇ ਤੇ ਕਿਨਾਰੀ ਜੜਿਤ ਸਾੜ੍ਹੀ ਨਾਲ ਕਰਾਂ, ਪੂਰੇ ਹਾਰ ਸ਼ਿੰਗਾਰ ਨਾਲ, ਉਸ ਨੂੰ ਇਹੀ ਪਸੰਦ ਸੀ। ਇਸ ਵੇਰਾਂ ਮੈਂ ਅਠਵੇਂ ਮਹੀਨੇ ਵਿਚ ਸੀ ਪੀਲੀ ਭੂਕ, ਦੂਹਰਾ ਪੇਟ ਤੇ ਪੈਰਾਂ ਵਿਚ ਸੋਜਿਸ਼ ਪਰ ਫੇਰ ਵੀ ਜੀਤ ਦੀ ਇਹੀ ਖਾਹਿਸ਼ ਸੀ ਤੇ ਜੇ ਨਾ ਵੀ ਹੁੰਦੀ ਤਾਂ ਵੀ ਉਸਨੂੰ ਰਿਝਾਉਣ ਤੋਂ ਵੱਧ ਮੇਰੇ ਲਈ ਨਾਂ ਕੋਈ ਹੋਰ ਖ਼ੁਸ਼ੀ ਸੀ ਤੇ ਨਾ ਹੀ ਜਿਉਣ ਦਾ ਮਕਸਦ।

ਪਲ ਦੋ ਪਲ ਦੀ ਰਾਤ ਤਾਂ ਕੀ ਜਨਮਾਂ ਦੀ ਉਡੀਕ ਨਾਲੋਂ ਵੀ ਮਹਿੰਗੀ ਹੁੰਦੀ ਸੀ ਮੇਰੇ ਲਈ ਉਹ ਘੜੀ ਜਦੋਂ ਉਹ ਨਿਰਾ ਤੇ ਪੂਰਾ ਮੇਰਾ ਹੁੰਦਾ ਸੀ।

'ਧਰਤੀ ਰੁਕ ਕਿਉਂ ਨਹੀਂ ਜਾਂਦੀ? ਸਮਾਂ ਖੜੋ ਕਿਉਂ ਨਹੀਂ ਜਾਂਦਾ ਤੇ ਜਾਂ ਫਿਰ ਹਾਇ ਮੈਂ ਸੌਂ ਕਿਉਂ ਨਹੀਂ ਜਾਂਦੀ ਸਦਾ ਸਦਾ ਦੀ ਨੀਂਦੇ, ਉਸ ਦੇ ਆਗੋਸ਼ ਵਿਚ' ਮੇਰੀ ਲੋਚ ਹੁੰਦੀ ਸੀ।

ਸਾੜ੍ਹੀ ਤੇ ਸੂਹੀ ਸਾਟਨ ਦਾ ਪੇਟੀਕੋਟ ਮੈਂ ਦਿਨੇ ਲੌਬੀ ਦੀ ਰੱਸੀ ਉਤੇ ਟੰਗੇ ਸਨ।

ਬੰਬਈ ਦੀ ਖਾਰੀ ਤੇ ਨਮੀ ਵਾਲੀ ਸਮੁੰਦਰੀ ਹਵਾ ਕਾਰਨ ਅਲਮਾਰੀ ਵਿਚ ਪਏ ਹੀ ਕਪੜੇ ਸਿੱਲੇ ਹੋ ਜਾਂਦੇ ਹਨ। ਉਨ੍ਹਾਂ ਉੱਪਰ ਚਿੱਟੀ ਤੇ ਸਾਵੀ ਜਿਹੀ ਕਾਈ ਜੰਮ ਜਾਂਦੀ ਹੈ ਤੇ ਇੱਕ ਖਾਸ ਕਿਸਮ ਦੀ ਹੁਮਕ ਜਿਹੀ ਆਉਣ ਲੱਗ ਪੈਂਦੀ ਹੈ। ਥੋੜ੍ਹੀ ਧੁੱਪ ਤੇ ਹਵਾ ਲਗਾਣੀ ਜ਼ਰੂਰੀ ਹੁੰਦੀ ਹੈ। ਸ਼ਾਮ ਦੇ ਚਾਰ ਕੁ ਵਜੇ ਦਾ ਵਕਤ ਸੀ। ਜੀਤ ਅਜੇ ਸੁੱਤਾ ਪਿਆ ਸੀ ਤੇ ਸਨੀ ਵੀ। ਮੈਂ ਇਸਤਰੀ ਕਰਨ ਲਈ ਰੱਸੀ ਤੋਂ ਪੇਟੀਕੋਟ ਤੇ ਸਾੜ੍ਹੀ ਲਾਹੁਣ ਹੀ ਲੱਗੀ ਸਾਂ ਕਿ ਪੇਟੀਕੋਟ ਥੱਲੇ ਜਾ ਡਿਗਾ, ਅਸ਼ਕ ਦੀ ਲੌਬੀ ਵਿਚ।

ਸ਼ਾਇਦ ਚਿਮਟੀ ਢਿੱਲੀ ਪੈ ਗਈ ਸੀ।

ਇਹ ਕੋਈ ਨਵੀਂ ਗੱਲ ਨਹੀਂ ਸੀ। ਅਕਸਰ ਕਪੜੇ ਡਿੱਗ ਹੀ ਜਾਂਦੇ ਸਨ ਤੇ ਚਾਂਦ ਆਪੇ ਉਪਰ ਦੇ ਜਾਇਆ ਕਰਦਾ ਸੀ ਪਰ ਹੁਣ ਤਾਂ ਸ਼ਾਮ ਹੋ ਗਈ ਸੀ ਤੇ ਉੱਪਰੋਂ ਰਾਤ ਪੈਣ ਵਾਲੀ। ਪਤਾ ਨਹੀਂ ਕਿਹੜੇ ਵੇਲੇ ਚਾਂਦ ਲੌਬੀ ਵੱਨੇ ਜਾਏ ਤੇ ਕੀ ਪਤਾ ਜਾਏ ਵੀ ਕਿ ਨਾ, ਵੇਖੋ ਵੀ ਜਾਂ ਨਾ।

ਸੂਹਾ ਰੱਤਾ ਸੁਹਾਗ ਦਾ ਪੇਟੀਕੋਟ!
ਅਸ਼ਕ ਦੀ ਲੌਬੀ ਵਿਚ!
ਤੇ ਉੱਪਰੋਂ ਨਵ-ਬਰਸ ਦਾ ਆਗਮਨ!

ਲਾਲ ਪਾਰਦਰਸ਼ੀ, ਮਹੀਨ ਸੁੱਚੀ ਜਾਰਜੱਟ ਦੀ ਸਾੜ੍ਹੀ ਹੇਠਾਂ ਕੇਵਲ ਉਹੀ ਪੇਟੀਕੋਟ ਪਾਇਆ ਜਾ ਸਕਦਾ ਸੀ। ਅੱਗੇ-ਪਿੱਛੇ ਕੋਈ ਵੀ ਜਾਣੂ ਨਜ਼ਰ ਨਹੀਂ ਸੀ ਆ ਰਿਹਾ। ਸਭ ਨਵੇਂ ਉਤਸ਼ਾਹ ਨਾਲ ਰੰਗੇ ਆਪੋ ਆਪਣੇ ਪ੍ਰੋਗਰਾਮਾਂ ਵਿਚ ਮਗਨ ਸਨ।

ਹੁਣ ਕੀ ਕਰਾਂ?

ਏਸ ਹਾਲਤ ਵਿਚ ਹੇਠਾਂ ਜਾਵਾਂ ਕਿ ਨਾ?

ਜੇ ਕੋਈ ਦੂਜੀ ਸਾੜ੍ਹੀ ਪਾਈ ਤਾਂ ਜੀਤ ਵਿਗੜ ਜਾਏਗਾ ਤੇ ਜੇ ਮੈਂ ਥੱਲੇ ਜਾਂਦੀ ਹਾਂ ਤੇ ਮਗਰੋਂ ਜੀਤ ਦੀ ਅੱਖ ਖੁੱਲ੍ਹ ਜਾਂਦੀ ਹੈ ਤੇ ਉਸਨੂੰ ਪਤਾ ਲਗਦੈ ਕਿ ਮੈਂ ਅਸ਼ਕ ਦੇ ਘਰ ਗਈ ਸਾਂ, ਉਸ ਨਾਲ ਕੁਈ ਸਾਂ ਤਾਂ ਪਤਾ ਨਹੀਂ ਕੀ ਅਨਰਥ ਹੋ ਜਾਏ!

ਉਸ ਦਾ ਕ੍ਰੋਧ ਤੇ ਸ਼ੱਕੀ ਸੁਭਾ ਕਿਸੇ ਆਂਧੀ ਗੁਆਂਢੀ ਤੋਂ ਵੀ ਨਹੀਂ ਸੀ ਗੁੱਝਾ।

'ਕੀ ਉਹ ਤੇਰੇ ਯਾਰ ਲੱਗਦੇ ਨੇ ਜੋ ਮਿਲਣ ਗਈ ਸੈਂ...' ਇਹ ਵੀ ਤੇ ਇਸ ਤੋਂ ਵੀ ਵੱਧ ਬਹੁਤ ਕੁੱਝ, ਕੁੱਝ ਵੀ ਕਹਿ ਸਕਦਾ ਸੀ ਉਹ।

ਨਵੇਂ ਸਾਲ ਦੇ ਅਜਿਹੇ ਭਿਅੰਕਰ ਆਗਮਨ ਦੇ ਅਨੁਮਾਨ ਨਾਲ ਕੰਬਦੀ-ਤ੍ਰਿਹਕਦੀ ਦੋ-ਦਲੀਲੀਆਂ ਵਿਚ ਪਈ ਮੈਂ ਪੋਲੇ ਪੈਰੀਂ ਥੱਲੇ ਜਾਣ ਲਗੀ।

"ਰੁਕੋ ਤੁਸੀਂ ਨਾ ਉਤਰੋ ਮੈਂ ਆਉਨਾ"

ਅਜੇ ਮੈਂ ਮਸਾਂ ਪਹਿਲੀ ਪੌੜੀ ਹੀ ਟੱਪੀ ਹੋਵੇਗੀ ਕਿ ਸਾਹਮਣਿਓਂ-ਥਲਿਓਂ ਮੇਰੇ ਕੰਨੀਂ ਬੋਲ ਪਏ। ਅੱਖ-ਪਲਕਾਰੇ ਵਿਚ ਹੀ ਦਗੜ-ਦਗੜ ਪੌੜੀਆਂ ਚੜ੍ਹਦਾ ਸਾਹਿਰ ਪਹੁੰਚ ਗਿਆ। ਮੇਰੇ ਕੋਲ।

ਓਸੇ ਤਰ੍ਹਾਂ ਨੀਵੀਂ ਪਾਈ ਮੇਰੀ ਕੁੱਖ ਨੂੰ ਨਮਸਕਾਰਦਾ।

ਪੇਟੀਕੋਟ ਉਸ ਦੇ ਹੱਥਾਂ ਵਿਚੋਂ ਮੇਰੇ ਹੱਥਾਂ ਵਿਚ!

ਮੈਂ ਕੀਲੀ ਗਈ।

ਨਿਸ਼ਬਦ! ਕੀ ਇਹ ਸੱਚ ਸੀ ਕਿ ਸੁਪਨਾ?

"ਹੈਪੀ ਨਿਊ ਯੀਅਰ ਈਵ" ਉਸ ਆਖਿਆ ਸੀ ਜਾਂ ਮੇਰਾ ਭਰਮ?

"ਗੌਡ ਬਲੈਸ ਯੂ" ਉਹ ਬੋਲਿਆ ਸੀ ਜਾਂ ਮੇਰੀ ਆਪ ਸਿਰਜੀ ਖ਼ੁਸ਼ਫਹਿਮੀ?

"ਧੰਨਵਾਦ!"

ਭਿੱਜੇ ਨੈਣ, ਸੁੱਕਾ ਸੰਘ, ਮੇਰੇ ਹੋਠ ਫਰਕੇ ਸਨ ਜਾਂ ਨਹੀਂ ਸਨ ਫਰਕ ਸਕੇ? ਨੱਚਣ ਦੀ ਅਵਸਥਾ ਨਹੀਂ ਸੀ ਕੋਈ ਪਰ ਮੇਰੀ ਸਮੁੱਚੀ ਹੋਂਦ ਜਿਵੇਂ ਥਿਰਕ ਉਠੀ, ਲਰਜ਼ ਉਠੀ। ਉਹ ਵੀ ਸ਼ਾਮਲ ਸੀ ਮੇਰੀ ਸਿਰਜਣਾ ਵਿਚ! ਪਰੋਖ ਰੂਪ ਵਿਚ!

ਵਜਦ ਵਿਚ ਚੁੰਮ ਲਿਆ ਮੈਂ ਆਪਣਾ-ਆਪ ਆਪਣੀਆਂ ਬਾਹਾਂ ਵਿਚ ਘੁੱਟ ਕੇ ਤੇ ਪਤਾ ਨਹੀਂ ਕਦ ਤੱਕ ਹੱਥਾਂ ਵਿਚ ਨੱਪੀ, ਹੋਠਾਂ ਨਾਲ ਚੁੰਮਦੀ, ਕੁੱਖ 'ਤੇ ਫੇਰਦੀ ਰਹੀ ਸੂਹਾ ਸੂਹਾ, ਕੂਲਾ ਕੂਲਾ, ਕੋਸਾ ਕੋਸਾ ਪੇਟੀਕੋਟ!

# ਸਾਹਿਤ ਸਭਿਆਚਾਰ ਦਾ ਵਕਾਲਤੀ ਮੁਲਾਂਕਣ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੁੱਢ ਕਦੀਮੋਂ ਸਾਹਿਤ, ਕਲਾ ਤੇ ਸਭਿਆਚਾਰ ਦਾ ਸਰਕਾਰੇ-ਦਰਬਾਰੇ ਮਾਣ ਸਨਮਾਨ ਹੁੰਦਾ ਆਇਆ ਹੈ। ਰਾਜੇ, ਮਹਾਰਾਜੇ ਤੇ ਉਨ੍ਹਾਂ ਦੀਆਂ ਸਰਕਾਰਾਂ ਵੱਖ-ਵੱਖ ਰੂਪਾਂ ਵਿਚ ਆਪਣੇ ਸਮੇਂ ਦੇ ਕਲਾਕਾਰਾਂ ਦਾ ਸਨਮਾਨ ਕਰਦੀਆਂ ਆਈਆਂ ਹਨ। ਇਕ ਲੋਕ ਬੋਲੀ ਅਨੁਸਾਰ 'ਹੀਰੇ, ਜਵਾਹਰ, ਮੋਤੀ, ਗੀਟੇ ਜਿਹੇ ਨੇ ਭਾਵੇਂ ਪੈਂਦਾ ਹੈ ਮੁੱਲ ਆਖਿਰ ਉਨ੍ਹਾਂ ਦੀ ਰੋਸ਼ਨੀ ਦਾ। ਮਾਨਵ ਜਾਤੀ ਮਾਣਕ ਮੋਤੀਆਂ ਨਾਲੋਂ ਕਿਤੇ ਵੱਧ ਉੱਤਮ ਹੈ। ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਸਰਵ ਸ੍ਰੇਸ਼ਠ ਗਿਣੇ ਜਾਂਦੇ ਰਚਨਾਕਾਰਾਂ ਨੂੰ ਨਿਵਾਜਣ ਲਈ ਸੰਗੀਤ, ਨਾਟਕ, ਸਾਹਿਤ ਤੇ ਲਲਿਤ ਕਲਾ ਅਕਾਡਮੀਆਂ ਸਥਾਪਤ ਕੀਤੀਆਂ। ਰਾਜ ਸਰਕਾਰਾਂ ਨੇ ਵੀ ਇਨ੍ਹਾਂ ਕਲਾਵਾਂ ਦੀ ਨਿਵਾਜਸ਼ ਤੇ ਪ੍ਰਚਾਰ ਪਸਾਰ ਦੇ ਢੰਗ ਲੱਭੇ। ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਉਨ੍ਹਾਂ ਵਿਚੋਂ ਇਕ ਹੈ, ਜਿਹੜਾ ਸਾਹਿਤ ਕਲਾ ਤੇ ਸਭਿਆਚਾਰ ਵਿਚ ਉੱਘਾ ਯੋਗਦਾਨ ਪਾਉਣ ਵਾਲਿਆਂ ਨੂੰ ਸ਼੍ਰੋਮਣੀ ਤੇ ਕਲਾ ਰਤਨ ਗਰਦਾਨ ਕੇ ਹਰ ਸਾਲ ਇਕ ਕਰੋੜ ਰੁਪਏ ਰਾਸ਼ੀ ਪ੍ਰਦਾਨ ਕਰਦਾ ਹੈ।

ਸਰਕਾਰੀ ਕੰਮ ਵਿਚ ਥੋੜ੍ਹੀ ਬਹੁਤ ਤਰੁੱਟੀ ਵੀ ਹੋ ਜਾਂਦੀ ਹੈ। ਇਸ ਵਾਰੀ ਕਿਸੇ ਕਾਰਨ ਵਿਭਾਗ ਨੇ ਇਹ ਫੈਸਲਾ ਕਰਦਿਆਂ ਛੇ ਸਾਲ ਲਾ ਦਿੱਤੇ। ਪਰ ਇਸ ਦਾ ਭਾਵ ਇਹ ਨਹੀਂ ਕਿ ਉਨ੍ਹਾਂ ਨੇ ਪੰਜ ਸਾਲਾਂ ਦੇ ਸਨਮਾਨ ਅਣਗੌਲੇ ਛੱਡ ਦਿੱਤੇ। ਫੈਸਲਾ ਤਾਂ ਲਿਆ ਪਰ ਛੇ ਸਾਲ ਦਾ ਇਕੱਠਾ। ਹੋਇਆ ਸੋ ਹੋਇਆ, ਇਕ ਲੇਖਕ ਵਕੀਲ ਨੇ ਲੁਦੇਹਾਣਾ ਦੀ ਕਚਹਿਰੀ ਵਿਚ ਇਸ ਫੈਸਲੇ ਨੂੰ ਵੰਗਾਰਦਿਆਂ ਇਨ੍ਹਾਂ ਛੇ ਵਰ੍ਹਿਆਂ ਦੇ ਸਨਮਾਨਾਂ ਉੱਤੇ ਰੋਕ ਲਗਵਾ ਦਿੱਤੀ ਜਿਸਦੇ ਨਤੀਜੇ ਵਜੋਂ ਛੇ ਸਾਲ ਦੇ ਸਨਮਾਨ ਦੋ ਵਰ੍ਹੇ ਲਈ ਹੋਰ ਲਟਕ ਗਏ। ਹੋ ਸਕਦਾ ਹੈ ਉਸ ਵਕੀਲ ਨੂੰ ਇਹ ਰੋਸ ਹੋਵੇ ਕਿ ਉਨ੍ਹਾਂ ਛੇ ਸਾਲਾਂ ਵਿਚ ਉਸਨੂੰ ਕਿਉਂ ਨਹੀਂ ਗੌਲਿਆ ਗਿਆ। ਇਹ ਵੀ ਨਹੀਂ ਜਾਪਦਾ ਕਿ ਉਸ ਵਕੀਲ ਦੀ ਵਕਾਲਤ ਉਸਨੂੰ ਲੋੜੀਂਦੀ ਆਮਦਨ ਨਾ ਦਿੰਦੀ ਹੋਵੇ ਤੇ ਉਹ ਏਸ ਤਰ੍ਹਾਂ ਦੇ ਕੇਸ ਕਰ ਕੇ ਕੰਮ ਸਾਰਦਾ ਹੋਵੇ। ਏਨਾ ਜ਼ਰੂਰ ਹੈ ਕਿ ਸਾਰੇ ਜੇਤੂਆਂ ਦੀ ਰਾਸ਼ੀ ਦੋ ਸਾਲ ਸਰਕਾਰੀ ਖਜ਼ਾਨੇ ਵਿਚ ਰੁਕੀ ਰਹੀ ਹੈ। ਇਹ ਰਾਸ਼ੀ ਕੋਈ ਪੌਣੇ ਛੇ ਕਰੋੜ ਰੁਪਏ ਦੇ ਲਗਪਗ ਹੈ ਜਿਸ ਉੱਤੇ ਦੋ ਸਾਲ ਦਾ ਵਿਆਜ ਏਨਾ ਬਣਦਾ ਹੈ ਕਿ ਉਸ ਨਾਲ ਅੱਧੀ ਦਰਜਨ ਕਲਾਕਾਰ ਨਿਵਾਜੇ ਜਾ ਸਕਦੇ ਹਨ। ਉਂਝ ਵੀ ਇਹ ਰਾਸ਼ੀ ਦੋ ਸਾਲ ਉਨ੍ਹਾਂ ਪਾਤਰਾਂ ਦੇ ਕੰਮ ਨਹੀਂ ਆ ਸਕੀ ਜਿਨ੍ਹਾਂ ਨੂੰ ਮਿਲਣੀ ਸੀ।

ਹੋ ਸਕਦਾ ਹੈ ਰੋਕ ਲਗਵਾਉਣ ਵਾਲੇ ਵਕੀਲ ਨੇ ਸੋਚਿਆ ਹੋਵੇ ਕਿ ਏਨੀ ਵੱਡੀ ਰਾਸ਼ੀ ਦਾ ਵਿਆਜ ਪ੍ਰਾਪਤ ਕਰਨ ਵਾਲਾ ਵਿਭਾਗ ਸਬੰਧਤ ਵਕੀਲ ਲੇਖਕ ਨੂੰ ਅਗਲੇ ਸਾਲਾਂ ਵਿਚ ਉਨ੍ਹਾਂ ਅੱਧੀ ਦਰਜਨ ਵਿਅਕਤੀਆਂ ਵਿਚ ਸ਼ਾਮਲ ਕਰ ਲਵੇ ਜਿਨ੍ਹਾਂ ਦਾ ਲਾਭ ਉਹ ਲੈ ਚੁੱਕੀ ਹੈ। ਵਕੀਲ ਭਾਈਚਾਰਾ ਆਪਣੇ ਸਾਥੀ ਦੇ ਇਸ ਪੈਂਤੜੇ ਨੂੰ ਕਿਵੇਂ ਲੈਂਦਾ ਹੈ, ਉਹ ਜਾਨਣ। ਇਨ੍ਹਾਂ ਸਤਰਾਂ ਦਾ ਲੇਖਕ ਤਾਂ ਏਨਾ ਹੀ ਜਾਣਦਾ ਹੈ ਕਿ ਇਨ੍ਹਾਂ ਦੋ ਸਾਲਾਂ ਵਿਚ ਸਰਦੂਲ ਸਿਕੰਦਰ ਤੇ ਹਰਬੀਰ ਭੰਵਰ ਦੋ ਕਲਾਕਾਰ ਅਕਾਲ ਚਲਾਣਾ ਕਰਨ ਕਾਰਨ ਆਪਣਾ ਸਨਮਾਨ ਖੁਦ ਨਹੀਂ ਪ੍ਰਾਪਤ ਕਰ ਸਕਦੇ। ਲੇਖਕ ਵਕੀਲ ਨੇ ਕੀ ਖੱਟਿਆ ਉਹੀਓ ਜਾਣੇ।

ਭਾਵੇਂ ਸਰਕਾਰਾਂ ਤੇ ਸਰਕਾਰੀ ਵਿਭਾਗਾਂ ਨੂੰ ਲੱਖਾਂ ਰੁਪਏ ਦਾ ਕੋਈ ਆਸਰਾ ਨਹੀਂ ਹੁੰਦਾ ਫੇਰ ਵੀ ਉਨ੍ਹਾਂ ਨੂੰ ਚਾਹੀਦਾ ਹੈ ਕਿ ਸਬੰਧਤ ਵਕੀਲ ਲੇਖਕ ਨੂੰ ਉਸਦੀ ਜੁਗਤ ਲਈ ਜ਼ਰੂਰ ਨਿਵਾਜਣ। ਘੱਟੋ ਘੱਟ ਉਸਦੇ ਧੰਨਵਾਦੀ ਅਵੱਸ਼ ਹੋਣ ਤੇ ਅੱਗੇ ਤੋਂ ਹਰ ਸਾਲ ਦਾ ਫੈਸਲਾ ਉਸੇ ਸਾਲ ਲੈ ਲਿਆ ਕਰਨ। ਕੋਤਾਹੀ ਕੀਤਿਆਂ ਕਿੰਤੂ ਪ੍ਰੰਤੂ ਹੋਣਾ ਕੁਦਰਤੀ ਹੈ।

**ਭਾਰਤ ਚੀਨ ਸਬੰਧ 1962 ਤੇ ਹੁਣ**

ਚੀਨ ਵਲੋਂ ਜਾਰੀ ਕੀਤੇ ਸੱਜਰੇ ਨਕਸ਼ੇ ਵਿਚ ਇਕ ਵਾਰ ਫੇਰ ਅਰੁਣਾਚਲ ਨੂੰ ਚੀਨ ਦਾ ਹਿੱਸਾ ਵਿਖਾਇਆ ਗਿਆ ਹੈ। ਚੇਤੇ ਰਹੇ ਕਿ 1962 ਵਿਚ ਚੀਨ ਨੇ ਭਾਰਤ ਉੱਤੇ ਹਮਲਾ ਕਰ ਕੇ ਆਪਣੀ ਸੈਨਾ ਨੂੰ ਭਾਰਤ ਦੇ ਧੁਰ ਅੰਦਰ ਤੱਕ ਭੇਜ ਦਿੱਤਾ ਸੀ ਅਤੇ ਅਕਸਾਈ ਚਿਨ ਉਤੇ ਅਜਿਹਾ ਕਬਜ਼ਾ ਕੀਤਾ ਸੀ ਕਿ ਅੱਜ ਤੱਕ ਨਹੀਂ ਛੱਡਿਆ। ਨਕਸ਼ੇ ਦੀ ਗੱਲ ਵੀ ਸਹੀ ਹੀ ਪੁਰਾਣੀ ਹੈ। ਇਸਨੂੰ ਵਿਦੇਸ਼ ਮੰਤਰੀ ਵਾਂਗ ਕਿਹਾ ਬੇਤੁਕਾ ਕਹਿਣਾ ਕਾਫੀ ਨਹੀਂ, ਖ਼ਬਰਦਾਰ ਰਹਿਣਾ ਜ਼ਰੂਰੀ ਹੈ। ਉਸਦੀ ਟਿੱਪਣੀ ਤਾਂ 1962 ਦੇ ਕਵੀ ਤਾਰਾ ਚੰਦ ਆਜ਼ਾਦ ਵਰਗੀ ਹੈ, ਜਿਹੜਾ ਚੀਨੀਆਂ ਦੇ ਕੱਦ ਦਾ ਮਜ਼ਾਕ ਉਡਾ ਕੇ ਖੁਸ਼ ਹੋ ਰਿਹਾ ਸੀ। ਉਹ ਸੀ:

'ਤੂੰ ਆਪਣੇ ਕੱਦ ਨੂੰ ਮਾਪ ਤੇ ਸਹੀ ਤਾਰਾ ਚੰਦ ਆਜ਼ਾਦ ਦੇ ਕੱਦ ਦੇ ਨਾਲ' ਉਹ ਨਹੀਂ ਸੀ ਜਾਣਦਾ ਕਿ ਅਜੋਕੀਆਂ ਲੜਾਈਆਂ ਕੱਦਾਂ ਦੀ ਨਹੀਂ ਹਥਿਆਰਾਂ ਦੀ ਮੰਗ ਕਰਦੀਆਂ ਹਨ। ਚੀਨ ਦੇ ਨਕਸ਼ੇ ਨੂੰ ਕੇਵਲ ਬੇਤੁਕਾ ਕਹਿਣਾ ਕਾਫੀ ਨਹੀਂ, ਚੇਤੰਨ ਰਹਿਣ ਦੀ ਲੋੜ ਹੈ।

**ਢਾਈ ਸੌ ਰੁਪਏ ਦਾ ਸੋਫਾ ਸੈੱਟ**

ਮੈਂ ਲਿਖ ਚੁੱਕਾ ਹਾਂ ਕਿ ਲੰਘੇ ਦਿਨੀਂ ਮੇਰੀ ਤਬੀਅਤ ਠੀਕ ਨਹੀਂ ਰਹੀ। ਮੇਰੀ ਜੀਵਨ ਸਾਥਣ ਨੂੰ ਵੀ ਮੇਰੀ ਦੇਖਭਾਲ ਵਾਸਤੇ ਘਰ ਹੀ ਰਹਿਣਾ ਪਿਆ। ਅੰਤ ਉਸਨੇ ਆਪਣੇ ਆਪ ਲਈ ਇਹ ਰੁਝੇਵਾਂ ਲੱਭਿਆ ਕਿ ਆਪਣੇ ਪੁਰਾਣੇ ਕਾਗਜ਼ ਫਰੋਲਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਵਿਚੋਂ ਇਕ 7 ਜੁਲਾਈ 1964 ਦਾ ਬਿੱਲ ਮਿਲਿਆ। ਸਾਡੇ ਵਿਆਹ ਤੋਂ ਦੋ ਸਾਲ ਪਹਿਲਾਂ ਦਾ ਜਦੋਂ ਉਹ ਸੰਧੂ ਨਹੀਂ ਸੀ ਹੋਈ; ਸੁਰਜੀਤ ਪੰਨੂੰ ਵਜੋਂ ਜਾਣੀ ਜਾਂਦੀ ਸੀ। ਇਹ ਬਿੱਲ ਉਸ ਸੋਫਾ ਸੈੱਟ ਦਾ ਹੈ ਜਿਹੜਾ ਉਸਨੇ ਜੁਲਾਈ 1964 ਵਿਚ ਹੌਜ਼ ਖਾਸ ਦਿੱਲੀ ਦੀ ਮੇਨ ਮਾਰਕਿਟ ਵਿਚ ਪੈਂਦੀ ਕੁੱਕੂ ਫਰਨਿਸ਼ਰਜ਼ ਨਾਂ ਦੀ ਦੁਕਾਨ ਤੋਂ ਬਣਵਾਇਆ ਸੀ। ਸੋਫਾ ਸੈੱਟ ਦੀ ਕੀਮਤ 250 ਰੁਪਏ ਲਾਈ ਤੇ ਉਹਦੇ ਲਈ



BILL FORM

Kuku FURNISHER'S

[illegible]

| PARTICULARS | RATE | Amount |
|---|---|---|
| [illegible] | | [illegible] |

ਵਰਤੇ ਗਏ ਕੱਪੜੇ ਦੀ 11 ਰੁਪਏ 22 ਨਵੇਂ ਪੈਸੇ।

ਮੇਰੀ ਸੁਰਜੀਤ ਨਾਲ ਸ਼ਾਦੀ ਤੋਂ ਪਿੱਛੋਂ ਉਹ ਸੋਫਾ ਸੈੱਟ ਨਵੀਂ ਦਿੱਲੀ ਤੋਂ ਸਾਡੇ ਨਾਲ 29 ਸੈਕਟਰ, ਚੰਡੀਗੜ੍ਹ, ਵਿਚ ਪੈਂਦੀ ਟ੍ਰਿਬਿਊਨ ਕਲੋਨੀ ਪਹੁੰਚਿਆ; ਫੇਰ ਮੇਰੀ ਹੁਣ ਵਾਲੀ ਰਿਹਾਇਸ਼ (1538, ਸੈਕਟਰ 36 ਡੀ, ਚੰਡੀਗੜ੍ਹ) ਵਿਚ ਤੇ ਪਿਛਲੇ ਸਾਲ ਤੋਂ ਹਿਮਾਚਲ ਪ੍ਰਦੇਸ਼ ਦੇ ਧਰਮਪੁਰ ਕਸਬੇ ਦੀ ਉਸ ਕੁਟੀਆ ਵਿਚ ਜਿੱਥੇ ਅਸੀਂ ਗਰਮੀ ਦੇ ਮੌਸਮ ਵਿਚ ਜਾਂਦੇ ਹਾਂ।

ਇਹ ਬਾਤ ਪਾਉਣ ਦਾ ਭਾਵ ਸੋਫਾ ਸੈੱਟ ਦਾ ਸਫਰਨਾਮਾ ਲਿਖਣਾ ਨਹੀਂ ਸਗੋਂ ਪਿਛਲੇ 60 ਸਾਲ ਵਿਚ ਹੋਈ ਵਸਤਾਂ ਦੀ ਮਹਿੰਗਾਈ ਦਰਸਾਉਣਾ ਹੈ। ਇਹ ਵੀ ਕਿ ਉਦੋਂ ਨਵੇਂ ਪੈਸੇ ਦੀ ਕਿੰਨੀ ਕਦਰ ਸੀ। 250 ਜਾਂ 11 ਰੁਪਏ ਦੀ ਵੁੱਕਤ ਇਕ ਪਾਸੇ ਰਹੀ 22 ਨਵੇਂ ਪੈਸੇ ਵੀ ਅਰਥ ਰਖਦੇ ਸਨ।

ਜੇ 40 ਸਾਲ ਪਹਿਲਾਂ ਦੀ ਸੁਣਨਾ ਚਾਹੁੰਦੇ ਹੋ ਤਾਂ ਮੈਂ ਇਕ ਰੁਪਏ ਦੇ ਨੋਟ ਦੀ ਗੱਲ ਕਰਨੀ ਚਾਹੁੰਦਾ ਹਾਂ, ਜਿਹੜਾ ਉਦੋਂ ਨਵਾਂ ਨਵਾਂ ਹੋਂਦ ਵਿਚ ਆਇਆ। ਮੇਰੇ ਪਿੰਡ ਦੇ ਇਕ ਮੁੰਡੇ ਦੇ ਹੱਥ ਇਕ ਰੁਪਏ ਦਾ ਨੋਟ ਆ ਗਿਆ ਤਾਂ ਉਸ ਨੇ ਇਹ ਨੋਟ ਮਲਮਲ ਦੀ ਕੁੜਤੀ ਦੀ ਛਾਤੀ ਵਾਲੀ ਜੇਬ ਵਿਚ ਪਾ ਕੇ ਇੰਝ ਛਾਤੀ ਚੌੜੀ ਕਰ ਕੇ ਤੁਰਨਾ ਜਿਵੇਂ ਉਹਦੀ ਜੇਬ ਵਿਚ ਵਡਾ ਖਜ਼ਾਨਾ ਹੋਵੇ। ਸੋਚੋ ਤੇ ਵਿਚਾਰੋ।

**ਅੰਤਿਕਾ**

—ਇਕ ਲੋਕ ਬੋਲੀ—

ਬੋਤਾ ਬੰਨ੍ਹ ਦੇ ਪਿਪਲ ਦੀ ਛਾਵੇਂ
ਮੁੰਨੀਆਂ ਰੰਗੀਨ ਗੱਡੀਆਂ।
ਮੱਥਾ ਟੇਕਦਾ ਅੰਮਾ ਦੀਏ ਜਾਈਏ
ਬੋਤਾ ਭੈਣੇ ਫੇਰ ਬੰਨ੍ਹਾਂਗਾ।

# ਅੰਜੀਰ

## ਸਿਹਤਨਾਮਾ

**ਡਾ. ਹਰਸ਼ਿੰਦਰ ਕੌਰ**
0175-2216783

ਤੁਰਕੀ ਵਿਚ ਇਸ ਸਮੇਂ ਦੁਨੀਆ ਭਰ ਵਿਚੋਂ ਸਭ ਤੋਂ ਵੱਧ ਉੱਗ ਰਹੀ ਅਤੇ ਹੋਰਨਾਂ ਮੁਲਕਾਂ ਵਿਚ ਭੇਜੀ ਜਾਣ ਵਾਲੀ ਅੰਜੀਰ ਨੂੰ 'ਸੁਰਗਾਂ ਦਾ ਫਲ' ਕਿਹਾ ਜਾਂਦਾ ਹੈ।

ਭਾਰਤ ਵਿਚ ਸਭ ਤੋਂ ਪੁਰਾਣਾ ਅੰਜੀਰ ਦਾ ਦਰਖ਼ਤ ਬੋਧ ਗਯਾ ਵਿਚ ਬੋਧੀਆਂ ਵੱਲੋਂ ਬੀਜਿਆ ਅੱਜ ਵੀ ਵੇਖਿਆ ਜਾ ਸਕਦਾ ਹੈ ਜੋ 2305 ਸਾਲ ਪੁਰਾਣਾ ਹੈ।

ਜੇ ਕਿਸੇ ਨੇ ਜੌਰਡਨ ਦੇ ਇਕ ਪੁਰਾਤਨ ਪਿੰਡ ਵਿਚ ਕੀਤੀ ਖੁਦਾਈ ਬਾਰੇ ਪੜ੍ਹਿਆ ਸੁਣਿਆ ਹੋਵੇ, ਤਾਂ ਉੱਥੇ ਪੱਥਰ ਬਣ ਚੁੱਕੀਆਂ ਅੰਜੀਰਾਂ ਦੀਆਂ 9 ਕਿਸਮਾਂ ਲੱਭੀਆਂ ਜਾ ਚੁੱਕੀਆਂ ਹਨ ਜੋ ਈਸਾ ਮਸੀਹ ਤੋਂ 9400 ਸਾਲ ਪਹਿਲਾਂ ਦੀਆਂ ਹਨ।

ਸੰਸਕ੍ਰਿਤ ਵਿਚ ਉਦੁੰਬਰਾ ਵਜੋਂ ਜਾਣੀ ਜਾਂਦੀ ਅੰਜੀਰ ਬਾਰੇ ਕੁਰਾਨ ਵਿਚ ਵੀ ਜ਼ਿਕਰ ਹੈ ਕਿ - ''ਰਬ ਵੀ ਅੰਜੀਰ ਦੀ ਸਹੁੰ ਖਾ ਕੇ ਕਹਿੰਦਾ ਹੈ।'' (ਤਰਜਮੇ ਦੀ ਕਾਪੀ ਵਿਚੋਂ ਲਿਖਿਆ ਮਿਲਿਆ ਹੈ -2y the fig)

ਈਸਾ ਮਸੀਹ ਤੋਂ 5000 ਸਾਲ ਪਹਿਲਾਂ ਪੁਰਾਣੇ ਰੋਮ ਵਿਚੋਂ ਖੁਦਾਈ ਦੌਰਾਨ 29 ਵੱਖੋ ਵੱਖ ਕਿਸਮਾਂ ਦੀਆਂ ਅੰਜੀਰਾਂ ਲੱਭੀਆਂ ਜਾ ਚੁੱਕੀਆਂ ਹਨ।

ਇਹ ਮੰਨਿਆ ਜਾ ਚੁੱਕਿਆ ਹੈ ਕਿ ਕਣਕ ਜਾਂ ਬਾਜਰੇ ਤੋਂ ਵੀ ਕਈ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਨੇ ਅੰਜੀਰ ਦਾ ਦਰਖ਼ਤ ਲਾਉਣਾ ਸ਼ੁਰੂ ਕੀਤਾ ਸੀ। ਇਸ ਦੇ ਸਬੂਤ ਵਜੋਂ ਰੋਮ ਦੇ ਨੇੜੇ 11,400 ਸਾਲ ਪਹਿਲਾਂ ਦੇ ਅਨੇਕ ਦਰਖ਼ਤ ਇਕੋ ਥਾਂ ਉਗਾਏ ਲੱਭੇ ਜਾ ਚੁੱਕੇ ਹਨ।

ਭਾਰਤ ਵਿਚ ਹੁਣ ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ਼, ਕਰਨਾਟਕ ਅਤੇ ਤਾਮਿਲ ਨਾਡੂ ਵਿਖੇ ਅੰਜੀਰ ਕਾਫ਼ੀ ਉਗਾਈ ਜਾ ਰਹੀ ਹੈ।

ਅੰਜੀਰ ਦੀ ਸਭ ਤੋਂ ਵੱਧ ਮਹੱਤਤਾ ਇਸ ਨਾਲ ਮਿਲਦੇ ਮਰਦਾਨਾ ਕਮਜ਼ੋਰੀ ਵਿਚ ਫ਼ਾਇਦੇ ਸਦਕਾ ਹੈ। ਅਣਗਿਣਤ ਆਯੁਰਵੈਦਿਕ ਦਵਾਈਆਂ, ਐਲੋਪੈਥਿਕ ਖੋਜਾਂ ਅਤੇ ਵਿਸ਼ਵ ਪ੍ਰਸਿੱਧ ਵਿਗਿਆਨੀਆਂ ਵੱਲੋਂ ਸੁਝਾਏ ਨੁਕਤਿਆਂ ਅਨੁਸਾਰ ਮਰਦਾਨਾ ਕਮਜ਼ੋਰੀ ਲਈ ਰਾਤ ਭਰ ਭਿਉਂ ਕੇ ਰੱਖੀਆਂ ਦੋ ਅੰਜੀਰਾਂ, 4 ਬਦਾਮ ਅਤੇ 2 ਅਖਰੋਟ ਜਦੋਂ ਗਰਮ ਦੁੱਧ ਨਾਲ ਸਵੇਰੇ ਲੈ ਲਏ ਜਾਣ ਤਾਂ ਮਰਦਾਨਾ ਕਮਜ਼ੋਰੀ ਵਿਚ ਬਹੁਤ ਫ਼ਰਕ ਪੈ ਜਾਂਦਾ ਹੈ।

ਐਲੋਪੈਥਿਕ ਡਾਕਟਰ ਮੰਨਦੇ ਹਨ ਕਿ ਬਹੁਗਿਣਤੀ ਮਰਦਾਨਾ ਕਮਜ਼ੋਰੀ ਦੇ ਮਰੀਜ਼ਾਂ ਨੂੰ ਕੋਈ ਬੀਮਾਰੀ ਹੁੰਦੀ ਹੀ ਨਹੀਂ। ਘਬਰਾਹਟ ਅਤੇ ਮਾਨਸਿਕ ਨਿਤਾਣਾਪਨ ਹੀ ਹੁੰਦਾ ਹੈ ਜੋ ਅੰਜੀਰ ਖਾਣ ਨਾਲ ਬੰਦਾ ਆਪਣੇ ਆਪ ਨੂੰ ਸ਼ੇਰ ਸਮਝਣ ਲੱਗ ਪੈਂਦਾ ਹੈ।

ਖੋਜਾਂ ਇਹ ਵੀ ਸਪੱਸ਼ਟ ਕਰ ਚੁੱਕੀਆਂ ਹਨ ਕਿ ਜਿਹੜੇ ਅੰਸ਼ ਅਤੇ ਤੱਤ ਸ਼ੁਕਰਾਣੂਆਂ ਨੂੰ ਤੰਦਰੁਸਤ ਰੱਖਣ ਅਤੇ ਹਿਲਜੁਲ ਸਹੀ ਕਰਨ ਲਈ ਲੋੜੀਂਦੇ ਹਨ, ਜਿਵੇਂ ਸੀਲੀਨੀਅਮ, ਵਿਟਾਮਿਨ ਈ, ਜ਼ਿੰਕ, ਓਮੇਗਾ ਤਿੰਨ ਫੈਟੀ ਏਸਿਡ, ਫੋਲੇਟ ਆਦਿ, ਸਭ ਅੰਜੀਰ ਵਿਚ ਮੌਜੂਦ ਹਨ ਤੇ ਪੂਰੀ ਮਾਤਰਾ ਵਿਚ ਹਨ। ਇਸੇ ਲਈ ਮਰਦਾਨਾ ਤਾਕਤ ਲਈ ਸੁਪਰ-ਫੂਡ ਮੰਨੀ ਜਾ ਚੁੱਕੀ ਅੰਜੀਰ ਨੂੰ ਹੁਣ ਕਈ ਲੋਕ ਰਾਤ ਭਰ ਭਿਉਂ ਕੇ ਉਸ ਨਾਲ ਭਿੱਜੇ ਬਦਾਮ, ਅਖਰੋਟ ਅਤੇ ਨਾਲੋ ਨਾਲ ਹੇਜ਼ਲ ਨੱਟ ਵੀ ਖਾਣ ਲੱਗ ਪਏ ਹਨ।

2 ਸੁੱਕੀਆਂ ਅੰਜੀਰਾਂ (ਦੋ ਕੱਟੇ ਟੋਟਿਆਂ) ਵਿਚ ਲਗਭਗ 95 ਕੈਲਰੀਆਂ ਹੁੰਦੀਆਂ ਹਨ।

ਲੋਹ ਕਣਾਂ ਵਿਚ ਭਰਪੂਰ ਹੋਣ ਸਦਕਾ ਅੰਜੀਰ ਲਹੂ ਦੀ ਕਮੀ ਨਾਲ ਜੂਝਦੇ ਮਰੀਜ਼ਾਂ ਲਈ ਵੀ ਵਰਦਾਨ ਸਾਬਤ ਹੋ ਚੁੱਕੀ ਹੈ। ਥਕਾਨ ਬਾਅਦ ਜੇ ਦੋ ਅੰਜੀਰਾਂ ਖਾ ਲਈਆਂ ਜਾਣ ਤਾਂ ਝਟਪਟ ਥਕਾਵਟ ਦੂਰ ਹੋ ਜਾਂਦੀ ਹੈ।

ਜੇ ਯੂਰਿਕ ਏਸਿਡ ਵਧਿਆ ਹੋਵੇ ਤਾਂ ਪੂਰੀ ਦਵਾਈ ਖਾਣ ਦੇ ਨਾਲ-ਨਾਲ ਖਾਣ-ਪੀਣ ਵਿਚ ਪਰਹੇਜ਼ ਕਰਨ ਅਤੇ ਇਕ ਮਹੀਨੇ ਲਈ ਅੰਜੀਰ ਖਾਣ ਨਾਲ ਯੂਰਿਕ ਏਸਿਡ ਛੇਤੀ ਘੱਟ ਹੋ ਜਾਂਦਾ ਹੈ।

ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਕਬਜ਼ ਵੀ ਠੀਕ ਹੋ ਸਕਦੀ ਹੈ। ਕੈਲਸ਼ੀਅਮ ਤੇ ਫ਼ਾਸਫੋਰਸ ਕਾਰਨ ਅੰਜੀਰ ਹੱਡੀਆਂ ਵੀ ਤੰਦਰੁਸਤ ਰੱਖਦੀ ਹੈ। ਦਿਲ ਸਿਹਤਮੰਦ ਰੱਖਣ ਵਿਚ ਵੀ ਅੰਜੀਰ ਲਾਹੇਵੰਦ ਹੈ।

ਸ਼ਕਰ ਰੋਗੀਆਂ ਲਈ ਅੰਜੀਰ ਰੱਬੀ ਸੁਗਾਤ ਹੀ ਮੰਨੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੈ। ਇਸ ਵਿਚ ਨਮਕ ਵੀ ਕਾਫੀ ਘੱਟ ਹੈ ਤੇ ਥਿੰਦਾ ਉੱਕਾ ਹੀ ਨਹੀਂ ਹੈ।



ਗਰਭਵਤੀ ਔਰਤਾਂ ਵੀ ਜੇ ਰੋਜ਼ ਰਾਤ ਦੋ ਅੰਜੀਰਾਂ ਭਿਉਂ ਕੇ ਸਵੇਰੇ ਖਾਂਦੀਆਂ ਰਹਿਣ ਤਾਂ ਜੱਚਾ-ਬੱਚਾ, ਦੋਵਾਂ ਨੂੰ ਹੀ ਫ਼ਾਇਦਾ ਪਹੁੰਚ ਜਾਂਦਾ ਹੈ।

ਜੇ ਮਾਹਵਾਰੀ ਦੌਰਾਨ ਥਕਾਨ, ਪੀੜ, ਚੱਕਰ ਆਦਿ ਆਉਂਦੇ ਹੋਣ ਤਾਂ ਦਵਾਈ ਦੇ ਨਾਲ ਉਨ੍ਹਾਂ ਦਿਨਾਂ ਵਿਚ ਅੰਜੀਰ ਜ਼ਰੂਰ ਖਾ ਲੈਣੀ ਚਾਹੀਦੀ ਹੈ।

ਜਿਨ੍ਹਾਂ ਦੀ ਮਾਹਵਾਰੀ ਬੰਦ ਹੋ ਚੁੱਕੀ ਹੋਵੇ, ਉਨ੍ਹਾਂ ਲਈ ਵੀ ਮਾੜੇ ਲੱਛਣ ਘਟਾਉਣ ਵਿਚ ਅੰਜੀਰ ਮਦਦ ਕਰਦੀ ਹੈ। ਜਿਨ੍ਹਾਂ ਵਿਚ ਹਾਰਮੋਨਾਂ ਦੀ ਗੜਬੜੀ ਹੋਵੇ (P3O4), ਉਨ੍ਹਾਂ ਔਰਤਾਂ ਨੂੰ ਵੀ ਤਿੰਨ ਮਹੀਨੇ ਲਗਾਤਾਰ ਰੋਜ਼ ਸਵੇਰੇ ਰਾਤ ਦੀਆਂ ਭਿਉਂ ਕੇ ਰੱਖੀਆਂ ਤਿੰਨ ਅੰਜੀਰਾਂ ਗਰਮ ਦੁੱਧ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਇਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਨਾਲੋ-ਨਾਲ ਡਾਕਟਰੀ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ।

ਜਿਨ੍ਹਾਂ ਨੂੰ ਨੀਂਦਰ ਠੀਕ ਨਾ ਆਉਂਦੀ ਹੋਵੇ, ਉਨ੍ਹਾਂ ਨੂੰ ਵੀ ਰਾਤ ਵੇਲੇ ਤਣਾਓ ਘਟਾ ਕੇ, ਮਧੁਰ ਸੰਗੀਤ ਸੁਣਦਿਆਂ, ਤਲੀਆਂ ਚੀਜ਼ਾਂ ਖਾਣ ਦੀ ਥਾਂ ਗਰਮ ਦੁੱਧ ਵਿਚ ਦੋ ਅੰਜੀਰਾਂ ਉਬਾਲ ਕੇ ਜ਼ਰੂਰ ਖਾ ਲੈਣੀਆਂ ਚਾਹੀਦੀਆਂ ਹਨ।

**ਵਾਲਾਂ ਲਈ :** ਅੰਜੀਰ ਵਿਚਲੇ ਮੈਗਨੀਸ਼ੀਅਮ, ਵਿਟਾਮਿਨ ਸੀ ਅਤੇ ਈ ਇਸ ਨੂੰ ਵਾਲ ਵਧਾਉਣ ਲਈ ਵਧੀਆ ਦਵਾਈ ਬਣਾ ਦਿੰਦੇ ਹਨ।

**ਗੁਰਦੇ ਦੀ ਪਥਰੀ :** ਪੂਰਾ ਡਾਕਟਰੀ ਇਲਾਜ ਕਰਨ ਦੇ ਨਾਲ ਜੇ ਖ਼ੁਰਾਕ ਦੀ ਤਬਦੀਲੀ ਕੀਤੀ ਜਾਵੇ ਅਤੇ ਰੋਜ਼ ਅੰਜੀਰ ਵੀ ਖਾ ਲਈ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਇਕ ਅੰਜੀਰ ਨੂੰ 5 ਤੋਂ 10 ਮਿੰਟ ਤਕ ਇਕ ਗਿਲਾਸ ਪਾਣੀ ਵਿਚ ਉਬਾਲ ਕੇ ਪੀਣਾ ਚਾਹੀਦਾ ਹੈ। ਇੰਜ ਦਿਨ ਵਿਚ ਚਾਰ ਗਿਲਾਸ ਪੀ ਲੈਣੇ ਚਾਹੀਦੇ ਹਨ।

ਭਾਰ ਘਟਾਉਣ ਲਈ : ਰੋਜ਼ਾਨਾ ਕਸਰਤ ਤੇ ਸੰਤੁਲਿਤ ਖ਼ੁਰਾਕ ਦੇ ਨਾਲ ਰੋਜ਼ ਦੋ ਅੰਜੀਰਾਂ ਖਾਣ ਨਾਲ ਇਸ ਵਿਚਲੇ ਫਾਈਬਰ ਸਦਕਾ ਭਾਰ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਜੇ ਰੋਜ਼ 6 ਤੋਂ ਵੱਧ ਅੰਜੀਰਾਂ ਖਾਧੀਆਂ ਜਾਣ ਤਾਂ ਭਾਰ ਵਧਣ ਲੱਗ ਸਕਦਾ ਹੈ, ਤਗੜੀ ਐਲਰਜੀ ਹੋ ਸਕਦੀ ਹੈ, ਤਿੱਖੀ ਢਿੱਡ ਪੀੜ ਹੋ ਸਕਦੀ ਹੈ, ਅਫ਼ਾਰਾ ਹੋ ਸਕਦਾ ਹੈ, ਬਲੱਡ ਪ੍ਰੈੱਸ਼ਰ ਘੱਟ ਹੋ ਸਕਦਾ ਹੈ, ਟੱਟੀਆਂ ਲੱਗ ਸਕਦੀਆਂ ਹਨ, ਹਿੱਕਾਂ ਆ ਸਕਦੀਆਂ ਹਨ, ਲਹੂ ਵਿਚ ਸ਼ੱਕਰ ਦੀ ਮਾਤਰਾ ਕਾਫ਼ੀ ਘੱਟ ਹੋ ਜਾਂਦੀ ਹੈ ਤੇ ਅੱਖ ਦੀ ਅੰਦਰਲੀ ਪਰਤ ਵਿਚ ਲਹੂ ਤਕ ਚੱਲ ਸਕਦਾ ਹੈ।

ਹਾਲਾਂਕਿ ਕਈ ਇਨਸਾਨਾਂ ਉੱਤੇ ਹੋਈ ਖੋਜ ਇਹ ਤੱਥ ਸਾਬਤ ਨਹੀਂ ਕਰ ਸਕੀ ਪਰ ਚੂਹਿਆਂ ਉੱਤੇ ਹੋਈ ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਅੰਜੀਰ ਲਹੂ ਵਗਣ ਵਿਚ ਰੋਕ ਲਾ ਸਕਦੀ ਹੈ ਕਿਉਂਕਿ ਇਸ ਦੇ ਅਸਰ ਅਧੀਨ ਲਹੂ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ।

**ਲੋਹ ਕਣ ਭਰਪੂਰ ਫਲ ਸਬਜ਼ੀਆਂ:**

ਅੰਜੀਰ ਤਾਂ ਲੋਹ ਕਣਾਂ ਨਾਲ ਭਰਪੂਰ ਹੈ ਹੀ, ਪਰ ਜੇ ਸਭ ਦੀ ਰੋਜ਼ਾਨਾ ਦੀ ਖ਼ੁਰਾਕ ਵਿਚ ਵੱਖੋ ਵੱਖ ਫਲ ਸਬਜ਼ੀਆਂ ਸ਼ਾਮਲ ਕਰ ਲਈਆਂ ਜਾਣ ਤਾਂ ਲਹੂ ਦੀ ਕਮੀ ਖ਼ਤਮ ਕੀਤੀ ਜਾ ਸਕਦੀ ਹੈ। ਇਹ ਹਨ :-


- ਹਦਵਾਣਾ- ਪਾਲਕ
- ਸੌਂਗੀ- ਸ਼ਕਰਕੰਦੀ
- ਖ਼ਜੂਰ- ਮਟਰ
- ਸਟਰਾਅਬੈਰੀ- ਬਰੋਕਲੀ
- ਆੜੂ- ਹਰੀਆਂ ਫਲੀਆਂ
- ਅਲੂਚਾ- ਕੇਲ ਪੱਤਾ

**ਸਾਰ :-**

ਕੁਦਰਤ ਨੇ ਸਾਨੂੰ ਬੇਸ਼ਕੀਮਤੀ ਚੀਜ਼ਾਂ ਤੰਦਰੁਸਤ ਰਹਿਣ ਲਈ ਦਿੱਤੀਆਂ ਹੋਈਆਂ ਹਨ। ਜੇ ਅਸੀਂ ਇਨ੍ਹਾਂ ਦੀ ਸਹੀ ਸੰਭਾਲ ਕਰ ਕੇ ਸਹੀ ਢੰਗ ਨਾਲ ਖਾਣਾ ਸ਼ੁਰੂ ਕਰ ਦੇਈਏ ਤਾਂ ਲੰਮੀ ਉਮਰ ਭੋਗ ਸਕਦੇ ਹਾਂ ਅਤੇ ਅਨੇਕ ਬੀਮਾਰੀਆਂ ਤੋਂ ਬਚ ਵੀ ਸਕਦੇ ਹਾਂ।

# ਸਿੱਖੋ ਕੁਝ ਸਿੱਖੋ

ਇਨਸਾਨ ਨੂੰ ਸਾਰੀ ਜ਼ਿੰਦਗੀ ਸਿੱਖਦੇ ਹੀ ਰਹਿਣਾ ਚਾਹੀਦਾ ਹੈ। ਹਰ ਆਏ ਦਿਨ ਨਵਾਂ ਹੋਰ ਸਿੱਖਣ ਲਈ ਆਪਣੇ ਮਨ ਦੇ ਦਰਵਾਜ਼ੇ ਖੁੱਲ੍ਹੇ ਰੱਖਣੇ ਚਾਹੀਦੇ ਹਨ। ਸਿੱਖਦਿਆਂ ਸਿੱਖਦਿਆਂ ਹੀ ਬੰਦੇ ਦੀ ਸ਼ਖਸੀਅਤ 'ਚ ਨਿਖਾਰ ਆਉਂਦਾ ਹੈ। ਜਦੋਂ ਬੱਚਾ ਸਕੂਲ 'ਚ ਦਾਖਲ ਹੁੰਦਾ ਤਾਂ ਸਿੱਖਣਾ ਸ਼ੁਰੂ ਕਰਦਾ ਹੈ। ਸਿੱਖਿਆ ਲੈਂਦਾ ਲੈਂਦਾ ਜਮਾਤਾਂ ਪਾਸ ਕਰਦਾ ਅਗਲੀ ਤੋਂ ਅਗਲੀ ਜਮਾਤੇ ਚੜ੍ਹਦਾ ਮਾਸਟਰਜ਼ ਅਤੇ ਪੀ.ਐਚਡੀ. ਤੱਕ ਪਹੁੰਚ ਜਾਂਦਾ ਹੈ। ਇੰਜ ਆਪਣੇ ਵਿਸ਼ੇ 'ਚ ਮੁਹਾਰਤ ਹਾਸਲ




**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**


ਕਰ ਆਪਣੇ ਮਿੱਥੇ ਮੁਕਾਮ 'ਤੇ ਪੁੱਜਦਾ ਹੈ। ਬੰਦੇ ਨੇ ਸਿੱਖਦੇ ਸਿੱਖਦੇ ਨੇ ਹੀ ਕਿੰਨੀਆਂ ਖੋਜਾਂ ਕਰ ਲਈਆਂ ਹਨ। ਕੁਦਰਤ ਦੀ ਬੁਝਾਰਤ ਨੂੰ ਬੁੱਝਣ ਦੇ ਯਤਨ 'ਚ ਦਿਨ ਰਾਤ ਇੱਕ ਕਰ ਰੱਖਿਆ ਹੈ। ਪਹਾੜ ਖੋਜ ਲਏ, ਧਰਤੀ ਖੋਜ ਲਈ, ਸਮੁੰਦਰ ਖੋਜ ਲਿਆ ਅਤੇ ਹੁਣ ਚੰਦ ਤਾਰੇ ਖੋਜਣ ਤੁਰਿਆ ਹੋਇਆ ਹੈ। ਇਹ ਸਭ ਤਦੇ ਹੋ ਰਿਹਾ ਹੈ ਕਿ ਅੰਦਰ ਸਿੱਖਣ ਦੀ ਲਾਲਸਾ ਹੈ, ਕੁੱਝ ਹੋਰ ਕਰਨ ਦੀ ਚਾਹ ਹੈ, ਨਵੀਆਂ ਦਿਸ਼ਾਵਾਂ ਵਲ ਧੁਰ ਤੱਕ ਅੱਪੜਨ ਦੀ ਤਾਂਘ ਹੈ।

ਗੁਰੂ ਨਾਨਕ ਸਾਹਿਬ, ਜਿੱਥੋਂ ਸਿੱਖ ਧਰਮ ਦੀ ਸ਼ੁਰੂਆਤ ਹੁੰਦੀ ਹੈ ਅਤੇ ਜਿਨ੍ਹਾਂ ਸਿੱਖ ਜੀਵਨ ਜਾਚ ਦਾ ਮੁੱਢ ਬੰਨ੍ਹਾ, ਉਨ੍ਹਾਂ ਪੈਦਲ ਜੰਗਲ ਬੀਆਬਾਨ ਔਖੜੇ ਪੈਂਡੇ ਤੁਰਦਿਆਂ, ਦੁਨੀਆਂ ਨੂੰ ਖੋਜਦਿਆਂ, ਸਿੱਖੀ ਸਿਧਾਂਤਾਂ ਦੇ ਬੀਜ ਦਾ ਛੱਟਾ ਦਿੰਦਿਆਂ ਸਾਰਾ ਜੀਵਨ ਬਿਤਾ ਦਿੱਤਾ। ਵਹਿਮਾਂ-ਭਰਮਾਂ, ਪਖੰਡਾਂ ਤੋਂ ਲੋਕਾਂ ਨੂੰ ਮੁਕਤੀ ਦੁਆਈ। ਜਿੱਥੇ ਅੱਜ ਅਸੀਂ ਦੁਨਿਆਵੀ ਖੋਜਾਂ ਕਰਕੇ ਕਿਤੇ ਦੀ ਕਿਤੇ ਮਾਅਰਕੇ ਮਾਰ ਰਹੇ ਹਾਂ ਉੱਥੇ ਉਨ੍ਹਾਂ ਨੇ ਮਨ ਦੀ ਖੋਜ ਨੂੰ ਪ੍ਰਮੁੱਖਤਾ ਦਿੰਦਿਆਂ ਸਾਨੂੰ ਆਪਣੇ ਅੰਦਰ ਝਾਤ ਮਾਰਨ ਲਈ ਚੁਣੌਤੀ ਦਿੱਤੀ। ਬਾਣੀ 'ਚ ਦਰਜ ਹੈ :

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ" (ਪੰਨਾ 441)

"ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ" (ਪੰਨਾ 569)

ਹਿੰਦੂ, ਮੁਸਲਿਮ ਧਰਮਾਂ 'ਚ ਆ ਚੁੱਕੇ ਨਿਘਾਰ ਨੂੰ ਸ਼ਰ੍ਹੇਆਮ ਨੰਗਿਆਂ ਕਰ ਧਰਮ ਦੇ ਠੇਕੇਦਾਰਾਂ ਨੂੰ ਸਿੱਧੀ ਚੁਣੌਤੀ ਦਿੱਤੀ। ਡਰੇ ਨਹੀਂ ਕਿਸੇ ਦਾ ਭੈਅ ਨਹੀਂ ਮੰਨਿਆ। ਸਾਨੂੰ ਨਿਰਭੈ ਕਰਦਿਆਂ ਸੇਧ ਦਿੱਤੀ ਕਿ ਜੇ ਡਰੀਏ ਤਾਂ ਕੁੱਝ ਸਿੱਖ ਨਹੀਂ ਹੋਣਾ, ਕੁੱਝ ਨਵਾਂ ਸਿੱਖਣ ਲਈ ਮਨ ਦੇ ਵਿਸ਼ਵਾਸ ਨੂੰ ਪ੍ਰਪੱਕ ਕਰਨ ਦੀ ਲੋੜ ਹੈ। ਜੇ ਅਸੀਂ ਮਨ 'ਚ ਧਾਰ ਲਈਏ ਕਿ ਅੰਨੇ ਖੂੰਜੇ ਦੀ ਘਚੋਰ 'ਚ ਮੂੰਹ ਦੇ ਕੇ ਨਹੀਂ ਬੈਠੇ ਰਹਿਣਾ ਸਗੋਂ ਇਸ ਦੇ ਅਗਿਆਨ ਰੂਪੀ ਹਨੇਰੇ 'ਚੋਂ ਨਿਕਲ ਰੌਸ਼ਨੀ ਦੀ ਭਾਲ ਕਰਨੀ ਹੈ। ਇਹ ਤਦੇ ਸੰਭਵ ਹੋਵੇਗਾ ਜੇ ਸਾਡੇ ਅੰਦਰ ਕੁਤਕੁਤਾੜੀਆਂ ਨਿਕਲਣਗੀਆਂ ਕਿ ਜੋ ਕੁੱਝ ਅਸੀਂ ਪ੍ਰਾਪਤ ਕਰ ਲਿਆ ਹੈ ਉਹ ਬਹੁਤ ਨਹੀਂ, ਸਗੋਂ ਅੱਗੋਂ ਹੋਰ ਪ੍ਰਾਪਤੀਆਂ ਕਰਨ ਦੀਆਂ ਵਿਉਂਤਾਂ ਸੋਚਣ ਦਾ ਉੱਦਮ ਕਰਨਾ ਪੈਣਾ ਹੈ। ਜੋ, ਜੋ ਆਪ ਸਿੱਖ ਲਿਆ ਤੇ ਉਹ ਹੋਰਾਂ ਨੂੰ ਸਿਖਾਉਣ ਦਾ ਵੀ ਉਪਰਾਲਾ ਨਾਲੋ ਨਾਲ ਕਰੀਏ ਤਾਂ ਆਪ ਨਵਾਂ ਸਿੱਖਣ ਦੀ ਖੁਸ਼ੀ ਨਾਲੋਂ ਹੋਰਾਂ ਨੂੰ ਉਹੋ ਕੁੱਝ ਸਿਖਾ ਦੇਣ ਦੀ, ਜਾਂ ਯੁਗਤ ਦੱਸ ਦੇਣ ਦੀ ਖੁਸ਼ੀ ਆਪ ਸਿੱਖੇ ਨਾਲੋਂ ਕਈ ਗੁਣਾ ਜ਼ਿਆਦਾ ਹੋਵੇਗੀ।

ਸਿੱਖ ਇਤਿਹਾਸ ਵੱਲ ਜੇ ਝਾਤ ਮਾਰੀਏ ਤਾਂ ਸਾਫ ਦਿਸਦਾ ਹੈ ਕਿ ਇਸ ਦੀ ਬੁਨਿਆਦ ਹੀ ਕੁਰਬਾਨੀਆਂ ਰੂਪੀ ਇੱਟਾਂ 'ਤੇ ਧਰੀ ਹੋਈ ਹੈ। ਸਿੱਖ ਸੋਚਣੀ ਦੇ ਬੁਨਿਆਦੀ ਅਸੂਲ ਕਿਰਤ ਕਰੋ, ਵੰਡ ਛਕੋ, ਅਤੇ ਨਾਮ ਜਪੋ ਦੇ ਧੁਰੇ ਦੁਆਲੇ ਘੁੰਮਦੇ ਹਨ। ਇਹ ਆਸ਼ੇ ਪ੍ਰਾਪਤ ਕਰਨ ਲਈ ਕੋਈ ਬਹੁਤ ਵੱਡਾ ਖੜਯੰਤਰ ਰਚਣ ਦੀ ਲੋੜ ਨਹੀਂ ਬਲਕਿ ਇਨ੍ਹਾਂ ਨੂੰ ਆਪਣੇ ਰੋਜ਼ਾਨਾ ਜੀਵਨ ਦੇ ਵਿਚਰਨ ਦੇ ਖਾਕੇ 'ਚ ਪ੍ਰਮੁੱਖਤਾ ਨਾਲ ਥਾਂ ਦੇਣ ਦੀ ਲੋੜ ਹੈ। ਸਿੱਖੀ ਪਹਿਰਾਵੇ 'ਚ, ਸਿੱਖ ਸਿਧਾਂਤਾਂ ਦੇ ਉਲਟ ਵਿਚਰਨਾ ਹੋਰਾਂ ਲਈ ਗਲਤ ਪ੍ਰਭਾਵ ਛੱਡਦਾ ਹੈ। ਇੰਜ ਅਸੀਂ ਆਪਣੇ ਉਲਝੇ ਮਨ ਨੂੰ ਸੁਲਝਾਉਣ ਦੀ ਥਾਂ ਹੋਰਾਂ ਲਈ ਵੀ ਦੁਬਿਧਾ ਖੜ੍ਹੀ ਕਰਦੇ ਹਾਂ। ਗੁਰੂ ਸਹਿਬਾਨਾਂ ਨੇ ਸਾਨੂੰ ਜਿਨ੍ਹਾਂ ਦੁਬਿਧਾਵਾਂ ਅਤੇ ਉਲਝਣਾਂ 'ਚੋਂ ਕੱਢਿਆ ਸੀ, ਅੱਜ ਅਸੀਂ ਉਨ੍ਹਾਂ 'ਚ ਹੀ ਮੁੜ ਗ੍ਰਸਤ ਹੋ ਗਏ ਹਾਂ। ਬਾਣੀ ਤਾਂ ਹਾਕਾਂ ਮਾਰ ਮਾਰ ਕਹਿੰਦੀ ਹੈ।

"ਦੁਬਿਧਾ ਨ ਪੜਉ ਹਰਿ ਬਿਨੁ ਹੋਰਿ ਨ ਪੂਜਉ ਮੜੈ ਮਸਾਣਿ ਨ ਜਾਈ" (ਪੰਨਾ 634}

ਅੱਜ ਦੀ ਤੇਜ਼ ਤਰਾਰ ਜ਼ਿੰਦਗੀ 'ਚ ਧਾਰਮਿਕ ਸੰਸਥਾਵਾਂ, ਬਾਬਿਆਂ, ਡੇਰੇਦਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਦਾ ਵਪਾਰੀਕਰਨ ਕਰ ਦਿੱਤਾ ਹੈ। ਸੰਗੀਤ ਮਨ ਨੂੰ ਮੋਹਣ ਵਾਲੀ ਸ਼ੈਅ ਹੈ, ਇਸ ਦਾ ਪ੍ਰਭਾਵ ਅੰਤਰਰਾਸ਼ਟਰੀ ਹੈ। ਭਾਵੇਂ ਕਿਸੇ ਵੀ ਭਾਸ਼ਾ 'ਚ ਗਾਉਣ ਵਜਾਉਣ ਜੇ ਸੁਰਤਾਲ 'ਚ ਹੋ ਰਿਹਾ ਹੋਵੇ, ਭਾਸ਼ਾ ਭਾਵੇਂ ਨਾ ਵੀ ਸਮਝ ਪਏ ਤਾਂ ਵੀ ਸੁਰ ਤਾਲ ਦੀ ਧੁਨ ਤੁਹਾਨੂੰ ਮੁਗਧ ਕਰ ਦੇਵੇਗੀ। ਹਾਂ, ਜੇ ਕੀਰਤਨ ਹੋ ਰਿਹਾ ਹੋਵੇ, ਬਾਣੀ ਸੁਰ ਤਾਲ 'ਚ ਗਾਈ ਜਾ ਰਹੀ ਹੋਵੇ ਤਾਂ ਮਨ ਨੂੰ ਸਕੂਨ ਮਿਲਦਾ ਹੈ, ਮਨ ਸ਼ਾਂਤ ਹੁੰਦਾ ਹੈ, ਅੰਦਰੂਨੀ ਬਲ ਮਿਲਦਾ ਮਹਿਸੂਸ ਹੁੰਦਾ ਹੈ। ਭਾਵੇਂ ਉਹ ਬਾਣੀ ਰਾਗਾਂ 'ਚ ਗਾਇਨ ਹੋ ਰਹੀ ਹੋਵੇ ਜਾਂ ਸਿੱਧੀਆਂ ਧਾਰਨਾਵਾਂ 'ਚ। ਕੀਰਤਨ ਦਾ ਵੀ ਜਿਹੜਾ ਅੱਜ ਵਪਾਰ ਬਣ ਗਿਆ ਹੈ ਉਹ ਗੁਰੂ ਸਾਹਿਬਾਨ ਦੇ ਆਸ਼ੇ ਦੇ ਅਨੁਕੂਲ ਨਹੀਂ। ਬਾਬੇ ਥਾਂ ਥਾਂ ਆਪਣੇ ਆਪ ਨੂੰ ਗੁਰੂ ਸਾਹਿਬਾਨ ਸਮਾਨ ਗੁਰੂ ਬਣ ਕੇ ਬੈਠ ਗਏ ਹਨ। ਵਿੱਤੋਂ ਵਧੂ ਪ੍ਰਤਿਭਾ ਵਧਾ ਲਈ ਹੈ ਜਾਂ ਵਧ ਗਈ ਹੈ, ਲੋਕ ਅੰਨ੍ਹੇਵਾਹ ਵਹੀਰਾਂ ਘੱਤ ਮਗਰ ਤੁਰ ਪਏ ਹਨ; ਇੱਕਾ ਦੁੱਕਾ ਇਸ ਕਰਕੇ ਮਗਰ ਲੱਗ ਤੁਰੇ ਕਿ ਬਾਕੀ ਸਭ ਇਸ ਪਾਸੇ ਜਾ ਰਹੇ ਹਨ, ਤੇ ਅਕਸਰ ਉਹ ਕਰਾਮਾਤਾਂ ਤੇ ਝਟਪਟੀ ਮੁਸ਼ਕਲਾਂ ਹੱਲ ਕਰਨ ਦੇ ਦਾਅਵੇ ਜੋ ਕਰਦੇ ਹਨ। ਜੇ ਆਪਾਂ ਦਸਾਂ ਗੁਰੂ ਸਾਹਿਬਾਨ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਕਿਧਰੇ ਵੀ ਕਿਸੇ ਕਰਾਮਾਤ ਦੀ ਗੱਲ ਉਨ੍ਹਾਂ ਨਹੀਂ ਕੀਤੀ। ਆਪਣੀ ਜ਼ਿੰਦਗੀ 'ਚ ਆਉਂਦੇ ਉਤਰਾਅ ਚੜ੍ਹਾਅ ਨੂੰ ਖਿੜੇ ਮੱਥੇ ਸਾਹਮਣਾ ਕੀਤਾ ਤੇ ਵੰਗਾਰ ਨਾਲ ਨਜਿੱਠਿਆ। ਪੰਚਮ ਪਾਤਸ਼ਾਹ ਤੱਤੀ ਤਵੀ 'ਤੇ ਬੈਠੇ, ਸਾਨੂੰ ਦਿਖਾ ਦਿੱਤਾ ਕਿ ਸੱਚ ਅਤੇ ਅਸੂਲ 'ਤੇ ਪਹਿਰਾ ਦੇਣਾ ਅਸੱਤ ਦੇ ਕੂੜ ਕਬਾੜ 'ਚ ਉਲਝੇ ਰਹਿਣ ਨਾਲੋਂ ਬਿਹਤਰ ਹੈ ਭਾਵੇਂ ਸਰੀਰਕ ਕਸ਼ਟ ਕਿੰਨੇ ਵੀ ਕਿਉਂ ਨਾ ਝੱਲਣੇ ਪੈਣ। ਦਸਵੇਂ ਪਾਤਸ਼ਾਹ ਆਪਣਾ ਸਰਬੰਸ ਵਾਰ ਦਿੱਤਾ, ਕਿਤੇ ਵੀ ਅਸੂਲ ਨਾਲ ਸਮਝੌਤਾ ਨਹੀਂ ਕੀਤਾ। ਅਣਖ ਨਾਲ ਸਾਨੂੰ ਜਿਊਣਾ ਸਿਖਾਇਆ, ਬਰਾਬਰੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਜਾਤਪਾਤ ਦੇ ਕੋਹੜ ਨੂੰ ਵੱਢਿਆ। ਪੰਜ ਪਿਆਰਿਆਂ ਦੀ ਸਾਜਨਾ ਇਸ ਗੱਲ ਦਾ ਪ੍ਰਤੱਖ ਪਰਮਾਣ ਹੈ। ਪਰ ਅੱਜ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਆਪਣੇ ਆਪ ਨੂੰ ਗੁਰੂ ਦੇ ਸਿੱਖ ਅਖਵਾਉਂਦੇ ਹੋਏ, ਸਿੱਖੀ ਬਾਣੇ 'ਚ ਜਾਤ-ਪਾਤ ਦੇ ਆਧਾਰ 'ਤੇ ਵੱਖੋ ਵੱਖਰੇ ਗੁਰਦੁਆਰੇ ਬਣਾ ਕੇ, ਸਿੱਖੀ ਸਿਧਾਂਤਾਂ ਦੇ ਉਲਟ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਪਾਰੀਕਰਨ ਕਰਨ ਦੇ ਰਾਹ ਪਏ ਹੋਏ ਹਾਂ। ਆਪਣੀ ਹਉਮੈ ਅਤੇ ਜਾਤ ਪਾਤ ਦੀ ਉਚ ਨੀਚਤਾ ਦੇ ਆਧਾਰ 'ਤੇ ਵਿਚਰਦੇ ਕੀ ਗੁਰੂਆਂ ਦੇ ਦਰਸਾਏ ਰਾਹ 'ਤੇ ਚੱਲਣ ਦੀ ਬਜਾਏ ਕੁਰਾਹੇ ਨਹੀਂ ਪਏ ਹੋਏ? ਜੇ ਇਹ ਕੁਰਾਹੇ ਚੱਲਣ ਦਾ ਰੁਝਾਨ ਇਵੇਂ ਹੀ ਰਿਹਾ ਤਾਂ ਆਮ ਸਿੱਖ ਵੀ ਇਉਂ ਨਾ ਬੇਵੱਸ ਹੋ ਜਾਏ ਜਿਵੇਂ ਭਗਤ ਨਾਮਦੇਵ ਜੀ ਜ਼ਿਕਰ ਕਰਦੇ ਹਨ।

"ਹਿੰਦੂ ਅੰਨਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥-(ਪੰਨਾ 874, 875)



ਜੇ ਇਹ ਵਪਾਰੀਕਰਨ ਦਾ ਸਿਲਸਿਲਾ ਇਉਂ ਹੀ ਜਾਰੀ ਰਿਹਾ ਤਾਂ ਆਖਿਰ ਇਸ ਤੋਂ ਅੱਕ ਕੇ ਸਿੱਖਾਂ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਤੇ ਉਸ ਦੇ ਆਧਾਰ 'ਤੇ ਜੀਵਨ ਜਿਉਣ ਦੀਆਂ ਦਿੱਤੀਆਂ ਸੇਧਾਂ ਦੇ ਸਨਮੁੱਖ ਇਸ ਧਾਰਮਿਕ ਵਪਾਰ ਦੀ ਜਕੜ 'ਚੋਂ ਨਿਕਲਣ 'ਚ ਹੀ ਭਲਾ ਹੋਊ। ਗੁਰੂਆਂ ਦੀਆਂ ਕੁਰਬਾਨੀਆਂ ਅਤੇ ਸਿੱਖ ਇਤਿਹਾਸ, ਜੋ ਭਰਪੂਰ ਸ਼ਹਾਦਤਾਂ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ, ਨੂੰ ਨਜ਼ਰ ਅੰਦਾਜ਼ ਕਰ, ਅੱਜ ਆਪਣੇ ਆਪ ਨੂੰ ਸਿੱਖੀ ਦੇ ਮੁੱਦਈ ਅਖਵਾਉਂਦੇ ਵਿਅਕਤੀ ਅਤੇ ਅਦਾਰੇ, ਉਸ ਇਤਿਹਾਸ ਅਤੇ ਕੁਰਬਾਨੀਆਂ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹੋਏ; ਆਪਣੀ ਪ੍ਰਤਿਭਾ ਅਤੇ ਗੋਲਕ ਵਧਾਉਣ 'ਚ ਹੀ ਗ੍ਰਸਤ ਹਨ। ਆਮ ਸਿੱਖ ਸ਼ਰਧਾਲੂ ਐਸਾ ਉਲਝਿਆ ਪਿਆ ਹੈ ਕਿ ਉਸ ਨੂੰ ਕੁੱਝ ਪਤਾ ਹੀ ਨਹੀਂ ਲਗਦਾ ਕਿ ਕੀ ਕਰੇ ਅਤੇ ਕਿਸ ਪਾਸੇ ਜਾਵੇ ਜਿੱਧਰੋਂ ਉਸ ਨੂੰ ਸਕੂਨ, ਅੰਤਰ ਗਿਆਨ ਅਤੇ ਸੇਧ ਮਿਲ ਸਕੇ।

ਸਿੱਖਾਂ ਦੀ ਭਟਕਣ ਦਾ ਬਹੁਤਾ ਕਾਰਨ, ਬਹੁਤਿਆਂ ਵਿਚੋਂ ਇੱਕ ਇਹ ਵੀ ਹੈ ਕਿ ਅਸੀਂ ਬਾਣੀ ਪੜ੍ਹ ਕੇ ਆਪ ਉਸ ਦੇ ਸਿਧਾਂਤਾਂ 'ਤੇ ਚੱਲਣ ਨਾਲੋਂ ਵਪਾਰੀਕਰਨ ਵਲ ਧੂਹ ਹੋਈ ਜਾ ਰਹੇ ਹਾਂ ਤਾਂ ਕਿ ਜ਼ਿੰਦਗੀ ਦੀਆਂ ਰੋਜ਼ਾਨਾ ਆ ਰਹੀਆਂ ਔਖਿਆਈਆਂ ਅਤੇ ਮੁਸੀਬਤਾਂ ਦਾ ਹੱਲ ਇਨ੍ਹਾਂ ਵਪਾਰੀਕਰਨ ਅਧੀਨ ਚੱਲ ਰਹੀਆਂ ਸੰਸਥਾਵਾਂ ਅਤੇ ਡੇਰਿਆਂ ਤੋਂ ਹੀ ਹੋਣਾ ਹੈ; ਅਤੇ ਇਨ੍ਹਾਂ ਦੀ ਵਿਚੋਲਗੀ ਨਾਲ ਹੀ ਉਨ੍ਹਾਂ ਨੂੰ ਮੁਕਤੀ ਮਿਲਣੀ ਹੈ। ਇਹ ਸਾਡੇ ਆਤਮ ਵਿਸ਼ਵਾਸ ਦੇ ਘਾਟ ਦੀ ਨਿਸ਼ਾਨੀ ਹੈ। ਕਿਉਂ ਨਹੀਂ ਬਾਣੀ ਦੇ ਇਸ ਕਥਨ 'ਤੇ ਓਟ ਧਰਦੇ:

"ਬਾਹਰਿ ਢੂਢਨ ਤੇ ਛੂਟ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ" ਪੰਨਾ-1002

ਵਿਗਿਆਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਮਾਂ ਦੇ ਪੇਟ ਅੰਦਰ ਬੱਚੇ ਦਾ ਜੀਵਨ ਪੁੰਗਰਦਾ ਹੈ ਤਾਂ ਉਸ ਤੋਂ ਪਹਿਲਾਂ ਕਰੋੜਾਂ ਹੀ ਸ਼ੁਕਰਾਣੂ (ਸਪਰਮ) ਮਾਂ ਦੇ ਪੇਟ 'ਚ ਇੱਕ ਅੰਡੇ 'ਚ ਦਾਖਲ ਹੋਣ ਲਈ ਜੱਦੋ-ਜਹਿਦ ਕਰਦੇ ਹਨ ਤੇ ਸਿਰਫ ਇਕ ਹੀ ਉਨ੍ਹਾਂ ਕਰੋੜਾਂ ਸ਼ੁਕਰਾਣੂਆਂ 'ਚੋਂ ਅੰਡੇ 'ਚ ਪਰਵੇਸ਼ ਕਰਦਾ ਹੈ ਤੇ ਜਿਸ ਦੀ ਬਦੌਲਤ ਬੱਚਾ ਮਾਂ ਦੇ ਪੇਟ 'ਚ ਪਲਦਾ ਹੈ ਤੇ ਮਗਰੋਂ ਜਨਮ ਲੈ ਕੇ ਇਸ ਦੁਨੀਆਂ 'ਚ ਪਹੁੰਚਦਾ ਹੈ। ਇਸ ਜਨਮ ਨੂੰ ਪਾ ਕੇ, ਜੋ ਨਿਕਲੀ ਲਾਟਰੀ ਨਾਲੋਂ ਵੀ ਮਹੱਤਵਪੂਰਨ ਹੈ, ਜੇ ਅਸੀਂ ਇਸ ਦੀ ਕਦਰ ਕਰਨ ਤੇ ਇਸ ਦੀ ਅਹਿਮੀਅਤ ਨੂੰ ਨਾ ਸਮਝਦੇ ਹੋਏ ਉਲਝੇ ਫਿਰੀਏ ਅਤੇ ਆਪਣੇ ਇਸ ਵਡਮੁੱਲੇ ਮਨੁੱਖੀ ਜੀਵਨ ਨੂੰ ਧਨ ਪਦਾਰਥ ਇਕੱਠਾ ਕਰਨ ਦੀ ਦੌੜ 'ਚ ਹੀ ਜਾਇਆ ਕਰ ਦੇਈਏ ਤਾਂ ਇਹ ਸਾਡੀ ਅਕ੍ਰਿਤਘਣਤਾ ਹੈ। ਭਗਤ ਕਬੀਰ ਜੀ ਕਹਿੰਦੇ ਹਨ:

"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ 30॥ ਪੰਨਾ-1366

ਪਿਛਲੇ ਦਿਨੀਂ ਮੇਰੇ ਇੱਕ ਬਹੁਤ ਪਿਆਰੇ ਸਨੇਹੀ ਦਾ ਇੰਗਲੈਂਡ ਤੋਂ ਫੋਨ ਆਇਆ। ਗੱਲਾਂ ਬਾਤਾਂ ਦੌਰਾਨ ਮੈਨੂੰ ਦੱਸਣ ਲੱਗੇ ਕਿ ਇੱਥੇ ਇੱਕ ਗੁਰਦੁਆਰਾ ਸਾਹਿਬ 'ਚ ਮਰਯਾਦਾ ਹੈ ਕਿ ਪਾਠ ਵੀ ਅੰਮ੍ਰਿਤਧਾਰੀਆਂ ਨੇ ਕਰਨਾ ਹੈ, ਲੰਗਰ ਵੀ ਉਨ੍ਹਾਂ ਹੀ ਬਣਾਉਣਾ ਹੈ, ਵਰਤਾਉਣਾ ਵੀ ਉਨ੍ਹਾਂ ਹੈ ਅਤੇ ਬਰਤਨ ਵੀ ਉਨ੍ਹਾਂ ਹੀ ਸਾਫ ਕਰਨੇ ਹਨ। ਜਿਸ ਨੇ ਅੰਮ੍ਰਿਤ ਪਾਨ ਨਹੀਂ ਕੀਤਾ ਉਹ ਇਨ੍ਹਾਂ ਸੇਵਾਵਾਂ 'ਚ ਹਿੱਸਾ ਨਹੀਂ ਲੈ ਸਕਦਾ। ਇੱਕ ਦਿਨ ਗੱਲ ਇਉਂ ਹੋਈ ਕਿ ਕਿਸੇ ਸਮਾਗਮ 'ਤੇ ਇਕੱਠ ਕੁੱਝ ਜ਼ਿਆਦਾ ਸੀ, ਉੱਪਰ ਦੱਸੀਆਂ ਸਾਰੀਆਂ ਸੇਵਾਵਾਂ ਨਿਭਾਉਣ ਲਈ ਅੰਮ੍ਰਿਤਧਾਰੀ ਸੇਵਾਦਾਰਾਂ ਦੀ ਕਿੱਲਤ ਸੀ ਤੇ ਇੰਜ ਸਾਰੀਆਂ ਸੇਵਾਵਾਂ ਨਿਭਾਉਣ 'ਚ ਕਾਫੀ ਦਿੱਕਤ ਆ ਰਹੀ ਸੀ। ਕਿਸੇ ਸਹਿਯੋਗੀ ਨੇ ਸੁਝਾਅ ਦਿੱਤਾ ਕਿ ਔਹ ਸੰਗਤ 'ਚ ਬੈਠੇ ਜੋ ਬੀਬੀਆਂ ਅਤੇ ਭਾਈ ਹਨ ਉਹ ਵੀ ਅੰਮ੍ਰਿਤਧਾਰੀ ਹਨ ਕਿਉਂ ਨਾ ਉਨ੍ਹਾਂ ਨੂੰ ਸੇਵਾ 'ਚ ਸਹਿਯੋਗ ਲਈ ਬੁਲਾ ਲਈਏ? ਤਾਂ ਸੇਵਾ ਕਰਦੇ ਵਿਚੋਂ ਦੋ ਬੀਬੀਆਂ ਅਤੇ ਇੱਕ ਭਾਈ ਬੁੜ੍ਹਕ ਉੱਠੇ ਤੇ ਕਹਿੰਦੇ ਉਨ੍ਹਾਂ ਨੂੰ ਨਾ ਸੱਦਿਓ ਸਾਡੀ ਉਨ੍ਹਾਂ ਨਾਲ ਬਣਨੀ ਨਹੀਂ, ਇੱਥੇ ਫਸਾਦ ਖੜ੍ਹਾ ਹੋ ਜਾਊ। ਅੱਗੋਂ ਹੋਰ ਤਾਕੀਦ ਕਰਤੀ ਕਿ ਜੇ ਉਹ ਆ ਗਏ ਤਾਂ ਅਸੀਂ ਨਹੀਂ ਸੇਵਾ ਕਰਨੀ। ਇਹ ਸੁਣ ਕੇ ਮੈਂ ਵੀ ਹੱਸਿਆ ਅਤੇ ਉਹ ਵੀ ਪਰ ਨਾਲ ਹੀ ਖੇਦ ਵੀ ਹੋਇਆ। ਹੁਣ ਇਹ ਪੜ੍ਹ ਕੇ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਜੇ ਗੁਰੂ ਦੇ ਅੰਮ੍ਰਿਤਧਾਰੀ ਸਿੱਖਾਂ ਅੰਦਰ ਵੀ ਇਹੀ ਈਰਖਾ, ਦਵੈਤ, ਤੇ ਵਿਤਕਰਾ ਹੈ ਤਾਂ ਕੀ ਇਹ ਗੁਰੂ ਨੂੰ ਮਨਜ਼ੂਰ ਹੈ ਜਿਸਦੇ ਉਹ ਆਪਣੇ ਆਪ ਨੂੰ ਮੂਹਰਲੀ ਕਤਾਰ ਦੇ ਸਿੱਖ ਅਖਵਾਉਂਦੇ ਹਨ? ਅਸੀ ਸਿੱਖ ਬਾਣਾ ਪਾ ਕੇ ਵੀ ਕਿਹੜੀਆਂ ਕੁਵਿਧੀਆਂ 'ਚ ਉਲਝੇ ਹੋਏ ਹਾਂ। ਹਾਂ, ਇਸ ਦਾ ਭਾਵ ਇਹ ਵੀ ਨਹੀਂ ਲੈ ਲੈਣਾ ਚਾਹੀਦਾ ਕਿ ਸਾਰੇ ਹੀ ਇਉਂ ਕਰਦੇ ਹਨ। ਭਗਤ ਕਬੀਰ ਜੀ ਦੇ ਸਲੋਕ ਹਨ।

"ਕਬੀਰ ਮਨੁ ਮੂੰਡਿਆ ਨਹੀਂ ਕੇਸ ਮੁੰਡਾਏ ਕਾਂਇ॥ ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥101॥" ਪੰਨਾ-1369

"ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥ ਭਾਵੈ ਲਾਂਬੇ ਕੇਸ ਕਰ ਭਾਵੈ ਘਰਰਿ ਮੁਡਾਇ॥25॥" ਪੰਨਾ-1365

ਇਸ ਲਿਖਤ 'ਚ ਲਿਖੀਆਂ ਬਾਣੀ ਦੀਆਂ ਕੁੱਝ ਪੰਕਤੀਆਂ ਵਲ ਹੀ ਜੇ ਅਸੀਂ ਗਹੁ ਨਾਲ ਧਿਆਨ ਦੇਈਏ ਤਾਂ ਮਨ 'ਚ ਉਮੜ ਰਹੀਆਂ ਬਹੁਤ ਸਾਰੀਆਂ ਦੁਵਿਧਾਵਾਂ ਅਤੇ ਉਲਝਣਾਂ ਤੋਂ ਰਾਹਤ ਮਿਲ ਸਕਦੀ ਹੈ।

---

**ਮਿਨੀ ਕਹਾਣੀ**

# ਬੀਜੀ


**ਮੂਲ : ਯਸ਼ੋਧਰਾ ਭਟਨਾਗਰ**
*** ਅਨੁ : ਪ੍ਰੋ. ਨਵ ਸੰਗੀਤ ਸਿੰਘ**


ਜੇਠ ਦੀ ਤਪਸ਼ ਨਾਲ ਤਪੀ ਧਰਤੀ ਅੱਗ ਵਰ੍ਹਾ ਰਹੀ ਸੀ। ਸੰਨਾਟਾ ਛਾਇਆ ਹੋਇਆ ਸੀ। ਸਿਰ 'ਤੇ ਪਰਨਾ ਵਲ੍ਹੇਟੀ ਇੱਕਾ-ਦੁੱਕਾ ਹਿੰਮਤੀ ਬੰਦੇ ਹੀ ਇਸ ਦੁਪਹਿਰ ਵਿਚ ਖਰੀਦਦਾਰੀ ਕਰਨ ਨਿਕਲੇ ਸਨ।

ਚੁੰਨੀ ਨਾਲ ਮੁੜ੍ਹਕਾ ਪੂੰਝ ਬੀਜੀ ਨੇ ਛੋਟੇ ਪੱਖੇ ਦਾ ਮੂੰਹ ਆਪਣੇ ਵੱਲ ਘੁਮਾਇਆ, ਕੁਝ ਚੈਨ ਮਿਲਿਆ। ਤਿੱਖੀ ਧੁੱਪ ਵਿਚ ਝੁਰੜੀਆਂ ਵਾਲੀਆਂ ਅੱਖਾਂ ਕੁਝ ਹੋਰ ਸੁੰਗੜ ਗਈਆਂ।

ਪਤਾ ਨਹੀਂ ਗਰਮੀ ਦੀ ਤਪਸ਼ ਨਾਲ ਜਾਂ ਕਿਸਮਤ ਦੀ ਬੇਰੁਖੀ ਨਾਲ।

ਸਾਹਮਣੇ ਐਲੂਮੀਨੀਅਮ ਦੀ ਸ਼ੀਟ ਵਾਲੇ ਲੱਕੜ ਦੇ ਮੇਜ਼ 'ਤੇ ਐਵੇਂ ਹੀ ਗਿੱਲਾ ਪੋਚਾ ਫੇਰ ਦਿੱਤਾ।

ਕਾਸ਼! ਆਪਣੇ ਹੱਥ ਦੀਆਂ ਰੇਖਾਵਾਂ ਵੀ ਉਹ ਇਉਂ ਹੀ ਪੂੰਝ ਸਕਦੀ। ਸੁੰਗੜੀਆਂ ਹੋਈਆਂ ਅੱਖਾਂ ਇੱਕ ਲਾਈਨ ਜਿਹੀ ਰਹਿ ਗਈਆਂ... ਮੰਟੂ ਚਾਰ ਸਾਲ ਦਾ ਹੀ ਤਾਂ ਸੀ, ਜਦੋਂ ਸੁਖਵਿੰਦਰ ਪੂਰੀ ਗ੍ਰਹਿਸਥੀ ਉਹਦੇ ਭਰੋਸੇ ਛੱਡ ਕੇ ਇਕ ਰਾਤ ਛਾਤੀ ਵਿਚ ਦਰਦ ਕਾਰਨ ਹਮੇਸ਼ਾ ਵਾਸਤੇ ਦੂਰ ਚਲਾ ਗਿਆ ਅਤੇ ਮੰਟੂ...! ਨਹੀਂ! ਨਹੀਂ! ਉਹ ਖੂਨੀ ਦ੍ਰਿਸ਼ ਉਹਨੂੰ ਦਿਨ-ਰਾਤ...ਮੰਟੂ ਦਾ ਪੱਚੀਵਾਂ ਜਨਮ ਦਿਨ ਅਤੇ ਉਹ ਫਿਰਕੂ ਭੀੜ! ਇੱਕ ਸ਼ੋਰ! ਫਿਰ ਸਭ ਕੁਝ ਖਾਮੋਸ਼ੀ ਵਿਚ ਬਦਲ ਗਿਆ। ਰਹਿ ਗਈ ਇਕੱਲਤਾ! ਅਤੇ ਦੋ ਵਕਤ ਦੀ ਰੋਟੀ ਕਮਾਉਣ ਦੀ ਮਜਬੂਰੀ!

ਬੇਬਸ ਬੀਜੀ ਘਰ ਦੀ ਡਿਉਢੀ ਲੰਘ ਇਸ ਗੁੰਮਟੀ ਤੱਕ ਪਹੁੰਚ ਗਈ ਅਤੇ ਗਰਮੀ ਨਾਲ ਬੇਹਾਲ ਲੋਕਾਂ ਨੂੰ ਤਾਜ਼ੇ ਜੂਸ ਨਾਲ ਤ੍ਰਿਪਤ ਕਰਨ ਲੱਗੀ। ਅੱਜ ਉਹ ਸਿਰਫ਼ ਮੰਟੂ ਦੀ ਬੀਜੀ ਨਹੀਂ, ਸਭ ਦੀ ਬੀਜੀ ਬਣ ਗਈ।

ਲੰਮੇ ਸੰਘਰਸ਼ ਦੀ ਕਹਾਣੀ ਛੁਪਾਈ ਇਕ ਮੁਸਕਾਨ। ਪਰ ਮੁਸਕਾਨ ਵਿਚ ਛੁਪਿਆ ਦਰਦ ਕਦੇ-ਕਦੇ ਅੱਖਾਂ ਦੇ ਰਸਤੇ ਵਹਿ ਤੁਰਦਾ। ਫਿਰ ਵੀ ਬੀਜੀ ਸਭ ਨਾਲ ਹੱਸਦੀ-ਬੋਲਦੀ ਅਤੇ ਸਭ ਦੇ ਦੁੱਖ-ਸੁਖ ਵਿਚ ਸ਼ਾਮਲ ਹੁੰਦੀ। ਕਿੰਨੀ ਅਪਣੱਤ, ਪ੍ਰੇਮ ਨਾਲ ਭਰੀ ਹੈ ਉਹਦੀ ਬੋਲੀ।

ਛੋਟੀ ਜਿਹੀ ਸਾਫ਼-ਸੁਥਰੀ ਗੁੰਮਟੀ ਤੇ ਗਾਹਕਾਂ ਦੀ ਲੰਮੀ ਲਾਈਨ, ਜਿਸ ਵਿਚ ਕੋਈ ਉਹਦਾ ਪੁੱਤਰ, ਕੋਈ ਨੂੰਹ ਤੇ ਕੋਈ ਧੀ...।

"ਬੀਜੀ, ਚਾਰ ਗਲਾਸ ਔਰੈਂਜ ਜੂਸ", ਅਤੇ ਉਹਦੇ ਹੱਥ ਮਸ਼ੀਨ 'ਤੇ ਘੁੰਮਣ ਲੱਗੇ, ਕੁਝ ਹੀ ਦੇਰ ਵਿਚ ਚਮਕਦੇ ਗਲਾਸਾਂ ਵਿਚ ਤਾਜ਼ਾ ਔਰੈਂਜ ਜੂਸ।

"ਮਾਰੋ! ਮਾਰੋ! ਸਾਲੇ ਨੂੰ!" ਸਾਹਮਣੇ ਸੜਕ 'ਤੇ ਕੁਝ ਨਾਅਰੇ! ਉੱਚੀਆਂ ਆਵਾਜ਼ਾਂ! "ਹਾਏ ਨੀ! ਨਾ ਮਾਰੋ! ਨਾ ਮਾਰੋ ਮੇਰੇ ਮੁੰਡੇ ਨੂੰ!" ਸਾਹੋ-ਸਾਹ ਹੋਈ ਬੀਜੀ ਖੂਨ ਦੀਆਂ ਪਿਆਸੀਆਂ ਤਲਵਾਰਾਂ ਦੇ ਚੱਕਰਵਿਊ ਨੂੰ ਚੀਰ ਕੇ ਭੀੜ ਵਿਚ ਵੜ ਗਈ। "ਪੁੱਤਰ! ਮੇਰੇ ਬੱਚੇ! ਇਸ ਵਾਰ ਮੈਂ ਤੈਨੂੰ ਨਹੀਂ ਜਾਣ ਦਿਆਂਗੀ।"

ਬੀਜੀ ਨੇ ਉਸ ਯੁਵਕ ਨੂੰ ਛਾਤੀ ਨਾਲ ਚਿਪਕਾ ਲਿਆ। ਅਤੇ ਖੁਦ ਲਹੂ-ਤਿਹਾਈਆਂ ਤਲਵਾਰਾਂ ਦੇ ਵਾਰ ਸਹਿੰਦੀ ਰਹੀ।

ਅਚਾਨਕ ਕਾਲੀ ਸੜਕ ਲਾਲ ਹੋ ਗਈ। ਸ਼ਾਇਦ ਭੀੜ ਦਾ ਜੋਸ਼ ਕੁਝ ਘਟ ਗਿਆ ਜਾਂ ਲਹੂ ਦੀ ਪਿਆਸ ਬੁਝ ਗਈ।

"ਬੀਜੀ! ਬੀਜੀ!" ਯੁਵਕ ਬੁੜਬੁੜਾਇਆ... ਅਚੇਤ ਬੀਜੀ ਦੀ ਧੌਣ ਇੱਕ ਪਾਸੇ ਡਿੱਗ ਪਈ। ਪਰ ਉਨ੍ਹਾਂ ਦੇ ਸ਼ਾਂਤ ਚਿਹਰੇ 'ਤੇ ਇੱਕ ਸੰਤੁਸ਼ਟ ਮੁਸਕਾਨ... ਆਪਣੇ ਪੁੱਤਰ ਨੂੰ ਮਿਲਣ ਦੀ ਆਸ ਜਾਂ ਕਿਸੇ ਮਾਂ ਦੇ ਪੁੱਤਰ ਦੀ ਜਾਨ ਬਚਾਉਣ ਦੀ ਤਸੱਲੀ!

# ਪੰਜਾਬ ਦੀ ਧਰਾਤਲ ਤੇ ਦਰਿਆ



ਹਿਮਾਚਲ ਪ੍ਰਦੇਸ਼ ਵਿਚ ਵਗਦੇ ਸਤਲੁਜ ਦਰਿਆ ਦਾ ਇਕ ਨਜ਼ਾਰਾ।

***ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਦੇ ਖਿੱਤੇ ਨੂੰ ਪ੍ਰਾਚੀਨ ਕਾਲ ਵਿਚ ਸਪਤ ਸਿੰਧੂ ਕਿਹਾ ਜਾਂਦਾ ਸੀ ਜਿਸ ਦਾ ਭਾਵ ਹੈ ਸੱਤ ਦਰਿਆਵਾਂ ਦੀ ਧਰਤੀ। ਇਸ ਦੇ ਆਲੇ-ਦੁਆਲੇ ਹੀ ਸਿੰਧੂ ਘਾਟੀ ਅਤੇ ਹੜੱਪਾ ਸੱਭਿਅਤਾਵਾਂ ਵਿਕਸਿਤ ਹੋਈਆਂ। ਵੇਦਾਂ, ਪੁਰਾਣਾਂ ਅਤੇ ਕਈ ਮਹਾਕਾਵਿ ਵਿਚ ਪੰਜਾਬ ਨੂੰ ਪੰਚਨਦ ਭਾਵ ਪੰਜ ਦਰਿਆਵਾਂ ਦੀ ਧਰਤ ਕਿਹਾ ਗਿਆ। ਇਸ ਖਿੱਤੇ ਨੂੰ ਉਤਰਾਪਥ ਜਾਂ ਉਦੀਚਯ ਵੀ ਕਿਹਾ ਗਿਆ। ਉੱਤਰੀ ਪੱਖ 'ਚ ਸਿੰਧ ਅਤੇ ਗੰਗਾ ਦਰਿਆਵਾਂ ਦੇ ਦੋ ਮੈਦਾਨ ਹਨ। ਇਨ੍ਹਾਂ ਮੈਦਾਨਾਂ ਨੂੰ ਹਿਮਾਲੇ ਵਿਚੋਂ ਨਿਕਲਦੇ ਦਰਿਆ ਸਿੰਜਦੇ ਹਨ। ਪੰਜਾਬ ਵਿਚਲੇ ਦਰਿਆਵਾਂ ਦੇ ਵਹਿਣ ਦੱਖਣ ਪੱਛਮ ਵੱਲ ਹਨ ਅਤੇ ਗੰਗਾ ਦੇ ਮੈਦਾਨ ਦੇ ਦਰਿਆਵਾਂ ਦੇ ਵਹਾਅ ਦੱਖਣ ਪੂਰਬ ਵੱਲ।***

ਪੰਜਾਬ ਆਰੰਭ ਤੋਂ ਹੀ ਨਾ ਤਾਂ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਭੌਤਿਕ ਅਤੇ ਭੂਗੋਲਿਕ ਦ੍ਰਿਸ਼ਟੀ ਤੋਂ ਇਕਸਾਰ ਤੇ ਇਕਜੁੱਟ ਰਿਹਾ ਹੈ ਅਤੇ ਨਾ ਹੀ ਇਕਰੂਪ। ਵੱਖ-ਵੱਖ ਦੌਰਾਂ ਨੇ ਇਸ ਦੇ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਮਾਨਸਿਕ ਅਤੇ ਮਾਨਵੀ ਆਯਾਮ ਉਸਾਰੇ। ਇਸ ਦੇ ਨਾਲ ਹੀ ਭੌਤਿਕ, ਭੂਗੋਲਿਕ ਅਤੇ ਧਰਾਤਲੀ ਬਦਲਾਵਾਂ ਨੇ ਇਸ ਦੇ ਸਹਿਜ, ਸੁਭਾਅ, ਸੋਚ, ਰਹਿਤਲ ਅਤੇ ਜੀਵਨ ਢੰਗ ਤੇ ਸ਼ੈਲੀ ਨੂੰ ਘੜਿਆ।

ਪੰਜਾਬ ਦੀ ਉੱਤਰੀ ਹੱਦ ਦੇ ਨਾਲ ਨਾਲ ਹਿਮਾਲਾ ਪਹਾੜ ਸਥਿਤ ਹੈ ਜੋ ਇਸ ਨੂੰ ਕਸ਼ਮੀਰ ਤੋਂ ਅੱਡ ਕਰਦਾ ਹੈ। ਇਸ ਦੇ ਪੱਛਮ ਅਤੇ ਉੱਤਰ-ਪੱਛਮ ਵਿਚ ਅਫ਼ਗਾਨਿਸਤਾਨ ਹੈ ਜਿਸ ਨਾਲੋਂ ਇਹ ਸੁਲੇਮਾਨ ਪਹਾੜਾਂ ਰਾਹੀਂ ਵੱਖਰਾ ਹੁੰਦਾ ਹੈ। ਇਸ ਦੀ ਦੱਖਣੀ ਹੱਦ ਰਾਜਪੂਤਾਨੇ ਦੇ ਜੰਗਲਾਂ ਨੂੰ ਛੂੰਹਦੀ ਹੈ। ਭੂਗੋਲਿਕ ਪੱਖੋਂ ਪੰਜਾਬ ਦੀ ਪੂਰਬੀ ਹੱਦ ਨਿਸ਼ਚਿਤ ਨਹੀਂ ਪਰ ਕਰਨਾਲ ਨੇੜਿਓਂ ਉਸ ਥਾਂ ਤੋਂ ਜਿੱਥੋਂ ਯਮੁਨਾ ਦੱਖਣ-ਪੂਰਬ ਵੱਲ ਮੁੜਦੀ ਹੈ, ਪੰਜਨਦ ਤੱਕ ਦੰਦੇਦਾਰ ਰੇਖਾ ਖਿੱਚੀਂਦੀ ਹੈ ਜੋ ਭਾਰਤ ਦੇ ਬਾਕੀ ਹਿੱਸੇ ਅਤੇ ਸਿੰਧ ਦੇ ਮਾਰੂਥਲ ਤੋਂ ਪੰਜਾਬ ਦੀ ਜ਼ਮੀਨੀ ਹੱਦਬੰਦੀ ਕਰਦੀ ਹੈ।

ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਦੇ ਖਿੱਤੇ ਨੂੰ ਪ੍ਰਾਚੀਨ ਕਾਲ ਵਿਚ ਸਪਤਸਿੰਧੂ ਕਿਹਾ ਜਾਂਦਾ ਸੀ ਜਿਸ ਦਾ ਭਾਵ ਹੈ ਸੱਤ ਦਰਿਆਵਾਂ ਦੀ ਧਰਤੀ। ਇਸ ਦੇ ਆਲੇ-ਦੁਆਲੇ ਹੀ ਸਿੰਧੂ ਘਾਟੀ ਅਤੇ ਹੜੱਪਾ ਸੱਭਿਅਤਾਵਾਂ ਵਿਕਸਿਤ ਹੋਈਆਂ। ਵੇਦਾਂ, ਪੁਰਾਣਾਂ ਅਤੇ ਕਈ ਮਹਾਕਾਵਿ ਵਿਚ ਪੰਜਾਬ ਨੂੰ ਪੰਚਨਦ ਭਾਵ ਪੰਜ ਦਰਿਆਵਾਂ ਦੀ ਧਰਤ ਕਿਹਾ ਗਿਆ। ਇਸ ਖਿੱਤੇ ਨੂੰ



**ਮਨਮੋਹਨ**
ਫੋਨ: +91-82839-48811

ਉਤਰਾਪਥ ਜਾਂ ਉਦੀਚਯ ਵੀ ਕਿਹਾ ਗਿਆ। ਉੱਤਰੀ ਪੱਖ 'ਚ ਸਿੰਧ ਅਤੇ ਗੰਗਾ ਦਰਿਆਵਾਂ ਦੇ ਦੋ ਮੈਦਾਨ ਹਨ। ਇਨ੍ਹਾਂ ਮੈਦਾਨਾਂ ਨੂੰ ਹਿਮਾਲੇ ਵਿਚੋਂ ਨਿਕਲਦੇ ਦਰਿਆ ਸਿੰਜਦੇ ਹਨ। ਪੰਜਾਬ ਵਿਚਲੇ ਦਰਿਆਵਾਂ ਦੇ ਵਹਿਣ ਦੱਖਣ ਪੱਛਮ ਵੱਲ ਹਨ ਅਤੇ ਗੰਗਾ ਦੇ ਮੈਦਾਨ ਦੇ ਦਰਿਆਵਾਂ ਦੇ ਵਹਾਅ ਦੱਖਣ ਪੂਰਬ ਵੱਲ।

ਪੰਜਾਬ ਦੀਆਂ ਦੂਰਾਡੀਆਂ ਭੂਗੋਲਿਕ ਹੱਦਾਂ ਸਿੰਧ ਅਤੇ ਯਮੁਨਾ ਦਰਿਆ ਬਣਦੇ ਹਨ। ਪੰਜ ਦਰਿਆਵਾਂ ਦੀ ਧਰਤ ਨੂੰ ਪੰਚਨਦ ਵੀ ਕਿਹਾ ਗਿਆ। ਇਸ ਦੇ ਹੀ ਫ਼ਾਰਸੀ ਸਰੂਪ ਪੰਜ+ਆਬ ਤੋਂ ਪੰਜਾਬ ਕਿਹਾ ਜਾਣ ਲੱਗਾ। ਪੰਜਾਬ ਭਾਰਤੀ ਉਪ-ਮਹਾਂਦੀਪ ਅਤੇ ਮੱਧ ਏਸ਼ੀਆ ਇਰਾਨ ਵਿਚਕਾਰ ਫੈਲਿਆ ਭੂ-ਭਾਗ ਹੈ ਜਿਸ ਨੂੰ ਹਿਮਾਲਿਆ ਅਤੇ ਹਿੰਦੂਕੁਸ਼ ਦੀਆਂ ਉੱਤਰ-ਪੱਛਮੀ ਲੜੀਆਂ ਵੰਡਦੀਆਂ ਹਨ। ਇਨ੍ਹਾਂ ਨਾਲ ਲੱਗਦੇ ਪਰਬਤਾਂ, ਘਾਟੀਆਂ-ਵਾਦੀਆਂ ਅਤੇ ਮਾਰੂਥਲਾਂ ਦਾ ਵਿਸ਼ਾਲ ਇਲਾਕਾ ਪੰਜ ਦਰਿਆਵਾਂ ਦੇ ਪਾਣੀਆਂ ਨਾਲ ਸਿੰਜਿਆ ਜਾਂਦਾ ਹੈ। ਇਸ ਦੀ ਮਿੱਟੀ ਜ਼ਰਖ਼ੇਜ਼ ਹੈ ਕਿਉਂਕਿ ਨਾ ਇਹ ਪਥਰੀਲੀ, ਨਾ ਬੰਜਰ, ਨਾ ਰੱਕੜ ਅਤੇ ਨਾ ਰੇਤਲੀ ਤੇ ਮਾਰੂਥਲੀ ਹੈ। ਇਸ ਦੀ ਭੂਗੋਲਿਕ ਸਥਿਤੀ ਕਾਰਨ ਇਹ ਵਿਸ਼ਾਲ ਜੰਗਲਾਂ, ਬਨਸਪਤੀਆਂ, ਚਰਾਗਾਹਾਂ ਅਤੇ ਵਾਹੀਯੋਗ ਮੈਦਾਨਾਂ ਨਾਲ ਭਰਪੂਰ ਹੈ। ਪਹਾੜਾਂ ਅਤੇ ਮਾਰੂਥਲਾਂ ਵਿਚਾਲੇ ਸਥਿਤ ਹੋਣ ਕਾਰਨ ਮੌਨਸੂਨ ਹਵਾਵਾਂ ਕਰਕੇ ਇਸ ਦਾ ਛੇ ਰੁੱਤਾਂ 'ਤੇ ਆਧਾਰਿਤ ਜਲਵਾਯੂ ਵਾਹੀ-ਖੇਤੀ ਲਈ ਬੜਾ ਮੁਆਫ਼ਕ ਹੈ। ਇਹ ਵਿਸ਼ਾਲ ਮੈਦਾਨਾਂ, ਜੰਗਲਾਂ, ਬੇਲਿਆਂ, ਚਰਾਗਾਹਾਂ ਅਤੇ ਦਰਿਆਈ ਪਾਣੀਆਂ ਦਾ ਖ਼ਜ਼ਾਨਾ ਹੋਣ ਕਾਰਨ ਪਿਛਲੇ ਪੰਜ ਹਜ਼ਾਰ ਤੋਂ ਵੀ ਵੱਧ ਸਮੇਂ ਤੋਂ ਵਿਕਸਤ ਮਾਨਵੀ ਸੱਭਿਅਤਾਵਾਂ ਦਾ ਪੰਘੂੜਾ ਰਿਹਾ ਹੈ।

ਪੰਜਾਬ ਦੇ ਪੰਜ ਦਰਿਆ ਉੱਤਰ 'ਚ ਸਥਿਤ ਹਿਮਾਲਿਆ 'ਚੋਂ ਨਿਕਲ ਦੱਖਣ ਪੱਛਮ ਵੱਲ ਵਹਿੰਦੇ ਹਨ। ਇਨ੍ਹਾਂ ਪੰਜ ਦਰਿਆਵਾਂ (ਸਤਲੁਜ, ਰਾਵੀ, ਬਿਆਸ, ਚਨਾਬ ਅਤੇ ਜਿਹਲਮ) ਕਾਰਨ ਹੀ ਇਸ ਨੂੰ ਪੰਜ ਪਾਣੀਆਂ ਦੀ ਧਰਤ ਆਖਦੇ ਹਨ। ਸਪਤਸਿੰਧੂ ਦੇ ਦਰਿਆਵਾਂ ਵਿਚੋਂ ਸਿੰਧ ਦਰਿਆ ਸਭ ਤੋਂ ਵੱਡਾ ਸੀ। ਇਹ ਮਾਨਸਰੋਵਰ ਝੀਲ 'ਚੋਂ ਨਿਕਲ ਬੱਤੀ ਸੌ ਕਿਲੋਮੀਟਰ ਦਾ ਪੰਧ ਤੈਅ ਕਰਦਿਆਂ ਅਰਬ ਸਾਗਰ ਵਿਚ ਸਮਾਅ ਜਾਂਦਾ। ਬਾਕੀ ਦੇ ਛੇ ਦਰਿਆ ਇਸ ਵਿਚ ਸਮਾਉਂਦੇ ਸਨ।

ਸਤਲੁਜ ਵੀ ਮਾਨਸਰੋਵਰ ਝੀਲ ਵਿਚੋਂ ਨਿਕਲ ਸ਼ਿਪਕੀ-ਲਾ ਰਾਹੀਂ ਉੱਤਰ ਤੋਂ ਲਹਿੰਦੇ ਵੱਲ ਵਗਦਾ ਹੋਇਆ ਪੰਦਰਾਂ ਸੌ ਕਿਲੋਮੀਟਰ ਦਾ ਰਸਤਾ ਤੈਅ ਕਰਦਾ ਹੈ। ਹਜ਼ਾਰ ਸਾਲ ਪਹਿਲਾਂ ਇਹ ਹਕਰਾ ਜਾਂ ਘੱਗਰ ਦਾ ਸਹਾਇਕ ਦਰਿਆ ਹੁੰਦਾ ਸੀ। ਪੰਜਾਬ ਵਿਚ ਹਰੀਕੇ ਪੱਤਣ 'ਤੇ ਬਿਆਸ 'ਚ ਜਾ ਮਿਲਦਾ ਹੈ। ਬਾਅਦ ਵਿਚ ਇਹ ਦੋਵੇਂ ਉੱਚ ਸ਼ਰੀਫ਼ ਨੇੜੇ ਚਨਾਬ ਵਿਚ ਮਿਲ ਜਾਂਦੇ ਹਨ ਜਿਸ ਨੂੰ ਸੱਤਦੁਰੀ, ਸ਼ਤੁੱਦਰੂ, ਜ਼ਾਰਾਦਰੋਸ, ਹੈਸੀਦਰੁਸ ਕਿਹਾ ਜਾਂਦਾ ਹੈ।

ਬਿਆਸ ਦਰਿਆ ਰੋਹਤਾਂਗ ਦੱਰੇ 'ਚੋਂ ਨਿਕਲ ਤਕਰੀਬਨ ਚਾਰ ਸੌ ਸੱਤਰ ਕਿਲੋਮੀਟਰ ਦਾ ਸਫ਼ਰ ਕਰ ਹਰੀਕੇ ਪੱਤਣ 'ਚ ਸਤਲੁਜ ਨਾਲ ਮਿਲ ਜਾਂਦਾ ਹੈ। ਇਸ ਨੂੰ ਵਿਪਾਸਾ ਵੀ ਕਿਹਾ ਜਾਂਦਾ ਜਿਸ ਦਾ ਅਰਥ ਹੈ ਬੰਦ ਖ਼ਲਾਸ ਹੋਣਾ। ਇਸ ਦੇ ਹੋਰ ਨਾਮ ਹਨ: ਵਿਪਾਸ਼, ਅਰਜਿਕੇਯ, ਹਾਇਪਾਸ਼ਿਸ਼। ਇਸ ਨਾਲ ਰਿਸ਼ੀ ਵਿਸ਼ਵਾਮਿੱਤਰ ਅਤੇ ਵਿਸ਼ਿਸ਼ਟ ਰਿਸ਼ੀ ਦੀ ਪੌਰਾਣਿਕ ਕਥਾ ਜੁੜੀ ਹੋਈ ਹੈ।

ਚਨਾਬ ਦਾ ਵੈਦਿਕ ਨਾਮ ਅਸਕਿਨੀ ਜਾਂ ਚੰਦਰਭਾਗ ਹੈ। ਇਸ ਨੂੰ ਪ੍ਰੀਤ ਦਾ ਦਰਿਆ ਝਨਾਂ ਵੀ ਕਿਹਾ ਜਾਂਦਾ ਹੈ। ਮਹੀਂਵਾਲ ਨੂੰ ਮਿਲਣ ਜਾਂਦੀ ਸੋਹਣੀ ਇਸ 'ਚ ਕੱਚੇ ਘੜੇ 'ਤੇ ਤਰਦੀ ਡੁੱਬ ਮੋਈ ਸੀ। ਲਾਹੌਲ-ਸਪਿਤੀ ਤੋਂ ਆਰੰਭ ਹੋ ਕੇ ਜੰਮੂ ਹੁੰਦਾ ਹੋਇਆ ਨੌਂ ਸੌ ਸੱਠ ਕਿਲੋਮੀਟਰ ਦਾ ਸਫ਼ਰ ਕਰਦਿਆਂ ਤ੍ਰਿਮੂ ਵਿਖੇ ਜਿਹਲਮ ਨਾਲ ਜਾ ਮਿਲਦਾ ਹੈ। ਫਿਰ ਇਹ ਰਾਵੀ ਨਾਲ ਜੁੜ ਉੱਚ ਸ਼ਰੀਫ਼ ਵਿਖੇ ਸਤਲੁਜ ਨਾਲ ਮਿਲ ਜਾਂਦਾ ਹੈ।

ਜਿਹਲਮ ਦਾ ਵੈਦਿਕ ਗ੍ਰੰਥਾਂ ਅਨੁਸਾਰ ਪੁਰਾਤਨ ਨਾਮ ਵਿਤਸਤਾ ਹੈ। ਇਸ ਦਾ ਪ੍ਰਗਟ ਅਸਥਾਨ ਵੈਰੀਨਾਗ ਝੀਲ ਹੈ। ਇਹ ਦਰਿਆ ਪੱਛਮ ਵੱਲ ਵਗਦਾ, ਪੀਰ ਪੰਜਾਲ ਨੂੰ ਪਾਰ ਕਰਦਾ ਸੱਤ ਸੌ ਪੰਝੀ ਕਿਲੋਮੀਟਰ ਦਾ ਸਫ਼ਰ ਕਰ ਝੰਗ 'ਚ ਤ੍ਰਿਗੂ ਦੇ ਨੇੜੇ ਚਨਾਬ 'ਚ ਜਾ ਮਿਲਦਾ ਹੈ। ਜਿਹਲਮ ਦਾ ਇਤਿਹਾਸਕ ਮਹੱਤਵ ਇਹ ਹੈ ਕਿ ਸਿਕੰਦਰ ਨੂੰ ਪੋਰਸ ਨੇ 325 ਈਸਾ ਪੂਰਵ ਜਿਹਲਮ ਕਿਨਾਰੇ ਹੀ ਡੱਕਿਆ ਸੀ।

ਸਰਸਵਤੀ ਦਾ ਭਾਰਤੀ ਸਨਾਤਨੀ ਗ੍ਰੰਥਾਂ ਵਿਚ ਪ੍ਰਸੰਗ ਕਈ ਵਾਰ ਆਉਂਦਾ ਹੈ। ਇਸ ਨੂੰ ਆਰਿਆਵਰਤ ਸੱਭਿਅਤਾ ਦੀ ਜਨਨੀ ਵੀ ਕਿਹਾ ਜਾਂਦਾ ਹੈ ਪਰ ਇਹ ਨਦੀ ਅੱਜ ਲੋਪ ਹੋ ਚੁੱਕੀ ਹੈ। ਰਿਗਵੇਦ, ਤਾਂਡਯ ਅਤੇ ਜੈਮਿਨੀਯ ਬ੍ਰਾਹਮਣ ਦੇ ਸੰਦਰਭਾਂ ਦੇ ਆਧਾਰ 'ਤੇ ਭੂ-ਵਿਗਿਆਨੀਆਂ ਦਾ ਕਹਿਣਾ ਹੈ ਕਿ ਹਰਿਆਣਾ ਅਤੇ ਰਾਜਸਥਾਨ ਹੋ ਕੇ ਵਹਿਣ ਵਾਲੀ ਮੌਜੂਦਾ ਸੁੱਕੀ ਹੋਈ ਘੱਗਰ-ਹਕਰਾ ਹੀ ਪ੍ਰਾਚੀਨ ਸਰਸਵਤੀ ਦੀ ਸਹਾਇਕ ਨਦੀ ਸੀ। ਉਸ ਸਮੇਂ ਸਤਲੁਜ ਅਤੇ ਯਮੁਨਾ ਦੀਆਂ ਕੁਝ ਧਾਰਾਵਾਂ ਸਰਸਵਤੀ 'ਚ ਆ ਕੇ ਸਮਾਉਂਦੀਆਂ ਸਨ। ਜਲਵਾਯੂ ਅਤੇ ਧਰਾਤਲੀ ਤਬਦੀਲੀਆਂ ਨੇ ਦਰਿਆਵਾਂ ਦੇ ਵਹਾਅ 'ਚ ਕਈ ਪਰਿਵਰਤਨ ਲਿਆਂਦੇ। ਸਰਸਵਤੀ ਕੈਲਾਸ਼ ਪਰਬਤ ਦੇ ਪੱਛਮ ਵਿਚ ਹਿਮਾਲਾ 'ਚ ਕਪਾਲ ਤੀਰਥ ਤੋਂ ਨਿਕਲ ਦੱਖਣ ਵਿਚ ਮਾਨਸਰੋਵਰ ਵੱਲ ਵਹਿ ਕੇ ਪੱਛਮ ਵੱਲ ਮੁੜ ਜਾਂਦੀ ਸੀ। ਅੱਜ ਵੀ ਸਰਸਵਤੀ ਬਦਰੀਨਾਥ ਦੇ ਅੰਤਿਮ ਪਿੰਡ ਮਾਣਾ ਦੱਰੇ ਦੇ ਦੱਖਣ ਤੋਂ ਵਹਿੰਦੀ ਹੋਈ ਮਾਣਾ ਤੋਂ ਤਿੰਨ ਕਿਲੋਮੀਟਰ ਦੂਰ ਅਲਕਨੰਦਾ 'ਚ ਮਿਲ ਜਾਂਦੀ ਹੈ। ਉੱਥੋਂ ਇਹ ਤਲਹੱਟੀ ਦੇ ਬਲਚਾਪਰ ਦੇ ਇਲਾਕੇ 'ਚ ਉਤਰ ਕੇ ਪੰਜਾਬ,



ਰਾਵੀ ਦਰਿਆ ਦੀ ਇਕ ਝਲਕ।

ਹਰਿਆਣਾ, ਰਾਜਸਥਾਨ ਤੇ ਗੁਜਰਾਤ ਰਾਹੀਂ ਲੰਘ ਕੇ ਅਰਬ ਸਾਗਰ 'ਚ ਸਮਾ ਜਾਂਦੀ ਸੀ। ਇਸ ਲੰਮੇ ਪੰਧ ਵਿਚ ਸ਼ਤਦਰੂ/ਸਤਲੁਜ, ਦ੍ਰਿਸ਼ਾਵਤੀ/ਯਮੁਨਾ ਇਸ ਦੀਆਂ ਸਹਾਇਕ ਨਦੀਆਂ ਸਨ। ਇਹ ਇਕ ਵਹਿਣ ਦੇ ਨਾਲ ਨਾਲ ਵਹਿੰਦੀ ਸੀ ਜਿਸ ਨੂੰ ਪੰਜਾਬ ਵਿਚ ਘੱਗਰ, ਰਾਜਸਥਾਨ 'ਚ ਹਕਰਾ ਅਤੇ ਗੁਜਰਾਤ ਵਿਚ ਨਾਰਾ ਕਿਹਾ ਜਾਂਦਾ ਸੀ। ਇਸ ਨੂੰ ਹੰਕਰਾ ਜਾਂ ਵਹਿੰਦਾਹ ਵੀ ਪੁਕਾਰਿਆ ਜਾਂਦਾ ਰਿਹਾ ਹੈ। ਇੰਝ ਸਰਸਵਤੀ ਦੇ ਉਪਰਲੇ ਭਾਗ ਨੂੰ ਘੱਗਰ ਅਤੇ ਨਿਚਲੇ ਭਾਗ ਨੂੰ ਹਕਰਾ ਕਿਹਾ ਜਾਂਦਾ ਸੀ।

***ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੁਆਬ ਕਹਿੰਦੇ ਹਨ। ਦੁਆਬ ਸ਼ਬਦ ਦੋ-ਆਬ ਤੋਂ ਬਣਿਆ ਹੈ। ਇਸ ਦਾ ਅਰਥ ਹੈ ਦੋ ਪਾਣੀ ਜਾਂ ਦੋ ਦਰਿਆ। ਪੰਜਾਬ ਵਿਚ ਵਹਿੰਦੇ ਦਰਿਆ ਇਸ ਨੂੰ ਕਈ ਦੁਆਬਿਆਂ ਵਿਚ ਵੰਡਦੇ ਹਨ। ਇਹ ਪ੍ਰਮੁੱਖ ਰੂਪ ਵਿਚ ਪੰਜ ਹਨ।***

ਸਰਸਵਤੀ ਦਾ ਪਤਨ ਪੰਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਜੋ ਬਾਰਾਮਾਹੀ ਤੋਂ ਬਰਸਾਤੀ ਹੁੰਦੀ ਹੋਈ ਅੰਤ ਨਿਕਾਸੂ ਬਣ ਸੁੱਕ ਹੀ ਗਈ। ਹਰਿਆਣਾ ਦੇ ਕੁਰੂਕਸ਼ੇਤਰ ਅਤੇ ਪਿਹੋਵਾ ਵਿਚ ਇਸ ਦੇ ਕੁਝ ਨਿਸ਼ਾਨ ਅੱਜ ਵੀ ਮੌਜੂਦ ਹਨ।

ਦਰਿਆਵਾਂ ਦੇ ਵਹਿਣ ਸਦੀਆਂ ਤੋਂ ਨਿਰੰਤਰ ਬਦਲਦੇ ਰਹੇ ਹਨ। ਸਮੁੱਚੇ ਸਪਤਸਿੰਧੂ ਦੇ ਇਲਾਕੇ 'ਚ ਪਹਾੜਾਂ ਅਤੇ ਮੈਦਾਨਾਂ 'ਚ ਬੁਨਿਆਦੀ ਬਦਲਾਅ ਆਉਂਦੇ ਰਹੇ ਹਨ। ਧਰਤੀ ਹੇਠਲੀਆਂ ਟੈਕਟੋਨਿਕ ਪਲੇਟਾਂ 'ਚ ਵਾਪਰਦੀ ਹਿਲਜੁਲ ਕਾਰਨ ਪਰਿਵਰਤਨ, ਭੂ-ਭਾਗਾਂ ਦੇ ਬਣਨ-ਬਿਨਸਣ ਅਤੇ ਦਰਿਆਵਾਂ ਦੇ ਹੜ੍ਹਾਂ ਕਾਰਨ ਲੱਗਣ ਵਾਲੀ ਢਾਹ ਕਾਰਨ ਜਲੌਢ ਵਿਚ ਵੀ ਹੇਰ-ਫੇਰ ਵਾਪਰਦੇ ਰਹੇ ਹਨ। ਜਲੌਢ ਮਿੱਟੀ ਦੀਆਂ ਢਲਾਣਾਂ ਸਪਤਸਿੰਧੂ ਮੈਦਾਨ ਦੇ ਮਹੱਤਵਪੂਰਨ ਅੰਗ ਹਨ। ਜਦੋਂ ਵੀ ਕੋਈ ਵੱਡਾ ਦਰਿਆ ਆਪਣਾ ਵਹਿਣ ਬਦਲਦਾ ਹੈ ਤਾਂ ਆਪਣੇ ਪਿੱਛੇ ਢਾਲਾਂ ਛੱਡ ਜਾਂਦਾ ਹੈ। ਇਨ੍ਹਾਂ ਜਲੌਢਾਂ ਦੀ ਮਿੱਟੀ ਦੇ ਰੰਗਾਂ ਤੋਂ ਇਸ ਦੇ ਭੂ-ਤਲ ਦੀ ਉਮਰ ਅਤੇ ਫੈਲਾਅ ਨੂੰ ਦੇਖਿਆ ਸਮਝਿਆ ਜਾ ਸਕਦਾ ਹੈ।

ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੁਆਬ ਕਹਿੰਦੇ ਹਨ। ਦੁਆਬ ਸ਼ਬਦ ਦੋ-ਆਬ ਤੋਂ ਬਣਿਆ ਹੈ। ਇਸ ਦਾ ਅਰਥ ਹੈ ਦੋ ਪਾਣੀ ਜਾਂ ਦੋ ਦਰਿਆ। ਪੰਜਾਬ ਵਿਚ ਵਹਿੰਦੇ ਦਰਿਆ ਇਸ ਨੂੰ ਕਈ ਦੁਆਬਿਆਂ ਵਿਚ ਵੰਡਦੇ ਹਨ। ਇਹ ਪ੍ਰਮੁੱਖ ਰੂਪ ਵਿਚ ਪੰਜ ਹਨ। ਉਨ੍ਹਾਂ ਦਰਿਆਵਾਂ ਦੇ ਨਾਵਾਂ ਦੇ ਪਹਿਲੇ ਦੋ ਅੱਖਰਾਂ ਨੂੰ ਜੋੜ ਕੇ ਸਮਾਸੀ ਰੂਪ 'ਚ ਇਨ੍ਹਾਂ ਦੇ ਨਾਮ ਘੜੇ ਗਏ ਹਨ। ਬਿਸਤ ਦੁਆਬ ਉਹ ਇਲਾਕਾ ਹੈ ਜੋ ਬਿਆਸ ਤੇ ਸਤਲੁਜ ਦਰਮਿਆਨ ਮੌਜੂਦ ਹੈ। ਬਿਆਸ ਦਾ 'ਬਿ' ਅਤੇ ਸਤਲੁਜ ਦਾ 'ਸਤ' ਲੈ ਕੇ ਬਿਸਤ ਦੁਆਬ ਬਣ ਗਿਆ। ਬਾਰੀ ਦੁਆਬ ਬਿਆਸ ਤੇ ਰਾਵੀ ਵਿਚਕਾਰਲਾ ਇਲਾਕਾ ਹੈ। ਰਚਨਾ ਦੁਆਬ ਰਾਵੀ ਅਤੇ ਚਨਾਬ ਦਾ ਵਿਚਕਾਰਲਾ ਇਲਾਕਾ ਹੈ। ਚੱਜ ਦੁਆਬ ਚਨਾਬ ਅਤੇ ਜਿਹਲਮ ਦੇ ਦਰਮਿਆਨ ਦੇ ਇਲਾਕੇ ਨੂੰ ਕਹਿੰਦੇ ਹਨ। ਸਿੰਧ ਸਾਗਰ ਦੁਆਬ ਜਿਹਲਮ ਅਤੇ ਸਿੰਧ ਦੇ ਵਿਚਕਾਰਲੇ ਖੇਤਰ ਨੂੰ ਕਿਹਾ ਜਾਂਦਾ ਹੈ। ਇਨ੍ਹਾਂ ਪੰਜਾਂ ਦੁਆਬਿਆਂ 'ਚੋਂ ਬਿਸਤ ਦੁਆਬ ਅਤੇ ਬਾਰੀ ਦੁਆਬ ਦਾ ਕੁਝ ਹਿੱਸਾ ਚੜ੍ਹਦੇ ਪੰਜਾਬ ਵਿਚ ਅਤੇ ਬਾਕੀ ਸਾਰੇ ਦੁਆਬ ਲਹਿੰਦੇ ਪੰਜਾਬ ਵਿਚ ਪੈਂਦੇ ਹਨ।

ਪੰਜਾਬ ਦੇ ਮੈਦਾਨਾਂ ਦੀ ਧਰਾਤਲ ਦੀ ਬਣਤਰ ਨੂੰ ਸਮਝਣ ਲਈ ਯਮੁਨਾ ਅਤੇ ਜਿਹਲਮ ਵਿਚਕਾਰ ਦੇ ਸਾਰੇ ਇਲਾਕੇ ਨੂੰ ਦਰਿਆਵਾਂ ਦੇ ਵਹਾਅ ਅਨੁਸਾਰ ਚਾਰ ਵਰਗਾਂ ਵਿਚ ਵੰਡਿਆ ਜਾਂਦਾ ਹੈ। ਦਰਿਆ ਦੇ ਵਹਿਣ ਦੇ ਨਾਲ ਲੱਗਦੇ ਖੇਤਰ ਨੂੰ 'ਸਲਾਬ੍ਹਾ' ਜਾਂ 'ਕੱਚਾ' ਕਿਹਾ ਜਾਂਦਾ ਹੈ ਕਿਉਂਕਿ ਇਹ ਸਦਾ ਹੜ੍ਹਾਂ ਦੀ ਮਾਰ ਹੇਠ ਰਹਿਣ ਵਾਲਾ ਇਲਾਕਾ ਹੁੰਦਾ ਹੈ। ਇਸ ਦੇ ਨਾਲ ਲੱਗਦੇ ਉੱਚੇ/ਉਪਰਲੇ ਹਿੱਸੇ ਨੂੰ 'ਢਯਾ' ਜਾਂ 'ਖਾਦਿਰ' ਕਿਹਾ ਜਾਂਦਾ ਹੈ। ਇਹ ਮੁਕਾਬਲਤਨ ਨੀਵਾਂ ਇਲਾਕਾ ਹੁੰਦਾ ਹੈ। ਇਸ ਵਿਚ ਕਈ ਵਾਰ ਪੁਰਾਣੇ ਵਹਿਣਾਂ ਅਤੇ ਪਾਣੀ ਦੇ ਜ਼ੋਰ ਕਾਰਨ ਤੁਗਿਆਨੀਆਂ/ਕਾਂਗਾਂ ਆ ਜਾਂਦੀਆਂ ਹਨ ਜਿਨ੍ਹਾਂ ਦੀ ਮਾਰ ਹੜ੍ਹਾਂ ਤੋਂ ਜ਼ਰਾ ਨਰਮ ਹੁੰਦੀ ਹੈ। ਇਸ ਤੋਂ ਪਰ੍ਹਾਂ ਉੱਚੀ ਥਾਂ ਆ ਜਾਂਦੀ ਹੈ ਜੋ ਹੜ੍ਹਾਂ ਕਾਰਨ ਇੱਕਤਰ ਹੋਈ ਮਿੱਟੀ ਦੀ ਬਣੀ ਹੁੰਦੀ ਹੈ। ਇਸ ਕਾਰਨ ਇਸ ਨੂੰ ਜਲੌਢ ਕਹਿੰਦੇ ਹਨ। ਜਲੌਢਾਂ ਦੇ ਨਾਲ ਲੱਗਦੇ ਭੂਤਲਾਂ ਨੂੰ ਬਾਂਗਰ ਜਾਂ ਮਾਝਾ ਕਿਹਾ ਜਾਂਦਾ ਹੈ। ਇਸ ਤੋਂ ਹੋਰ ਉਪਰਲੇ ਟਿੱਬਿਆਂ ਵਾਲੇ ਮੈਦਾਨਾਂ ਨੂੰ ਬਾਰਾਂ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਮਿੱਟੀ ਦਾ ਸੁਭਾਅ ਰੇਤੀਲਾ ਅਤੇ ਸ਼ੋਰੇ ਵਾਲਾ ਹੁੰਦਾ ਹੈ।

ਯਮੁਨਾ ਅਤੇ ਘੱਗਰ ਦਰਿਆਵਾਂ ਦੇ ਦੱਖਣੀ ਅਤੇ ਦੱਖਣ-ਪੱਛਮੀ ਵਹਿਣਾਂ ਰਾਹੀਂ ਹੜ੍ਹਾਂ ਦੀ ਮਾਰ ਕਾਰਨ ਜਲੌਢੀ ਮੈਦਾਨਾਂ ਦਾ ਨਿਰਮਾਣ ਅਤੇ ਸੋਕੇ ਕਾਰਨ ਮਾਰੂਥਲੀ ਪਾਸਾਰਾਂ ਦਾ ਫੈਲਾਅ ਇਸ ਦਰਿਆਈ ਸਿਸਟਮ ਦੇ ਸੁਭਾਅ ਨੂੰ ਦੱਸਦਾ ਹੈ। ਸ਼ਿਵਾਲਿਕ ਦੇ ਪਹਾੜਾਂ 'ਚੋਂ ਉਤਰਨ ਵਾਲੇ ਯਮੁਨਾ-ਸਤਲੁਜ ਦਰਿਆਵਾਂ ਦੇ ਦੁਆਬ ਵਿਚ ਪੁਰਾਤਨ ਜਲੌਢ ਮਿੱਟੀ ਤੋਂ ਬਣਿਆ ਬਾਂਗਰ ਦਾ ਇਲਾਕਾ ਇਨ੍ਹਾਂ ਦਰਿਆਵਾਂ ਦੇ ਵਹਿਣ ਦੀ ਨਿਸ਼ਾਨਦੇਹੀ ਕਰਦਾ ਹੈ। ਘੱਗਰ-ਹਕਰਾ ਦੇ ਪੁਰਾਣੇ ਵਹਿਣ ਕਾਰਨ ਬਣਿਆ ਬਾਂਗਰ ਮੈਦਾਨ ਨਵ-ਨਿਰਮਤ ਖਾਦਿਰ ਇਲਾਕਿਆਂ ਤੋਂ ਮਿੱਟੀ ਦੇ ਸੁਭਾਅ ਅਤੇ ਰੰਗ ਕਾਰਨ ਵੱਖਰਾ ਦਿਖਾਈ ਦਿੰਦਾ ਹੈ। ਬਿਸਤ, ਬਾਰੀ ਅਤੇ ਰਚਨਾ ਦੁਆਬਿਆਂ ਵੱਲ ਵਧਦਿਆਂ ਪੁਰਾਣੇ ਵਹਿਣਾਂ ਦੇ ਨਕਸ਼ ਢਯਾਂ ਤੋਂ ਹੇਠਾਂ ਖਾਦਿਰਾਂ ਵਿਚ ਦਿਖਾਈ ਦਿੰਦੇ ਹਨ।

ਪੰਜਾਬ ਦੇ ਤਿੰਨ ਦਰਿਆਵਾਂ 'ਤੇ ਡੈਮ ਉਸਾਰ ਕੇ ਨਹਿਰਾਂ ਕੱਢੀਆਂ ਗਈਆਂ ਤੇ ਬਿਜਲੀ ਦਾ ਉਤਪਾਦਨ ਕੀਤਾ ਗਿਆ। ਸਤਲੁਜ 'ਤੇ ਭਾਖੜਾ ਡੈਮ ਉਸਾਰਿਆ ਗਿਆ ਜਿਸ ਵਿਚੋਂ 174 ਕਿਲੋਮੀਟਰ ਲੰਮੀ ਭਾਖੜਾ ਮੇਨ ਨਹਿਰ ਕੱਢੀ ਗਈ। ਬਿਆਸ 'ਤੇ ਪੌਂਗ ਡੈਮ ਉਸਾਰਿਆ ਗਿਆ। ਰਾਵੀ ਦਰਿਆ 'ਤੇ ਥੀਨ ਡੈਮ ਉਸਾਰਿਆ ਗਿਆ ਜਿਸ ਵਿਚੋਂ ਰਾਵੀ ਨਹਿਰ ਨੂੰ ਚਾਰ ਪੜਾਵਾਂ ਵਿਚ ਕੱਢਿਆ ਗਿਆ। ਇਨ੍ਹਾਂ ਮੁੱਖ ਦਰਿਆਵਾਂ ਨੂੰ ਬੰਨ੍ਹਣ ਨਾਲ ਪੰਜਾਬ 'ਚ ਨਾ ਸਿਰਫ਼ ਹੜ੍ਹਾਂ ਦੀ ਰੋਕਥਾਮ ਹੋਈ ਸਗੋਂ ਨਹਿਰਾਂ ਦੇ ਵਿਛੇ ਵਿਸ਼ਾਲ ਜਾਲ ਨਾਲ ਪੰਜਾਬ ਦੇ ਨਾਲ ਨਾਲ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ, ਦਿੱਲੀ, ਜੰਮੂ ਕਸ਼ਮੀਰ ਆਦਿ ਨੂੰ ਸਿੰਜਾਈ ਸਹੂਲਤਾਂ ਵੀ ਮੁਹੱਈਆਂ ਕਰਵਾਈਆਂ ਗਈਆਂ। ਘੱਗਰ 'ਤੇ ਵੀ ਕਿਸੇ ਸਮੇਂ ਮੋਰਨੀ ਪਹਾੜੀਆਂ 'ਚ ਡੈਮ ਉਸਾਰਨ ਦਾ ਪ੍ਰਸਤਾਵ ਸੀ। ਹੁਣ ਇਹ ਡੈਮ ਸਿਰਫ਼ ਸੁਪਨਾ ਬਣ ਕੇ ਰਹਿ ਗਿਆ ਹੈ ਕਿਉਂਕਿ ਮੋਰਨੀ ਪਹਾੜੀਆਂ 'ਚ ਨਵੀਂ ਸ਼ਹਿਰੀ ਵੱਸੋਂ 'ਚ ਬਹੁਤ ਇਜ਼ਾਫ਼ਾ ਹੋ ਗਿਆ ਹੈ। ਕੁਝ ਵਰ੍ਹੇ ਪਹਿਲਾਂ ਬਣੇ ਕੁਸ਼ਲਿਆ ਡੈਮ ਨਾਲ ਵੀ ਘੱਗਰ 'ਚ ਆਉਂਦੇ ਹੜ੍ਹਾਂ ਕਾਰਨ ਹੁੰਦੀ ਤਬਾਹੀ ਰੁਕ ਨਹੀਂ ਸਕਦੀ ਕਿਉਂਕਿ ਇਸ ਦੀ ਝੀਲ ਦੀ ਸਮਰੱਥਾ ਘੱਟ ਹੈ।

ਜੇਕਰ ਦੇਖਿਆ ਜਾਵੇ ਤਾਂ ਪੱਛਮ ਵੱਲੋਂ ਉੱਜ ਤੋਂ ਲੈ ਕੇ ਪੂਰਬ 'ਚ ਸੂਹਾਂ ਤੱਕ ਲਗਪਗ ਚਾਲ੍ਹੀ ਛੋਟੀਆਂ ਨਦੀਆਂ, ਨਾਲ਼ੇ, ਚੋਅ ਅਤੇ ਨਿਕਾਸੂ ਹਨ ਜਿਨ੍ਹਾਂ 'ਚ ਭਾਰੀ ਬਰਸਾਤਾਂ ਦੌਰਾਨ ਹੜ੍ਹਾਂ ਦੀ ਵੱਡੀ ਸੰਭਾਵਨਾ ਬਣੀ ਰਹਿੰਦੀ ਹੈ। ਇਨ੍ਹਾਂ ਦੇ ਪਾਣੀਆਂ ਨੂੰ ਬੰਨ੍ਹਣ, ਸਾਂਭ-ਸੰਭਾਲ ਅਤੇ ਨਹਿਰਾਂ ਬਣਾਉਣ ਦੀ ਵੱਡੀ ਜ਼ਰੂਰਤ ਹੈ। ਜੇਕਰ ਪੰਜਾਬ 'ਚ ਹੜ੍ਹਾਂ ਦੀ ਰੋਕਥਾਮ ਕਰਨੀ ਹੈ ਤਾਂ ਮੁੱਖ ਦਰਿਆਵਾਂ ਦੇ ਧੁੱਸੀ ਬੰਨ੍ਹਾਂ, ਇਨ੍ਹਾਂ ਤੋਂ ਨਿਕਲੀਆਂ ਨਹਿਰਾਂ ਦੇ ਕੰਢਿਆਂ ਦੀ ਨਿਰੰਤਰ ਸਮੇਂ ਸਿਰ ਮੁਰੰਮਤ ਅਤੇ ਸਾਂਭ-ਸੰਭਾਲ ਜ਼ਰੂਰੀ ਹੈ। ਛੋਟੀਆਂ ਨਦੀਆਂ, ਨਾਲਿਆਂ ਅਤੇ ਚੋਆਂ ਦੇ ਪਾਣੀਆਂ ਦੇ ਸਹੀ ਵਹਿਣ ਮਾਰਗਾਂ 'ਚ ਸਾਰੀਆਂ ਰੋਕਾਂ, ਨਾਜਾਇਜ਼ ਕਬਜ਼ਿਆਂ, ਗ਼ੈਰਕਾਨੂੰਨੀ ਰੇਤ ਬੱਜਰੀ ਦੇ ਖਣਨ ਅਤੇ ਖ਼ੁਦਾਈ ਦੀ ਰੋਕਥਾਮ ਜ਼ਰੂਰੀ ਹੈ। ਸਿੰਜਾਈ ਅਤੇ ਨਹਿਰੀ ਵਿਭਾਗ ਨੂੰ ਸਮੇਂ ਸਿਰ ਫੰਡ ਮੁਹੱਈਆ ਕਰਨੇ ਵੀ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ।

ਪੰਜਾਬ ਦੇ ਧਰਾਤਲ ਦੀ ਬਣਤ ਅਤੇ ਦਰਿਆਵਾਂ ਦੇ ਵਹਿਣਾਂ ਨੂੰ ਇਸ ਭੂਗੋਲਿਕ, ਇਤਿਹਾਸਕ ਅਤੇ ਪੁਰਾਤੱਤਵੀ ਦ੍ਰਿਸ਼ਟੀ ਤੋਂ ਦੇਖਦਿਆਂ ਪੰਜਾਬ 'ਚ ਇਸ ਵਾਰ ਆਏ ਹੜ੍ਹਾਂ ਕਾਰਨ ਪਈ ਮਾਰ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ।

# ਲੋਕਤੰਤਰ ਦੀ ਪਰਿਭਾਸ਼ਾ ਬਦਲ ਦੇਵੇਗੀ 'ਇਕ ਦੇਸ਼, ਇਕ ਚੋਣ'

ਬਹੁਤ ਲੰਮੇ ਸਮੇਂ ਤੋਂ ਕੰਨਸੋਆਂ ਸਨ ਕਿ ਹਾਕਮ ਧਿਰ ਭਾਜਪਾ 'ਇਕ ਦੇਸ਼ ਇਕ ਚੋਣ' ਦਾ ਅਮਲ ਦੇਸ਼ 'ਚ ਲਾਗੂ ਕਰੇਗੀ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਿਚਾਰ ਦੇ ਹਾਮੀ ਹਨ ਅਤੇ ਆਪਣੀ ਇੱਛਾ ਉਹ ਦੇਸ਼ ਦੀ ਪਾਰਲੀਮੈਂਟ 'ਚ ਦਰਸਾ ਚੁੱਕੇ ਹਨ ਅਤੇ ਉਸ ਮੌਕੇ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਸੀ। "ਵਾਰ-ਵਾਰ ਕਰਵਾਈਆਂ ਜਾਂਦੀਆਂ ਚੋਣਾਂ ਨਾ ਸਿਰਫ਼ ਮਨੁੱਖੀ ਵਸੀਲਿਆਂ 'ਤੇ ਬੋਝ ਪਾਉਂਦੀਆਂ ਹਨ ਸਗੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਵਿਕਾਸ ਨੂੰ ਵੀ ਧੀਮਾ ਕਰਦੀਆਂ ਹਨ"।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਇਸ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕ 8 ਮੈਂਬਰੀ ਕਮੇਟੀ ਦਾ ਗਠਨ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰਨਗੇ। ਇਹ ਕਦਮ ਅਚੰਭੇ ਵਾਲਾ ਹੈ। ਇਹ ਕਮੇਟੀ ਸੰਵਿਧਾਨ, ਜਨਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਨ੍ਹਾਂ ਲੋੜੀਂਦੀਆਂ ਸੋਧਾਂ ਦੀ ਸਿਫ਼ਾਰਸ਼ ਕਰੇਗੀ, ਜਿਸ ਦੀ ਇਕੱਠਿਆਂ ਚੋਣ ਕਰਵਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫ਼ਾਰਸ਼ ਕਰੇਗੀ ਕਿ ਕੀ ਸੰਵਿਧਾਨਕ ਸੋਧ ਲਈ ਸੂਬਿਆਂ ਵਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲ ਬਦਲੀ ਜਿਹੇ ਮੁੱਦਿਆਂ ਦਾ ਅਧਿਐਨ ਕਰ ਕੇ ਸੰਭਾਵਿਤ ਹੱਲ ਦੀ ਸਿਫ਼ਾਰਸ਼ ਵੀ ਕਰੇਗੀ।

ਆਖ਼ਿਰ ਇਸ ਵਿਚਾਰ ਦੇ ਅਰਥ ਕੀ ਹਨ? ਇਸ ਦਾ ਸਿੱਧਾ ਜਵਾਬ ਹੈ ਕਿ ਦੇਸ਼ ਦੀ ਲੋਕ ਸਭਾ, ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ, ਨਗਰ ਨਿਗਮਾਂ ਅਤੇ ਪੰਚਾਇਤ ਸੰਸਥਾਵਾਂ ਦੀਆਂ ਚੋਣਾਂ ਇਕੋ ਸਮੇਂ ਕਰਵਾਈਆਂ ਜਾਣ। ਜਦੋਂ ਦੇਸ਼ ਆਜ਼ਾਦ ਹੋਇਆ ਸੀ ਤਾਂ ਪਹਿਲੀ ਚੋਣ 1952 'ਚ ਹੋਈ ਸੀ, ਜਿਸ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਈਆਂ। ਫਿਰ ਸਾਲ 1957, 1962, 1967 ਵਿਚ ਇਕੋ ਵੇਲੇ ਚੋਣਾਂ ਹੋਈਆਂ। ਪਰ ਉਸ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੀਆਂ ਨਾ ਹੋਈਆਂ। ਕਾਰਨ ਸੀ ਕਿ 1967 ਵਿਚ ਸੂਬਿਆਂ ਵਿਚ ਕੁਝ ਸਰਕਾਰਾਂ ਵਿਰੋਧੀ ਧਿਰ ਦੀਆਂ ਬਣੀਆਂ, ਜਿਨ੍ਹਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਤੋਂ ਪਹਿਲਾਂ ਭੰਗ ਕਰਵਾ ਕੇ ਨਵੇਂ ਸਿਰੇ ਤੋਂ ਚੋਣਾਂ ਕਰਵਾ ਦਿੱਤੀਆਂ। ਇੰਜ ਇਕੋ ਵੇਲੇ ਦੀ ਚੋਣਾਂ ਦੀ ਲੜੀ ਟੁੱਟ ਗਈ।

ਇਥੇ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ 'ਚ ਇਕੋ ਸਮੇਂ ਚੋਣ ਅਮਲ ਲਾਗੂ ਕਰਨਾ ਸੰਭਵ ਹੈ ਜਾਂ ਫਿਰ ਇਹ ਚੋਣ ਸਟੰਟ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਚੋਣ ਇਕੋ ਵੇਲੇ ਕਰਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਕ ਸੋਧਾਂ ਕਰਨੀਆਂ ਪੈਣਗੀਆਂ।

ਉਸ ਵਿਚ ਧਾਰਾ 83 ਸਦਨਾਂ ਦੇ ਸਮੇਂ ਸੰਬੰਧੀ ਹੈ, ਧਾਰਾ 85 ਲੋਕ ਸਭਾ ਭੰਗ ਕਰਨ ਸਬੰਧੀ ਹੈ, ਧਾਰਾ 172 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਮੇਂ ਸਬੰਧੀ ਹੈ, ਧਾਰਾ 174 ਸੂਬਿਆਂ ਦੀਆਂ ਸਰਕਾਰਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਸਬੰਧੀ ਹੈ ਅਤੇ ਧਾਰਾ 356 ਸੂਬਿਆਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਸਬੰਧੀ ਹੈ।

ਦੇਸ਼ ਵਿਚ ਚੋਣਾਂ ਜੂਨ 2024 'ਚ ਹੋਣੀਆਂ ਹਨ। ਜੇਕਰ ਇਕ ਦੇਸ਼ ਇਕ ਚੋਣ ਲਾਗੂ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ ਤਾਂ ਲੋਕ ਸਭਾ ਸਮੇਂ ਤੋਂ ਪਹਿਲਾਂ ਭੰਗ ਕਰਨੀ ਪਵੇਗੀ, ਕਿਉਂਕਿ ਪੰਜ ਰਾਜਾਂ ਮਿਜ਼ੋਰਮ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਰਾਜਸਥਾਨ 'ਚ ਚੋਣਾਂ ਹੋਣ ਵਾਲੀਆਂ ਹਨ। ਇੰਜ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਭਾਵ ਨਵੰਬਰ, ਦਸੰਬਰ 2023 'ਚ ਕਰਨੀਆਂ ਪੈਣਗੀਆਂ ਅਤੇ ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਵਿਚ ਵੀ ਚੋਣਾਂ ਮਈ-ਜੂਨ 2024 'ਚ ਹੋਣੀਆਂ ਹਨ, ਪਰ ਜੇਕਰ ਇਕੋ ਵੇਲੇ ਚੋਣਾਂ ਕਰਾਉਣ ਦੀ ਗੱਲ ਪੱਕੀ ਹੁੰਦੀ ਹੈ ਤਾਂ ਇਨ੍ਹਾਂ ਵਿਧਾਨ ਸਭਾਵਾਂ ਨੂੰ ਭੰਗ ਕਰ ਕੇ ਇਸ ਨੂੰ ਅਮਲ ਵਿਚ ਲਿਆਉਣਾ ਪਵੇਗਾ। ਫਿਰ ਚੁਣੀਆਂ ਨਗਰ ਪਾਲਿਕਾਵਾਂ ਅਤੇ ਪੰਚਾਇਤ ਸੰਸਥਾਵਾਂ ਦਾ ਕੀ ਬਣੇਗਾ? ਪਰ ਜਿਨ੍ਹਾਂ ਸੂਬਿਆਂ 'ਚ ਚੋਣਾਂ 2020, 2021, 2022 ਅਤੇ 2023 'ਚ ਹੋਈਆਂ ਹਨ ਅਤੇ ਲੋਕਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪੀ ਸੀ, ਉਨ੍ਹਾਂ ਸੂਬਾ ਸਰਕਾਰਾਂ ਦਾ ਕੀ ਹੋਏਗਾ ਕਿਉਂਕਿ ਇਨ੍ਹਾਂ ਵਿਚੋਂ ਬਹੁਤੀਆਂ ਭਾਜਪਾ ਵਿਰੋਧੀ ਹਨ ਅਤੇ ਉਹ ਆਪੋ ਆਪਣੀਆਂ ਵਿਧਾਨ ਸਭਾਵਾਂ 'ਚ ਵਿਧਾਨ ਸਭਾ ਭੰਗ ਕਰਨ ਦੇ ਮਤੇ ਨਹੀਂ ਪਾਉਣਗੀਆਂ ਕਿਉਂਕਿ ਦੇਸ਼ ਦੀਆਂ 28 ਸਿਆਸੀ ਪਾਰਟੀਆਂ ਜੋ ਇਕ ਬੈਨਰ ਇੰਡੀਆ ਹੇਠ ਇਕੱਠੀਆਂ ਹੋਈਆਂ ਹਨ, ਉਨ੍ਹਾਂ ਨੇ ਸਰਕਾਰ ਦੇ ਇਕ ਦੇਸ਼ ਇਕ ਚੋਣ ਦੇ ਵਿਚਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸੰਘੀ ਢਾਂਚੇ ਉੱਪਰ ਬਹੁਤ ਵੱਡਾ ਹਮਲਾ ਹੈ।

ਦੇਸ਼ ਦੀ ਹਾਕਮ ਧਿਰ ਇਹ ਕਹਿੰਦੀ ਹੈ ਕਿ ਇਕ ਦੇਸ਼ ਇਕ ਚੋਣ ਸਮੇਂ ਦੀ ਲੋੜ ਹੈ। ਉਸ ਅਨੁਸਾਰ ਇਕੋ ਵੇਲੇ ਚੋਣਾਂ ਕਰਾਉਣ ਨਾਲ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਬੱਚਤ ਹੋਏਗੀ ਅਤੇ ਵਾਰ-ਵਾਰ ਚੋਣਾਂ ਕਰਾਉਣ ਨਾਲ ਪ੍ਰਸ਼ਾਸਨਿਕ ਅਤੇ ਕਾਨੂੰਨ ਵਿਵਸਥਾ ਸਬੰਧੀ ਪੈਦਾ ਹੁੰਦੀਆਂ ਉਲਝਣਾਂ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਅਨੁਸਾਰ ਦੇਸ਼ 'ਚ ਚੋਣਾਂ ਜਾਂ ਉਪ ਚੋਣਾਂ ਕਾਰਨ ਜੋ ਚੋਣ ਜ਼ਾਬਤਾ ਲਗਦਾ ਹੈ ਅਤੇ ਵਿਕਾਸ ਦੇ ਕੰਮ ਇਸ ਸਮੇਂ ਰੋਕਣੇ ਪੈਂਦੇ ਹਨ, ਉਸ ਤੋਂ ਛੁਟਕਾਰਾ ਮਿਲੇਗਾ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਉਲਟ ਅਸਰ ਚੋਣਾਂ ਕਾਰਨ ਨਹੀਂ ਪਵੇਗਾ। ਪਰ ਸਵਾਲ ਤਾਂ ਵੱਡਾ ਇਹ ਹੈ ਕਿ ਜਦੋਂ ਕੇਂਦਰ 'ਚ ਕਾਬਜ਼ ਹਾਕਮ ਧਿਰ ਵਿਰੋਧੀ ਪਾਰਟੀ ਦੀਆਂ ਚੁਣੀਆਂ ਸਰਕਾਰਾਂ ਨੂੰ ਭੰਗ ਕਰ ਦੇਵੇਗੀ, ਤਾਂ ਫਿਰ ਉਨ੍ਹਾਂ ਰਾਜਾਂ ਵਿਚ ਚੋਣ ਅਮਲ ਕੀ ਰੁਕਿਆ ਰਹੇਗਾ ਅਤੇ ਉਸ ਸਮੇਂ ਤੱਕ ਸੂਬਾ ਉਡੀਕ ਕਰੇਗਾ ਅਤੇ ਰਾਸ਼ਟਰਪਤੀ ਰਾਜ ਸਹਿੰਦਾ ਰਹੇਗਾ, ਜਦੋਂ ਤੱਕ ਅਗਲੀ ਲੋਕ ਸਭਾ ਚੋਣ ਨਹੀਂ ਕਰਵਾਈ ਜਾਂਦੀ।

ਦੇਸ਼ ਦੀ ਸਰਕਾਰ ਨੇ 18 ਸਤੰਬਰ ਤੋਂ 24 ਸਤੰਬਰ 2023 ਤੱਕ ਪਾਰਲੀਮੈਂਟ ਦਾ ਇਜਲਾਸ ਸੱਦਿਆ ਹੈ। ਸੰਭਵ ਹੈ ਕਿ ਇਹ ਮੁੱਦਾ ਵਿਚਾਰਿਆ ਜਾਵੇ। ਪਰ ਕੀ ਸਰਕਾਰ, ਦੇਸ਼ ਦੀ ਵਿਰੋਧੀ ਧਿਰ ਨੂੰ ਇਸ ਸਬੰਧੀ ਮਨਾਉਣ 'ਚ ਸਫ਼ਲ ਹੋਵੇਗੀ? ਵਿਰੋਧੀ ਧਿਰ ਤਾਂ ਭਾਜਪਾ ਉੱਤੇ ਇਲਜ਼ਾਮ ਲਗਾ ਰਹੀ ਹੈ ਕਿ ਇਹ ਭਾਜਪਾ ਦੀ ਚੋਣਾਂ 'ਚ ਲਾਹਾ ਲੈਣ ਦੀ ਤਰਕੀਬ ਹੈ।

ਅਸਲ ਵਿਚ ਭਾਜਪਾ 2024 ਦੀਆਂ ਚੋਣਾਂ 'ਚ ਹਰ ਹੀਲੇ ਮੁੜ ਸੱਤਾ 'ਤੇ ਕਾਬਜ਼ ਹੋਣ ਲਈ ਪੱਬਾਂ ਭਾਰ ਹੋਈ ਪਈ ਹੈ। ਉਸ ਉੱਤੇ ਇਕ ਦੇਸ਼, ਇਕ ਧਰਮ, ਇਕ ਬੋਲੀ ਲਾਗੂ ਕਰਨ ਦੇ ਇਲਜ਼ਾਮ ਵੀ ਲੱਗ ਰਹੇ ਹਨ ਅਤੇ ਇਹ ਵੀ ਇਲਜ਼ਾਮ ਲੱਗਦੇ ਹਨ ਕਿ ਉਸ ਵਲੋਂ ਦੇਸ਼ ਵਿਚ ਫਿਰਕੂ ਪਾੜਾ ਪਾਉਣ ਦੇ ਯਤਨ ਹੋ ਰਹੇ ਹਨ।

ਭਾਜਪਾ ਦੇਸ਼ ਵਿਚ ਘੱਟ ਗਿਣਤੀਆਂ ਨੂੰ ਪਿੱਛੇ ਧੱਕ ਕੇ ਧਰਮ ਆਧਾਰਤ ਰਾਜ ਦੀ ਸਥਾਪਨਾ ਦਾ ਜੋ ਏਜੰਡਾ ਲਾਗੂ ਕਰਨ ਦੇ ਰਾਹ ਉੱਤੇ ਹੈ, ਉਸ ਲਈ ਇਕ ਦੇਸ਼ ਇਕ ਚੋਣ ਵਰਗਾ ਅਮਲ ਵੱਡੀ ਪੁਲਾਂਘ ਸਾਬਤ ਹੋਵੇਗਾ। ਇਸ ਅਮਲ ਦੇ ਲਾਗੂ ਹੋਣ ਨਾਲ ਇਕੋ ਸ਼ਖ਼ਸ ਨਰਿੰਦਰ ਮੋਦੀ ਦਾ ਅਕਸ ਹਰ ਥਾਂ ਉਭਾਰਨ ਦਾ ਯਤਨ ਹੋਵੇਗਾ। ਭਾਵੇਂ ਕਿ ਸੂਬਿਆਂ ਦੀਆਂ ਸਰਕਾਰਾਂ ਦੀ ਚੋਣ ਵਿਚ ਕੁਝ ਸਥਾਨਕ ਮੁੱਦੇ ਵੀ ਕੰਮ ਕਰਦੇ ਹਨ ਅਤੇ ਰਾਸ਼ਟਰ ਚੋਣਾਂ 'ਚ ਕੁਝ ਹੋਰ ਮੁੱਦੇ। ਇਸ ਅਮਲ ਦੇ ਲਾਗੂ ਹੁੰਦਿਆਂ ਲੋਕ ਭੰਬਲਭੂਸੇ ਵਾਲੀ ਸਥਿਤੀ 'ਚ ਫਸਣਗੇ।

ਪਰ ਸਵਾਲ ਇਹ ਵੀ ਉੱਠਦਾ ਹੈ ਕਿ ਦੇਸ਼ ਵਿਚ ਕੇਂਦਰ, ਸੂਬਾ ਸਰਕਾਰਾਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁੰਦੀਆਂ ਹਨ ਜੋ ਕਿ ਸੰਵਿਧਾਨਕ ਅਮਲ ਹੈ, ਪਰ ਇਕ ਦੇਸ਼ ਇਕ ਚੋਣ 'ਚ ਕੇਂਦਰ, ਸੂਬਾ ਅਤੇ ਸਥਾਨਕ ਸਰਕਾਰਾਂ ਦੀ ਚੋਣ ਇਕੋ ਵੇਲੇ ਕਰਵਾਏ ਜਾਣਾ ਕੀ ਸੰਭਵ ਹੋਏਗਾ? ਕੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਲੋਕ ਇਸ ਸਮੁੱਚੇ ਅਮਲ ਕੇਂਦਰ, ਰਾਜ, ਸਥਾਨਕ ਸਰਕਾਰਾਂ ਦੀ ਚੋਣ 'ਚ ਇਕੋ ਵੇਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਸਕਣਗੇ? ਕੀ ਸਥਾਨਕ ਮੁੱਦੇ ਇਸ ਅਮਲ 'ਚ ਲੁਪਤ ਹੋ ਕੇ ਨਹੀਂ ਰਹਿ ਜਾਣਗੇ? ਕੀ ਇਲਾਕਾਈ ਪਾਰਟੀਆਂ ਦੀ ਹੋਂਦ ਨੂੰ ਖ਼ਤਰਾ ਨਹੀਂ ਪੈਦਾ ਹੋ ਜਾਏਗਾ?

ਉਂਜ ਵੀ ਇਕੋ ਵੇਲੇ ਚੋਣਾਂ ਕਰਾਉਣ ਲਈ ਈਵੀਐਮ ਖ਼ਰੀਦਣ ਲਈ 2019 'ਚ ਖ਼ਰਚੇ ਦਾ ਅੰਦਾਜ਼ਾ ਚੋਣ ਕਮਿਸ਼ਨ ਨੇ 4500 ਕਰੋੜ ਲਗਾਇਆ ਸੀ ਅਤੇ ਈਵੀਐਮਜ਼ ਦੀ ਮਿਆਦ 15 ਸਾਲ ਹੁੰਦੀ ਹੈ ਭਾਵ ਸਿਰਫ਼ ਤਿੰਨ ਵੇਰ ਚੋਣਾਂ ਲਈ ਇਹ ਮਸ਼ੀਨ ਵਰਤੀ ਜਾਏਗੀ। ਕੀ ਇਹ ਖ਼ਰਚੀਲਾ ਪ੍ਰਬੰਧ ਨਹੀਂ ਹੋਏਗਾ? ਉਂਜ ਵੀ ਜਦੋਂ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਤੋਂ ਇਸ ਸਬੰਧੀ 2019 'ਚ ਰਾਏ ਮੰਗੀ ਸੀ ਤਾਂ ਕਾਂਗਰਸ, ਭਾਜਪਾ ਨੇ ਕੋਈ ਰਾਏ ਨਹੀਂ ਸੀ ਦਿੱਤੀ ਜਦਕਿ ਏਆਈਡੀਐਮਕੇ, ਸ਼੍ਰੋਮਣੀ ਅਕਾਲੀ ਦਲ (ਬਾਦਲ) ਐਸਪੀ, ਟੀਆਰਐਸ ਕੁੱਲ ਚਾਰ ਪਾਰਟੀਆਂ ਇਸਦੇ ਹੱਕ ਵਿਚ ਸਨ ਜਦਕਿ 9 ਸਿਆਸੀ ਪਾਰਟੀਆਂ ਟੀਐਮਸੀ, ਆਪ, ਡੀਐਮਕੇ, ਟੀਡੀਪੀ, ਸੀਪੀਆਈ, ਸੀਪੀਐਮ, ਜੇਡੀਐਸ, ਗੋਆ ਫਾਰਵਡ ਬਲੋਕ ਆਦਿ ਇਸਦੇ ਵਿਰੋਧ ਵਿਚ ਸਨ।

ਜੇਕਰ ਪਾਰਲੀਮੈਂਟ ਵਿਚ 18 ਤੋਂ 24 ਸਤੰਬਰ 2023 ਨੂੰ ਇਸ ਉੱਤੇ ਵਿਚਾਰ ਚਰਚਾ ਹੁੰਦੀ ਹੈ, ਕੋਵਿੰਦ ਕਮੇਟੀ ਵਲੋਂ ਸਿਫ਼ਾਰਸ਼ਾਂ ਨੂੰ ਬਾਅਦ ਵਿਚ ਪ੍ਰਵਾਨ ਕਰ ਲਿਆ ਜਾਂਦਾ ਹੈ ਅਤੇ ਇਸ 'ਤੇ ਅਮਲ ਕਰ ਕੇ ਇਕ ਦੇਸ਼ ਇਕ ਚੋਣ ਪ੍ਰੀਕਿਰਿਆ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਭਾਰਤ ਦੁਨੀਆ ਭਰ ਵਿਚ ਚੌਥਾ ਇਹੋ ਜਿਹਾ ਦੇਸ਼ ਬਣ ਜਾਏਗਾ ਜਿਥੇ ਇਕ ਦੇਸ਼ ਇਕ ਚੋਣ ਕਰਵਾਈ ਜਾਂਦੀ ਹੈ। ਦੂਜੇ ਹੋਰ ਤਿੰਨ ਦੇਸ਼ ਬੈਲਜੀਅਮ ਜਿਸਦੀ ਆਬਾਦੀ 2021 'ਚ 1 ਕਰੋੜ 16 ਲੱਖ ਸੀ, ਸਵੀਡਨ ਜਿਸਦੀ ਆਬਾਦੀ 1 ਕਰੋੜ 4 ਲੱਖ ਸੀ ਅਤੇ ਸਾਊਥ ਅਫ਼ਰੀਕਾ ਜਿਸਦੀ ਆਬਾਦੀ 5 ਕਰੋੜ 94 ਲੱਖ ਸੀ, ਸ਼ਾਮਲ ਹਨ ਪਰ ਕੀ 140 ਕਰੋੜ ਤੋਂ ਵੱਧ ਆਬਾਦੀ ਵਾਲੇ ਇਸ ਵਿਸ਼ਾਲ ਦੇਸ਼ ਵਿਚ ਐਡੀ ਵੱਡੀ ਪ੍ਰਕਿਰਿਆ ਸਫ਼ਲਤਾ ਨਾਲ ਲਾਗੂ ਕੀਤੀ ਜਾ ਸਕੇਗੀ?

ਇਕ ਹੋਰ ਸਵਾਲ ਇਹ ਕਿ ਲੋਕ ਸਭਾ, ਵਿਧਾਨ ਸਭਾਵਾਂ ਜਾਂ ਸਥਾਨਕ ਸਰਕਾਰਾਂ ਦੇ ਇਕੋ ਵੇਲੇ ਸੰਯੁਕਤ ਪ੍ਰਕਿਰਿਆ ਲਾਗੂ ਹੋਣ 'ਤੇ ਕੀ ਜਦੋਂ ਕਦੇ ਲੋਕ ਸਭਾ ਨੂੰ ਅਗਾਊਂ ਭੰਗ ਕਰਨ ਦੀ ਸਥਿਤੀ ਬਣ ਜਾਂਦੀ ਹੈ ਤਾਂ ਕੀ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਵੀ ਭੰਗ ਹੋ ਜਾਣਗੀਆਂ ਤੇ ਮੁੜ ਨਾਲ ਹੀ ਇਨ੍ਹਾਂ ਸੰਸਥਾਵਾਂ ਦੀ ਚੋਣ ਹੋਵੇਗੀ ਤਾਂ ਫਿਰ ਦੇਸ਼ ਦੇ ਸੰਘੀ ਢਾਂਚੇ ਦੀ ਸੰਵਿਧਾਨਕ ਤੌਰ 'ਤੇ ਸੰਘੀ ਨਹੀਂ ਘੁੱਟੀ ਜਾਏਗੀ। ਕੀ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਫਿਰ ਆਪਣੀ ਹੋਂਦ ਨਹੀਂ ਗੁਆ ਬੈਠੇਗਾ?

ਅਸਲ 'ਚ ਭਾਜਪਾ ਦਾ ਨਿਸ਼ਾਨਾ ਤਾਂ ਇਕੋ ਹੈ, ਉਹ ਇਹ ਹੈ ਕਿ "ਮੋਦੀ ਫੈਕਟਰ" ਵਰਤ ਕੇ, ਲੋਕ ਸਭਾ, ਸੂਬਾ ਸਰਕਾਰਾਂ 'ਚ ਆਪਣੇ ਨੁਮਾਇੰਦਿਆਂ ਰਾਹੀਂ ਸਰਕਾਰਾਂ 'ਤੇ ਕਬਜ਼ਾ ਕਰ ਲਿਆ ਜਾਵੇ ਅਤੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦਾ ਅਮਲ ਆਰੰਭਿਆ ਜਾਏ ਜਿਸਦੀ ਚਰਚਾ ਇਨ੍ਹਾਂ ਦਿਨਾਂ 'ਚ ਆਮ ਹੈ। ਭਾਜਪਾ ਦੀ ਮਨਸ਼ਾ ਇਹ ਹੈ ਕਿ ਦੇਸ਼ 'ਚ ਸੂਬਿਆਂ ਦੀਆਂ ਸਰਕਾਰਾਂ ਨੂੰ ਗੁੱਠੇ ਲਾ ਕੇ, ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਜਾਵੇ।




---

## ਕਾਵਿ -ਕਿਆਰੀ

### .ਗ਼ਜ਼ਲ



ਅਜੇ ਤਨਵੀਰ

ਹਰ ਕਦਮ ਤੇ ਹਾਦਸੇ ਮੇਰੇ ਤੋਂ ਹਾਰੇ ਦੇਖ ਲੈ।
ਮੈਂ ਸਦਾ ਚੜ੍ਹਦੀ ਕਲਾ 'ਚ ਦਿਨ ਗੁਜ਼ਾਰੇ ਦੇਖ ਲੈ।

ਧੁੱਪ ਤੋਂ ਡਰਦੇ ਜੋ ਛਤਰੀ ਤਾਣ ਕੇ ਸੀ ਰੱਖਦੇ,
ਮੰਜ਼ਿਲਾਂ ਵੱਲ ਤੁਰ ਪਏ ਉਹ ਲੋਕ ਸਾਰੇ ਦੇਖ ਲੈ।

ਨ੍ਹੇਰ ਉੱਤੇ ਮਾਣ ਕਰਦੀ ਸੀ ਬੜਾ ਹੀ ਮੱਸਿਆ,
ਜੁਗਨੂੰਆਂ ਨੇ ਪਰ ਦਿਖਾ ਦਿੱਤੇ ਨੇ ਤਾਰੇ ਦੇਖ ਲੈ।

ਰੁੱਤ ਆਈ ਹੈ ਸਲੀਬਾਂ ਦੀ ਦੁਬਾਰਾ ਸ਼ਹਿਰ ਵਿਚ,
ਨਾਬਰਾਂ ਦੇ ਕਤਲਗਾਹਾਂ ਵਿਚ ਉਤਾਰੇ ਦੇਖ ਲੈ।

ਸ਼ਿਕਰਿਆਂ ਦਾ ਖ਼ੌਫ਼ ਦਿਲ 'ਚੋਂ ਕੱਢ ਦਿੱਤਾ ਪੰਛੀਆਂ,
ਉਡ ਰਹੇ ਬੇਖ਼ੌਫ਼ ਕਿੱਦਾਂ ਬੋਟ ਸਾਰੇ ਦੇਖ ਲੈ।

ਸੋਚ ਤੇਰੀ ਬਸਤੀਆਂ ਵਿਚ ਰੌਸ਼ਨੀ ਬਣਕੇ ਫਿਰੇ,
ਤਾਰਿਆਂ ਨੂੰ ਪੈ ਗਏ ਭਰਨੇ ਹੁੰਗਾਰੇ ਦੇਖ ਲੈ।

ਸ਼ਹਿਰ ਸਾਰਾ ਘੇਰ ਕੇ ਉਹ ਗੱਲ ਕਰਦੇ ਅਮਨ ਦੀ,
ਹਰ ਜਗ੍ਹਾ ਹੀ ਫ਼ੌਜ ਨੇ ਬੰਕਰ ਉਸਾਰੇ ਦੇਖ ਲੈ।

ਵੱਖ ਹੋ ਕੇ ਵੱਖ ਨਾ ਹੋਇਆ ਅਜੇ ਤੈਥੋਂ ਅਜੈ,
ਉਸ ਦਿਆਂ ਸ਼ਿਅਰਾਂ 'ਚ ਹੁੰਦੇ ਜੋ ਇਸ਼ਾਰੇ ਦੇਖ ਲੈ।

---

### ਚੰਨ ਮਾਮੇ 'ਤੇ ਭਾਰਤ ਨੇ ਹੈ ਚੰਦਰ ਯਾਨ ਪੁਚਾ ਦਿੱਤਾ

ਚੰਨ ਮਾਮੇ 'ਤੇ ਭਾਰਤ ਨੇ ਹੈ ਚੰਦਰ ਯਾਨ ਪੁਚਾ ਦਿੱਤਾ
ਗਗਨ ਦਮਾਮੇ ਚੋਟਾਂ ਲਾ ਕੇ ਤਿੰਨ ਰੰਗਾ ਲਹਿਰਾ ਦਿੱਤਾ।

ਚੀਨ, ਜਪਾਨ, ਅਤੇ ਅਮਰੀਕਾ ਸਾਰੇ ਰਹਿ ਗਏ ਤੱਕਦੇ ਹੀ
ਜਿਸ ਥਾਂ ਘੁਪ ਹਨੇਰਾ ਸੀ ਚਾਨਣ ਦਾ ਬੂਟਾ ਲਾ ਦਿੱਤਾ।

ਲੱਖ ਪਾਤਾਲ ਆਕਾਸ਼ ਲੱਖ ਬਾਬੇ ਨਾਨਕ ਨੇ ਦੱਸਿਆ ਸੀ
ਨਵੇਂ ਯੁੱਗ ਦੀ ਨਵੀਂ ਹੈ ਮੰਜ਼ਿਲ ਦੁਨੀਆਂ ਨੂੰ ਦਿਖਲਾ ਦਿੱਤਾ।

ਸਾਇੰਸਦਾਨ ਭਾਰਤ ਮੇਰੇ ਦੇ ਜਗ ਵਿਚ ਐਸੇ ਚਮਕੇ ਨੇ
ਸਾਰੀ ਦੀ ਸਾਰੀ ਦੁਨੀਆਂ ਨੂੰ ਸੋਚਾਂ ਦੇ ਵਿਚ ਪਾ ਦਿੱਤਾ।

ਬਾਈਡਨ ਵੰਡੇ ਪਿਆ ਮਿਜ਼ਾਈਲਾਂ ਭਾਰਤ ਵੰਡੇ ਰੌਸ਼ਨੀਆਂ
ਜੀਓ ਅਤੇ ਜਿਊਣ ਦਿਓ ਦਾ, ਅਮਨ ਸੰਦੇਸ਼ ਸੁਣਾ ਦਿੱਤਾ।

ਪੁੱਠੀ ਮੱਤ ਦੇ ਲੋਕੋ ਵੇ ਕੁਝ ਚੰਗਾ ਕਰੋ ਮਨੁੱਖਤਾ ਲਈ
ਮਾਨਵਤਾ ਨੂੰ ਮਾਰਨ ਲਈ ਕਿਉਂ ਸਾਰਾ ਜੀਵਨ ਲਾ ਦਿੱਤਾ।

ਧਰਮ, ਸਮਾਜ ਤੇ ਰਾਜਨੀਤੀ ਸਭ ਖੇਡ ਤਮਾਸ਼ੇ ਬਣ ਬੈਠੇ
ਕੱਟੜਤਾ ਜਦ ਆਈ ਧਰਮ ਦਾ ਰੰਗ ਰੂਪ ਬਦਲਾ ਦਿੱਤਾ।

ਲਗਨ ਨਾਲ ਜੋ ਤੁਰਦੇ ਨੇ 'ਸੁਰਜੀਤ' ਸਦਾ ਲਈ ਹੋਂਦੇ ਨੇ
ਚੰਦਰ ਯਾਨ ਨੇ ਚੰਨ 'ਤੇ ਜਾ ਕੇ ਦੁਨੀਆਂ ਨੂੰ ਸਮਝਾ ਦਿੱਤਾ।

**-ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ'**

---

### ਭਾਦੋਂ ਅੱਸੂ

ਗਦਰਿਆ ਝੋਨਾ ਅਤੇ ਵੱਧਦੇ ਨੇ ਛੱਲੀਆਂ,
ਕਿਰਤੀ ਕਿਸਾਨਾਂ ਨੇ ਆਣ ਵੱਟਾਂ ਮੱਲੀਆਂ।
ਬੱਸ ਰੌਣਕਾਂ ਨੇ ਸ਼ੁਰੂ ਮੇਲੇ ਖੇਤਾਂ 'ਚ ਲੱਗਣੇ,
ਧੁੱਪ ਨਾਲ ਚੇਹਰੇ ਲਾਲ ਅੱਗ ਵਾਂਗੂੰ ਦਗਣੇ।

ਜੱਟੀ ਦਾ ਪਸੀਨਾ ਚੋਅ ਕੇ ਭਰਨੀ ਪਰਾਤ ਹੈ,
ਹੁਸਨ ਦੇ ਮਾਲਕਾਂ ਨੂੰ ਹੁਨਾਲ ਦੀ ਸੌਗਾਤ ਹੈ।
ਕਹਿੰਦੇ ਭਾਦੋਂ ਦੀ ਧੁੱਪ 'ਚ ਜੱਟ ਹੋਵੇ ਸਾਧ ਜੀ,
ਪਿੱਠ ਕਾਲੀ ਹਿਰਨ ਦੀ ਸਾੜ ਕਰੇ ਵਾਧ ਜੀ।

ਹਰੇ ਰੰਗਾ ਦੁਸ਼ਾਲਾ ਲੈ ਕੇ ਖੇਤਾਂ 'ਚ ਖੜ੍ਹੀਆਂ,
ਲਾਲ ਪੀਲੇ ਜੋਗੀਆ ਮੋਤੀ ਦੀਆਂ ਲੜੀਆਂ।
ਵੱਢ ਵੱਢ ਟਾਂਡੇ ਨਾਲੇ ਸੱਥਰ ਵਿਛਾਈ ਜਾਂਦੇ,
ਕੱਢ ਕੱਢ ਪੂਣਾਂ ਵਿੱਚੋਂ ਢੇਰ ਨੇ ਲਗਾਈ ਜਾਂਦੇ।

ਦਿਸਦੀਆਂ ਦੂਰੋਂ ਜਿਵੇਂ ਜਲੇਬੀ ਵਾਲੇ ਗੰਡ ਨੇ,
ਨੇੜੇ ਆ ਕੇ ਤੱਕੋ ਨਿਰੀ ਦਾਣਿਆਂ ਦੀ ਪੰਡ ਨੇ।
ਖਿੜ੍ਹਨੀਆਂ ਕਪਾਹਾਂ ਚੋਗੇ ਚੋਗੀ ਰਲ ਚੁਗਣੇ,
ਤੋੜ ਤੋੜ ਲਾਲ ਮਿਰਚਾਂ ਦੇ ਢੇਰ ਲਾਣੇ ਦੁੱਗਣੇ।

ਵੱਢਣਗੇ ਝੋਨਾ ਭਰ ਟਰਾਲੀਆਂ ਲਿਜਾਉਣਗੇ,
ਜਾ ਮੰਡੀਆਂ 'ਚ ਚਹਿਲ ਪਹਿਲ ਲਗਾਉਣਗੇ।
ਰੁਕੇ ਪੰਪਾਂ ਦੀ ਧੁਕ ਧੁਕ ਬੰਬੀਆਂ ਸਾਹ ਆਉਣੇ,
ਨਹਿਰ ਵਾਲੇ ਪਾਣੀਆਂ ਨੇ ਵੀ ਸ਼ੁਕਰ ਮਨਾਉਣੇ।

ਹਾੜ੍ਹੀ ਦੀ ਫ਼ਸਲ ਲਈ ਜ਼ਮੀਨ ਤਿਆਰ ਕਰੇਗਾ,
ਫ਼ਸਲ ਵੇਚ ਕਰਜ਼ੇ ਸ਼ਾਹੂਕਾਰ, ਬੈਂਕਾਂ ਵਾਲੇ ਭਰੇਗਾ।
ਭੰਡਾ ਭੰਡਾਰੀਆ ਵੇ ਤੂੰ ਦੱਸ ਜ਼ਰਾ ਕਿੰਨਾ ਕੁ ਭਾਰ?
'ਇੱਕ ਮੁੱਠੀ ਚੁੱਕ ਲੈ ਵੇ ਹੋ ਜਾ ਦੂਜੀ ਨੂੰ ਤਿਆਰ।'


**-ਸੇਵਾ ਸਿੰਘ ਨੂਰਪੁਰੀ**

### ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਫਿਰ ਗੁਰਸੀਰ ਦਾ ਭਰਾ ਬਲਵੀਰ ਵੀ ਕੈਨੇਡਾ ਪੁੱਜ ਜਾਂਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




**ਕਾਂਡ ਸੱਤ- ਭਾਗ ਦੋ**



ਗੁਰਸੀਰ

ਚਾਹ ਦੀ ਆਖਰੀ ਘੁੱਟ ਭਰ ਕੇ ਖਾਲੀ ਗਿਲਾਸ ਮੇਜ਼ 'ਤੇ ਰੱਖਦਾ ਗੁਰਸੀਰ ਦਾ ਵੱਡਾ ਭਰਾ ਬਲਵੀਰ ਬੋਲਿਆ, "ਚੱਲੀਏ ਫੇਰ?"

"ਢੂਈ ਸਿੱਧੀ ਕਰ ਲੈਂਦਾ। ਸਾਰੇ ਰਾਹ ਬੈਠਾ ਆਇਐਂ।" ਗੁਰਸੀਰ ਨੇ ਜਵਾਬ 'ਚ ਕਿਹਾ।

ਬਲਵੀਰ ਹਫ਼ਤਾ ਪਹਿਲਾਂ ਹੀ ਗੁਰਸੀਰ ਵਾਲੇ ਰੂਟ, ਵਿਧਵਾ ਹੋਈ ਭੈਣ ਨੂੰ ਸਹਾਰਾ ਦੇਣ, ਵਿਨੀਪੈਗ ਪਹੁੰਚਿਆ ਸੀ। ਟਰਾਂਟੋ ਤੋਂ ਵਾਪਸੀ 'ਤੇ ਅੱਜ ਗੁਰਸੀਰ ਉਸ ਨੂੰ ਆਪਣੇ ਨਾਲ ਹੀ ਟਰੱਕ ਰਾਹੀਂ ਸਰੀ ਲੈ ਆਇਆ ਸੀ। ਉਨ੍ਹਾਂ ਨੇ ਆ ਕੇ ਹਾਲੇ ਚਾਹ ਹੀ ਪੀਤੀ ਸੀ। ਗੁਰਸੀਰ ਨੇ ਤਾਂ ਹਾਲੇ ਚਾਹ ਮੁਕਾਈ ਵੀ ਨਹੀਂ ਸੀ।



"ਢੂਈ ਤਾਂ ਹੁਣ ਆਬਣੇ ਹੀ ਸਿੱਧੀ ਕਰਾਂਗੇ।" ਆਖਦਾ ਬਲਵੀਰ ਉੱਠ ਖਲੋਤਾ।

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਗੁਰਸੀਰ ਸੋਫੇ 'ਤੇ ਹੀ ਬੈਠਾ ਰਿਹਾ। ਉਹ ਬੋਲਿਆ, "ਬਹਿ ਜਾ ਹਾਲੇ। ਮੈਨੂੰ ਚਾਹ ਤਾਂ ਪੀ ਲੈਣ ਦੇ।"

"ਕੰਮ ਤਾਂ ਵੀਰ ਜੀ ਹੁੰਦੇ ਈ ਰਹਿਣੇ ਆ। ਗੁਰਸੀਰ ਨੂੰ ਨਹਾ ਲੈਣ ਦਿਓ। ਕਿੰਨੇ ਦਿਨਾਂ ਬਾਅਦ ਮੁੜੇ ਆ।" ਸਟੋਵ ਨਾਲ ਢਾਸਣਾ ਲਈ ਖੜ੍ਹੀ ਅਮ੍ਰਿਤ ਬੋਲੀ। ਬੇਸਮੈਂਟ ਦੀ ਬੈਠਕ, ਖਾਣੇ ਵਾਲਾ ਕਮਰਾ ਤੇ ਰਸੋਈ ਲਈ ਇਕ ਹੀ ਕਮਰਾ ਸੀ ਜਿਸ ਵਿਚ ਫ੍ਰਿੱਜ, ਸਟੋਵ, ਸੋਫਾ ਤੇ ਕੌਫ਼ੀ ਟੇਬਲ ਪਏ ਸਨ। ਫ੍ਰਿੱਜ ਤੇ ਸਟੋਵ ਮਕਾਨ ਮਾਲਕ ਦੇ ਸਨ ਅਤੇ ਸੋਫਾ ਤੇ ਕੌਫ਼ੀ ਟੇਬਲ ਗੁਰਸੀਰ ਨੇ ਗੈਰਾਜ ਸੇਲ ਤੋਂ ਪੁਰਾਣੇ ਖਰੀਦੇ ਸਨ। ਪਿਛਲੀ ਵਾਰ ਟਰੱਕ ਦੇ ਗੇੜੇ ਤੋਂ ਮੁੜੇ ਗੁਰਸੀਰ ਨੇ ਬਲਵੀਰ ਦੇ ਆਉਣ ਬਾਰੇ ਸੁਣ ਕੇ ਗੱਦਾ ਖਰੀਦ ਲਿਆਂਦਾ ਸੀ। ਉਹ ਸੋਫੇ ਦੇ ਸਾਹਮਣੀ ਕੰਧ ਨਾਲ ਖੜ੍ਹਾ ਕੀਤਾ ਹੋਇਆ ਸੀ। ਉਸ ਵੱਲ ਹੱਥ ਕਰਦਾ ਗੁਰਸੀਰ ਬੋਲਿਆ, "ਅਹੁ ਐ ਤੇਰਾ ਮੰਜਾ। ਜੇ ਦੋ ਮਿੰਟ ਆਰਾਮ ਕਰਨੈ ਤਾਂ ਗੱਦੇ ਨੂੰ ਸਿਧਾ ਕਰ ਲੈ। ਮੈਂ ਓਨੇ ਚਿਰ 'ਚ ਨਹਾ ਲਵਾਂ।"

ਬਲਵੀਰ ਨੇ ਗੱਦੇ ਵੱਲ ਦੇਖਿਆ, ਫਿਰ ਬੋਲਿਆ, "ਮੇਰਾ ਫ਼ਿਕਰ ਨਾ ਕਰ। ਤੂੰ ਛੇਤੀ ਨਾਲ ਨਹਾ ਲੈ, ਫੇਰ ਚੱਲਦੇ ਆਂ।"

ਚਾਹ ਪੀ ਕੇ ਗੁਰਸੀਰ ਨਹਾਉਣ ਲੱਗ ਪਿਆ। ਜਦ ਉਹ ਨਹਾ ਕੇ ਬੈਡਰੂਮ ਵਿਚ ਗਿਆ, ਅਮ੍ਰਿਤ ਨੂੰ ਉੱਥੇ ਬੈਠੀ ਦੇਖ ਕੇ ਪੁੱਛਿਆ, "ਤੂੰ ਅੰਦਰ ਆ ਕੇ ਕਿਉਂ ਬੈਠ ਗਈ?"

"ਹੋਰ ਤੁਸੀਂ ਤਾਂ ਨਹਾਉਣ ਲੱਗ ਪਏ ਸੀ। ਮੈਂ ਵੀਰ ਜੀ ਕੋਲ 'ਕੱਲੀ ਕਿਵੇਂ ਬਹਿੰਦੀ?" ਅਮ੍ਰਿਤ ਨੇ ਆਵਾਜ਼ ਬਹੁਤ ਹੀ ਨੀਵੀਂ ਕਰ ਕੇ ਕਿਹਾ। ਗੁਰਸੀਰ ਨੇ ਕੋਈ ਜਵਾਬ ਨਾ ਦਿੱਤਾ। ਉਸ ਦੇ ਮਨ ਵਿਚ ਕੁਝ ਦਿਨ ਪਹਿਲਾਂ ਦੀ ਵਾਰਤਾਲਾਪ ਆ ਗਈ। ਬਲਵੀਰ ਦੇ ਆਉਣ ਦੀ ਖ਼ਬਰ ਸੁਣ ਕੇ ਅਮ੍ਰਿਤ ਨੇ ਪੁੱਛਿਆ ਸੀ, "ਵੀਰ ਜੀ ਰਹਿਣਗੇ ਕਿੱਥੇ?"

"ਐਥੇ ਆਪਣੇ ਕੋਲ ਹੀ ਰਹੂਗਾ। ਹੋਰ ਕਿੱਥੇ?" ਗੁਰਸੀਰ ਨੇ ਜਵਾਬ ਦਿੱਤਾ ਸੀ।

"ਪਰ ਤੁਸੀਂ ਤਾਂ ਟਰੱਕ 'ਤੇ ਚਲੇ ਜਾਨੇ ਐਂ। ਮੈਂ 'ਕੱਲੀ ਕਿਵੇਂ—?" ਆਖਦੀ ਅਮ੍ਰਿਤ ਚੁੱਪ ਕਰ ਗਈ ਸੀ।

"ਕੁਛ ਨੀ ਕਹਿੰਦਾ ਤੈਨੂੰ। ਇਉਂ ਹੀ ਸਾਰਨਾ ਪੈਣਾ।"

"ਮੈਨੂੰ ਤਾਂ ਸੋਚ ਕੇ ਈ ਹੌਰੂੰ ਜੇ ਲੱਗਦੈ।"

"ਇੰਡੀਆ ਵੀ ਤਾਂ ਰਹਿੰਦੀ ਸੀ ਨਾਲ।"

"ਓਥੇ ਹੋਰ ਗੱਲ ਸੀ। ਘਰ ਦੇ ਹੋਰ ਜੀਅ ਵੀ ਹੁੰਦੇ ਸੀ। ਖੁੱਲ੍ਹਾ ਵਿਹੜਾ ਸੀ। ਆਵਦਾ ਕਮਰਾ ਸੀ ਤੇ ਏਥੇ ਭੋਰਾ ਭਰ ਥਾਂ ਹੈ।"

"ਤੇਰੀ ਆਫ਼ਟਰਨੂਨ ਸ਼ਿਫ਼ਟ ਐ। ਜਦੋਂ ਨੂੰ ਤੂੰ ਕੰਮ ਤੋਂ ਮੁੜਿਆ ਕਰਨੈ, ਇਹਨੇ ਸੁੱਤਾ ਹੋਇਆ ਕਰਨੈ। ਸਵੇਰੇ ਇਹਨੇ ਕੰਮ 'ਤੇ ਹੋਇਆ ਕਰਨੈ।"

"ਉਹ ਗੁਰਪ੍ਰੀਤ ਵੀਰ ਜੀ ਕੇ ਘਰ ਨਹੀਂ ਰਹਿ ਸਕਦੇ?"

"ਪਹਿਲਾਂ ਤਾਂ ਕੁਛ ਦਿਨ ਆਪਣੇ ਕੋਲ ਰਹੂ। ਮੈਂ ਵੀ ਕੁਛ ਦਿਨ ਛੁੱਟੀ ਕਰ ਲਊਂਗਾ। ਫੇਰ ਦੇਖਾਂਗੇ, ਕੀ ਬਣਦੈ।"

ਉਸ ਵਾਰਤਾਲਾਪ ਨੂੰ ਯਾਦ ਕਰਦੇ ਗੁਰਸੀਰ ਨੇ ਕੱਪੜੇ ਪਾਏ ਤੇ ਬੋਲਿਆ, "ਅਮ੍ਰਿਤੇ ਐਵੇਂ ਨਾ ਫ਼ਿਕਰਾਂ 'ਚ ਪੈ ਜਿਆ ਕਰ। ਟੱਪ ਜਾਂਦਾ ਹੁੰਦੈ ਟੈਮ।" ਫਿਰ ਅਮ੍ਰਿਤ ਦੀ ਗੱਲ੍ਹ 'ਤੇ ਪੋਲੀ ਥਪਕੀ ਦਿੱਤੀ ਤੇ ਕਮਰੇ 'ਚੋਂ ਬਾਹਰ ਆ ਗਿਆ।

ਗੁਰਸੀਰ ਨੇ ਬਲਵੀਰ ਨੂੰ ਆਪਣੀ ਹਾਂਡਾ ਸਿਵਿਕ ਕਾਰ 'ਚ ਬਿਠਾਇਆ ਤੇ ਉਹ ਬਲਵੀਰ ਦੇ ਸਾਢੂ ਦੇ ਭਰਾ, ਗੁਰਪ੍ਰੀਤ ਦੇ ਘਰ ਵੱਲ ਚੱਲ ਪਏ। ਅੱਗੇ ਗੁਰਪ੍ਰੀਤ ਨੇ ਉਨ੍ਹਾਂ ਨੂੰ ਆਪਣੀ ਜਾਣ-ਪਛਾਣ ਵਾਲੇ ਇਮੀਗ੍ਰੇਸ਼ਨ ਸਲਾਹਕਾਰ ਕੋਲ ਬਲਵੀਰ ਦੇ ਕੈਨੇਡਾ ਵਿਚ ਪੱਕੇ ਹੋਣ ਦਾ ਰਾਹ ਲੱਭਣ ਲਈ ਲੈ ਕੇ ਜਾਣਾ ਸੀ। ਗੁਰਪ੍ਰੀਤ ਦੇ ਆਲੀਸ਼ਾਨ ਘਰ ਮੂਹਰੇ ਕਾਰ ਰੋਕਦੇ ਗੁਰਸੀਰ ਦੇ ਚਿੱਤ 'ਚ ਆਈ ਕਿ ਜੇ ਗੁਰਪ੍ਰੀਤ ਆਪ ਹੀ ਆਪਣੀ ਕਾਰ ਵਿਚ ਲੈ ਕੇ ਜਾਣ ਲਈ ਆਖ ਦੇਵੇ ਤਾਂ ਚੰਗਾ ਹੈ। ਗੁਰਸੀਰ ਦੀ ਕਾਰ ਦਾ ਏ ਸੀ ਨਹੀਂ ਸੀ ਚਲਦਾ। ਮੂਹਰਲਾ, ਸਵਾਰੀ ਵਾਲੇ ਪਾਸੇ ਦਾ, ਸ਼ੀਸ਼ਾ ਵੀ ਹੇਠ ਨਹੀਂ ਸੀ ਹੁੰਦਾ। ਗੁਰਪ੍ਰੀਤ ਨੇ ਉਸ ਦੀ ਇਹ ਚਿੰਤਾ ਆਪ ਹੀ ਹੱਲ ਕਰ ਦਿੱਤੀ। ਉਹ ਬੋਲਿਆ, "ਆ ਜੋ, ਮੇਰੀ ਗੱਡੀ 'ਚ ਚਲਦੇ ਆਂ।"

"ਠੀਕ ਐ ਜੀ।" ਆਖ ਕੇ ਉਹ ਝੱਟ ਉਸ ਦੀ ਮਰਸੀਡੀਜ਼ ਵਿਚ ਜਾ ਬੈਠੇ।

ਪੰਦਰਾਂ ਕੁ ਮਿੰਟਾਂ ਬਾਅਦ ਗੁਰਪ੍ਰੀਤ ਨੇ ਆਪਣੀ ਕਾਰ ਇਕ ਘਰ ਮੂਹਰੇ ਰੋਕੀ ਤੇ ਬੋਲਿਆ, "ਆ ਜੋ।"

"ਇਹ ਤਾਂ ਕਿਸੇ ਦਾ ਘਰ ਲਗਦੈ," ਗੁਰਸੀਰ ਨੇ ਬਾਹਰ ਦੇਖਦਿਆਂ ਕਿਹਾ।

"ਹਾਂ, ਉਹ ਘਰੋਂ ਹੀ ਕੰਮ ਚਲਾਉਂਦਾ।" ਗੁਰਪ੍ਰੀਤ ਦਾ ਇਹ ਜਵਾਬ ਸੁਣ ਕੇ ਬਲਵੀਰ ਨੇ ਮੁਰਝਾਈ ਆਵਾਜ਼ 'ਚ ਕਿਹਾ, "ਅੱਛਾ!"

ਇਮੀਗ੍ਰੇਸ਼ਨ ਸਲਾਹਕਾਰ ਹਰਵੀਰ ਦੀ ਬੈਠਕ ਦੇ ਕੋਨੇ ਵਿਚ ਮੇਜ਼ ਦੁਆਲੇ ਚਾਰ ਕੁਰਸੀਆਂ ਡਾਹ ਕੇ ਬਣਾਏ ਦਫ਼ਤਰ ਵੱਲ ਦੇਖਦਿਆਂ ਗੁਰਸੀਰ ਦੇ ਦਿਮਾਗ਼ ਵਿਚ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਰਾਕੇਸ਼ ਜਿਸ ਨਾਲ ਉਸ ਨੂੰ ਵਿਨੀਪੈਗ ਵਾਲੇ ਸਲਾਹਕਾਰ ਨੇ ਮਿਲਵਾਇਆ ਸੀ, ਦੇ ਦਫ਼ਤਰ ਦੀ ਚਕਾਚੌਂਧ ਆ ਗਈ। ਗੁਰਸੀਰ ਆਪਣੇ ਅੰਦਰ ਹੀ ਦੋਨਾਂ ਦਫ਼ਤਰਾਂ ਦਾ ਮੁਕਾਬਲਾ ਕਰ ਰਿਹਾ ਸੀ ਕਿ ਉਸ ਦੇ ਕੰਨੀਂ ਹਰਵੀਰ ਦੇ ਬੋਲ ਟਕਰਾਏ। ਉਹ ਗੁਰਪ੍ਰੀਤ ਨਾਲ ਗੱਲੀਂ ਲੱਗਾ ਹੋਇਆ ਆਖ ਰਿਹਾ ਸੀ, "ਮੈਂ ਤਾਂ ਹੁਣ ਮੌਟਗੇਜ ਬਰੋਕਰ ਦਾ ਕੰਮ ਸ਼ੁਰੂ ਕਰਨ ਬਾਰੇ ਸੋਚ ਰਿਹੈਂ।"

"ਵਕੀਲ ਸਾਬ੍ਹ, ਮੇਰੇ ਲਈ ਵੀ ਕੋਈ ਰਾਹ ਦੱਸੋ।" ਬਲਵੀਰ ਵਿਚੋਂ ਹੀ ਬੋਲਿਆ। ਗੁਰਸੀਰ ਨੇ ਉਸ ਵੱਲ ਦੇਖਿਆ। ਉਸ ਦੀ ਇਹ ਕਾਹਲ ਗੁਰਸੀਰ ਨੂੰ ਚੰਗੀ ਨਾ ਲੱਗੀ।

ਹਰਵੀਰ ਮੁਸਕਰਾਇਆ, ਫਿਰ ਬੋਲਿਆ, "ਬਲਵੀਰ ਜੀ, ਮੈਂ ਵਕੀਲ ਨਹੀਂ ਇਮੀਗ੍ਰੇਸ਼ਨ ਕਨਸਲਟੈਂਟ ਹਾਂ। ਸਲਾਹਕਾਰ। ਮੈਂ ਤੁਹਾਡੇ ਪੇਪਰ ਫ਼ਾਈਲ ਕਰ ਸਕਦਾਂ। ਇਹ ਦੱਸ ਸਕਦਾਂ ਕਿ ਤੁਹਾਨੂੰ ਇੱਥੇ ਪੱਕੇ ਹੋਣ ਲਈ ਕਿੰਨੇ ਪੁਆਇੰਟ ਚਾਹੀਦੇ ਹਨ ਤੇ ਉਹ ਪੁਆਇੰਟ ਕਿੱਥੋਂ-ਕਿੱਥੋਂ ਬਣ ਸਕਦੇ ਹਨ ਪਰ ਸਾਰਾ ਕੁਝ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ। ਦੂਜੀ ਗੱਲ, ਜਿਵੇਂ ਗੁਰਪ੍ਰੀਤ ਹੋਰਾਂ ਨੇ ਦੱਸਿਆ ਹੈ ਕਿ ਤੁਸੀਂ ਵਿਜ਼ਟਰ ਵੀਜ਼ੇ 'ਤੇ ਆਏ ਹੋ ਤੇ ਵਰਕ ਪਰਮਿਟ ਲੱਭਦੇ ਹੋ। ਸੋ, ਗੱਲ ਇਹ ਹੈ ਕਿ ਜਿਵੇਂ ਅੱਜ ਕੱਲ੍ਹ ਪੰਜਾਬ ਤੋਂ ਆਉਣ ਵਾਲੇ ਬਹੁਤੇ ਵਿਜ਼ਟਰ ਕਰ ਰਹੇ ਹਨ, ਜੌਬਾਂ ਖਰੀਦ ਰਹੇ ਹਨ। ਵੇਚਣ ਵਾਲੇ ਵੇਚ ਰਹੇ ਹਨ। ਇਮੀਗ੍ਰੇਸ਼ਨ ਕਨਸਲਟੈਂਟ ਵਿਚੋਲੇ ਬਣੇ ਹੋਏ ਹਨ। ਮੈਂ ਇਹ ਵਿਚੋਲਗੀ ਨਹੀਂ ਕਰਦਾ। ਤੁਸੀਂ ਆਪਣਾ ਕੋਈ ਇੰਪਲਾਇਰ ਲੱਭ ਲਵੋ। ਤੁਹਾਡੀ ਫ਼ਾਈਲ ਮੈਂ ਲਾ ਦੇਵਾਂਗਾ।"

"ਤੁਸੀਂ ਨੀ ਜਾਣਦੇ ਕਿਸੇ ਐੱਲ ਐੱਮ ਆਈ ਏ ਵਾਲੇ ਨੂੰ?" ਗੁਰਸੀਰ ਨੇ ਪੁੱਛਿਆ।

"ਨਹੀਂ, ਜਿਵੇਂ ਮੈਂ ਪਹਿਲਾਂ ਹੀ ਦੱਸ ਚੁੱਕੈਂ ਕਿ ਮੈਂ ਦਲਾਲ ਨਹੀਂ। ਮੈਂ ਇਸ ਐੱਲ ਐੱਮ ਆਈ ਏ ਦੇ ਚੱਕਰ 'ਚ ਪੈਂਦਾ ਹੀ ਨਹੀਂ ਪਰ ਸਾਡੇ ਲੋਕਾਂ ਨੇ ਇਹ ਨਵਾਂ ਰਾਹ ਲੱਭ ਲਿਐ। ਸਰਕਾਰ ਕੋਲ ਝੂਠ ਬੋਲਦੇ ਆ ਕਿ ਸਾਨੂੰ ਕੈਨੇਡਾ 'ਚ ਇਸ ਕੰਮ ਲਈ ਢੁੱਕਵਾਂ ਉਮੀਦਵਾਰ ਨਹੀਂ ਮਿਲਦਾ, ਸਾਨੂੰ ਕਿਸੇ ਵਿਦੇਸ਼ੀ ਨੂੰ ਜੌਬ ਦੇਣ ਦੀ ਮਨਜ਼ੂਰੀ ਦਿੱਤੀ ਜਾਵੇ। ਇਹ ਮਨਜ਼ੂਰੀ ਲੈਣ ਦੇ ਪ੍ਰੌਸਿਸ 'ਤੇ ਵੱਧ ਤੋਂ ਵੱਧ ਦੋ ਹਜ਼ਾਰ ਖਰਚ ਆਉਂਦੈ। ਥੋੜੇ ਸਾਹਮਣੇ ਐ ਕਿ ਕਿੰਨੇ-ਕਿੰਨੇ ਦੀ ਵੇਚਦੇ ਆ। ਵੇਖੋ, ਜੇ ਕਿਸੇ ਇੰਪਲਾਇਰ ਨੂੰ ਸੱਚੀਂ ਵਿਦੇਸ਼ੀ ਕਾਮਾ ਚਾਹੀਦਾ ਹੈ ਤਾਂ ਉਹ ਆਪ ਸਰਕਾਰ ਦੀ ਫ਼ੀਸ ਭਰੇ ਤੇ ਮਨਜ਼ੂਰੀ ਲੈ ਕੇ ਕਾਮਾ ਰੱਖ ਲਵੇ ਪਰ ਨਹੀਂ, ਇਹ ਧੰਦਾ ਬਣ ਗਿਐ। ਇੰਪਲਾਇਰ ਪਹਿਲਾਂ ਕਿਸੇ ਜੌਬ ਲਈ ਝੂਠੀ ਐਡਵਰਟਾਈਜ਼ਮੈਂਟ ਕਰਦੇ ਆ। ਕਈ ਵਿਚਾਰੇ ਲੋੜਵੰਦ ਉਸ ਜੌਬ ਲਈ ਅਪਲਾਈ ਕਰ ਦਿੰਦੇ ਆ। ਕਿਸੇ ਨਾ ਕਿਸੇ ਤਰੀਕੇ ਇੰਟਰਵਿਊਆਂ 'ਤੇ ਵੀ ਜਾਂਦੇ ਆ ਪਰ ਉਨ੍ਹਾਂ ਨੂੰ ਕੀ ਪਤਾ ਹੁੰਦੈ ਕਿ ਇਹ ਜੌਬ ਤਾਂ ਸਰਕਾਰ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਐਡਵਰਟਾਈਜ਼ ਕੀਤੀ ਹੈ—।"

ਇਹ ਸੁਣਦਿਆਂ ਗੁਰਸੀਰ ਦੇ ਚੇਤੇ ਵਿਚ ਉਹ ਦਿਨ ਆ ਗਿਆ ਜਿਸ ਦਿਨ ਉਹ ਅਮ੍ਰਿਤ ਦੀ ਪੀਜ਼ਾ ਸ਼ਾਪ 'ਤੇ ਇੰਟਰਵਿਊ ਦਿਵਾਉਣ ਲਈ ਬਰਫ਼ਬਾਰੀ ਵਿਚ ਐਡਮਿੰਟਨ ਤੋਂ ਟਰੱਕ ਚਲਾ ਕੇ ਪਹੁੰਚਿਆ ਸੀ। ਗੁਰਸੀਰ ਨੂੰ ਹਰਵੀਰ ਸੱਚਾ-ਸੁੱਚਾ ਬੰਦਾ ਲੱਗਾ। ਉਹ ਹਰਵੀਰ ਦੀਆਂ ਗੱਲਾਂ ਹੋਰ ਵੀ ਧਿਆਨ ਨਾਲ ਸੁਣਨ ਲੱਗਾ। ਉਹ ਆਖ ਰਿਹਾ ਸੀ, "ਇਸ ਸਾਰੇ ਵਰਤਾਰੇ ਨੂੰ ਦੇਖ ਕੇ ਕੋਫ਼ਤ ਹੁੰਦੀ ਐ। ਆਪਣੇ ਆਪ ਨੂੰ ਪੰਜਾਬੀ ਅਖਵਾਉਂਦਿਆਂ ਸ਼ਰਮ ਆਉਂਦੀ ਐ। ਹੁਣ ਤਾਂ ਮੈਂ ਇਹ ਕੰਮ ਹੀ ਛੱਡਣ ਲੱਗੈਂ।"

"ਏਦਾਂ ਨਾ ਕਰੋ ਜੀ।" ਗੁਰਸੀਰ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ।

"ਰੋਟੀ ਤਾਂ ਖਾਣੀ ਐ ਭਾਈ ਮੇਰੇ। ਲੋਕ ਮੇਰੇ ਤੋਂ ਸਲਾਹ ਲੈ ਜਾਂਦੇ ਆ, ਮੁੜ ਕੇ ਕੋਈ ਨੀ ਆਉਂਦਾ। ਤੁਸੀਂ ਕਿਹੜਾ ਆਉਣੈ।"

"ਨਹੀਂ ਜੀ, ਅਸੀਂ ਤਾਂ ਹੋਰ ਕਿਤੇ ਜਾ ਹੀ ਨਹੀਂ ਸਕਦੇ। ਤੁਸੀਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ। ਸਾਨੂੰ ਸਲਾਹ ਦਿਓ ਕਿ ਕੀ ਕਰੀਏ?" ਬਲਵੀਰ ਨੇ ਪੁੱਛਿਆ।

"ਸਲਾਹ ਥੋਨੂੰ ਦੇ ਹੀ ਦਿੱਤੀ ਐ ਕਿ ਜੇ ਵਰਕ ਪਰਮਿਟ ਲੈਣਾ ਹੈ ਤਾਂ ਕੋਈ ਇੰਪਲਾਇਰ ਲੱਭੋ ਜਿਹੜਾ ਤੁਹਾਨੂੰ ਕੰਮ ਦੇ ਸਕੇ।"

ਵਾਪਸੀ 'ਤੇ ਗੁਰਪ੍ਰੀਤ ਦੀ ਕਾਰ ਵਿਚ ਬੈਠਦਿਆਂ ਹੀ ਬਲਵੀਰ ਬੋਲਿਆ, "ਬੰਦਾ ਤਾਂ ਇਹ ਖਰਾ ਲੱਗਦੈ।"

"ਤਾਂ ਹੀ ਲੈ ਕੇ ਆਇਐਂ ਇਸ ਕੋਲ।" ਗੁਰਪ੍ਰੀਤ ਨੇ ਜਵਾਬ ਦਿੱਤਾ।

"ਪਰ ਕੰਮ ਵਾਲਾ ਕਿਵੇਂ ਲੱਭਾਂਗੇ?" ਗੁਰਸੀਰ ਨੇ ਪੁੱਛਿਆ।

"ਗੁਰਪ੍ਰੀਤ ਹੋਰੀਂ ਲੱਭ ਕੇ ਦੇਣਗੇ। ਕਿੰਨੇ ਪੁਰਾਣੇ ਆਏ ਵੇ ਆ ਏਥੇ। ਏਨ੍ਹਾਂ ਦੀ ਬਥੇਰੀ ਜਾਣ-ਪਛਾਣ ਹੋਵੇਗੀ।" ਬਲਵੀਰ ਨੇ ਜਵਾਬ ਦਿੱਤਾ।

"ਜਾਣ-ਪਛਾਣ ਤਾਂ ਬਹੁਤ ਐ ਪਰ ਇਹ ਕੰਮ ਵਾਲੇ ਆਪਣੀ ਜਾਣ-ਪਛਾਣ ਵਾਲਿਆਂ ਨੂੰ ਐੱਲ ਐੱਮ ਆਈ ਏ ਨਹੀਂ ਦਿੰਦੇ। ਅਗਲਾ ਕਿੱਥੋਂ ਛੱਡਦੈ ਜਦੋਂ ਮੁਫ਼ਤੀ 'ਚ ਮਿਲਦੇ ਆ ਹਜ਼ਾਰਾਂ ਡਾਲਰ।" ਗੁਰਪ੍ਰੀਤ ਢਿੱਲੀ ਆਵਾਜ਼ 'ਚ ਬੋਲਿਆ।

"ਮੈਂ ਤਾਂ ਥੋੜੀ ਮਦਦ ਦੀ ਝਾਕ 'ਚ ਈ ਆਇਐਂ ਕਨੇਡਾ।" ਬਲਵੀਰ ਬੋਲਿਆ।

"ਥੋੜਾ ਰੀਅਲ ਅਸਟੇਟ ਦਾ ਕੰਮ ਐ। ਕਿਸੇ ਕਨਸਟਰੱਕਸ਼ਨ ਵਾਲੇ ਨੂੰ ਪੁੱਛ ਦੇਖੋ, ਬਹੁਤ ਮਕਾਨ ਬਣੀ ਜਾਂਦੇ ਆ ਅੱਜ ਕੱਲ੍ਹ।" ਗੁਰਸੀਰ ਨੇ ਕਿਹਾ।

"ਕਰਦੇ ਆਂ ਕੋਈ ਵਸੀਲਾ।" ਕਿਸੇ ਸੋਚ 'ਚ ਖੁੱਭੇ ਗੁਰਪ੍ਰੀਤ ਨੇ ਜਵਾਬ ਦਿੱਤਾ।

---

"ਸ਼ੀਰੇ, ਟਾਈ ਵੀ ਲਾ ਲਵਾਂ?" ਗੁਸਲਖਾਨੇ 'ਚੋਂ ਬਾਹਰ ਆਉਂਦੇ ਬਲਵੀਰ ਨੇ ਪੁੱਛਿਆ। ਗੁਰਸੀਰ ਨੇ ਚਿਹਰਾ ਘੁਮਾ ਕੇ ਬਲਵੀਰ ਵੱਲ ਦੇਖਿਆ ਤੇ ਉਸ ਨੂੰ ਕੋਟ-ਪੈਂਟ 'ਚ ਸਜੇ ਨੂੰ ਦੇਖ ਕੇ ਬੋਲਿਆ, "ਨਹੀਂ ਟਾਈ ਰਹਿਣ ਦੇ। ਮੈਂ ਤਾਂ ਕਹਿਨੈ ਕੋਟ-ਪੈਂਟ ਦੀ ਥਾਂ ਵੀ ਸਧਾਰਨ ਕੱਪੜੇ ਈ ਪਾ ਲੈ।"

"ਨਹੀਂ ਕੋਟ-ਪੈਂਟ ਚੰਗਾ ਲਗਦੈ। ਬੰਦੇ ਦਾ ਪਤਾ ਲਗਦੈ ਪੜ੍ਹੇ-ਲਿਖੇ ਹੋਣ ਦਾ।" ਗੁਰਸੀਰ ਨੇ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਉਸ ਨੇ ਹੱਸ ਕੇ ਕਿਹਾ, "ਆਪਾਂ ਤੇਰੇ ਸਕੂਲ ਨਹੀਂ ਚੱਲੇ ਜਿਹੜਾ ਐਨੀ ਟੌਹਰ ਕੱਢੀ ਐ। ਆਪਾਂ ਡਰਾਈਵਾਲ ਤੇ ਟੇਪਿੰਗ ਕਰਨ ਵਾਲੇ ਬੰਦੇ ਨੂੰ ਮਿਲਣ ਚੱਲੇ ਆਂ।"

"ਚੰਗਾ ਜੇ ਟਾਈ ਨਹੀਂ ਲਾਉਣ ਦੇਣੀ ਤਾਂ ਉੱਠ, ਚੱਲੀਏ।" ਬਲਵੀਰ ਦੀ ਇਹ ਗੱਲ ਸੁਣ ਕੇ ਗੁਰਸੀਰ ਸੋਫੇ ਤੋਂ ਉੱਠ ਖਲੋਤਾ।

ਉਹ ਗੁਰਪ੍ਰੀਤ ਦੇ ਘਰ ਵੱਲ ਚੱਲ ਪਏ। ਰਾਤ ਹੀ ਗੁਰਪ੍ਰੀਤ ਦਾ ਫੋਨ ਆ ਗਿਆ ਸੀ। ਉਸ ਨੇ ਕੋਈ ਬੰਦਾ ਲੱਭ ਲਿਆ ਸੀ ਜਿਸ ਨੂੰ ਕਾਮੇ ਦੀ ਜ਼ਰੂਰਤ ਸੀ। ਗੁਰਪ੍ਰੀਤ ਨੇ ਹੀ ਉਨ੍ਹਾਂ ਨੂੰ ਉਸ ਬੰਦੇ ਨਾਲ ਮਿਲਾਉਣ ਲੈ ਕੇ ਜਾਣਾ ਸੀ।

ਗੁਰਪ੍ਰੀਤ ਨੇ ਮਿਲਦਿਆਂ ਹੀ ਬਲਵੀਰ ਵੱਲ ਦੇਖ ਕੇ ਕਿਹਾ, "ਵੀਰ ਜੀ ਤਾਂ ਪੂਰੀ ਤਿਆਰੀ ਕਰ ਕੇ ਚੱਲੇ ਆ!" ਬਲਵੀਰ ਮੁਸਕਰਾ ਪਿਆ ਪਰ ਗੁਰਸੀਰ ਝੇਂਪ ਗਿਆ। ਕਾਰ ਵਿਚ ਬੈਠਦਿਆਂ ਹੀ ਗੁਰਪ੍ਰੀਤ ਬੋਲਿਆ, "ਆਪਾਂ ਜਿੱਥੇ ਚੱਲੇ ਆਂ, ਓਥੇ ਨਵੇਂ ਟਾਊਨ-ਹਾਊਸ ਬਣ ਰਹੇ ਆ। ਓਥੇ ਹੀ ਕੰਮ ਕਰਦੈ ਮੱਖਣ ਜਿਸ ਨੂੰ ਆਪਾਂ ਮਿਲਣੈ। ਇਹ ਪਹਿਲਾਂ ਆਪਣੀ ਬੇਸਮੈਂਟ 'ਚ ਰਹਿੰਦਾ ਸੀ। ਟੇਪਿੰਗ ਦਾ ਕੰਮ ਕਰਦੈ। ਕੰਮ ਵਧਾ ਲਿਐ ਉਹਨੇ। ਨਾਲ ਦੀ ਨਾਲ ਇਕ ਅੱਧਾ ਘਰ ਵੀ ਬਣਾ ਕੇ ਵੇਚ ਦਿੰਦੈ। ਆਪਣੇ ਥਰੂ ਹੀ ਵੇਚਦਾ। ਚੰਗੈ ਆਪਣੇ ਨਾਲ ਉਹਦਾ।"

"ਗੱਲ ਬਣ ਜਾਊ ਫੇਰ ਤਾਂ।" ਬਲਵੀਰ ਨੇ ਕਿਹਾ।

"ਹਾਂ, ਲੱਗਦਾ ਤਾਂ ਹੈ। ਬਾਕੀ ਦੇਖਦੇ ਹਾਂ ਜਾ ਕੇ, ਕੀ ਕਹਿੰਦੈ। ਤੁਸੀਂ ਸਿੱਧੀ ਗੱਲ ਕਰ ਲਿਓ।" ਗੁਰਪ੍ਰੀਤ ਦੀ ਇਸ ਗੱਲ ਦਾ ਕਿਸੇ ਨੇ ਜਵਾਬ ਨਾ ਦਿੱਤਾ। ਗੁਰਪ੍ਰੀਤ ਮੁੜ ਬੋਲਿਆ, "ਹੁਣ ਟਾਊਨ-ਹਾਊਸ ਬਹੁਤ ਬਣਨ ਲੱਗ ਪਏ ਆ। ਪਿਛਲੇ ਸਾਲਾਂ 'ਚ ਰੀਅਲ ਅਸਟੇਟ ਦੀਆਂ ਕੀਮਤਾਂ ਬਹੁਤ ਵਧ ਗਈਐਂ। ਪਹਿਲਾਂ ਕੈਨੇਡਾ'ਚ ਨਵੇਂ ਆਏ ਬੇਸਮੈਂਟਾਂ ਤੋਂ ਸਿੱਧੇ ਘਰਾਂ 'ਚ ਜਾਂਦੇ ਸੀ। ਹੁਣ ਘਰਾਂ ਨੂੰ ਹੱਥ ਨੀ ਪੈਂਦਾ। ਬੇਸਮੈਂਟ ਤੋਂ ਟਾਊਨ-ਹਾਊਸ, ਫੇਰ ਕੁਝ ਸਾਲਾਂ ਬਾਅਦ ਘਰ ਖਰੀਦਦੇ ਆ।"

"ਟਾਊਨ-ਹਾਊਸ ਵੀ ਤਾਂ ਘਰ ਹੀ ਹੁੰਦੇ ਆ ਜੀ।" ਗੁਰਸੀਰ ਬੋਲਿਆ।

"ਹੁੰਦੇ ਤਾਂ ਘਰ ਈ ਐ ਪਰ ਛੋਟੇ ਹੁੰਦੇ ਆ। ਨਾਲ-ਨਾਲ। ਸਮਝ ਲਓ ਜਿਵੇਂ ਕਵਾਟਰ ਹੋਣ। ਆਪਣੇ ਬੰਦਿਆਂ ਕੋਲ ਜਿੰਨਾ ਚਿਰ ਆਵਦੀ ਵਲਗਣ ਵਾਲਾ ਪੂਰਾ ਘਰ ਨਾ ਹੋਵੇ, ਤਸੱਲੀ ਨਹੀਂ ਮਿਲਦੀ।" ਗੁਰਪ੍ਰੀਤ ਨੇ ਕਾਰ ਰੋਕਦਿਆਂ ਕਿਹਾ। ਉਹ ਕਾਰ ਵਿਚੋਂ ਬਾਹਰ ਆ ਗਏ। ਗੁਰਸੀਰ ਨੇ ਬਣ ਰਹੀਆਂ ਇਮਾਰਤਾਂ ਦੀ ਲੰਮੀ ਕਤਾਰ ਵੱਲ ਦੇਖਿਆ ਤੇ ਗੁਰਪ੍ਰੀਤ ਦੇ ਮਗਰ ਤੁਰ ਪਿਆ। ਮੀਂਹ ਪੈ ਕੇ ਹਟਿਆ ਸੀ। ਧਰਤੀ 'ਤੇ ਚਿੱਕੜ ਸੀ। ਆਪਣੇ ਪਾਲਿਸ਼ ਕੀਤੇ ਚਮੜੇ ਦੇ ਬੂਟਾਂ ਨੂੰ ਬੋਚ-ਬੋਚ ਰੱਖਦੇ ਬਲਵੀਰ ਵੱਲ ਦੇਖ ਕੇ ਗੁਰਸੀਰ ਬੋਲਿਆ, "ਬਲਵੀਰ, ਡਿੱਗ ਨਾ ਪਵੀਂ।"

"ਗੁਰਪ੍ਰੀਤ ਦੇ ਮਗਰ ਤੁਰ ਪਏ ਆਂ, ਇਹ ਨੀ ਡਿੱਗਣ ਦਿੰਦਾ ਆਪਾਂ ਨੂੰ।"

"ਆ ਜੋ, ਆ ਜੋ। ਆਪਾਂ ਏਸ ਬਿਲਡਿੰਗ 'ਚ ਜਾਣੈ। ਹਾਲੇ ਏਥੇ ਖੜ੍ਹੋ, ਮੈਂ ਦੇਖਦਾਂ।" ਆਖਦਿਆਂ ਗੁਰਪ੍ਰੀਤ ਨੇ ਖੁੱਲ੍ਹੇ ਬੂਹੇ 'ਤੇ ਹੱਥ ਮਾਰਿਆ, ਫਿਰ ਉੱਚੀ ਆਵਾਜ਼ 'ਚ ਬੋਲਿਆ, "ਮੱਖਣ ਸਿਆਂ।" ਅੰਦਰੋਂ ਕੋਈ ਹੁੰਗਾਰਾ ਨਾ

**(ਬਾਕੀ ਅਗਲੇ ਸਫੇ 'ਤੇ)**

ਆਇਆ। ਅੰਦਰ ਧੂੜ ਨਾਲ ਭਰਿਆ ਪਿਆ ਸੀ। ਬਲਵੀਰ ਧੂੜ ਵੱਲ ਦੇਖ ਕੇ ਗੁਰਸੀਰ ਦੇ ਪਿੱਛੇ ਖੜ੍ਹ ਗਿਆ। “ਕਿਸੇ ਨਾਲ ਫੋਨ 'ਤੇ ਗੱਲੀਂ ਲੱਗਾ ਲੱਗਦੈ।” ਗੁਰਪ੍ਰੀਤ ਨੇ ਆ ਰਹੀ ਆਵਾਜ਼ ਵੱਲ ਧਿਆਨ ਦਿਵਾਉਂਦਿਆਂ ਕਿਹਾ। “ਆਪ ਹੀ ਆ ਜੂ ਬਾਹਰ ਉਹ। ਆਪਾਂ ਕਿਉਂ ਜਾਣੈ ਅੰਦਰ ਧੂੜ 'ਚ। ਮੈਂ ਮੈਸੇਜ ਛੱਡ ਦਿੰਨੈ ਫੋਨ'ਤੇ।” ਆਖਦਿਆਂ ਗੁਰਪ੍ਰੀਤ ਆਪਣੇ ਫੋਨ'ਤੇ ਉਂਗਲਾਂ ਚਲਾਉਣ ਲੱਗਾ। ਉਧਰੋਂ ਵਿਹਲਾ ਹੋ ਕੇ ਉਹ ਬੋਲਿਆ, “ਘਰਾਂ ਬਾਰੇ ਥੋੜ੍ਹਾ ਜਿਹਾ ਦੱਸ ਦਿਨਾ ਥੋਨੂੰ ਓਨਾ ਚਿਰ। ਲੱਕੜ ਦੀ ਫਰੇਮਿੰਗ ਹੁੰਦੀ ਐ ਪਹਿਲਾਂ। ਸੋਲਾਂ ਇੰਚ ਦੀ ਵਿੱਥ 'ਤੇ ਟੂ ਬਾਏ ਫੋਰ ਲੱਕੜਾਂ ਦੇ ਬਾਲੇ ਖੜ੍ਹੇ ਕੀਤੇ ਹੁੰਦੇ ਆ। ਉਨ੍ਹਾਂ ਵਿਚਦੀ ਹੀ ਸਾਰੀਆਂ ਪਲੰਬਿੰਗ, ਹੀਟਿੰਗ, ਵਗੈਰਾ ਦੀਆਂ ਪਾਈਪਾਂ ਤੇ ਬਿਜਲੀ ਦੀਆਂ ਤਾਰਾਂ ਵਗਾਉਂਦੇ ਆ। ਜਦੋਂ ਉਹ ਸਾਰੀ 'ਰਫ-ਇਨ' ਮੁਕੰਮਲ ਹੋ ਜਾਂਦੀ ਐ, ਫੇਰ ਫਰੇਮ ਨੂੰ ਸ਼ੀਟਾਂ ਨਾਲ ਕਵਰ ਕਰ ਦਿੰਦੇ ਆ। ਇਹ ਸ਼ੀਟਾਂ ਚੂਨੇ ਜਿਹੇ ਦੀਆਂ ਹੁੰਦੀਐਂ। ਡਰਾਈਵਾਲ ਕਹਿੰਦੇ ਓਹਨਾਂ ਨੂੰ। ਜਦੋਂ ਉਹ ਲੱਗ ਜਾਂਦੀਐ, ਫੇਰ ਆਪਣੇ ਬੰਦੇ ਦਾ ਕੰਮ ਸ਼ੁਰੂ ਹੁੰਦੈ ਜੀਹਨੂੰ ਆਪਾਂ ਮਿਲਣ ਆਏ ਆਂ। ਇਹ ਸ਼ੀਟਾਂ ਦੇ ਜੋੜਾਂ ਵਗੈਰਾ ਨੂੰ, ਮੇਖਾਂ ਵਾਲੇ ਥਾਵਾਂ ਨੂੰ ਤੇ ਕੋਨਿਆਂ ਨੂੰ ਮੱਡ ਤੇ ਟੇਪ ਨਾਲ ਭਰ ਦਿੰਦੇ ਆ। ਫੇਰ ਸੈਂਡ ਮਾਰ ਕੇ ਸਮੂਥ ਕਰ ਦਿੰਦੇ ਆ। ਆਹ ਓਹਦੀ ਈ ਧੂੜ ਐ।” ਇਹ ਆਖ ਕੇ ਗੁਰਪ੍ਰੀਤ ਨੇ ਬਲਵੀਰ ਵੱਲ ਦੇਖਿਆ।

ਬਲਵੀਰ ਦੇ ਬੋਲਣ ਤੋਂ ਪਹਿਲਾਂ ਹੀ ਗੁਰਸੀਰ ਬੋਲ ਪਿਆ, “ਬੰਦਾ ਓਹੋ ਜਿਹਾ ਹੋ ਜਾਂਦੈ। ਪਹਿਲਾਂ ਥੋੜ੍ਹੇ ਜਿਹੇ ਦਿਨ ਔਖਾ ਲਗਦਾ ਹੁੰਦੈ।”

“ਹਾਂ, ਇਹ ਤਾਂ ਹੈ।” ਬਲਵੀਰ ਨੇ ਢਿੱਲੀ ਆਵਾਜ਼ 'ਚ ਕਿਹਾ।

“ਚੰਗਾ, ਤੁਸੀਂ ਖੜ੍ਹੋ ਏਥੇ, ਮੈਂ ਨਾਲ ਦੇ ਟਾਊਨ-ਹਾਊਸਾਂ 'ਚ ਆਪਣੇ ਬਿਜ਼ਨਸ ਕਾਰਡ ਰੱਖ ਆਵਾਂ। ਆਏ ਤਾਂ ਹਾਂ ਹੁਣ।” ਆਖ ਕੇ ਗੁਰਪ੍ਰੀਤ ਤੁਰ ਗਿਆ।

ਉਸ ਦੇ ਜਾਂਦਿਆਂ ਹੀ ਗੁਰਸੀਰ ਬੋਲਿਆ, “ਐਵੇਂ ਨਾ ਡੋਲ ਜਾਈਂ।”

“ਨਹੀਂ ਡੋਲਣਾ ਕਾਹਦੈ, ਜਦੋਂ ਆ ਹੀ ਗਏ ਏਥੇ।”

ਗੁਰਸੀਰ ਨੇ ਅੱਗੋਂ ਕੁਝ ਨਾ ਕਿਹਾ। ਉਨ੍ਹਾਂ ਵਿਚ ਚੁੱਪ ਵਰਤ ਗਈ। ਕਿਸੇ ਦੀ ਫੋਨ 'ਤੇ ਹੋ ਰਹੀ ਗੱਲ-ਬਾਤ ਉਨ੍ਹਾਂ ਦੇ ਕੰਨਾਂ ਵਿਚ ਪੈਣ ਲੱਗੀ। ਕੋਈ ਆਖ ਰਿਹਾ ਸੀ, “ਤੂੰ ਪਰਾਈਸ ਹੋਰ ਘੱਟ ਕਰਦੇ। ਆਪਾਂ ਇਹ ਕਨਟ੍ਰੈਕਟ ਲੈਣਾ ਹੀ ਲੈਣਾ।— ਹੈਂ? ਕੋਈ ਨਾ ਬਚ ਜਾਣਗੇ, ਜਿੰਨੇ ਵੀ ਬਚਣ। ਬਥੇਰੇ ਆਏ ਹੋਏ ਆ ਵਿਜ਼ਟਰ।— ਹੈਂ? ਹੋਰ ਲੈ ਲਵਾਂਗੇ। ਇਹ ਕੰਮ ਨਾ ਹੱਥੋਂ ਜਾਣ ਦੇਈਂ। ਚੰਗਾ ਮੇਰਾ ਵੀਰ।” ਆਵਾਜ਼ ਬੰਦ ਹੋ ਗਈ। ਕੁਝ ਪਲਾਂ ਬਾਅਦ ਇਕ ਆਦਮੀ ਬਾਹਰ ਆਇਆ ਤੇ ਬੋਲਿਆ, “ਹਾਂ ਬਈ?”

“ਗੁਰਪ੍ਰੀਤ ਨਾਲ ਆਏ ਆਂ।” ਬਲਵੀਰ ਨੇ ਜਵਾਬ ਦਿੱਤਾ। ਬੰਦੇ ਨੇ ਬਲਵੀਰ ਵੱਲ ਦੇਖਿਆ, ਫਿਰ ਉਸ ਵੱਲੋਂ ਨਿਗ੍ਹਾ ਹਟਾ ਕੇ ਗੁਰਸੀਰ ਵੱਲ ਦੇਖਦਾ ਬੋਲਿਆ, “ਹਾਂ? ਤੈਨੂੰ ਚਾਹੀਦੈ ਕੰਮ?”

“ਨਹੀਂ, ਮੇਰੇ ਕੋਲ ਤਾਂ ਹੈ। ਇਹ ਮੇਰਾ ਭਰਾ ਆਇਆ ਇੰਡੀਆ ਤੋਂ।”

“ਮੱਖਨ ਐ ਮੇਰਾ ਨਾਂ। ਆ ਜੋ ਅੰਦਰ।” ਮੱਖਨ ਨੇ ਇਕ ਵਾਰ ਫਿਰ ਬਲਵੀਰ ਵੱਲ ਦੇਖਿਆ ਤੇ ਅੰਦਰ ਵੱਲ ਮੁੜ ਗਿਆ।

ਗੁਰਸੀਰ ਤੇ ਬਲਵੀਰ ਉਸ ਦੇ ਮਗਰ ਤੁਰ ਪਏ। ਮੱਖਨ ਦੇ ਪਿੱਛੇ ਪੌੜੀਆਂ ਚੜ੍ਹਦਿਆਂ ਧੂੜ ਕਾਰਨ ਗੁਰਸੀਰ ਨੂੰ ਆਪਣਾ ਸਾਹ ਘੁੱਟ ਹੁੰਦਾ ਲੱਗਾ। ਮੱਖਨ ਇਕ ਕਮਰੇ ਮੂਹਰੇ ਖੜ੍ਹ ਗਿਆ ਤੇ ਬੋਲਿਆ, “ਆਹ ਕੰਮ ਐ।” ਗੁਰਸੀਰ ਤੇ ਬਲਵੀਰ ਨੇ ਕਮਰੇ ਅੰਦਰ ਕੰਮ ਕਰ ਰਹੇ ਬੰਦੇ ਵੱਲ ਦੇਖਿਆ। ਉਸ ਦੇ ਚਿਹਰੇ 'ਤੇ ਮਾਸਕ ਲੱਗਾ ਹੋਇਆ ਸੀ। ਉਹ ਡੰਡੇ ਜਿਸ ਦੇ ਸਿਰੇ 'ਤੇ ਨੌਂ ਬਾਏ ਤਿੰਨ ਇੰਚ ਦਾ ਸੈਂਡਰ ਜੁੜਿਆ ਹੋਇਆ ਸੀ, ਨੂੰ ਕੰਧ ਉੱਪਰ ਫੇਰ ਰਿਹਾ ਸੀ। ਰੇਗਮਾਰ ਫੇਰ ਰਿਹਾ ਬੰਦਾ ਸਫੈਦ ਧੂੜ ਨਾਲ ਅੱਟਿਆ ਪਿਆ ਸੀ। “ਪਹਿਲਾਂ ਅਸੀਂ ਮੱਡ ਨਾਲ ਜੋੜ ਭਰਦੇ ਆਂ, ਫੇਰ ਰਫ ਸੈਂਡ ਕਰਦੇ ਹਾਂ। ਫੇਰ ਫਾਈਨ ਸੈਂਡ ਕਰਦੇ ਹਾਂ। ਹੁਣ ਰਫ ਸੈਂਡ ਹੋ ਰਹੀ ਐ, ਤਾਂ ਹੀ ਐਨੀ ਡਸਟ ਐ।” ਮੱਖਨ ਨੇ ਦੱਸਿਆ। ਫੇਰ ਦੋ ਹੋਰ ਕਮਰਿਆਂ ਜਿਨ੍ਹਾਂ ਵਿਚ ਹੋਰ ਬੰਦੇ ਰੇਗਮਾਰ ਫੇਰ ਰਹੇ ਸਨ, ਦਾ ਗੇੜਾ ਕਢਾ ਕੇ ਮੱਖਨ ਬੋਲਿਆ, “ਕਿਉਂ ਕਰ ਲਵੇਂਗਾ?” ਤੇ ਬਿਨਾ ਬਲਵੀਰ ਦਾ ਜਵਾਬ ਉਡੀਕੇ ਹੀ ਫਿਰ ਬੋਲਿਆ, “ਸਾਡੇ ਕੋਲ ਦੋ ਟੀਮਾਂ ਐ ਚਾਰ-ਚਾਰ ਬੰਦਿਆਂ ਦੀਆਂ। ਇਕ ਮੇਰੇ ਕੋਲ ਐ ਤੇ ਦੂਜੀ ਮੇਰੇ ਪਾਰਟਨਰ ਕੋਲ। ਮੇਰਾ ਪਾਰਟਨਰ ਕਿਤੇ ਐਸਟੀਮੇਟ ਦੇਣ ਗਿਐ।” ਇਹ ਆਖਦਾ ਮੱਖਨ ਉਨ੍ਹਾਂ ਨੂੰ ਫਿਰ ਪੌੜੀਆਂ ਕੋਲ ਲੈ ਆਇਆ ਤੇ ਬਲਵੀਰ ਵੱਲ ਦੇਖ ਕੇ ਮੁਸਕੜੀਏਂ ਹੱਸਦਾ ਬੋਲਿਆ, “ਐਥੇ ਹੀ ਗੱਲ ਕਰਨੀ ਐ ਕਿ ਬਾਹਰ ਖੜ੍ਹੀਏ?”

ਗੁਰਸੀਰ ਨੂੰ ਲੱਗਿਆ ਕਿ ਬਲਵੀਰ ਨੂੰ ਜੋਹਣ ਲਈ ਹੀ ਮੱਖਨ ਨੇ ਇਸ ਤਰ੍ਹਾਂ ਪੁੱਛਿਆ ਸੀ। ਉਸ ਨੇ ਬਲਵੀਰ ਦੇ ਬੋਲਣ ਤੋਂ ਪਹਿਲਾਂ ਹੀ ਕਿਹਾ, “ਜਿੱਥੇ ਤੁਸੀਂ ਕਹੋਂ, ਜੱਟਾਂ ਦੇ ਮੁੰਡੇ ਆਂ, ਬਥੇਰੇ ਵਾਹਣ ਵਾਹੇ ਐ।”

“ਠੀਕ ਐ ਫਿਰ, ਆ ਜੋ।” ਆਖਦਾ ਮੱਖਨ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਨਿਕਲ ਆਇਆ ਤੇ ਬੋਲਿਆ, “ਗੱਲ ਏਦਾਂ ਬਈ ਕੰਮ ਸਾਡੇ ਕੋਲ ਬਹੁਤ ਐ। ਮੈਂ ਸਿੱਧੀ ਗੱਲ ਕਰਦਾ ਹੁੰਨੈ। ਹਾਂ। ਵਿਜ਼ਟਰ ਆਉਣ ਵਾਲੇ ਬਹੁਤੇ ਪੜ੍ਹੇ-ਲਿਖੇ ਬੰਦੇ ਹੁੰਦੇ ਐ। ਪਿੱਛੇ ਨੌਕਰੀਆਂ ਕਰਦੇ ਆਏ ਹੁੰਦੇ ਆ। ਆਦਤਾਂ ਹੁੰਦੀਐ ਵਿਗੜੀਆਂ। ਮਾੜਾ ਜਾ ਜ਼ੁਕਾਮ ਹੋਇਆ ਤੇ ਛੁੱਟੀ। ਛੁੱਟੀ ਨੀ ਸਾਡੇ ਕੰਮ 'ਤੇ ਪੁੱਗਦੀ। ਕੰਮ ਦੀ ਮਾਰੋ-ਮਾਰ ਐ। ਅਸੀਂ ਪੇਂਟ ਵਾਸਤੇ ਤਿਆਰ ਕਰਨੀ ਹੁੰਦੀ ਐ ਕੰਧ। ਜੇ ਪੇਂਟ ਵਾਲਿਆਂ ਨੂੰ ਸੋਮਵਾਰ ਨੂੰ ਤਿਆਰ ਚਾਹੀਦੀ ਐ ਤਾਂ ਸਾਨੂੰ ਹਰ ਹਾਲਤ 'ਚ ਤਿਆਰ ਕਰ ਕੇ ਦੇਣੀ ਹੁੰਦੀ ਐ। ਭਾਵੇਂ ਬਿਮਾਰ ਹੋਈਏ, ਭਾਵੇਂ ਐਤਵਾਰ ਆ ਜੇ, ਭਾਵੇਂ ਰਾਤ ਪੈ ਜੇ। ਹਾਂ। ਬਾਕੀ ਘੰਟੇ ਕੰਮ ਦੇ ਬਹੁਤ ਬਣ ਜਾਂਦੇ ਆ। ਕਮਾਈ ਪੂਰੀ ਹੋਊ ਤੇਰੀ ਪਰ ਓਵਰਟੈਮ ਦੇਣਾ ਨੀ ਸਾਨੂੰ ਪੁੱਗਦਾ। ਨਾ ਸਾਨੂੰ ਕਿਸੇ ਨੇ ਦਿੱਤਾ, ਜਦੋਂ ਅਸੀਂ ਕਿਸੇ ਨਾਲ ਕੰਮ ਕਰਦੇ ਸੀ, ਨਾ ਅਸੀਂ ਕਿਸੇ ਨੂੰ ਦੇਈਏ। ਪੁੱਗਦਾ ਈ ਨੀ। ਕੰਪੀਟੀਸ਼ਨ ਬਹੁਤ ਐ। ਜੇ ਗੱਲ ਪੁੱਗਦੀ ਐ ਤਾਂ ਹਾਂ ਕਰੀਂ, ਪਿੱਛੋਂ ਨਾ ਬਦਨਾਮ ਕਰਿਓ ਬਈ ਐਕਸਪਲੈਟ ਕਰਦੈ। ਇਹ ਨੀ ਅਸੀਂ ਕਰਦੇ। ਅਸੀਂ ਵੀ ਏਵੇਂ ਹੀ ਕੰਮ ਕਰਦੇ ਆਂ। ਅਸੀਂ ਅਣਸਰਦੇ ਨੂੰ ਛੁੱਟੀ ਕਰਦੇ ਆਂ। ਸਾਨੂੰ ਕਿਹੜਾ ਕੋਈ ਓਵਰਟੈਮ ਦਿੰਦੈ। ਅਸੀਂ ਤਾਂ ਸਗੋਂ ਆਪਣੇ ਭਾਈਬੰਦਾਂ ਨੂੰ ਜੌਬਾਂ ਦੇਣ ਲਈ ਰੇਟ ਘਟਾ ਕੇ ਕੰਮ ਹਾਸਲ ਕਰਦੇ ਆਂ। ਠੀਕ ਐ ਨਾ? ਬਾਕੀ ਰਹੀ ਡਾਲਿਆਂ ਦੀ ਗੱਲ। ਦਸ ਡਾਲੇ ਦੇਵਾਂਗੇ ਘੰਟੇ ਦੇ। ਕਾਗਜ਼ਾਂ 'ਚ 'ਠਾਰਾਂ ਹੋਣਗੇ। ਸਾਰਾ ਟੈਕਸ ਤੁਸੀਂ ਦੇਣਾ। ਕਰ ਲਿਓ ਰੈਅ। ਜੇ ਪੁੱਗਦੈ ਤਾਂ ਦੱਸ ਦਿਓ, ਕੱਲ੍ਹ ਤੋਂ ਹੀ ਚੁੱਕ ਲਿਆਇਆ ਕਰਾਂਗੇ। ਕੰਮ ਲਈ ਚੁੱਕਣ-ਛੱਡਣ ਦੀ ਜ਼ਿੰਮੇਵਾਰੀ ਸਾਡੀ ਪਰ ਸਾਡੇ ਪਹੁੰਚਣ ਤੋਂ ਪਹਿਲਾਂ ਖੜ੍ਹੇ ਹੋਵੋਂ ਬਾਹਰ।”

ਬਲਵੀਰ ਜਿਵੇਂ ਉਸ ਦੇ ਚੁੱਪ ਕਰਨ ਦੀ ਹੀ ਉਡੀਕ ਕਰ ਰਿਹਾ ਹੋਵੇ। ਉਹ ਝੱਟ ਬੋਲਿਆ, “ਏਦਾਂ ਦਾ 'ਲਾਂਭਾ ਨੀ ਆਉਣ ਦਿੰਦਾ'।”

ਮੱਖਨ ਹੱਸਿਆ ਫਿਰ ਬੋਲਿਆ, “ਏਹੋ ਜਿਹੇ 'ਲਾਂਭੇ ਤਾਂ ਕਨੇਡੇ ਦੀ ਪੱਕੀ ਮੋਹਰ ਲੱਗਣ ਤੋਂ ਬਾਅਦ ਸ਼ੁਰੂ ਹੁੰਦੇ ਆ। ਜਿੰਨਾ ਚਿਰ ਮੋਹਰ ਨੀ ਲਗਦੀ, ਓਨਾ ਚਿਰ ਤਾਂ ਸਾਰੇ ਸਤਿ ਬਚਨ ਹੀ ਆਖਦੇ ਆ। ਸਟੂਡੈਂਟ ਨਿੱਤ ਆਉਂਦੇ ਆ ਜੌਬ ਮੰਗਣ ਪਰ ਮੈਂ ਨੇੜੇ ਨੀ ਲੱਗਣ ਦਿੰਦਾ ਉਨ੍ਹਾਂ ਨੂੰ। ਓਹ ਟਿਕ ਕੇ ਨੀ ਕੰਮ ਕਰਦੇ। ਸਾਨੂੰ ਤਾਂ ਫੈਮਿਲੀ ਪਰਸਨ ਚਾਹੀਦੇ ਆ ਜਿਹੜੇ ਪਿੱਛੋਂ ਵੀ ਗੁਣ ਨਾ ਭੁਲਾਉਣ।”

“ਮੈਂ ਕਿੱਥੇ ਜਾਣੈ ਕੰਮ ਛੱਡ ਕੇ। ਤੁਸੀਂ ਦਿਓ ਸਹੀ ਕੰਮ।” ਬਲਵੀਰ ਨੇ ਕਿਹਾ।

“ਠੀਕ ਐ। ਗੁਰਪ੍ਰੀਤ ਭਾਅ ਨੂੰ ਆ ਜਾਣ ਦਿਓ। ਓਹਦੇ ਸਾਹਮਣੇ ਹੀ ਗੱਲ ਕਰਦੇ ਆਂ।” ਆਖ ਕੇ ਮੱਖਨ ਆਪਣੇ ਫੋਨ 'ਤੇ ਉਂਗਲਾਂ ਮਾਰਨ ਲੱਗਾ। ਉਦੋਂ ਹੀ ਗੁਰਪ੍ਰੀਤ ਆ ਗਿਆ। ਉਸ ਵੱਲ ਦੇਖਦਾ ਮੱਖਨ ਬੋਲਿਆ, “ਮੈਂ ਥੋਨੂੰ ਹੀ ਫੋਨ ਕਰਨ ਲੱਗਾ ਸੀ। ਭਾਅ, ਮੈਂ ਦੱਸ'ਤਾ ਕੰਮ ਬਾਰੇ ਏਨ੍ਹਾਂ ਨੂੰ। ਐਲ ਐੱਮ ਆਈ ਬਾਰੇ ਪੁੱਛਦੇ ਆ ਇਹ।”

“ਅੱਛਾ ਦੱਸੋ ਫੇਰ।”

“ਗੱਲ ਏਦਾਂ ਭਾਅ ਕਿ ਰੇਟ ਚੱਲਦੈ ਪੈਂਤੀ ਹਜ਼ਾਰ। ਥੋੜੇ ਕਰ ਕੇ ਤੀਹ ਕਰਦੂੰ।”

“ਜੇ ਇਮੀਗ੍ਰੇਸ਼ਨ ਵਾਲਾ ਸਾਡਾ ਆਪਣਾ ਬੰਦਾ ਹੋਵੇ ਫੇਰ?” ਬਲਵੀਰ ਨੇ ਵਿਚੋਂ ਹੀ ਪੁੱਛਿਆ।

“ਨਾ ਨਾ। ਇਹ ਜਵਾਂ ਈ ਨਹੀਂ ਹੋਣਾ। ਹੋਰ ਇਮੀਗ੍ਰੇਸ਼ਨ ਵਾਲਾ ਨੀ ਵਾੜਨਾ ਵਿਚ। ਸਾਡੀ ਇਕ ਨਾਲ ਗੱਲ ਖੁੱਲ੍ਹੀ ਐ, ਉਹੀ ਰੱਖਣੈ। ਉਸ ਨੇ ਹੀ ਸਾਰਾ ਪੇਪਰ ਵਰਕ ਕਰਨੈ।” ਮੱਖਨ ਦੀ ਇਸ ਗੱਲ ਪਿੱਛੋਂ ਸਾਰੇ ਚੁੱਪ ਕਰ ਗਏ। ਫਿਰ ਬਲਵੀਰ ਹੀ ਬੋਲਿਆ, “ਮੈਂ ਤਾਂ ਦਸ ਹਜ਼ਾਰ ਹੀ ਲਿਆਇਆ ਸੀ।”

“ਮੈਂ ਕਿਹੜਾ ਹੁਣੇ ਮੰਗਦੈਂ। ਜਦੋਂ ਤਕ ਐੱਲ ਐੱਮ ਆਈ 'ਚ ਨਾਂ ਪੈ ਕੇ ਆਉਣੈ, ਉਦੋਂ ਤਕ ਕਰ ਲਿਓ। ਜੇ ਇੰਡੀਆ ਤੋਂ ਮੰਗਵਾਉਣੇ ਐ ਤਾਂ ਮੇਰਾ ਇਮੀਗ੍ਰੇਸ਼ਨ ਵਾਲਾ ਉਹ ਵੀ ਕਰਵਾ ਦਿੰਦੈ। ਹੈਗੇ ਐ ਬੰਦੇ ਉਹਦੇ ਕੋਲ ਐਥੇ।” ਮੱਖਨ ਦੀ ਇਹ ਗੱਲ ਸੁਣ ਕੇ ਬਲਵੀਰ ਨੇ ਗੁਰਸੀਰ ਵੱਲ ਦੇਖਿਆ। ਉਹ ਚੁੱਪ ਹੀ ਰਿਹਾ।

ਮੱਖਨ ਫਿਰ ਬੋਲਿਆ, “ਮੈਂ 'ਠਾਰਾਂ ਸਾਲ ਪਹਿਲਾਂ ਬਾਈ ਲੱਖ ਰੁਪਈਆ ਦੇ ਕੇ ਲੰਘਿਆ ਸੀ, ਰਫੂਜੀ। ਹੁਣ ਦੇਖ ਲਓ ਮੌਜਾਂ ਕਰੀਦੀਐਂ। ਤੁਸੀਂ ਸਲਾਹ ਕਰ ਲਓ।”

ਸੋਚਾਂ ਵਿਚ ਡੁੱਬੇ ਖੜ੍ਹੇ ਬਲਵੀਰ ਵੱਲ ਦੇਖ ਕੇ ਗੁਰਪ੍ਰੀਤ ਨੇ ਕਿਹਾ, “ਕਿਵੇਂ? ਚੱਲੀਏ ਫੇਰ?”

“ਹੈਂ? ਹਾਂ, ਚੱਲੋ।” ਬਲਵੀਰ ਬੋਲਿਆ ਅਤੇ ਉਹ ਗੁਰਪ੍ਰੀਤ ਦੇ ਪਿੱਛੇ ਉਸ ਦੀ ਕਾਰ ਵੱਲ ਤੁਰ ਪਏ।

ਕਾਰ ਵਿਚ ਬੈਠਦਿਆਂ ਹੀ ਗੁਰਸੀਰ ਬੋਲਿਆ, “ਦੇਖ ਲੋ, ਐਂ ਬੋਲਦਾ ਸੀ ਜਿਵੇਂ ਇਹਦੇ ਹੱਥ 'ਚ ਹੀ ਇਮੀਗ੍ਰੇਸ਼ਨ ਦੀ ਮੋਹਰ ਫੜੀ ਹੋਵੇ।”

“ਬੋਲਣਾ ਈ ਐ। ਗੌਰਮਿੰਟ ਨੇ ਸੱਚੀਂ ਇਹਨਾਂ ਦੇ ਹੱਥ ਮੋਹਰ ਦੇਤੀ ਐਲ ਐੱਮ ਆਈ ਏ ਦੇ ਕੇ।” ਗੁਰਪ੍ਰੀਤ ਨੇ ਹੁੰਗਾਰਾ ਭਰਿਆ ਪਰ ਬਲਵੀਰ ਚੁੱਪ ਹੀ ਰਿਹਾ। ਗੁਰਸੀਰ ਨੂੰ ਉਹ ਸੋਚਾਂ ਵਿਚ ਡੁੱਬਿਆ ਹੋਇਆ ਲੱਗਾ। ਗੁਰਸੀਰ ਆਪ ਵੀ ਚੁੱਪ ਕਰ ਗਿਆ। ਗੁਰਪ੍ਰੀਤ ਨੇ ਚੁੱਪ ਨੂੰ ਤੋੜਿਆ, “ਵੀਰ ਜੀ, ਜੇ ਇਹ ਕੰਮ ਔਖਾ ਲੱਗਦੈ ਤਾਂ ਕਿਸੇ ਗੁਰਦੁਆਰੇ ਦੇ ਗਰੰਥੀ ਵਜੋਂ ਪੁੱਛ ਕੇ ਦੇਖੀਏ ਕਿਤੇ?”

“ਮੈਂ ਤਾਂ ਕਿਤੇ ਪਾਠ ਕੀਤਾ ਨਹੀਂ।” ਬਲਵੀਰ ਨੇ ਜਵਾਬ ਦਿੱਤਾ।

“ਅਗਲਿਆਂ ਨੂੰ ਕਿਹੜਾ ਅਸਲੀ ਗਰੰਥੀ ਚਾਹੀਦੇ ਹੁੰਦੈ। ਐਲ ਐੱਮ ਆਈ ਏਆਂ ਵੇਚਣ ਲਈ ਕਈ ਫਰਜ਼ੀ ਗੁਰਦੁਆਰਾ ਸੁਸਾਇਟੀਆਂ ਬਣ ਗਈਐਂ।”

“ਫਰਜ਼ੀ ਗੁਰਦੁਆਰੇ ਵਿਚ ਕੰਮ ਤਾਂ ਨਹੀਂ ਹੋਣਾ? ਫੇਰ ਕੰਮ ਕਿਤੇ ਹੋਰ ਲੱਭਣਾ ਪਊਗਾ। ਜੇ ਐੱਲ ਐੱਮ ਆਈ ਏ ਖਰੀਦਣੀ ਈ ਐ, ਫਿਰ ਇਹੀ ਮੱਖਨ ਆਲਾ ਕੰਮ ਕੀ ਮਾੜਾ?” ਗੁਰਸੀਰ ਬੋਲਿਆ।

“ਕੱਲ੍ਹ ਜਿਵੇਂ ਹਰਵੀਰ ਕਹਿੰਦਾ ਸੀ ਕਿ ਉਹ ਕੰਮ ਆਲਾ ਲੱਭੋ ਜੀਹਨੂੰ ਸੱਚੀਂ ਕੋਈ ਕਾਮਾ ਚਾਹੀਦਾ ਹੋਵੇ। ਉਹ ਨਹੀਂ ਪੈਸੇ ਲੈਂਦੇ।” ਬਲਵੀਰ ਬੋਲਿਆ।

“ਵੀਰ ਜੀ, ਬਹੁਤ ਪੁੱਛ-ਪੜਤਾਲ ਕੀਤੀ ਐ ਮੈਂ। ਕੋਈ ਨਹੀਂ ਐਹੋ ਜਿਹਾ ਲੱਭਿਆ।” ਗੁਰਪ੍ਰੀਤ ਨੇ ਜਵਾਬ ਦਿੱਤਾ।

“ਇਕ ਪਾਰਦਰਸ਼ੀ ਇਮੀਗ੍ਰੇਸ਼ਨ ਵਾਲਾ ਸੁਣਦੇ ਆਂ। ਉਹਦੀ ਪ੍ਰਧਾਨ ਮੰਤਰੀ ਨਾਲ ਫੋਟੋ ਛਪਦੀ ਐ ਇੰਡੀਆ ਦੇ ਅਖ਼ਬਾਰਾਂ 'ਚ। ਉਹ ਕਹਿੰਦੇ ਕਰਵਾ ਦਿੰਦੇ ਕੰਮ।” ਬਲਵੀਰ ਨੇ ਕਿਹਾ।

“ਏਥੇ ਪ੍ਰਧਾਨ ਮੰਤਰੀ ਨਾਲ ਫੋਟੋ ਖਿਚਵਾਉਣੀ ਵੱਡੀ ਗੱਲ ਨਹੀਂ। ਪਾਰਟੀ ਆਲੇ ਜਦੋਂ ਫੰਡ-ਰੇਜ਼ਿੰਗ ਡਿਨਰ ਕਰਦੇ ਆ, ਜਿਹੜਾ ਮਰਜ਼ੀ ਫੰਡ ਦੇ ਕੇ ਚਲਿਆ ਜਾਵੇ ਤੇ ਫੋਟੋਆਂ ਖਿਚਵਾਈ ਜਾਏ।” ਗੁਰਪ੍ਰੀਤ ਨੇ ਜਵਾਬ ਦਿੱਤਾ।

“ਨਾਲੇ ਉਹਨੇ ਕਿਹੜਾ ਮੁਫਤੀ ਦਿਵਾ ਦੇਣੀ ਐ। ਰੋਜ਼ ਉਹਦੀ ਰੇਡੀਓ 'ਤੇ ਐਡ ਆਉਂਦੀ ਆ।” ਗੁਰਸੀਰ ਨੇ ਦੱਸਿਆ। ਕਾਰ ਵਿਚ ਫਿਰ ਚੁੱਪ ਪਸਰ ਗਈ। ਕੁਝ ਪਲਾਂ ਬਾਅਦ ਗੁਰਸੀਰ ਨੇ ਚੁੱਪ ਤੋੜਦਿਆਂ ਕਿਹਾ, “ਭਲਾ ਇਹ ਟੇਪਿੰਗ ਦਾ ਕੰਮ ਸ਼ੁਰੂ ਕਰਨ ਲਈ ਕੋਈ ਕੋਰਸ-ਕਾਰਸ ਵੀ ਕਰਨਾ ਪੈਂਦਾ?”

“ਨਾ, ਕੋਰਸ ਕਾਹਦਾ? ਮੋਟਾ-ਠੁੱਲ੍ਹਾ ਕੰਮ ਐ। ਐ ਈਂ ਬੰਦੇ ਕੰਮ ਕਰਦਿਆਂ ਸਿੱਖ ਜਾਂਦੇ ਆ।” ਗੁਰਪ੍ਰੀਤ ਨੇ ਦੱਸਿਆ।

“ਤੇ ਏਸ ਕੰਮ ਦੀ ਆਵਦੀ ਕੰਪਨੀ ਖੋਲ੍ਹਣ 'ਤੇ ਕਿੰਨਾ ਕੁ ਖਰਚਾ ਆ ਜਾਂਦਾ ਹੋਊ?” ਗੁਰਸੀਰ ਨੇ ਪੁੱਛਿਆ।

“ਖਰਚ ਵੀ ਕੋਈ ਖਾਸ ਨਹੀਂ ਹੁੰਦਾ। ਮਾੜਾ-ਮੋਟਾ ਟੂਲ ਵਗੈਰਾ ਖਰੀਦਣ 'ਤੇ ਆਉਂਦਾ ਹੋਣਾ। ਉਹ ਵੀ ਕੋਈ ਮਹਿੰਗੇ ਨਹੀਂ ਹੁੰਦੇ। ਕੋਈ ਮਸ਼ੀਨਰੀ ਨੀ ਖਰੀਦਣੀ, ਕੋਈ ਥਾਂ ਨਹੀਂ ਰੈਂਟ ਕਰਨੀ। ਬੱਸ ਕੰਮ ਆਉਂਦਾ ਹੋਣਾ ਚਾਹੀਦਾ।” ਇਹ ਸੁਣ ਕੇ ਗੁਰਸੀਰ ਨੇ ਬਲਵੀਰ ਵੱਲ ਦੇਖਿਆ। ਉਹ ਸ਼ੀਸ਼ੇ ਰਾਹੀਂ ਬਾਹਰ ਵੱਲ ਦੇਖ ਰਿਹਾ ਸੀ। ਗੁਰਸੀਰ ਨੇ ਉਸ ਨੂੰ ਸੋਚਾਂ ਵਿਚੋਂ ਕੱਢਣਾ ਠੀਕ ਨਾ ਸਮਝਿਆ। ਉਸ ਨੇ ਸੋਚਿਆ ਕਿ ਉਹ ਕੰਮ ਬਾਰੇ ਵਿਚਾਰ ਕਰ ਰਿਹਾ ਹੋਵੇਗਾ। ਗੁਰਸੀਰ ਆਪ ਵੀ ਚੁੱਪ ਕਰ ਗਿਆ ਅਤੇ ਬਲਵੀਰ ਬਾਰੇ ਸੋਚਣ ਲੱਗਾ।

ਫਿਰ ਆਪਣੀ ਕਾਰ ਵਿਚ ਬੈਠਦਿਆਂ ਗੁਰਸੀਰ ਨੇ ਬਲਵੀਰ ਦੀ ਰਾਇ ਜਾਣਨ ਲਈ ਉਸ ਤੋਂ ਪੁੱਛ ਲਿਆ, “ਕਿਉਂ, ਕੀ ਬਣਦੈ ਇਰਾਦਾ?”

“ਕੰਮ ਤਾਂ ਔਖਾ-ਸੌਖਾ ਕਰ ਲਊਂ ਪਰ ਡਾਲਰ ਜ਼ਿਆਦਾ ਮੰਗਦੈ। ਮੈਂ ਤਾਂ ਸੋਚਦਾ ਸੀ ਕਿ ਵੀਹ ਕੁ ਹਜ਼ਾਰ ਨਾਲ ਸਰ ਜਾਊ। ਤੂੰ ਏਨੇ ਹੀ ਦਿੱਤੇ ਸੀ।”

“ਰੇਟ ਚੱਕੀ ਤੁਰੇ ਜਾਂਦੇ ਆ ਦਿਨੋ-ਦਿਨ। ਮੇਰੇ ਦਿਮਾਗ 'ਚ ਹੋਰ ਸਕੀਮ ਆਉਂਦੀ ਐ।”

“ਕੀ?”

“ਦੋ ਕੁ ਸਾਲਾਂ ਨੂੰ ਜਦੋਂ ਨੂੰ ਮੈਂ ਪੱਕਾ ਹੋਣਾ, ਤੈਨੂੰ ਓਪਨ ਵਰਕ ਪਰਮਿਟ ਮਿਲ ਜਾਊ। ਤੂੰ ਓਦੋਂ ਤੱਕ ਕੰਮ ਵੀ ਸਿੱਖ ਜਾਏਂਗਾ।”

“ਫੇਰ?”

“ਆਪਾਂ ਆਪਣੀ ਕੰਪਨੀ ਖੋਲ੍ਹ ਲਵਾਂਗੇ। ਓਦੋਂ ਤਕ ਐੱਲ ਐੱਮ ਆਈ ਏਆਂ ਦੇ ਰੇਟ ਵੀ ਵਧ ਜਾਣਗੇ। ਆਪਣੇ ਖਰਚੇ ਤਾਂ ਛੇਤੀ ਮੁੜ ਆਉਣਗੇ। ਕਰਦੇ ਹਾਂ ਚੁੱਪ ਕਰ ਕੇ।” ਆਖ ਕੇ ਗੁਰਸੀਰ ਨੇ ਬਲਵੀਰ ਵੱਲ ਦੇਖਿਆ। ਉਸ ਦੇ ਚਿਹਰੇ 'ਤੇ ਰੌਣਕ ਪਰਤ ਆਈ ਸੀ। ***(ਚੱਲਦਾ)***

> ***“ਗੱਲ ਏਦਾਂ ਬਈ ਕੰਮ ਸਾਡੇ ਕੋਲ ਬਹੁਤ ਐ। ਮੈਂ ਸਿੱਧੀ ਗੱਲ ਕਰਦਾ ਹੁੰਨੈ। ਹਾਂ। ਵਿਜ਼ਟਰ ਆਉਣ ਵਾਲੇ ਬਹੁਤੇ ਪੜ੍ਹੇ-ਲਿਖੇ ਬੰਦੇ ਹੁੰਦੇ ਐ। ਪਿੱਛੇ ਨੌਕਰੀਆਂ ਕਰਦੇ ਆਏ ਹੁੰਦੇ ਆ। ਆਦਤਾਂ ਹੁੰਦੀਐ ਵਿਗੜੀਆਂ। ਮਾੜਾ ਜਾ ਜ਼ੁਕਾਮ ਹੋਇਆ ਤੇ ਛੁੱਟੀ। ਛੁੱਟੀ ਨੀ ਸਾਡੇ ਕੰਮ 'ਤੇ ਪੁੱਗਦੀ। ਕੰਮ ਦੀ ਮਾਰੋ-ਮਾਰ ਐ। ਅਸੀਂ ਪੇਂਟ ਵਾਸਤੇ ਤਿਆਰ ਕਰਨੀ ਹੁੰਦੀ ਐ ਕੰਧ। ਜੇ ਪੇਂਟ ਵਾਲਿਆਂ ਨੂੰ ਸੋਮਵਾਰ ਨੂੰ ਤਿਆਰ ਚਾਹੀਦੀ ਐ ਤਾਂ ਸਾਨੂੰ ਹਰ ਹਾਲਤ 'ਚ ਤਿਆਰ ਕਰ ਕੇ ਦੇਣੀ ਹੁੰਦੀ ਐ। ਭਾਵੇਂ ਬਿਮਾਰ ਹੋਈਏ, ਭਾਵੇਂ ਐਤਵਾਰ ਆ ਜੇ, ਭਾਵੇਂ ਰਾਤ ਪੈ ਜੇ। ਹਾਂ। ਬਾਕੀ ਘੰਟੇ ਕੰਮ ਦੇ ਬਹੁਤ ਬਣ ਜਾਂਦੇ ਆ। ਕਮਾਈ ਪੂਰੀ ਹੋਊ ਤੇਰੀ ਪਰ ਓਵਰਟੈਮ ਦੇਣਾ ਨੀ ਸਾਨੂੰ ਪੁੱਗਦਾ। ਨਾ ਸਾਨੂੰ ਕਿਸੇ ਨੇ ਦਿੱਤਾ, ਜਦੋਂ ਅਸੀਂ ਕਿਸੇ ਨਾਲ ਕੰਮ ਕਰਦੇ ਸੀ, ਨਾ ਅਸੀਂ ਕਿਸੇ ਨੂੰ ਦੇਈਏ।...”***

# ਮਾਸੂਮੀਅਤ

**ਦਰਸ਼ਨ ਸਿੰਘ**
**ਫੋਨ: +91-94667-37933**

ਕਿਹਾ ਜਾਂਦਾ ਹੈ, ਸਿਆਣਿਆਂ ਦੀਆਂ ਗੱਲਾਂ ਦੇ ਭਾਵ ਜਾਣਨੇ-ਸੁਣਨੇ-ਸੋਚਣੇ ਜ਼ਰੂਰੀ ਹਨ। ਉਂਝ ਨਿਆਣਿਆਂ ਦੀਆਂ ਮਾਸੂਮੀਅਤ ਭਰਪੂਰ ਗੱਲਾਂ ਵੀ ਕਈ ਵਾਰ ਬਹੁਤ ਵੱਡੀਆਂ ਹੁੰਦੀਆਂ ਹਨ। “ਦਾਦੂ, ਚੱਲੀਏ?” ਛੁੱਟੀਆਂ 'ਚ ਮੇਰੇ ਕੋਲ ਆਈ ਮੇਰੀ ਪੋਤੇ ਪੰਜ ਕੁ ਸਾਲ ਦੀ ਪੋਤੀ ਮੈਨੂੰ ਰੋਜ਼ ਕਹਿੰਦੀ। “ਕਿੱਥੇ?” ਮੈਂ ਪੁੱਛਦਾ। ਕਮੇਟੀ ਪਾਰਕ ਉਸ ਦੀ ਵਧੇਰੇ ਪਸੰਦੀਦਾ ਜਗ੍ਹਾ ਸੀ। ਉਂਗਲ ਫੜਦੀ ਉਹ ਮੈਨੂੰ ਆਪਣੇ ਨਾਲ ਤੋਰ ਲੈਂਦੀ। ਥੱਕਿਆ ਹੋਇਆ ਵੀ ਉਸ ਨਾਲ ਤੁਰੀ ਜਾਂਦਾ ਤੇ ਗੱਲਾਂ ਕਰੀ ਜਾਂਦਾ। ਤੁਰ-ਫਿਰ ਕੇ ਗੱਲਾਂ ਵੈਸੇ ਵੀ ਵਧੀਆ ਹੁੰਦੀਆਂ। “ਇਹ ਕੀ ਹੈ?... ਉਹ ਕੀ?” ਉਸ ਦੇ ਨਿੱਕੇ ਨਿੱਕੇ ਸਵਾਲ ਕਈ ਵਾਰ ਮੇਰੇ ਅੰਦਰ ਡੂੰਘੀ ਹੈਰਾਨੀ ਤੇ ਗੁੰਝਲਾਂ ਭਰ ਦਿੰਦੇ ਸਨ।

ਉਸ ਦੇ ਇਕ ਸਵਾਲ ਨੇ ਮੈਨੂੰ ਜਿਵੇਂ ਧੁਰ ਅੰਦਰੋਂ ਹਿਲਾ ਦਿੱਤਾ ਹੋਵੇ: “ਦਾਦੂ, ਮੇਰੀ ਦਾਦੀ ਕਿੱਥੇ ਹੈ?” ਮੇਰੀ ਪਤਨੀ ਦੀ ਕੰਧ 'ਤੇ ਟੰਗੀ ਤਸਵੀਰ ਨੂੰ ਦੇਖਦਿਆਂ ਇਕ ਦਿਨ ਉਸ ਨੇ ਮੈਨੂੰ ਪੁੱਛਿਆ। ਸਵਾਲ ਸੁਣਦਿਆਂ ਉਸ ਦੀ ਨਿਗ੍ਹਾ ਨੂੰ ਮੈਂ ਫੋਟੋ 'ਤੇ ਲਗਾਤਾਰ ਟਿਕੇ ਦੇਖਿਆ। 'ਉਹ ਕੀ ਸੋਚਦੀ ਹੋਵੇਗੀ? ਕਿਹੜੇ ਖਿਆਲ ਉਸ ਅੰਦਰ ਹੋਣਗੇ?' ਮੈਂ ਸੋਚਿਆ। “ਉਹ ਹੁਣ ਵਾਹਿਗੁਰੂ ਜੀ ਕੋਲ ਹਨ।” ਕੋਲ ਬੈਠੇ ਉਸ ਦੇ ਪਾਪਾ ਨੇ ਕਿਹਾ।

ਮੇਰੇ ਸਾਹਮਣੇ ਮੇਰਾ ਬਚਪਨ ਸੀ।... ਮਾਂ ਦੱਸਦੀ ਹੁੰਦੀ ਸੀ ਕਿ ਨਿਆਣੀ ਉਮਰੇ ਮੈਂ ਬੜਾ ਇੱਲਤੀ ਹੁੰਦਾ ਸੀ। ਵਿਹੜੇ 'ਚ ਖੇਡਦਾ ਪਤਾ ਨਹੀਂ ਕਿਹੜੇ ਵੇਲੇ ਬਾਹਰ ਬੀਹੀ 'ਚ ਭੱਜ ਜਾਂਦਾ। ਪਿੱਛੇ ਪਿੱਛੇ ਸਾਰਾ ਟੱਬਰ ਹੁੰਦਾ। ਕੋਈ ਬਾਹੋਂ ਫੜ ਕੇ ਅੰਦਰ ਧੂਹ ਲਿਆਉਂਦਾ। “ਬਾਹਰ ਝੋਲੇ ਵਾਲਾ ਬਾਬਾ ਫੜ ਕੇ ਲੈ ਜੂ।” ਝੋਲੇ ਵਾਲਾ ਇਹ ਬਾਬਾ ਕੌਣ ਸੀ? ਕਿਥੋਂ ਆਉਂਦਾ ਸੀ? ਪਤਾ ਨਹੀਂ। ਮੇਰੇ ਅੰਦਰ ਕੋਈ ਡਰ ਜ਼ਰੂਰ ਬੈਠ ਗਿਆ ਸੀ। ਇਹੋ ਡਰ ਕਈ ਵਰ੍ਹੇ ਮੇਰਾ ਪਿੱਛਾ ਕਰਦਾ ਰਿਹਾ। ਸੁਫ਼ਨੇ ਵਿਚ ਵੀ ਡਰ ਕੇ ਕਈ ਵਾਰ ਮੈਂ ਰੋਣ ਲਗਦਾ।

ਹੁਣ ਵੀ ਕਈ ਵਾਰ ਮਾਪਿਆਂ ਨੂੰ ਆਪਣੇ ਬੱਚੇ ਘਰੋਂ ਬਾਹਰ ਜਾਣੋਂ ਰੋਕਣ ਲਈ ਕਹਿੰਦੇ ਸੁਣਦਾ ਹਾਂ, “ਬਾਹਰ ਮਾਊਂ ਬੈਠਾ। ਦੰਦੀ ਵੱਢੂ...।” ਮਾਪਿਆਂ ਦਾ ਇਹ ਕਾਲਪਨਿਕ 'ਮਾਊਂ' ਬੱਚੇ ਦੇ ਮਨ 'ਚ ਸਦਾ ਲਈ ਵਸ ਗਿਆ। ਅੰਦਰ ਬਾਹਰ ਜਾਣ ਤੋਂ ਹੀ ਉਹ ਬੁਰੀ ਤਰ੍ਹਾਂ ਡਰਨ ਲੱਗਾ। ਮੁੱਢਲੇ ਇਲਾਜ ਪਿੱਛੋਂ ਉਸ ਦੇ ਮਨ ਦਾ ਇਹ ਡਰ ਘਟਿਆ ਜ਼ਰੂਰ, ਪੂਰੀ ਤਰ੍ਹਾਂ ਗਿਆ ਨਹੀਂ।

ਪੜ੍ਹ-ਲਿਖ ਜਾਣ ਕਾਰਨ ਮੈਨੂੰ ਇਸ ਗੱਲ ਦੀ ਸਮਝ ਆ ਗਈ ਕਿ ਨਿਆਣੀ ਉਮਰ ਦਾ ਕੋਮਲ ਤੇ ਸੂਖਮ ਮਨ ਸਵਾਲਾਂ, ਜਵਾਬਾਂ ਤੇ ਹੋਰ ਅਜਿਹੀਆਂ ਗੱਲਾਂ ਦੇ ਡੂੰਘੇ ਅਸਰ ਬੜੀ ਛੇਤੀ ਕਬੂਲਦਾ ਹੈ। ਉਮਰ ਦੇ ਪਹਿਲੇ ਚਾਰ ਪੰਜ ਸਾਲ ਇਸ ਪੱਖੋਂ ਬਹੁਤ ਅਹਿਮ ਹੁੰਦੇ। “ਬੱਚੇ ਨੂੰ ਪੰਜ ਸਾਲ ਲਈ ਮੈਨੂੰ ਦੇ ਦਿਉ, ਮੈਂ ਬੱਚੇ ਨੂੰ ਡਾਕਟਰ, ਇੰਜਨੀਅਰ ਜਾਂ ਜੋ ਕਹੋਗੇ, ਬਣਾ ਦਿਆਂਗਾ।” ਇਕ ਵਿਦਵਾਨ ਦਾ ਕਿਹਾ ਮੈਨੂੰ ਯਾਦ ਹੈ।

ਪੋਤੀ ਦੀਆਂ ਛੁੱਟੀਆਂ ਖ਼ਤਮ ਹੋਣ ਵਾਲੀਆਂ ਸਨ। ਚਾਰ ਪੰਜ ਦਿਨਾਂ ਨੂੰ ਉਹਨੇ ਵਾਪਸ ਚਲੇ ਜਾਣਾ ਸੀ। ਇਕ ਸ਼ਾਮ ਮੈਂ ਉਹਨੂੰ ਨਾਲ ਲੈ ਕੇ ਗੁਰਦੁਆਰੇ ਚਲਾ ਗਿਆ। “ਇਹ ਵਾਹਿਗੁਰੂ ਜੀ ਦਾ 'ਰੂਮ' ਹੈ?” ਇਕ ਕਮਰੇ ਜਿੱਥੇ ਪਾਠ ਕੀਤਾ ਜਾ ਰਿਹਾ ਸੀ, ਵੱਲ ਉਂਗਲ ਕਰਦਿਆਂ ਉਸ ਨੇ ਸਵਾਲ ਕੀਤਾ। ਮੈਂ 'ਹਾਂ' ਵਿਚ ਹੁੰਗਾਰਾ ਭਰਿਆ। ਉਹ ਅੰਦਰ ਚਲੀ ਗਈ। ਪਲ ਛਿਣ 'ਚ ਹੀ ਵਾਪਸ ਮੁੜ ਆਈ। ਮੇਰੀ ਉਂਗਲ ਫੜ ਕੇ ਉਸੇ 'ਰੂਮ' ਵਲ ਲਿਜਾਂਦੀ ਕਹਿਣ ਲੱਗੀ, “ਦਾਦੂ, ਮੈਨੂੰ ਮੇਰੀ ਦਾਦੀ ਦਿਖਾਊ...।” “ਉਹ ਇੱਥੇ ਨਹੀਂ ਹੈ।” ਮੈਂ ਸਮਝਾਇਆ। “ਪਾਪਾ ਕਹਿੰਦੇ ਸੀ, ਦਾਦੀ ਵਾਹਿਗੁਰੂ ਜੀ ਕੋਲ ਹੈ।” ਉਸ ਦੇ ਪਾਪਾ ਦੀ ਕਹੀ ਗੱਲ ਉਸ ਨੂੰ ਕਈ ਦਿਨਾਂ ਪਿੱਛੋਂ ਵੀ ਯਾਦ ਸੀ। “ਦਾਦੀ ਮੈਨੂੰ ਮਿਲਣ ਕਿਉਂ ਨਹੀਂ ਆਉਂਦੀ?”... ਉਸ ਦੀ ਜ਼ਿੱਦ ਨੂੰ ਕਿਵੇਂ ਨਾ ਕਿਵੇਂ ਸ਼ਾਂਤ ਤਾਂ ਕਰ ਲਿਆ ਪਰ ਉਸ ਦੇ ਚਿਹਰੇ ਉੱਤੇ ਕਈ ਉਲਝਣ ਭਰੇ ਸਵਾਲ ਮੈਨੂੰ ਖੜ੍ਹੇ ਜਾਪੇ। ਮੈਂ ਉਸ ਦਾ ਧਿਆਨ ਇਸ ਪਾਸਿਉਂ ਮੋੜਨ ਦੀ ਕੋਸ਼ਿਸ਼ 'ਚ ਸੀ।

“ਦਾਦੂ!”

“ਬੋਲੋ।”

“ਤੁਹਾਡੀ ਵੀ ਦਾਦੀ ਸੀ?”

“ਹਾਂ... ਮੇਰੀ ਵੀ ਸੀ।”

“ਫੋਨ 'ਚ ਉਹਦੀ ਫੋਟੋ ਹੈ?”

...ਮੈਂ ਚੁੱਪ ਰਿਹਾ। ਮੈਨੂੰ ਦਾਦੀ ਯਾਦ ਆਉਣ ਲੱਗੀ। ਮੇਰੀ ਬਾਲ-ਉਮਰ ਦਾ ਟੋਟਾ ਦਾਦੀ ਤੋਂ ਬੁਝਾਰਤਾਂ ਤੇ ਪਰੀ ਕਹਾਣੀਆਂ ਸੁਣ ਸੁਣ ਗੁਜ਼ਰਿਆ ਸੀ। ਇਨ੍ਹਾਂ ਕਹਾਣੀਆਂ ਦੇ ਸੱਚ ਦਾ ਪ੍ਰਭਾਵ ਮੇਰੇ ਨਾਲ ਵਰ੍ਹੇ ਦਰ ਵਰ੍ਹੇ ਰਿਹਾ।

ਮੈਂ ਦਾਦੀ ਕੋਲੋਂ ਸੁਣੀਆਂ ਬਾਤਾਂ-ਬੁਝਾਰਤਾਂ 'ਚੋਂ ਇਕ ਉਸ ਨੂੰ ਸੁਣਾ ਦਿੱਤੀ ਜੋ ਮੈਨੂੰ ਯਾਦ ਸੀ। ਸਮਝ ਉਸ ਦੇ ਕੁਝ ਨਾ ਪਿਆ। “ਦਾਦੂ, ਤੁਸੀਂ ਮੈਨੂੰ ਮੇਰੀ ਦਾਦੀ ਵਾਹਿਗੁਰੂ ਜੀ ਕੋਲ ਕਿਉਂ ਨਹੀਂ ਦਿਖਾਈ?”

ਕੀ ਆਖਦਾ ਉਸ ਨੂੰ ਕਿ ਇਹੋ ਹੀ ਤਾਂ ਜ਼ਿੰਦਗੀ ਦੀ ਬੁਝਾਰਤ ਹੈ ਜਿਸ ਨੂੰ ਕੋਈ ਬੁਝ ਨਹੀਂ ਸਕਿਆ। “ਆਈਸ ਕਰੀਮ ਖਾਣੀ ਹੈ ਦਾਦੂ।” ਸੁਣਦਿਆਂ ਹੀ ਮੈਂ ਬਿਨਾ ਦੇਰੀ ਕੀਤੇ ਉਸ ਨੂੰ ਆਈਸ ਕਰੀਮ ਲੈ ਦਿੱਤੀ। ਚੰਗੀ ਗੱਲ ਸੀ ਕਿ ਉਸ ਦਾ ਧਿਆਨ ਕਿਸੇ ਹੋਰ ਪਾਸੇ ਮੁੜਿਆ ਸੀ।

ਛੁੱਟੀਆਂ ਹੁਣ ਮੁੱਕ ਗਈਆਂ ਸਨ। ਆਖਰੀ ਛੁੱਟੀ ਸੀ। ਅਗਲੇ ਦਿਨ ਸਕੂਲ ਜਾਣਾ ਸੀ। “ਦਾਦੂ, ਹੁਣ ਜਦੋਂ ਮੈਂ ਆਵਾਂਗੀ... ਦਾਦੀ ਮੈਨੂੰ ਮਿਲੇਗੀ?” ਮੈਂ ਚੁੱਪ ਰਿਹਾ। ਨਾ ਝੂਠ ਬੋਲ ਸਕਦਾ ਸੀ, ਨਾ ਸੱਚ। ਮੈਨੂੰ ਜਾਪਿਆ, ਚਿਹਰੇ 'ਤੇ ਮੁਸਕਾਣ ਭਰਦੀ ਮੇਰੇ ਵੱਲ ਦੇਖਦੀ ਸ਼ਾਇਦ ਉਹ ਆਪਣੇ ਸਵਾਲ ਦਾ ਜਵਾਬ ਜਿਵੇਂ ਉਡੀਕ ਰਹੀ ਹੋਵੇ। ਨਾ ਕੰਧ 'ਤੇ ਟੰਗੀ ਤਸਵੀਰ ਦੇ ਅਰਥ ਉਸ ਨੂੰ ਪਤਾ ਸਨ, ਨਾ ਪੁੱਛੇ ਗਏ ਸਵਾਲਾਂ ਦੀ ਹਕੀਕਤ। ਉਸ ਦੇ ਬੋਲਾਂ 'ਚ ਸਾਂਭਿਆ ਰਿਸ਼ਤਾ ਅਤੇ ਮੈਨੂੰ ਕੀਤੇ ਸਵਾਲ ਮੇਰੇ ਸਮਝਣ ਲਈ ਕਾਫੀ ਸਨ ਕਿ ਮਾਸੂਮੀਅਤ ਕਿੰਨੀ ਖ਼ੂਬਸੂਰਤ ਹੁੰਦੀ ਹੈ!

# ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ 'ਗੁਸਤਾਖ਼ ਹਵਾ'

## ਪੁਸਤਕ ਚਰਚਾ

ਸੁਰਿੰਦਰ ਗੀਤ ਕੈਨੇਡਾ ਵਿਚ ਵੱਸਦੀ ਇਕ ਅਜਿਹੀ ਅਨੁਭਵਸ਼ਾਲੀ ਪਰਵਾਸੀ ਪੰਜਾਬੀ ਸ਼ਾਇਰਾ ਹੈ ਜਿਸ ਨੇ ਕਾਵਿ-ਰੂਪਕਾਰ ਰਾਹੀਂ ਜੀਵਨ ਦੇ ਹਰ ਵਿਹਾਰਕ ਪਹਿਲੂ ਬਾਰੇ ਆਪਣੇ ਭਾਵ ਪ੍ਰਗਟ ਕੀਤੇ ਹਨ। ਕੈਨੇਡਾ ਦੇ ਸਾਹਿਤਕ ਹਲਕਿਆਂ ਵਿਚ ਉਸਦੀ ਵੱਖਰੀ ਪਛਾਣ ਹੈ। ਨਿਰੰਤਰ ਕਲਮਕਾਰੀ ਕਰਦਿਆਂ ਉਸਨੇ ਸਮਾਜਿਕ ਜੀਵਨ ਦੇ ਹਰ ਪਹਿਲੂ ਨੂੰ ਸੰਵੇਦਨਸ਼ੀਲਤਾ ਨਾਲ ਉਕੇਰਿਆ ਹੈ। ਹੁਣ ਤਕ ਉਸਦੇ ਨੌਂ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ



ਡਾ. ਗੁਰਜੀਤ ਕੌਰ

ਹਨ। ਇਸ ਦੇ ਨਾਲ ਹੀ ਉਸਨੇ ਪੰਜਾਬੀ ਸਾਹਿਤ ਦੇ ਹੋਰਨਾਂ ਰੂਪਾਕਾਰਾਂ ਵਿਚ ਵੀ ਕਲਮਕਾਰੀ ਕੀਤੀ ਹੈ ਜਿਸ ਵਿਚ ਵਾਰਤਕ ਅਤੇ ਕਹਾਣੀ ਵੀ ਸ਼ਾਮਲ ਹੈ। ਬੁਨਿਆਦੀ ਤੌਰ 'ਤੇ ਕਾਵਿ-ਸੰਵੇਦਨਸ਼ੀਲਤਾ ਦੀ ਧਾਰਨੀ ਸੁਰਿੰਦਰ ਗੀਤ ਨੇ ਕਵਿਤਾ ਦੇ ਖੇਤਰ ਵਿਚ ਹੀ ਵਧੇਰੇ ਮਕਬੂਲੀਅਤ ਹਾਸਲ ਕੀਤੀ ਹੈ। ਹੁਣ ਤੱਕ ਪ੍ਰਕਾਸ਼ਤ ਉਸਦੇ ਕਾਵਿ-ਸੰਗ੍ਰਹਿ ਹਨ- ਤੁਰੀ ਸਾਂ ਮੈਂ ਥੋਂ, ਸੁਣ ਨੀ ਜਿੰਦੇ, ਚੰਦ ਸਿਤਾਰੇ ਮੇਰੇ ਵੀ ਨੇ, ਮੋਹ ਦੀਆਂ ਛੱਲਾਂ, ਕਾਨੇ ਦੀਆਂ ਕਲਮਾਂ, ਰੁੱਖ ਤੇ ਪੰਛੀ, ਸ਼ਬਦ ਸੁਨੱਖੇ ਅਤੇ ਹਥਲੀ ਪੁਸਤਕ ਗੁਸਤਾਖ ਹਵਾ। ਇਸ ਤੋਂ ਇਲਾਵਾ ਉਸਦੀ 'ਧੀ ਦਾ ਕਰਜ਼' ਇਕ ਵਾਰਤਕ ਰੂਪ ਵਿਚ ਪ੍ਰਕਾਸ਼ਤ ਪੁਸਤਕ ਵੀ ਹੈ।

ਸੁਰਿੰਦਰ ਗੀਤ ਦੀ ਕਵਿਤਾ ਦਾ ਸੁਰ ਸਿੱਧਾ, ਸਰਲ ਅਤੇ ਸਪੱਸ਼ਟ ਹੈ। ਉਹ ਆਪਣੇ ਭਾਵਾਂ ਅਤੇ ਵਿਚਾਰਾਂ ਵਿਚ ਵਲਗਣਾਂ ਨਹੀਂ ਪਾਉਂਦੀ। ਸਿੱਧੀ ਸਪੱਸ਼ਟ ਮਾਨਵਵਾਦੀ ਸਰੋਕਾਰਾਂ ਵਾਲੀ ਜਨਵਾਦੀ ਵਿਚਾਰ ਦ੍ਰਿਸ਼ਟੀ ਨਾਲ ਆਪਣੀ ਗੱਲ ਰੱਖਦੀ ਹੈ। ਹਰ ਸਮਾਜਿਕ, ਰਾਜਨੀਤਕ ਜਾਂ ਸਭਿਆਚਾਰਕ ਵਰਤਾਰੇ ਨੂੰ ਉਹ ਮਾਨਵਤਾਵਾਦੀ ਦ੍ਰਿਸ਼ਟੀਕੋਣ ਨਾਲ ਗ੍ਰਹਿਣ ਕਰਦੀ ਹੈ ਅਤੇ ਆਪਣੇ ਕਾਵਿ-ਜਗਤ ਵਿਚ ਪ੍ਰਸਤੁਤ ਕਰਦੀ ਹੈ। ਉਹ ਆਪਣੀ ਕਾਵਿ-ਸਿਰਜਣਾ ਬਾਰੇ ਬਹੁਤ ਚੇਤੰਨ ਹੈ ਤੇ ਆਪਣੀ ਕਵਿਤਾ ਦੇ ਪ੍ਰਯੋਜਨ ਨੂੰ ਲੈ ਕੇ ਵੀ ਸੰਜੀਦਾ ਹੈ। ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਈ ਕਵਿਤਾਵਾਂ ਉਸਦੇ ਕਾਵਿ-ਸਰੋਕਾਰਾਂ ਵਿਭਿੰਨ ਆਯਾਮਾਂ ਅਤੇ ਉਸਦੀ ਪ੍ਰਸੰਗਿਕਤਾ ਪ੍ਰਤੀ ਜਾਗਰੂਕ ਹੋਣ ਦੀ ਗਵਾਹੀ ਦਿੰਦੀਆਂ ਹਨ। ਮਿਸਾਲ ਵਜੋਂ ਉਸਦੀ ਕਵਿਤਾ 'ਕਿਉਂ ਲਿਖਦੀ ਹਾਂ' ਵੇਖੀ ਜਾ ਸਕਦੀ ਹੈ:


ਮੇਰੇ ਦੋਸਤ
ਮੈਨੂੰ
ਪੁੱਛਦੇ ਰਹਿੰਦੇ ਹਨ
ਕਿ ਮੈਂ
ਕਵਿਤਾ ਕਿਉਂ ਲਿਖਦੀ ਹਾਂ

ਕਵਿਤਾ ਲਿਖਣ ਦੇ ਉਦੇਸ਼ ਬਾਰੇ ਉਹ ਦੱਸਣਾ ਚਾਹੁੰਦੀ ਹੈ ਕਿ ਕਵਿਤਾ ਉਸ ਲਈ ਸਿਰਫ਼ ਸ਼ਬਦਾਂ ਦੀ ਖੇਡ ਨਹੀਂ ਸਗੋਂ ਮਨੁੱਖਤਾ ਦੀ ਭਲਾਈ ਲਈ ਇਕ ਅਜਿਹਾ ਯਤਨ ਹੈ ਜੋ ਸ਼ਬਦ ਰੂਪੀ ਬੀਜ ਵਾਂਗ ਸਮਾਜ ਵਿਚ ਪੁੰਗਰ ਕੇ ਛਾਂ ਪ੍ਰਦਾਨ ਕਰੇਗਾ। ਹਰ ਸੱਜਰੀ ਕਵਿਤਾ ਵਿਚ ਉਹ ਅਜਿਹੀ ਸੰਭਾਵਨਾ ਤਲਾਸ਼ਦੀ ਹੈ ਜੋ ਕਿਸੇ ਮਨੋਰਥ ਨਾਲ ਜੁੜੀ ਹੋਵੇ। ਜੋ ਸ਼ਬਦਾਂ ਅਤੇ ਵਿਚਾਰਾਂ ਨਾਲ ਮਨੁੱਖਤਾ ਨੂੰ ਸੰਕਟ ਸਥਿਤੀ ਵਿਚ ਰਾਹਤ ਭਰੀ 'ਛਾਂ' ਦੇ ਸਕੇ। ਕਵਿਤਾ ਰਚਣ ਦੇ ਕੁਝ ਹੋਰ ਵੀ ਕਾਰਨ ਦਿਸਦੇ ਹਨ ਜਿਨ੍ਹਾਂ ਨੂੰ ਸੁਰਿੰਦਰ ਗੀਤ ਤਲਾਸ਼ਦੀ ਤੇ ਪਛਾਣਦੀ ਹੈ। ਕਵਿਤਾ ਨਾਲ ਸੰਵਾਦ ਕਰਦੀ ਹੋਈ ਉਹ ਉਸਦੇ ਮਨੋਰਥ ਉਪਰ ਜ਼ੋਰ ਦਿੰਦੀ ਹੈ:

ਭੀੜ ਭੜੱਕਾ
ਰੌਲਾ ਰੱਪਾ
ਪੈਸੇ ਦਾ ਇਹ
ਵਿੰਗਾ ਟੇਢਾ
ਔਝੀ ਛੜੱਪਾ (ਫ਼ਰਜ਼ ਦੀ ਲੋਈ, 34)

ਸੁਰਿੰਦਰ ਗੀਤ ਦਾ ਮੰਨਣਾ ਹੈ ਕਿ ਕਵਿਤਾ ਦਾ ਅਤੇ ਕਾਵਿ-ਸਿਰਜਣਾ ਦਾ ਇਕ ਮਨੋਰਥ ਹੁੰਦਾ ਹੈ ਜਿਸ ਨੂੰ ਨਿਭਾਉਣਾ ਜ਼ਰੂਰੀ ਹੈ। ਇਸ ਦੀ ਰਾਹ ਵਿਚ ਬਹੁਤ ਸਾਰੀਆਂ ਧਿਰਾਂ ਰੁਕਾਵਟ ਪੈਦਾ ਕਰਨ ਦਾ ਯਤਨ ਕਰਦੀਆਂ ਹਨ। ਇਸ ਨੂੰ ਵਰਤਮਾਨ ਸਮੇਂ ਦੀ ਚਕਾਚੌਂਧ ਭਰੀ ਵਿਵਸਥਾ ਵੀ ਬੇਅਸਰ ਕਰਨਾ ਚਾਹੁੰਦੀ ਹੈ। ਕਵਿਤਾ ਦੇ 'ਫਰਜ਼' ਨੂੰ ਦੂਸ਼ਿਤ ਕਰਨਾ ਚਾਹੁੰਦੀ ਹੈ, ਭਟਕਾਉਣਾ ਚਾਹੁੰਦੀ ਹੈ। ਇਸ ਲਈ ਉਹ ਕਹਿੰਦੀ ਹੈ ਕਿ ਕਵਿਤਾ ਦੇ ਸਿਰੋਂ 'ਫਰਜ਼ ਦੀ ਲੋਈ' ਕੋਈ ਨਹੀਂ ਲਾਹ ਸਕਦਾ। ਇਸੇ ਸਿਲਸਿਲੇ ਵਿਚ ਉਹ ਕਵਿਤਾ ਨੂੰ ਜ਼ਮੀਰ ਜਗਾਉਣ ਵਾਲਾ ਵਰਤਾਰਾ ਵੀ ਆਖਦੀ ਹੈ, ਜਿਸ ਦੀ ਸਿਰਜਣਾ ਦਾ ਇਕ ਮੁੱਖ ਮਨੋਰਥ ਲੋਕਾਂ ਅੰਦਰ ਮਾਨਵੀ ਚੇਤਨਾ ਜਗਾਉਣਾ ਹੈ। ਪਰ ਇਸ ਦੇ ਲਈ ਸਿਰਜਕ ਦੀ ਆਪਣੀ ਚੇਤਨਾ ਜਾਗਦੀ ਹੋਣੀ ਚਾਹੀਦੀ ਹੈ, ਉਸਦੀ ਜ਼ਮੀਰ ਜਾਗਦੀ ਹੋਣੀ ਚਾਹੀਦੀ ਹੈ-

ਕਵਿਤਾ
ਲਿਖਣ ਲਈ
ਕੇਵਲ ਮੱਥੇ ਹੇਠਾਂ
ਚਮਕਦੀਆਂ ਅੱਖਾਂ ਦੀ
ਲੋੜ ਨਹੀਂ ਹੁੰਦੀ
ਮਨ 'ਤੇ ਉਗੀਆਂ
ਅੱਖਾਂ ਦੀ ਵੀ
ਲੋੜ ਹੁੰਦੀ ਹੈ
ਤੇ ਇਹ ਅੱਖਾਂ
ਉਨ੍ਹਾਂ ਦੀਆਂ ਹੀ ਖੁੱਲ੍ਹਦੀਆਂ ਹਨ
ਜਿਨ੍ਹਾਂ ਦੀ ਜ਼ਮੀਰ
ਜਾਗਦੀ ਹੁੰਦੀ ਹੈ। (ਅੱਖਾਂ, ਪੰਨਾ 38)




ਕਵਿਤਾ ਨਾਲ ਸੰਵਾਦ ਰਚਾਉਂਦੀ ਉਹ ਰਾਹ ਨਾ ਭਟਕਣ ਤੋਂ ਚੇਤੰਨ ਰਹਿੰਦੀ ਹੈ, ਕਵਿਤਾ ਉਸ ਨੂੰ ਆਪ ਹੀ ਟੋਕਦੀ ਹੈ। ਕਵਿਤਾ ਨਾਲ ਸੰਵਾਦ ਕਰਦੀ ਹੋਈ ਉਹ ਫੇਰ ਇਸ ਦੇ ਮਾਨਵਤਾਵਾਦੀ ਸਰੋਕਾਰਾਂ ਦੇ ਹੱਕ ਵਿਚ ਦਲੀਲਾਂ ਦਿੰਦੀ ਹੈ। ਬਾਬਾ ਨਾਨਕ ਵੱਲੋਂ ਕਾਵਿ-ਰੂਪ ਵਿਚ ਹੀ, ਲੋਕਾਂ ਨੂੰ ਬਾਬਰ ਦੇ ਹਮਲੇ ਤੋਂ ਬਾਅਦ ਦੀ ਸਥਿਤੀ ਤੋਂ ਚੇਤਾਇਆ ਗਿਆ ਸੀ। ਬਾਬਾ ਨਾਨਕ ਨੇ ਵੀ ਇਨਕਲਾਬੀ ਸੁਰ ਵਿਚ ਬਾਬਰ ਦੇ ਅੱਤਿਆਚਾਰਾਂ ਦਾ ਵਿਰੋਧ ਕੀਤਾ ਸੀ। ਸੁਰਿੰਦਰ ਗੀਤ ਅਜਿਹੇ ਉਦਾਹਰਨ ਦੇ ਕੇ ਕਵਿਤਾ ਦੇ ਇਨਕਲਾਬੀ ਅਤੇ ਮਨੋਰਥਵਾਦੀ ਰੋਲ ਨੂੰ ਉਜਾਗਰ ਕਰਦੀ ਹੈ, ਉਸ ਉਪਰ ਜ਼ੋਰ ਦਿੰਦੀ ਹੈ-

ਮੇਰੀ ਕਵਿਤਾ
ਆਖਿਆ ਮੈਨੂੰ
ਕਿਧਰ ਨੂੰ ਮੂੰਹ
ਚੁੱਕੀ ਫਿਰਦੀ
ਕਿਉਂ ਤੈਨੂੰ ਉਹ
ਸਤਰ ਨਾ ਦਿਸਦੀ
ਨਾਲ-ਨਾਲ ਜੋ ਤੇਰੇ ਤੁਰਦੀ
(ਮੇਰੀ ਕਵਿਤਾ ਨੇ, ਪੰਨਾ 55)

ਕਵਿਤਾ ਦੇ ਅਜਿਹੇ ਮਨੋਰਥ ਦੇ ਨਾਲ ਹੀ ਉਸਦੇ ਪ੍ਰਭਾਵਸ਼ਾਲੀ ਹੋਣ ਦਾ ਸਬੂਤ ਵੀ ਦਿੰਦੀ ਹੈ ਕਿ ਕਿਸ ਤਰ੍ਹਾਂ ਸਾਡੇ ਇਤਿਹਾਸ ਵਿਚ ਜਬਰ-ਜ਼ੁਲਮ ਦੇ ਮਾਹੌਲ ਵਿਚ ਵੀ ਕਵਿਤਾ ਰਾਹੀਂ ਹੀ ਸਭ ਤੋਂ ਅਸਰਦਾਰ ਸੱਟ ਮਾਰੀ ਗਈ ਸੀ। ਸੱਤਾ ਜਾਂ ਵਿਸ਼ਵਾਸ ਜਦੋਂ ਆਪ-ਹੁਦਰੀ ਹੋ ਕੇ ਤਾਨਾਸ਼ਾਹੀ ਰਵੱਈਆ ਅਖ਼ਤਿਆਰ ਕਰਦੀ ਹੈ ਤਾਂ ਉਸਦਾ ਪ੍ਰਤੀਉੱਤਰ ਵੀ ਕਵਿਤਾ ਰਾਹੀਂ ਦਿੱਤਾ ਜਾ ਸਕਦਾ ਹੈ, ਜਿਵੇਂ ਕਿ 'ਕਵਿਤਾ ਦੀ ਤਾਸੀਰ' ਵਿਚ ਉਹ ਕਹਿੰਦੀ ਹੈ-

ਉਹ ਸੋਚਦੇ ਹਨ
ਕਿ ਉਹਨਾਂ ਦੇ
ਔਰੰਗਜ਼ੇਬੀ ਫੁਰਮਾਨ
ਸਾਡੇ ਚਿਹਰਿਆਂ ਨੂੰ
ਆਪਣੀਆਂ
ਤਿੱਖੀਆਂ ਨਹੁੰਦਰਾਂ ਨਾਲ ਨੋਚ
ਲਹੂ-ਲੁਹਾਣ ਕਰ
ਬੇ-ਪਛਾਣ ਕਰ ਦੇਣਗੇ। (ਕਵਿਤਾ ਦੀ ਤਾਸੀਰ, 63)

ਇਸ ਦੀ ਪ੍ਰਤੀਕਿਰਿਆ ਵਜੋਂ ਉਹ ਫਿਰ ਇਤਿਹਾਸ ਵਿਚੋਂ ਹਵਾਲਾ ਦੇ ਕੇ ਆਪਣੀ ਗੱਲ ਰੱਖਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜ਼ਾਲਮ ਹਕੂਮਤ ਦੀਆਂ ਕਰੂਰਤਾਵਾਂ ਨੂੰ 'ਜ਼ਫ਼ਰਨਾਮਾ' ਕਾਵਿ-ਰਚਨਾ ਰਾਹੀਂ ਔਰੰਗਜ਼ੇਬ ਸਾਹਮਣੇ ਰੱਖਿਆ ਸੀ। ਹੁਕਮਰਾਨ ਨੂੰ ਕਵਿਤਾ ਰਾਹੀਂ ਉਸ ਦੀਆਂ ਕਰਤੂਤਾਂ ਸਾਹਮਣੇ ਖੜਾ ਕਰ ਦਿੱਤਾ ਸੀ-

ਪਰ
ਉਹ ਨਹੀਂ ਜਾਣਦੇ
ਕਿ ਸਾਡੀ ਕਵਿਤਾ ਵਿਚ
ਉਸ ਜ਼ਫ਼ਰਨਾਮੇ ਦੀ ਤਾਸੀਰ ਹੈ
ਜਿਸ ਨੂੰ ਪੜ੍ਹ ਕੇ
ਔਰੰਗਜ਼ੇਬ ਦੇ
ਦਿਲ ਦੀ ਧੜਕਣ
ਰੁਕ ਜਾਂਦੀ ਹੈ।

ਕਵਿਤਾ ਦੇ ਅਜਿਹੇ ਪ੍ਰਭਾਵਸ਼ਾਲੀ ਰੋਲ ਦੀ ਅਹਿਮੀਅਤ ਨੂੰ ਉਜਾਗਰ ਕਰਦੀ ਸੁਰਿੰਦਰ ਗੀਤ ਵਿਵਸਥਾ ਦੇ ਦਮਨਕਾਰੀ ਫ਼ੈਸਲਿਆਂ ਦਾ ਮੁਕਾਬਲਾ ਕਰਨ ਲਈ 'ਕਵਿਤਾ' ਵਿਚਲੀ ਸਮਰੱਥਾ ਨੂੰ ਪਛਾਣਦੀ ਹੈ। ਉਹ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਡਰਾਵੇ ਦਾ ਮੁਕਾਬਲਾ ਕਰਨ ਦੀ ਕਾਵਿ-ਸਮਰੱਥਾ ਉਪਰ ਭਰੋਸਾ ਪ੍ਰਗਟ ਕਰਦੀ ਹੈ-

ਗੁਸਤਾਖ ਹਵਾ
ਕਵਿਤਾ ਨੂੰ ਆਖਣ ਲੱਗੀ-
ਐ ਕਵਿਤਾ'
ਸੰਭਲ ਜਾ
ਮੈਂ ਤੇਰੀ ਜੀਭ ਕੱਟ ਦਿਆਂਗੀ। (ਗੁਸਤਾਖ ਹਵਾ ਤੇ ਕਵਿਤਾ, 76)

ਇਸ ਤਰ੍ਹਾਂ ਸੁਰਿੰਦਰ ਗੀਤ ਕਵਿਤਾ ਦੇ ਮਨੋਰਥ ਪ੍ਰਤੀ ਜਾਗਰੂਕ ਹੈ ਅਤੇ ਉਸਦੀ ਵਕਾਲਤ ਵੀ ਕਰਦੀ ਹੈ। ਇੰਝ ਕਰਦੇ ਹੋਏ ਉਹ ਕਵਿਤਾ ਦੇ ਨਿੱਜਤਾ ਵਾਲੇ ਰੂਪ ਨੂੰ ਅਸਵੀਕਾਰ ਨਹੀਂ ਪਰ ਫਿਰ ਵੀ ਕਵਿਤਾ ਦੀ ਇਕ ਆਜ਼ਾਦ ਹੋਂਦ ਅਤੇ ਉਸਦੇ ਅਸੀਮਤ ਪ੍ਰਗਟਾਵਿਆਂ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦੀ ਹੈ-

ਮੇਰੀ ਸਹੇਲੀ ਨੇ
ਕਲਮ ਚੁੱਕੀ ਤਾਂ ਕਿਹਾ-
ਮੈਂ ਤੈਨੂੰ
ਇਸ ਲਈ ਚੁੱਕਿਆ ਹੈ ਤਾਂ ਜੋ
ਮੈਂ ਆਪਣੀ
ਦਰਦ ਕਹਾਣੀ ਲਿਖ ਸਕਾਂ
... ... ...
ਮੈਂ ਕਿਸੇ ਦੀ
ਨਿੱਜੀ ਪੀੜ ਦੀ
ਗ਼ੁਲਾਮ ਨਹੀਂ
ਮੈਂ ਕਿਸੇ ਦੇ
ਨਿੱਜ ਨੂੰ ਕਰਦੀ
ਕਦੇ ਸਲਾਮ ਨਹੀਂ
ਮੈਂ ਸਮੁੱਚੀ ਮਨੁੱਖਤਾ ਦੀ ਪੀੜ
ਵੇਖਦੀ ਹਾਂ
ਮਹਿਸੂਸ ਕਰਦੀ ਹਾਂ
ਅਤੇ ਲਿਖਦੀ ਹਾਂ। (ਕਲਮ ਨੇ ਕਿਹਾ, 71)

ਸੁਰਿੰਦਰ ਗੀਤ ਕਵਿਤਾ ਦੀ ਸਿਰਜਣਾ ਅਤੇ ਉਸ ਨਾਲ ਸੰਵਾਦ ਦੇ ਰਾਹੀਂ ਆਪਣੇ ਕਾਵਿ-ਸਿਰਜਣ ਮਨੋਰਥ ਨੂੰ ਸਪੱਸ਼ਟ ਕਰਦੀ ਹੈ, ਜਿਸ ਦਾ ਸਬੂਤ ਉਸ ਦੀਆਂ ਸਮਾਜਿਕ ਸਰੋਕਾਰਾਂ ਵਾਲੀਆਂ ਕਵਿਤਾਵਾਂ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਵੀ ਉਸ ਦੀਆਂ ਕਵਿਤਾਵਾਂ ਸਮਾਜਿਕ-ਰਾਜਨੀਤਕ ਵਿਵਸਥਾ ਵਿਚਲੀਆਂ ਊਣਤਾਈਆਂ ਉਪਰ ਫੋਕਸ ਕਰਦੀਆਂ ਹਨ। ਇਨ੍ਹਾਂ ਦਾ ਹੱਲ ਉਹ ਸਮਾਜਵਾਦੀ ਵਿਚਾਰਧਾਰਾ ਅਤੇ ਕ੍ਰਾਂਤੀਕਾਰੀ ਸੋਚ ਰਾਹੀਂ ਭਾਲਦੀ ਹੈ। ਇਨ੍ਹਾਂ ਕਵਿਤਾਵਾਂ ਦਾ ਸੁਰ ਵੀ ਸਿੱਧਾ ਅਤੇ ਸਪੱਸ਼ਟ ਹੈ, ਨੁਕਤੇ ਦੀ ਗੱਲ ਨੂੰ ਉਹ ਸਰਲ ਭਾਸ਼ਾ ਵਿਚ ਰੱਖਦੀ ਹੈ ਅਤੇ ਨਾਲ ਹੀ ਉਸਦੇ ਹੱਲ ਵੱਲ ਵੀ ਇਸ਼ਾਰਾ ਕਰਦੀ ਹੈ। ਵਰਤਮਾਨ ਸਮਾਜ ਵਿਚ ਜਿਸ ਤਰ੍ਹਾਂ ਸੱਚ ਬੋਲਣ ਦੇ ਨਤੀਜੇ ਭੁਗਤਣੇ ਪੈਂਦੇ ਹਨ, ਉਸ ਸੰਬੰਧ ਵਿਚ ਨਿਮਨ-ਅੰਕਿਤ ਕਾਵਿ ਟੋਟਾ ਵੇਖਿਆ ਜਾ ਸਕਦਾ ਹੈ-

ਮੈਂ
ਪਿੱਛੇ ਮੁੜ ਕੇ ਤੱਕਿਆ
ਇਹ ਤਾਂ ਉਹੀ ਸ਼ਖ਼ਸ ਸੀ
ਜੋ ਸੁਬਹ ਸ਼ਾਮ
ਲੋਕਾਂ ਨੂੰ
ਬਾਬੇ ਨਾਨਕ ਦੀ
ਬਾਣੀ ਪੜ੍ਹਨ ਦਾ
ਉਪਦੇਸ਼ ਦਿੰਦਾ ਸੀ। (ਮੈਂ ਅਜੇ, ਪੰਨਾ 30)

ਸਮਾਜਿਕ ਵਿਵਸਥਾ ਉਪਰ ਧਾਰਮਿਕ ਸੰਸਥਾਵਾਂ ਜਿਸ ਤਰ੍ਹਾਂ ਕਾਬਜ਼ ਹੁੰਦੀਆਂ ਜਾ ਰਹੀਆਂ ਹਨ ਅਤੇ ਵਿਰੋਧ ਜਾਂ ਹੱਕ ਦੀ ਆਵਾਜ਼ ਉਠਾਉਣ ਬਦਲੇ ਨਤੀਜਾ ਭੁਗਤਣ ਦੀ ਧਮਕੀ ਜਿਹੇ ਬੋਲ ਭਾਰੂ ਹੁੰਦੇ ਹਨ, ਜਾ ਰਹੇ ਹਨ। ਉਸਦੇ ਜਵਾਬ ਵਿਚ ਕਵਿੱਤਰੀ ਆਪਣੇ ਵਿਰਸੇ ਅਤੇ ਪਰੰਪਰਾ ਦੇ ਹਵਾਲੇ ਦੇ ਕੇ ਇਸ਼ਾਰਾ ਕਰਦੀ ਹੈ ਕਿ ਪੰਜਾਬ ਉਹ ਧਰਤੀ ਹੈ ਜਿਥੇ ਗੁਰੂਆਂ ਨੇ ਨਿਰਭੈ ਹੋ ਕੇ ਹੱਕ-ਸੱਚ ਦੀ ਆਵਾਜ਼ ਬੁਲੰਦ ਕੀਤੀ ਸੀ ਤੇ ਹੁਣ ਧਰਮ ਦੇ ਆਗੂ ਇਸ ਤਰ੍ਹਾਂ ਕਰਨ ਬਦਲੇ ਸਮਾਜ ਤੋਂ ਛੇਕ ਦੇਣ ਦੀਆਂ ਗੱਲਾਂ ਕਰਦੇ ਹਨ। ਸਮਾਜ ਅਤੇ ਧਰਮ ਦੇ ਆਗੂ ਦੋਗਲੇ ਚਰਿੱਤਰ ਵਾਲੇ ਹੋ ਗਏ ਹਨ, ਜੋ ਉਹ ਉਪਦੇਸ਼ ਦਿੰਦੇ ਹਨ, ਕਰਮ ਉਸ ਤੋਂ ਉਲਟ ਕਰਦੇ ਹਨ। ਇਸੇ ਤਰ੍ਹਾਂ ਹੀ ਵਰਤਮਾਨ ਸਿਆਸੀ ਹਾਲਾਤ ਉਪਰ ਕਟਾਕਸ਼ ਕਰਦੀ ਇਕ ਹੋਰ ਕਵਿਤਾ ਹੈ-

ਸ਼ਹਿਰ ਦੇ ਚੌਕ 'ਚ ਖੜ੍ਹੇ
ਤੇ ਪੱਥਰ ਦੇ ਬਣੇ
ਤੇਰੇ ਬੁੱਤ ਤੋਂ
ਕਿਸੇ ਸਰਕਾਰੀ ਕਰਮਚਾਰੀ ਨੇ
ਸਰਕਾਰੀ ਹੁਕਮ ਅਧੀਨ
ਅਜੇ ਕਲ੍ਹ ਹੀ
ਗਿੱਠ ਗਿੱਠ ਜੰਮੀ ਮਿੱਟੀ ਝਾੜੀ ਹੈ।
(ਸ਼ਹੀਦ ਦਾ ਬੁੱਤ, ਪੰਨਾ 19)

ਸਿਆਸਤਦਾਨ ਆਪਣੇ ਕੁਰਸੀ ਦੇ ਸੰਘਰਸ਼ ਲਈ ਸ਼ਹੀਦਾਂ ਦੇ ਨਾਮ ਨੂੰ ਵਰਤਦੇ ਹਨ, ਉਨ੍ਹਾਂ ਦੇ ਨਾਮ 'ਤੇ ਵੋਟਾਂ ਮੰਗਦੇ ਹਨ ਤੇ ਸ਼ਹਾਦਤ ਦਾ ਮਜ਼ਾਕ ਉਡਾਉਂਦੇ ਹਨ। ਉਨ੍ਹਾਂ ਲਈ ਸ਼ਹੀਦ ਦਾ ਦਰਜਾ ਬੁੱਤ ਤੋਂ ਵੱਧ ਨਹੀਂ, ਜਿਸ ਨੂੰ ਉਹ ਸਿਰਫ਼ ਲੋੜ ਪੈਣ 'ਤੇ ਹੀ ਸਾਫ਼ ਕਰਦੇ ਹਨ, ਫੁੱਲ ਚੜ੍ਹਾਉਂਦੇ ਹਨ ਜਾਂ ਉਸਦੀ ਯਾਦ ਮਨਾਉਂਦੇ ਹਨ। ਇਸ ਤੋਂ ਵੱਧ ਸ਼ਹੀਦ ਦੇ ਯੋਗਦਾਨ ਦੀ ਕੋਈ ਕਦਰ ਨਹੀਂ। ਕਵਿੱਤਰੀ ਨੂੰ ਸ਼ਹੀਦੀ ਦੀ ਬੇਕਦਰੀ ਬਹੁਤ ਚੁੱਭਦੀ ਹੈ, ਉਸ ਨੂੰ ਸਿਆਸਤਦਾਨ ਗਿਰਝਾਂ ਵਾਂਗ ਜਾਪਦੇ ਹਨ ਜੋ ਲੋਕਾਂ ਦਾ ਮਾਸ ਚੂੰਡਣ ਲਈ ਤਿਆਰ ਰਹਿੰਦੇ ਹਨ-

ਸਜੀਆਂ ਸੰਵਾਰੀਆਂ ਸ਼ਿੰਗਾਰੀਆਂ ਕੁਰਸੀਆਂ
ਤੇ ਕੁਰਸੀਆਂ 'ਤੇ ਬੈਠੀਆਂ
ਲੋਕਾਂ ਦਾ ਮਾਸ ਚੂੰਡਦੀਆਂ
ਸਿਆਸੀ ਗਿਰਝਾਂ। (ਸ਼ਹੀਦ ਦਾ ਬੁੱਤ, 21)

ਸਮਾਜਿਕ ਸਰੋਕਾਰਾਂ ਦੇ ਵਿਸ਼ਿਆਂ ਦੀ ਗੱਲ ਕਰਦਿਆਂ ਸੁਰਿੰਦਰ ਗੀਤ ਆਪਣੀ ਸਮਾਜਵਾਦੀ-ਮਾਰਕਸਵਾਦੀ ਵਿਚਾਰਧਾਰਾ ਨਾਲ ਹੀ ਵਰਗ-ਵੰਡ ਅਤੇ ਨਾ-ਬਰਾਬਰੀ ਵਾਲੀ ਵਿਵਸਥਾ ਵਿਰੁੱਧ ਆਵਾਜ਼ ਉਠਾਉਣ ਦਾ ਸੁਨੇਹਾ ਦਿੰਦੀ ਹੈ-

ਪੈਰੀਂ ਪਾ ਕੇ ਝਾਂਜਰਾਂ ਇਹ ਪੌਣ ਮੈਨੂੰ
ਆਖਦੀ ਹੈ ਨੱਚਣਾ ਮੈਂ ਗੀਤ ਕੋਈ ਗਾ
ਆਖਦੀ ਹਾਂ ਮੈਂ ਮੈਨੂੰ ਲੈ ਜਾ ਤੂੰ ਉਡਾ ਕੇ
ਉਥੇ ਜਿਥੇ ਆਵੇ ਕੁਝ ਸੌਖਾ ਸਾਹ।
(ਪੌਣ ਮੈਨੂੰ ਆਖਦੀ ਹੈ, 26)

ਉਪਰੋਕਤ ਕਵਿਤਾ ਵਿਚ ਉਹ ਗਰੀਬ-ਅਮੀਰ ਦੇ ਸਮਾਜਿਕ ਪਾੜੇ ਦੀ ਨਾ-ਬਰਾਬਰੀ ਅਤੇ ਅਮਾਨਵੀ ਸਥਿਤੀ ਦਾ ਜ਼ਿਕਰ ਕਰਦੀ ਹੈ। ਇਸ ਨਾ-ਬਰਾਬਰੀ ਨੂੰ ਦੂਰ ਕਰਨ ਦਾ ਜ਼ਰੀਆ ਉਹ ਕ੍ਰਾਂਤੀਕਾਰੀ ਅੰਦੋਲਨ ਰਾਹੀਂ ਤਲਾਸ਼ਦੀ ਹੈ, ਜਿਸ ਦਾ ਆਗਾਜ਼ ਤਿੱਖੀ ਕਲਮਕਾਰੀ ਨਾਲ ਹੁੰਦਾ ਹੈ। 'ਗੀਤ ਕ੍ਰਾਂਤੀ ਵਾਲਾ ਆਪਾਂ ਵੀ ਬਣਾਈਏ, ਭੈਣੇ ਕਾਨੇ ਦੀ ਆਹ ਕਲਮ ਫੜਾ।' ਉਹ ਆਪਣੀ ਕਵਿਤਾ ਦੇ ਇਸ ਮਨੋਰਥ ਨੂੰ ਸਮਾਜ ਵਿਚ ਬਰਾਬਰੀ ਦੀ ਵਿਵਸਥਾ ਰਾਹੀਂ ਸਾਕਾਰ ਹੁੰਦਾ ਹੀ ਵੇਖਦੀ ਹੈ। ਵਰਤਮਾਨ ਵਿਵਸਥਾ ਆਪਣੇ ਰੰਗ ਵਿਚ ਰੰਗ ਕੇ ਬਿਨਾਂ ਕਿੰਤੂ ਕੀਤੇ ਜੀਵਨ ਜਿਊਣ ਦੀ ਗੱਲ ਕਰਦੀ ਹੈ ਪਰ ਵਿਚਾਰਧਾਰਕ ਤੌਰ 'ਤੇ ਚੇਤਨ ਦਿਮਾਗ ਇਸ ਪਰਪੰਚ ਵਾਲੀ ਵਿਵਸਥਾ ਤੋਂ ਬਾਹਰ ਨਿਕਲ ਕੇ ਖੁੱਲ੍ਹ ਵਿਚ ਜਿਊਣਾ ਚਾਹੁੰਦਾ ਹੈ, ਜਿਥੇ ਸਰਮਾਏਦਾਰੀ ਦੇ ਬੰਧਨ ਨਾ ਹੋਣ। ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਮੱਧਮ ਸੁਰ ਵਿਚ ਕਾਵਿ ਰਾਹੀਂ ਪ੍ਰਸਤੁਤ ਕਰਨ ਦੀ ਵਕਾਲਤ ਕਰਦੀ ਕਵਿੱਤਰੀ ਨੂੰ ਕਿਸੇ ਦਾ ਖ਼ੌਫ਼ ਮੰਨਣਾ ਸਵੀਕਾਰ ਨਹੀਂ-

ਉਸਨੇ ਹੱਥ ਵਿਚ ਖੰਜਰ ਫੜਿਆ
ਮੇਰੇ ਸੀਨੇ ਸਹਿਮ ਨਹੀਂ ਹੈ
ਉਸ ਖੰਜਰ ਨੇ ਜੋ ਕਰਨਾ ਹੈ
ਮੈਨੂੰ ਉਸਦਾ ਵਹਿਮ ਨਹੀਂ ਹੈ। (ਉਸਨੇ ਹੱਥ ਵਿਚ ਖੰਜਰ, 44)

ਬੇਖ਼ੌਫ਼ ਹੋ ਕੇ ਆਪਣੇ ਚੇਤਨ ਮਨ ਉਪਰ ਕਾਇਮ ਰਹਿਣ ਦਾ ਇਰਾਦਾ ਕਰਕੇ ਕਵਿੱਤਰੀ ਆਪਣੇ ਜਾਗਦੇ ਹੋਣ ਦਾ ਸਬੂਤ ਦਿੰਦੀ ਹੈ-

(ਬਾਕੀ ਅਗਲੇ ਸਫੇ 'ਤੇ)

# ਇਥੋਪੀਆ ਦਾ ਮੈਰਾਥਨ ਦੌੜਾਕ ਅਬੇਬੇ ਬਕੀਲਾ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਅਬੇਬੇ ਬਕੀਲਾ ਸਿਰੜ ਦਾ ਦੂਜਾ ਨਾਂ ਹੈ। ਉਹ ਪ੍ਰਥਮ ਦੌੜਾਕ ਸੀ ਜਿਹੜਾ ਲਗਾਤਾਰ ਦੋ ਵਾਰ ਓਲੰਪਿਕ ਖੇਡਾਂ ਦੀ ਮੈਰਾਥਨ ਦੌੜ ਜਿੱਤਿਆ। ਉਹ ਪਹਿਲਾ ਅਥਲੀਟ ਸੀ ਜਿਸ ਨੇ ਪੂਰਬੀ ਅਫਰੀਕਾ ਦੇ ਖਿਡਾਰੀਆਂ ਨੂੰ ਓਲੰਪਿਕ ਚੈਂਪੀਅਨ ਬਣਨ ਦੇ ਰਾਹ ਪਾਇਆ। ਉਸ ਪਿੱਛੋਂ ਅਨੇਕਾਂ ਅਫਰੀਕੀ ਦੌੜਾਕ ਓਲੰਪਿਕ ਖੇਡਾਂ ਦੇ ਜਿੱਤ ਮੰਚ 'ਤੇ ਚੜ੍ਹੇ। ਕਈਆਂ ਨੇ ਕਈ ਕਈ ਮੈਡਲ ਜਿੱਤੇ ਅਤੇ ਵਿਸ਼ਵ ਭਰ ਦੀਆਂ ਮੈਰਾਥਨ ਦੌੜਾਂ ਦਾ ਸ਼ਿੰਗਾਰ ਬਣੇ। ਕੀਨੀਆ ਦੇ ਦੌੜਾਕਾਂ ਨੇ ਤਾਂ ਜਿਵੇਂ ਮੈਰਾਥਨ ਤੇ ਲੰਮੀਆਂ ਦੌੜਾਂ ਜਿੱਤਣ ਦਾ ਅਸ਼ਟਾਮ ਹੀ ਆਪਣੇ ਨਾਂ ਕਰਾ ਲਿਆ ਹੋਵੇ!

ਰੋਮ ਦੀਆਂ ਓਲੰਪਿਕ ਖੇਡਾਂ-1960 ਵਿਚ ਅਬੇਬੇ ਬਕੀਲਾ ਨੰਗੇ ਪੈਰੀਂ ਦੌੜਿਆ। ਉਹ 2 ਘੰਟੇ 15 ਮਿੰਟ 16.2 ਸੈਕੰਡ 'ਚ ਮੈਰਾਥਨ ਪੂਰੀ ਕਰ ਕੇ ਓਲੰਪਿਕ ਚੈਂਪੀਅਨ ਬਣਿਆ। 1964 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਵੀ ਉਹ ਮੀਰੀ ਰਿਹਾ। ਟੋਕੀਓ ਵਿਚ ਉਸ ਨੇ 2 ਘੰਟੇ 12 ਮਿੰਟ 11.2 ਸਕਿੰਟ ਵਿਚ ਦੌੜ ਪੂਰੀ ਕੀਤੀ। ਦੋਵੇਂ ਵਾਰ ਉਸ ਨੇ ਓਲੰਪਿਕ ਤੇ ਵਿਸ਼ਵ ਰਿਕਾਰਡ ਨਵਿਆਏ। ਉਦੋਂ ਤਕ ਉਸ ਤੋਂ ਬਿਨਾਂ ਕਿਸੇ ਹੋਰ ਦੌੜਾਕ ਨੇ ਓਲੰਪਿਕ ਖੇਡਾਂ ਦੀ ਮੈਰਾਥਨ ਦੋ ਵਾਰ ਨਹੀਂ ਸੀ ਜਿੱਤੀ। ਪਰ ਕੁਦਰਤ ਦਾ ਭਾਣਾ ਵੇਖੋ, ਜਦੋਂ ਉਹ ਮੈਕਸੀਕੋ ਓਲੰਪਿਕ-1968 ਦੀਆਂ ਤਿਆਰੀਆਂ 'ਚ ਲੱਗਾ ਹੋਇਆ ਸੀ ਤਾਂ ਕਾਰ ਹਾਦਸੇ ਵਿਚ ਉਹਦਾ ਲੱਕੋਂ ਹੇਠਲਾ ਧੜ ਕੁਚਲਿਆ ਗਿਆ। ਜਿਹੜੀਆਂ ਲੱਤਾਂ ਨਾਲ ਉਹ ਲੱਖ ਮੀਲ ਤੋਂ ਵੀ ਵੱਧ ਦੌੜਿਆ ਸੀ ਉਨ੍ਹਾਂ ਨੂੰ ਨਕਾਰਾ ਹੋਈਆਂ ਵੇਖ ਉਹ ਬਹੁਤਾ ਚਿਰ ਜਿਊਂਦਾ ਨਾ ਰਹਿ ਸਕਿਆ ਤੇ 41 ਸਾਲ ਦੀ ਉਮਰੇ ਪਰਲੋਕ ਸਿਧਾਰ ਗਿਆ!

ਉਹਦਾ ਜਨਮ 7 ਅਗਸਤ 1932 ਨੂੰ ਜੱਤੋ, ਜ਼ਿਲ੍ਹਾ ਸ਼ੇਵਾ ਵਿਚ ਇਕ ਆਜੜੀ ਦੇਮਿੱਸੀ ਦੇ ਘਰ ਬੁਦਿਨੇਸ਼ ਬੇਨੇਬਰੂ ਦੀ ਕੁੱਖੋਂ ਹੋਇਆ ਸੀ। ਦੇਮਿੱਸੀ, ਬੁਦਿਨੇਸ਼ ਦਾ ਦੂਜਾ ਪਤੀ ਸੀ। ਇਸ ਨੂੰ ਮੌਕਾ ਮੇਲ ਕਹੋ ਜਾਂ ਕੁਝ ਹੋਰ ਕਿ ਜਿੱਦਣ ਅਬੇਬੇ ਦਾ ਜਨਮ ਹੋਇਆ ਉੱਦਣ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ-1932 ਵਿਚ ਮੈਰਾਥਨ ਦੌੜ ਲੱਗ ਰਹੀ ਸੀ। ਉਦੋਂ ਕੀ ਪਤਾ ਸੀ ਕਿ ਉਸੇ ਦਿਨ ਇਥੋਪੀਆ ਦੇ ਇਕ ਗਰੀਬੜੇ ਘਰ 'ਚ ਜਨਮ ਲੈਣ ਵਾਲਾ ਬੱਚਾ ਵੱਡਾ ਹੋ ਕੇ ਇਕ ਵਾਰ ਨਹੀਂ ਬਲਕਿ ਦੋ ਵਾਰ ਮੈਰਾਥਨ ਦੌੜ ਦਾ ਓਲੰਪਿਕ ਚੈਂਪੀਅਨ ਬਣੇਗਾ ਤੇ ਨੰਗੇ ਪੈਰਾਂ ਨਾਲ ਦੌੜਦਾ ਨਵਾਂ ਵਿਸ਼ਵ ਰਿਕਾਰਡ ਰੱਖੇਗਾ!


1935-37 ਦੀ ਇਟਾਲੋ-ਇਥੋਪੀਅਨ ਜੰਗ ਦੌਰਾਨ ਅਬੇਬੇ ਦੇ ਪਰਿਵਾਰ ਨੂੰ ਇਕ ਉਜਾੜ ਪਿੰਡ ਗੋਰੋ ਜਾਣਾ ਪੈ ਗਿਆ ਸੀ। ਜੰਗ ਦੌਰਾਨ ਮਾਂ ਬਾਪ ਦਾ ਤਲਾਕ ਹੋ ਗਿਆ। ਮਾਂ ਅਬੇਬੇ ਨੂੰ ਵਾਪਸ ਜੱਤੋ ਲੈ ਆਈ। ਉਥੇ ਉਨ੍ਹਾਂ ਦਾ ਛੋਟਾ ਜਿਹਾ ਫਾਰਮ ਸੀ। ਅਬੇਬੇ ਉਥੋਂ ਦੀਆਂ ਦੇਸੀ ਖੇਡਾਂ ਜੇਨਾ ਤੇ ਟੋਲੇ ਮਾਰਵੀਂ ਹਾਕੀ ਖੇਡਣ ਲੱਗਾ। 1952 ਵਿਚ ਉਹ ਇੰਪੀਰੀਅਲ ਗਾਰਡ ਦੀ ਪੰਜਵੀਂ ਇਨਫੈਂਟਰੀ ਰਜਮੈਂਟ ਵਿਚ ਭਰਤੀ ਹੋ ਗਿਆ। ਉਥੇ ਉਸ ਨੂੰ ਲੰਮੀਆਂ ਦੌੜਾਂ ਦੌੜਨ ਦੀ ਚੇਟਕ ਲੱਗ ਗਈ। ਉਹ ਸਲੂਟਾ ਦੀਆਂ ਪਹਾੜੀਆਂ 'ਤੇ ਹਰ ਰੋਜ਼ ਵੀਹ ਕਿਲੋਮੀਟਰ ਦੌੜਨ ਦੀ ਪ੍ਰੈਕਟਿਸ ਕਰਦਾ। ਸਵੀਡਨ ਦਾ ਓਨੀ ਨਿਸਕਾਨਿਨ ਉਸ ਦਾ ਕੋਚ ਬਣ ਗਿਆ। 1956 ਵਿਚ ਉਹ ਇਥੋਪੀਆ ਦੇ ਹਥਿਆਰਬੰਦ ਦਲਾਂ ਦੀ ਮੈਰਾਥਨ ਦੌੜ 'ਚ ਦੋਮ ਆਇਆ। 16 ਮਾਰਚ 1960 ਨੂੰ ਉਸ ਦੀ ਸ਼ਾਦੀ 15 ਸਾਲ ਦੀ ਯਵੇਬਦਰ ਵੋਲਡੇ ਨਾਲ ਹੋਈ ਜੋ ਅਖ਼ੀਰ ਤਕ ਨਿਭੀ। ਉਨ੍ਹਾਂ ਦੇ ਤਿੰਨ ਪੁੱਤਰ ਹਨ ਤੇ ਇਕ ਧੀ।

ਅਬੇਬੇ ਦਾ ਕੱਦ 1.77 ਮੀਟਰ ਤੇ ਵਜ਼ਨ 57 ਕਿਲੋਗਰਾਮ ਸੀ। ਓਲੰਪਿਕ ਖੇਡਾਂ ਤਕ ਪੁੱਜਣ ਲਈ ਨੰਗੇ ਪੈਰੀਂ ਦੌੜਦਾ ਉਹ ਪਤਾ ਨਹੀਂ ਕਿੰਨੀ ਵਾਰ ਹਫ਼ ਕੇ ਡਿੱਗਿਆ ਹੋਵੇਗਾ, ਬੇਹੋਸ਼ ਹੋਇਆ ਹੋਵੇਗਾ ਤੇ ਉੱਠ ਕੇ ਮੁੜ ਦੌੜਿਆ ਹੋਵੇਗਾ? ਅੰਦਾਜ਼ਾ ਲਾਉਣ ਵਾਲਿਆਂ ਦਾ ਅਨੁਮਾਨ ਹੈ ਕਿ ਉਹ ਘੱਟੋ-ਘੱਟ ਸਵਾ ਲੱਖ ਮੀਲ ਤਾਂ ਦੌੜਿਆ ਹੀ ਹੋਵੇਗਾ। ਮੈਰਾਥਨ ਬਾਰੇ ਕਿਹਾ ਜਾਂਦਾ ਹੈ ਕਿ ਇਹ ਲਹੂ ਪੀਣੀ ਦੌੜ ਹੈ। ਤਦੇ ਮੈਰਾਥਨ ਦੌੜਾਕਾਂ ਦੇ ਜੁੱਸੇ ਮਾੜਚੂ ਜਿਹੇ ਹੁੰਦੇ ਹਨ। ਦੌੜਦੇ ਹੋਏ ਉਹ ਹਰ ਪਲ ਘਾਇਲ ਹੁੰਦੇ ਹਨ ਪਰ ਉਨ੍ਹਾਂ ਦਾ ਸਿਰੜ ਉਨ੍ਹਾਂ ਨੂੰ ਰੁਕਣ ਨਹੀਂ ਦਿੰਦਾ। ਬੇਸ਼ਕ ਅਬੇਬੇ ਬਕੀਲਾ ਅਧਖੜ ਉਮਰ 'ਚ ਗੁਜ਼ਰ ਗਿਆ ਫਿਰ ਵੀ ਲੱਖਾਂ ਦੌੜਾਕ ਮੈਰਾਥਨ ਦੌੜਾਂ ਦੌੜਦੇ ਹੋਏ ਬਾਬਾ ਫੌਜਾ ਸਿੰਘ ਵਾਂਗ ਲੰਮੀਆਂ ਉਮਰਾਂ ਜਿਉਂਦੇ ਹਨ। ਵੇਖ ਲਓ 1910 ਦਾ ਜੰਮਿਆ ਬਾਬਾ ਫੌਜਾ ਸਿੰਘ ਅਜੇ ਵੀ ਜਿਉਂ ਰਿਹੈ। ਅਬੇਬੇ ਬਕੀਲਾ ਦੀ ਬਦਕਿਸਮਤੀ ਸੀ ਜੋ ਹਾਦਸੇ ਕਾਰਨ ਕੇਵਲ 41 ਸਾਲ ਹੀ ਜਿਉਂਦਾ ਰਹਿ ਸਕਿਆ। ਉਸ ਦੀ ਮੌਤ 25 ਅਕਤੂਬਰ 1973 ਨੂੰ ਹੋਈ। ਖੇਡ ਜਗਤ ਉਸ ਨੂੰ ਅਮਰ ਮੈਰਾਥਨ ਰਨਰ ਵਜੋਂ ਯਾਦ ਕਰਦਾ ਰਹੇਗਾ।

ਜੁਲਾਈ 1960 ਵਿਚ ਅਬੇਬੇ ਨੇ ਅਦੀਸ ਅਬਾਬਾ ਦੀ ਮੈਰਾਥਨ ਜਿੱਤ ਕੇ ਪਹਿਲੀ ਵੱਡੀ ਸਫਲਤਾ ਹਾਸਲ ਕੀਤੀ। ਇਕ ਮਹੀਨੇ ਬਾਅਦ ਉਸ ਨੇ ਮੈਰਾਥਨ ਦੌੜ 2 ਘੰਟੇ 21:23 ਮਿੰਟ ਵਿਚ ਲਾ ਕੇ ਐਮਿਲ ਜ਼ੈਟੋਪਿਕ ਦਾ ਓਲੰਪਿਕ ਰਿਕਾਰਡ ਮਾਤ ਪਾ ਦਿੱਤਾ। ਰੋਮ ਦੀਆਂ ਓਲੰਪਿਕ ਖੇਡਾਂ-1960 ਦੀ ਮੈਰਾਥਨ ਦੌੜ 10 ਸਤੰਬਰ ਨੂੰ ਦੌੜੀ ਜਾਣੀ ਸੀ। ਅਬੇਬੇ ਰੋਮ ਪੁੱਜਾ ਤੇ ਦੌੜਨ ਵਾਲੇ ਨਵੇਂ ਬੂਟ ਖਰੀਦੇ। ਜਦ ਉਹ ਬੂਟ ਪਾ ਕੇ ਦੌੜਨ ਲੱਗਾ ਤਾਂ ਬੂਟ ਫਿੱਟ ਨਾ ਬੈਠੇ ਜਿਨ੍ਹਾਂ ਨਾਲ ਉਸ ਦੇ ਪੈਰਾਂ 'ਤੇ ਛਾਲੇ ਹੋ ਗਏ। ਤਦੇ ਉਸ ਨੇ ਫੈਸਲਾ ਕਰ ਲਿਆ ਕਿ ਮੈਂ ਨੰਗੇ ਪੈਰੀਂ ਦੌੜਾਂਗਾ। ਰੋਮ ਵਿਚ ਉਨ੍ਹੀਂ ਦਿਨੀਂ ਗਰਮੀ ਬਹੁਤ ਸੀ। ਇਸ ਲਈ ਦੌੜ ਸ਼ਾਮ ਨੂੰ ਸ਼ੁਰੂ ਕੀਤੀ ਗਈ ਜੋ ਹਨ੍ਹੇਰੇ ਪਏ ਮੁੱਕੀ।

ਪਹਿਲੇ 5 ਕਿਲੋਮੀਟਰ ਤੋਂ 20ਵੇਂ ਕਿਲੋਮੀਟਰ ਤਕ ਦੌੜਾਕ ਅੱਗੇ ਪਿੱਛੇ ਦੌੜਦੇ ਰਹੇ। 25ਵੇਂ ਕਿਲੋਮੀਟਰ ਤੋਂ ਅਬੇਬੇ ਤੇ ਅਬਦੇਸਲਾਮ ਹੋਰਨਾਂ ਤੋਂ ਅੱਗੇ ਨਿਕਲ ਗਏ। ਉਹ ਅਖ਼ੀਰਲੇ 500 ਮੀਟਰਾਂ ਤਕ ਬਰਾਬਰ ਦੌੜਦੇ ਰਹੇ। ਰੋਮ ਦੀ ਗਰਮੀ ਨਾਲ ਤਪਦੀਆਂ ਸੜਕਾਂ 'ਤੇ ਨੰਗੇ ਪੈਰੀਂ ਦੌੜਦਿਆਂ ਅਬੇਬੇ ਦੇ ਪੈਰਾਂ 'ਤੇ ਛਾਲੇ ਉਭਰ ਆਏ। ਤਦ ਤਕ ਹਨ੍ਹੇਰਾ ਉੱਤਰ ਆਇਆ ਸੀ ਜਿਸ ਕਰਕੇ ਬੈਟਰੀਆਂ ਦੇ ਚਾਨਣ ਵਿਚ ਦੌੜ ਜਾਰੀ ਰਹੀ। ਆਖ਼ਰੀ 500 ਮੀਟਰ ਦੀ ਦੌੜ ਅਬੇਬੇ ਬਕੀਲਾ ਨੇ ਏਨੀ ਤੇਜ਼ ਲਾਈ ਕਿ ਅਬਦੇਸਲਾਮ ਨੂੰ ਕਾਫੀ ਪਿੱਛੇ ਛੱਡ ਗਿਆ। ਅਬੇਬੇ ਦੀ ਦੌੜ ਦਾ ਸਮਾਂ 2:15:41.6 ਨਿਕਲਿਆ ਜਦ ਕਿ ਅਬਦੇਸਲਾਮ ਦਾ 2:15:41.6 ਸਕਿੰਟ। ਦੌੜ ਪੂਰੀ ਕਰਨ ਪਿੱਛੋਂ ਅਬੇਬੇ ਨੇ ਆਪਣੇ ਪੈਰ ਛੂਹੇ ਤੇ ਆਖਿਆ ਕਿ ਅਜੇ ਉਹ 10-15 ਕਿਲੋਮੀਟਰ ਹੋਰ ਵੀ ਦੌੜ ਸਕਦੈ! ਫੋਟੋਕਾਰਾਂ ਨੇ ਉਹਦੇ ਪੈਰਾਂ ਦੀਆਂ ਫੋਟੋਆਂ ਖਿੱਚੀਆਂ ਜਿਨ੍ਹਾਂ ਦੀਆਂ ਤਲ਼ੀਆਂ 'ਤੇ ਰੱਟਣ ਪਏ ਤੇ ਛਾਲੇ ਉਭਰੇ ਹੋਏ ਸਨ। ਪੈਰਾਂ 'ਤੇ ਭਾਵੇਂ ਛਾਲੇ ਸਨ ਪਰ ਮੂੰਹ 'ਤੇ ਜਿੱਤ ਦੀਆਂ ਮੁਸਕਰਾਹਟਾਂ ਖਿੜੀਆਂ ਰਹੀਆਂ। ਇਥੋਪੀਆ ਦਾ ਗਰੀਬ ਤੇ ਗੁੰਮਨਾਮ ਦੌੜਾਕ ਰਾਤੋ ਰਾਤ ਕੁਲ ਦੁਨੀਆਂ 'ਚ ਮਸ਼ਹੂਰ ਹੋ ਗਿਆ।

ਏਡੀ ਵੱਡੀ ਜਿੱਤ ਨਾਲ ਅਬੇਬੇ ਨੂੰ ਸੋਲਜਰ ਤੋਂ ਕਾਰਪੋਰਲ ਬਣਾ ਦਿੱਤਾ ਗਿਆ। ਇਥੋਪੀਆ



ਦੇ ਸ਼ਹਿਨਸ਼ਾਹ ਨੇ ਉਸ ਨੂੰ 'ਸਟਾਰ ਆਫ ਇਥੋਪੀਆ' ਦਾ ਸਨਮਾਨ ਦਿੱਤਾ। ਉਸ ਨੂੰ ਥਾਓਂ ਥਾਈਂ ਸਲਾਮੀਆਂ ਮਿਲਣ ਲੱਗੀਆਂ। ਉਹਦੀ ਜਿੱਤ ਦੇ ਜਲੂਸ ਕੱਢੇ ਗਏ ਤੇ ਜਸ਼ਨ ਮਨਾਏ ਗਏ। ਨੰਗੇ ਪੈਰਾਂ ਨਾਲ ਦੌੜਨ ਵਾਲੇ ਨਾਇਕ ਨੂੰ ਡਰਾਈਵਰ ਸਮੇਤ ਵੱਡੀ ਵੈਨ ਦਿੱਤੀ ਗਈ। ਡਰਾਈਵਰ ਇਸ ਲਈ ਦਿੱਤਾ ਕਿ ਉਹ ਅਜੇ ਕਾਰ ਚਲਾਉਣੀ ਨਹੀਂ ਸੀ ਜਾਣਦਾ। ਉਹ ਅਦੀਸ ਅਬਾਬਾ ਦੀ ਪਹਿਲੀ ਮੈਰਾਥਨ ਦੌੜ 'ਚ ਦੂਜੀ ਥਾਂ ਰਿਹਾ ਸੀ, ਪਰ ਪਿੱਛੋਂ ਲਗਾਤਾਰ ਬਾਰਾਂ ਮੈਰਾਥਨਾਂ ਜਿੱਤਿਆ। 13 ਦਸੰਬਰ 1960 ਨੂੰ ਇਥੋਪੀਆ ਵਿਚ ਰਾਜ ਪਲਟੇ ਦਾ ਹਮਲਾ ਹੋਇਆ ਤੇ ਅਦੀਸ ਅਬਾਬਾ ਦੇ ਮਹਿਲਾਂ ਵਿਚ ਗੋਲੀਬਾਰੀ ਸ਼ੁਰੂ ਹੋ ਗਈ। ਕਈ ਗਾਰਡ ਮਾਰੇ ਗਏ ਪਰ ਅਬੇਬੇ ਬਕੀਲਾ ਬਚ ਗਿਆ ਜਿਸ ਨੂੰ ਗ੍ਰਿਫਤਾਰ ਕਰ ਕੇ ਪੁੱਛਗਿੱਛ ਪਿੱਛੋਂ ਛੱਡ ਦਿੱਤਾ ਗਿਆ।

1961 ਵਿਚ ਏਥਨਜ਼ ਦੀ ਕਲਾਸੀਕਲ ਮੈਰਾਥਨ ਉਸ ਨੇ ਫਿਰ ਨੰਗੇ ਪੈਰੀਂ ਦੌੜਦਿਆਂ ਜਿੱਤੀ। ਉਸੇ ਸਾਲ ਉਸ ਨੇ ਜਪਾਨ ਵਿਚ ਉਸਾਕਾ ਤੇ ਕੋਸੀ ਦੀਆਂ ਮੈਰਾਥਨਾਂ ਜਿੱਤੀਆਂ। ਜਪਾਨ ਦੀ ਸ਼ੂਅ ਕੰਪਨੀ ਓਨਿਟਸੂਕਾ ਟਾਈਗਰ ਨੇ ਉਸ ਨੂੰ ਆਪਣੇ ਬੂਟ ਪਹਿਨਾਉਣ ਦੀ ਪੇਸ਼ਕਸ਼ ਕੀਤੀ ਜੋ ਉਹਦੇ ਕੋਚ ਨੇ ਠੁਕਰਾ ਦਿੱਤੀ। ਪਰ ਪਿਊਮਾ ਸ਼ੂਅ ਵਾਲੇ ਕਾਮਯਾਬ ਹੋ ਗਏ। ਉਹਦੇ ਪਹਿਨੇ ਪਿਊਮਾ ਬੂਟਾਂ ਨਾਲ ਕੰਪਨੀ ਦੇ ਬੂਟ ਧੜਾਧੜ ਵਿਕਣ ਲੱਗੇ। 1963 ਵਿਚ ਉਹ ਬੋਸਟਨ ਦੀ ਜਗਤ ਪ੍ਰਸਿੱਧ ਮੈਰਾਥਨ ਦੌੜਿਆ ਜਿਸ ਵਿਚ ਪੰਜਵੇਂ ਸਥਾਨ 'ਤੇ ਰਿਹਾ ਪਰ 1964 ਵਿਚ ਅਦੀਸ ਅਬਾਬਾ ਦੀ ਮੈਰਾਥਨ 2:23:14.4 ਵਿਚ ਜਿੱਤ ਗਿਆ।

ਫਿਰ 1964 ਦੀਆਂ ਓਲੰਪਿਕ ਖੇਡਾਂ ਆ ਗਈਆਂ ਜੋ ਟੋਕੀਓ 'ਚ ਹੋਣੀਆਂ ਸਨ। ਖੇਡਾਂ ਸ਼ੁਰੂ ਹੋਣ ਤੋਂ 40 ਦਿਨ ਪਹਿਲਾਂ ਪ੍ਰੈਕਟਿਸ ਦੌਰਾਨ ਅਬੇਬੇ ਦੇ ਪੇਟ ਵਿਚ ਸਖਤ ਦਰਦ ਹੋਣਾ ਸ਼ੁਰੂ ਹੋ ਗਿਆ ਜਿਸ ਨਾਲ ਉਹਦਾ ਖੇਡਾਂ 'ਚ ਭਾਗ ਲੈਣਾ ਖ਼ਤਰੇ 'ਚ ਪੈ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਤੇ ਪਤਾ ਲੱਗਾ ਕਿ ਅਪੈਂਡੇਸਾਈਟਸ ਹੈ। ਹਸਪਤਾਲ ਤੋਂ ਹਫ਼ਤੇ ਬਾਅਦ ਛੁੱਟੀ ਮਿਲੀ ਤਾਂ ਖੇਡਾਂ ਸ਼ੁਰੂ ਹੋਣ 'ਚ ਥੋੜ੍ਹੇ ਦਿਨ ਹੀ ਬਾਕੀ ਸਨ। ਲੱਗਦਾ ਨਹੀਂ ਸੀ ਕਿ ਉਹ ਰੋਮ ਵਰਗੀ ਕਾਰਗੁਜ਼ਾਰੀ ਵਿਖਾ ਸਕੇਗਾ।

21 ਅਕਤੂਬਰ ਨੂੰ ਮੈਰਾਥਨ ਦੌੜ ਲੱਗਣੀ ਸੀ। ਐਤਕੀਂ ਨੰਗੇ ਪੈਰਾਂ ਦੀ ਥਾਂ ਉਹ ਪਿਊਮਾ ਦਾ ਜੋੜਾ ਪਹਿਨ ਕੇ ਲਾਈਨ ਉਤੇ ਜਾ ਖੜ੍ਹਾ ਹੋਇਆ। 10 ਕਿਲੋਮੀਟਰ ਉਹ ਇਕ ਟੋਲੀ ਮਗਰ ਦੌੜਿਆ। ਫਿਰ ਉਸ ਨੇ ਕਦਮ ਹੋਰ ਤੇਜ਼ ਕੀਤੇ ਤੇ 15 ਕਿਲੋਮੀਟਰ ਦੇ ਨਿਸ਼ਾਨ 'ਤੇ ਤੀਜੇ ਥਾਂ ਪਹੁੰਚ ਗਿਆ। 20ਵੇਂ ਕਿਲੋਮੀਟਰ ਦੇ ਨਿਸ਼ਾਨ 'ਤੇ ਉਹ ਮੂਹਰਲੇ ਦੋਹਾਂ ਦੇ ਬਰਾਬਰ ਜਾ ਚੜ੍ਹਿਆ। 40 ਕਿਲੋਮੀਟਰ ਦੇ ਨਿਸ਼ਾਨ ਤੱਕ ਪੁੱਜਦਿਆਂ ਉਹ ਸਭ ਤੋਂ ਮੂਹਰੇ ਦੌੜਦਾ ਕਾਫੀ ਲੀਡ ਲੈ ਗਿਆ। ਸਟੇਡੀਅਮ 'ਚ ਪੁੱਜਣ ਸਮੇਂ ਉਹ ਇਕੱਲਾ ਸੀ, ਬਾਕੀ ਦੌੜਾਕ ਕਾਫੀ ਪਿੱਛੇ ਸਨ। 75000 ਦਰਸ਼ਕ ਉਸ ਨੂੰ ਹੱਲਾਸ਼ੇਰੀ ਦਿੰਦੇ ਤਾੜੀਆਂ ਮਾਰਨ ਲੱਗੇ। ਉਹ ਹੋਰ ਤੇਜ਼ ਦੌੜਨ ਲੱਗਾ ਤੇ 42.195 ਕਿਲੋਮੀਟਰ ਦੀ ਮੈਰਾਥਨ 2 ਘੰਟੇ 12 ਮਿੰਟ 11.2 ਸੈਕੰਡ ਵਿਚ ਪੂਰੀ ਕਰ ਕੇ ਨਵਾਂ ਓਲੰਪਿਕ ਤੇ ਨਵਾਂ ਵਿਸ਼ਵ ਰਿਕਾਰਡ ਰੱਖ ਗਿਆ। ਦੂਜੇ ਨੰਬਰ 'ਤੇ ਆਉਣ ਵਾਲਾ ਦੌੜਾਕ ਉਸ ਤੋਂ 4 ਮਿੰਟ 8 ਸੈਕਿੰਡ ਪਿੱਛੋਂ ਪਹੁੰਚਿਆ ਤਾਂ ਅਬੇਬੇ ਬਕੀਲਾ ਜੇਤੂ ਗੇੜੀ ਲਾ ਰਿਹਾ ਸੀ ਤੇ ਆਪਣੇ ਪੈਰ ਛੋਂਹਦਾ ਰਿਲੈਕਸ ਹੋ ਰਿਹਾ ਸੀ। ਉਹ ਓਲੰਪਿਕ ਖੇਡਾਂ ਦੇ ਇਤਿਹਾਸ 'ਚ ਪਹਿਲਾ ਦੌੜਾਕ ਬਣ ਗਿਆ ਸੀ ਜਿਸ ਨੇ ਉੱਤੋੜੁਤੀ ਦੋ ਵਾਰ ਮੈਰਾਥਨ ਦੌੜਾਂ ਜਿੱਤ ਲਈਆਂ ਸਨ ਤੇ ਉਹ ਵੀ ਵਿਸ਼ਵ ਰਿਕਾਰਡਾਂ ਨਾਲ। ਦੇਸ਼ ਵਾਪਸੀ 'ਤੇ ਉਹਦਾ ਸ਼ਾਹੀ ਸਵਾਗਤ ਹੋਇਆ ਤੇ ਉਸ ਨੂੰ ਸ਼ਹਿਨਸ਼ਾਹ ਦੇ ਸੁਰੱਖਿਆ ਦਸਤੇ ਵਿਚ ਸ਼ੈਂਬਲ ਯਾਨੀ ਕੈਪਟਨ ਬਣਾ ਦਿੱਤਾ ਗਿਆ।

1965 ਵਿਚ ਉਹ ਨਿਊ ਯਾਰਕ ਦੇ ਵਿਸ਼ਵ ਮੇਲੇ ਵਿਚ ਮਹਿਮਾਨ ਬਣ ਕੇ ਪਹੁੰਚਾ ਤੇ ਜਪਾਨ ਵਿਚ ਮੈਨਚੀ ਮੈਰਾਥਨ ਜਿੱਤੀ। 1966 ਵਿਚ ਉਹ ਲਗਾਤਾਰ ਮੈਰਾਥਨਾਂ ਦੌੜਦਾ ਰਿਹਾ। ਜੁਲਾਈ 1967 ਵਿਚ ਮੈਰਾਥਨ ਲਾਉਂਦਿਆਂ ਉਹਦਾ ਹੈਮਸਟਰਿੰਗ (ਪੱਠਾ) ਖਿੱਚਿਆ ਗਿਆ। ਇਹ ਸੱਟ ਉਸ ਨੂੰ ਸਦਾ ਲਈ ਲੈ ਬੈਠੀ। 1966 ਵਿਚ ਸਿਓਲ 'ਚ ਲਾਈ ਇੰਚਓਨ ਦੀ ਮੈਰਾਥਨ ਉਸ ਦੀ ਆਖ਼ਰੀ ਮੈਰਾਥਨ ਰਹੀ। ਉਹਦਾ 1968 ਦੀਆਂ ਓਲੰਪਿਕ ਖੇਡਾਂ ਵਿਚ ਕੁਝ ਹੋਰ ਕਰ ਵਿਖਾਉਣ ਦਾ ਸੁਪਨਾ ਅਧੂਰਾ ਹੀ ਰਿਹਾ।

22 ਮਾਰਚ 1969 ਦੀ ਰਾਤ ਨੂੰ ਕਾਰ ਹਾਦਸੇ ਵਿਚ ਉਹ ਅਪਾਹਜ ਹੋ ਗਿਆ। ਇੰਗਲੈਂਡ ਤੋਂ ਕਰਾਏ ਇਲਾਜ ਨਾਲ ਉਹਦੇ ਸਰੀਰ ਦਾ ਉਪਰਲਾ ਹਿੱਸਾ ਹੀ ਹਰਕਤ ਕਰਨ ਜੋਗਾ ਰਹਿ ਗਿਆ। ਹਜ਼ਾਰਾਂ ਮੀਲ ਦੌੜਨ ਵਾਲੀਆਂ ਲੱਤਾਂ ਇਕ ਕਦਮ ਵੀ ਪੁੱਟਣ ਜੋਗੀਆਂ ਨਾ ਰਹੀਆਂ। ਇੰਗਲੈਂਡੋਂ ਕਰਾਏ ਇਲਾਜ ਨਾਲ ਉਹ ਬੈਠਾ ਬੈਠਾ ਤੀਰ ਅੰਦਾਜ਼ੀ ਤੇ ਟੇਬਲ ਟੈਨਿਸ ਖੇਡਣ ਦੇ ਕਾਬਲ ਜ਼ਰੂਰ ਹੋਇਆ ਅਤੇ 1970 ਵਿਚ ਲੰਡਨ ਦੀਆਂ ਸਟੋਕ ਮੈਂਡੇਵਿੱਲ ਗੇਮਜ਼ ਵਿਚ ਹਿੱਸਾ ਲੈ ਸਕਿਆ। ਉਸ ਨੇ 1971 ਵਿਚ ਵੀ ਦੋਹਾਂ ਖੇਡਾਂ ਵਿਚ ਭਾਗ ਲਿਆ। ਮਿਓਨਿਖ-1972 ਦੀਆਂ ਓਲੰਪਿਕ ਖੇਡਾਂ ਵਿਚ ਉਸ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਗਿਆ ਜਿਥੇ ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਉਸ ਦਾ ਸਵਾਗਤ ਕੀਤਾ।

ਆਖ਼ਰ 25 ਅਕਤੂਬਰ 1973 ਨੂੰ ਉਹ ਵਸਦੀ ਰਸਦੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਜਿੱਦਣ ਉਸ ਦਾ ਫਿਊਨਰਲ ਹੋਇਆ ਉੱਦਣ ਇਥੋਪੀਆ 'ਚ ਕੌਮੀ ਸੋਗ ਦਿਵਸ ਮਨਾਇਆ ਗਿਆ। ਇਥੋਪੀਆ ਦੇ ਸ਼ਹਿਨਸ਼ਾਹ ਹੈਲੀ ਸੇਲਾਸੀ ਸਣੇ 65000 ਸੋਗਵਾਰ ਉਹਦੇ ਸਸਕਾਰ 'ਚ ਸ਼ਾਮਲ ਹੋਏ। ਸ਼ਾਹੀ ਤੋਪਾਂ ਨੇ ਗਰਜ ਕੇ ਸਲਾਮੀ ਦਿੱਤੀ। ਉਹਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਗਈ, ਨੈਸ਼ਨਲ ਸਟੇਡੀਅਮ, ਪੁਲ, ਸਕੂਲਾਂ ਤੇ ਹੋਰ ਯਾਦਗਾਰੀ ਸਥਾਨਾਂ ਨਾਲ ਅਬੇਬੇ ਬਕੀਲਾ ਦਾ ਨਾਂ ਜੋੜਿਆ ਗਿਆ। ਹਾਲ ਆਫ ਫੇਮ ਵਿਚ ਉਹਦਾ ਨਾਂ ਸਥਾਪਿਤ ਕੀਤਾ ਗਿਆ। ਉਹਦੇ ਬਾਰੇ ਫਿਲਮਾਂ ਬਣੀਆਂ, ਜੀਵਨੀਆਂ ਲਿਖੀਆਂ ਗਈਆਂ ਤੇ ਉਹਦੇ ਨਾਂ 'ਤੇ ਮੈਰਾਥਨ ਦੌੜਾਂ ਲਾਈਆਂ ਜਾ ਰਹੀਆਂ ਹਨ। 21 ਮਾਰਚ 2010 ਨੂੰ ਉਹਦੀ 50ਵੀਂ ਬਰਸੀ 'ਤੇ ਰੋਮ ਵਿਚ ਮੈਰਾਥਨ ਦੌੜ ਲਵਾਈ ਗਈ। ਉਸ ਵਿਚ ਜੇਤੂ ਇਥੋਪੀਆ ਦਾ ਹੀ ਸਿਰਾਜ ਜੇਨਾ ਰਿਹਾ। ਅਬੇਬੇ ਬਕੀਲਾ ਦੇ ਸਤਿਕਾਰ ਵਿਚ ਉਹ ਮੈਰਾਥਨ ਦੌੜ ਦੇ ਆਖ਼ਰੀ 300 ਮੀਟਰ ਨੰਗੇ ਪੈਰੀਂ ਦੌੜਿਆ।

ਅਬੇਬੇ ਬਕੀਲਾ ਟੋਕੀਓ ਦੀਆਂ ਓਲੰਪਿਕ ਖੇਡਾਂ ਸਮੇਂ ਆਪਣੀ ਮੁੰਦਰੀ ਬਾਥਰੂਮ 'ਚੋਂ ਚੁੱਕਣੀ ਭੁੱਲ ਗਿਆ ਸੀ। ਉਹ ਜਪਾਨ ਦੀ ਸਫਾਈ ਸੇਵਕਾ ਨੇ ਸੰਭਾਲ ਲਈ ਸੀ। ਸਫਾਈ ਸੇਵਕਾ ਆਪਣੇ ਹੱਥੀਂ ਮੁੰਦਰੀ ਅਬੇਬੇ ਬਕੀਲਾ ਨੂੰ ਵਾਪਸ ਕਰਨਾ ਚਾਹੁੰਦੀ ਸੀ। ਵਿਚਾਰੀ ਅਬੇਬੇ ਨੂੰ ਉਡੀਕਦੀ ਮਰ ਗਈ। ਆਖ਼ਰ ਉਹ ਮੁੰਦਰੀ ਆਪਣੇ ਪਰਿਵਾਰ ਨੂੰ ਫੜਾ ਗਈ ਕਿ ਜਦੋਂ ਵਿਧ ਬਣੇ ਤਾਂ ਅਬੇਬੇ ਦੇ ਪਰਿਵਾਰ ਨੂੰ ਦੇ ਦੇਣੀ। ਦਸੰਬਰ 2019 ਵਿਚ ਜਪਾਨ ਦੇ ਸ਼ਹਿਰ ਕਸਾਮਾ ਸਿਟੀ ਵਿਖੇ ਅਬੇਬੇ ਦੀ ਯਾਦ ਵਿਚ ਕਰਾਈ ਮੈਰਾਥਨ ਦੌੜ ਦੇ ਮੁੱਖ ਮਹਿਮਾਨ ਵਜੋਂ ਉਹਦੇ ਪੁੱਤਰ ਯੇਤਨਾਯੇਤ ਨੂੰ ਸੱਦਿਆ ਗਿਆ। ਉਥੇ ਉਹਦੇ ਪਿਤਾ ਦੀ ਮੁੰਦਰੀ ਉਸ ਨੂੰ ਸੌਂਪੀ ਗਈ ਜਿਸ ਨਾਲ ਜਪਾਨ ਦੀ ਗੁਜ਼ਰ ਚੁੱਕੀ ਸਫਾਈ ਸੇਵਕਾ ਦੇ ਸਿਰੋਂ ਭਾਰ ਲਹਿ ਗਿਆ ਤੇ ਉਹਦੀ ਰੂਹ ਸ਼ਾਂਤ ਹੋ ਗਈ।

## ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ 'ਗੁਸਤਾਖ਼ ਹਵਾ'

**(ਪਿਛਲੇ ਸਫੇ ਦਾ ਬਾਕੀ)**

ਸਾਡੇ ਤੋਂ
ਆਸ ਨਾ ਰੱਖੋ
ਕਿ ਅਸੀਂ ਤੁਹਾਡੇ ਝੂਠ ਦੀ
ਹਾਮੀ ਭਰਾਂਗੇ।
(ਅਸੀਂ ਜਾਗ ਪਏ ਹਾਂ, ਪੰਨਾ 45)

ਸੁਰਿੰਦਰ ਗੀਤ ਨੇ 'ਤਖ਼ਤ ਪਲਟ ਜਾਂਦੇ ਹਨ' ਕਵਿਤਾ ਰਾਹੀਂ ਭਾਰਤ ਦੀ ਸਮਾਜਿਕ-ਰਾਜਨੀਤਕ ਵਿਵਸਥਾ ਵਿਚ ਆਈ ਗਿਰਾਵਟ ਦੇ ਪ੍ਰਮੁੱਖ ਖੇਤਰਾਂ ਨੂੰ ਪਛਾਣ ਕੇ ਉਸ ਉੱਪਰ ਟਿੱਪਣੀ ਕੀਤੀ ਹੈ। ਉਹ ਇਸ ਦਾ ਸਮਾਧਾਨ ਕ੍ਰਾਂਤੀ ਰਾਹੀਂ ਹੁੰਦਿਆਂ ਵੇਖਦੀ ਹੈ। ਇਹ ਇਕ ਲੰਮੀ ਕਵਿਤਾ ਹੈ ਤੇ ਇਸ ਵਿਚ ਸ਼ੋਸ਼ਣਕਾਰੀ ਧਿਰ ਦੇ ਵੱਖ-ਵੱਖ ਰੰਗਾਂ ਨੂੰ ਇਕਹਿਰੇ ਬੋਲ ਨਾਲ ਹੀ ਸੰਬੋਧਨ ਕੀਤਾ ਗਿਆ ਹੈ, ਜਿਸ ਵਿਚ ਸੱਤਾ ਲਈ ਗ਼ਰੀਬ ਦਾ ਦਮਨ ਕਰਨ ਵਾਲਾ ਸ਼ਾਮਲ ਹੈ, ਖੇਤਾਂ ਵਿਚ ਧਰਤੀ ਦੀ ਯੋਗਤਾ ਤੋਂ ਵੱਧ ਪੈਦਾਵਾਰ ਲਈ ਉਸਦਾ ਸ਼ੋਸ਼ਣ ਕਰਨ ਵਾਲੇ, ਗੱਦੀ ਲਈ ਫ਼ਿਰਕਾਪ੍ਰਸਤੀ ਨੂੰ ਹਵਾ ਦੇਣ ਵਾਲੇ ਸਭ ਸ਼ਾਮਲ ਹਨ। ਇਹ ਸ਼ੋਸ਼ਣਕਾਰੀ ਧਿਰ ਲੋਕਾਂ ਸਾਹਮਣੇ ਸ਼ਰਾਫ਼ਤ ਅਤੇ ਇਨਸਾਫ਼ ਪਸੰਦਗੀ ਵਾਲਾ ਨਕਾਬ ਪਹਿਨ ਕੇ ਫਰੇਬ ਕਰਨ ਦੀ ਕੋਸ਼ਿਸ਼ ਕਰਦੀ ਹੈ ਤੇ ਫਿਰ ਉਨ੍ਹਾਂ ਦਾ ਹੀ ਦਮਨ ਕਰਦੀ ਹੈ। ਅਜਿਹੇ ਮੱਕਾਰੀ ਵਾਲੇ ਬੋਲ ਬੋਲਣ ਵਾਲਿਆਂ ਤੋਂ ਉਹ ਆਗਾਹ ਕਰਦੀ ਹੈ-

ਤੁਸੀਂ ਬੋਲਦੇ ਹੋ
ਕੁਫਰ ਤੋਲਦੇ ਹੋ
ਅਸੀਂ ਸੁਣਦੇ ਹਾਂ
ਤੁਹਾਡੇ ਮੱਕਾਰੀ ਬੋਲਾਂ 'ਤੇ
ਯਕੀਨ ਕਰ
ਆਪਣਾ ਭਵਿੱਖ
ਤੁਹਾਡੀ ਝੋਲੀ ਵਿਚ
ਉਲਟਾ ਦਿੰਦੇ ਹਾਂ।

ਇਸ ਦਾ ਪ੍ਰਤੀ-ਉੱਤਰ ਵੀ ਉਹ ਕ੍ਰਾਂਤੀਕਾਰੀ ਸੰਦੇਸ਼ ਨਾਲ ਹੀ ਦਿੰਦੀ ਹੈ-

ਸਾਡੀ ਬੇਰੁਜ਼ਗਾਰੀ ਵਿਲਕਦੀ ਹੈ
ਢਿੱਡਾਂ ਦੀ ਭੁੱਖ
ਤੜਪਦੀ ਹੈ
ਅਸੀਂ ਆਸੇ ਪਾਸੇ ਝਾਕਦੇ ਹਾਂ
ਲੁੱਟੇ-ਲੁੱਟੇ ਮਹਿਸੂਸ ਕਰਦੇ ਹਾਂ
ਤੇ ਅੰਤ
ਕ੍ਰਾਂਤੀ ਨੂੰ ਆਵਾਜ਼ ਮਾਰਦੇ ਹਾਂ।

ਇਸ ਤਰ੍ਹਾਂ ਦੀਆਂ ਕ੍ਰਾਂਤੀ ਨੂੰ ਆਵਾਜ਼ ਦੇਣ ਵਾਲੀਆਂ ਕਵਿਤਾਵਾਂ ਸੁਰਿੰਦਰ ਗੀਤ ਦੀ ਮਾਰਕਸੀ ਵਿਚਾਰਧਾਰਕ ਪ੍ਰਤੀਬੱਧਤਾ ਵੱਲ ਇਸ਼ਾਰਾ ਕਰਦੀਆਂ ਹਨ, ਇਸੇ ਲਈ ਉਸ ਦੀਆਂ ਕਵਿਤਾਵਾਂ ਆਪਣੀ ਸਮਾਜਿਕ ਅਤੇ ਰਾਜਨੀਤਕ ਭੂਮਿਕਾ ਨੂੰ ਸਦੈਵ ਯਾਦ ਰੱਖ ਰਚਨਾ ਕਰਨ ਲਈ ਪ੍ਰੇਰਦੀਆਂ ਹਨ। ਇਸੇ ਲਈ ਉਸ ਨੇ ਆਪਣੀ ਇਸ ਪੁਸਤਕ ਨੂੰ 'ਮੇਰੇ ਸੁਪਨਿਆਂ ਦੀ ਧਰਤੀ ਪੰਜਾਬ ਦੇ ਨਾਂ...।' ਸਮਰਪਿਤ ਕੀਤਾ ਹੈ। ਇਸ ਤੋਂ ਜਾਪਦਾ ਹੈ ਕਿ ਉਹ ਜਿਸ ਵੇਲੇ ਪੰਜਾਬ ਤੋਂ ਪਰਵਾਸ ਕਰ ਕੇ ਵਿਦੇਸ਼ ਗਈ ਹੈ ਉਸਦੇ ਚੇਤਿਆਂ ਵਿਚ ਉਸ ਵੇਲੇ ਦਾ ਪੰਜਾਬ ਤਾਂ ਵੱਸਦਾ ਹੀ ਹੈ ਸਗੋਂ ਉਸ ਤੋਂ ਬਾਅਦ ਦੇ ਸਮੇਂ ਵਿਚ ਵਾਪਰੀਆਂ ਘਟਨਾਵਾਂ ਅਤੇ ਬਦਲਾਵ ਬਾਰੇ ਬੇਸ਼ੱਕ ਉਹ ਚੇਤਨ ਹੈ ਪਰ ਫਿਰ ਵੀ ਉਹ ਇਸ ਪੰਜਾਬ ਨੂੰ ਇਕ ਆਦਰਸ਼ਕ ਅਤੇ ਰੁਮਾਂਟਿਕ ਸੁਪਨੇ ਦੀ ਦ੍ਰਿਸ਼ਟੀ ਨਾਲ ਵੇਖਦੀ ਹੈ ਤੇ ਉਸੇ ਦੀ ਸਿਰਜਣਾ ਲਈ ਸਮਾਜਵਾਦੀ ਅਤੇ ਜਨਵਾਦੀ ਵਿਚਾਰਧਾਰਾ ਨੂੰ ਅਪਣਾਉਂਦੀ ਹੈ। ਇਸੇ ਦ੍ਰਿਸ਼ਟੀ ਤੋਂ ਉਹ ਸਮਾਜ ਵਿਚ ਮਾਨਵਤਾਵਾਦੀ ਮੁੱਲਾਂ ਦੀ ਸਥਾਪਨਾ ਲੋਚਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਭਾਵੁਕਤਾ ਤਾਂ ਹੈ ਪਰ ਉਹ ਇਸ ਤੋਂ ਪਾਰ ਜਾ ਕੇ ਕਾਵਿ-ਮਨੋਰਥ ਦੀ ਪੂਰਤੀ ਕਰਨ ਲਈ ਸਿੱਧਾ ਸੰਦੇਸ਼ ਦੇਣ ਦੀ ਵਿਧੀ ਅਪਣਾਉਂਦੀ ਹੈ। ਜਿਵੇਂ ਕਿ ਪਰਵਾਸ ਉਸ ਲਈ ਸਿਰਫ਼ ਦੇਸ਼ ਤੋਂ ਬਾਹਰ ਗਏ ਵਿਅਕਤੀਆਂ ਨਾਲ ਸੰਬੰਧਤ ਵਰਤਾਰਾ ਨਹੀਂ ਸਗੋਂ ਦੇਸ਼ ਅੰਦਰ ਵੀ ਵਿਭਿੰਨ ਰਾਜਾਂ ਵਿਚਕਾਰ ਕੰਮਕਾਰ ਅਤੇ ਮਜ਼ਦੂਰੀ ਕਰ ਕੇ ਰੋਜ਼ੀ-ਰੋਟੀ ਦੀ ਤਲਾਸ਼ ਕਰਨ ਨੂੰ ਵੀ ਪਰਵਾਸ ਮੰਨਦੀ ਹੈ। ਇਸ ਲਈ ਅਜਿਹੇ ਸੰਘਰਸ਼ਸ਼ੀਲ ਵਰਗ ਦੀਆਂ ਮਾਨਵੀ ਸਮੱਸਿਆਵਾਂ ਅਤੇ ਜੀਵਨ ਸੰਕਟ ਨੂੰ ਆਪਣੀ ਕਾਵਿ-ਸਿਰਜਣਾ ਦਾ ਵਿਸ਼ਾ ਬਣਾਉਂਦੀ ਹੈ-

ਝੁੱਗੀਆਂ ਦੁਆਲੇ
ਕੰਧਾਂ ਕੱਢੀਆਂ
ਨੇਰ੍ਹੀ ਆਈ
ਕੰਧਾਂ ਢਹੀਆਂ
ਹੋ ਗਈਆਂ ਸਰਕਾਰਾਂ ਨੰਗੀਆਂ।
(ਪਰਵਾਸੀ, ਪੰਨਾ 23)

ਪਰ ਇਸ ਦੇ ਨਾਲ ਹੀ ਜਦ ਉਹ ਕਹਿੰਦੀ ਹੈ ਕਿ 'ਕਦਮ ਉਨ੍ਹਾਂ ਦੇ ਸ਼ਾਹਦੀ ਭਰਦੇ, ਹਰ ਪਰਵਾਸੀ, ਜਨਮ ਭੋਇੰ 'ਤੇ ਮਰਨਾ ਚਾਹੇ'। ਤਾਂ ਸਪੱਸ਼ਟ ਹੈ ਕਿ ਉਹ ਦੇਸ਼ ਅੰਦਰਲੇ ਪਰਵਾਸ ਅਤੇ ਆਪਣੇ ਪਰਵਾਸ ਨੂੰ ਕਿਸੇ ਗਹਿਰੇ ਭੂ-ਹੇਰਵੇ ਨਾਲ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਉਹ ਆਪਣੀ ਜਨਮ ਭੋਇੰ ਨਾਲ ਮੋਹ ਦੇ ਰਿਸ਼ਤੇ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ, ਜਿਸ ਦੇ ਪ੍ਰਭਾਵ ਨਾਲ ਉਸਦੀ ਕਾਵਿ-ਚੇਤਨਾ ਪੰਜਾਬ ਪ੍ਰਤੀ ਇਕ ਸੰਵੇਦਨਸ਼ੀਲ ਰਿਸ਼ਤਾ ਕਾਇਮ ਰੱਖਦੀ ਹੈ। ਨਿਰਸੰਦੇਹ ਉਹ ਆਪਣੇ ਸੁਪਨਿਆਂ ਦੇ ਪੰਜਾਬ ਦੀ ਖ਼ੁਸ਼ਹਾਲੀ ਲਈ ਸਜੱਗ ਹੈ ਤੇ ਆਪਣੀ ਭਾਵੁਕਤਾ ਭਰਪੂਰ ਮਾਨਵਵਾਦੀ ਤੇ ਜਨਵਾਦੀ ਵਿਚਾਰਧਾਰਾ ਨਾਲ ਇਸ ਦੀ ਪੂਰਤੀ ਦੀ ਤਲਾਸ਼ ਵਿਚ ਜਾਪਦੀ ਹੈ।

# ਸੂਰਜ ਨੂੰ ਹਾਕਾਂ 'ਬੋਲ ਸੂਰਜਾ ਬੋਲ'

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

'ਬੋਲ ਸੂਰਜਾ ਬੋਲ' ਮਰਹੂਮ ਸ਼ਾਇਰ ਕੰਵਰ ਇਮਤਿਆਜ਼ ਦੀਆਂ ਕਵਿਤਾਵਾਂ ਅਤੇ ਅਦਬੀ ਮੁਲਾਕਾਤਾਂ ਦਾ ਸੰਗ੍ਰਹਿ ਹੈ। ਉਹ ਪੰਜਾਬੀ ਅਦਬ ਦਾ ਐਨਸਾਈਕਲੋਪੀਡੀਆ ਸੀ। ਲੋਕਧਾਰਾ ਦਾ ਗਿਆਤਾ ਅਤੇ ਪੰਜਾਬੀ ਸ਼ਬਦ-ਜੋੜ ਅਤੇ ਤੁਲੱਫ਼ਸ ਦਾ ਗੁਣੀ-ਗਿਆਨੀ। ਉਸਦੇ ਸ਼ਬਦ ਮਟਕਦੇ, ਸੰਗੀਤਕ ਅਤੇ ਰੂਹਾਨੀ ਫ਼ਿਜ਼ਾ ਸਿਰਜ ਦਿੰਦੇ ਸਨ। ਫੱਕਰਾਂ ਵਰਗੀ ਸ਼ਖਸ਼ੀਅਤ ਵਾਲੇ ਕੰਵਰ ਇਮਤਿਆਜ਼ ਨੂੰ ਪੇਂਟਿੰਗ ਦਾ ਸ਼ੌਕ ਸੀ ਅਤੇ ਉਹ ਆਪਣੇ ਪੈਨ ਨਾਲ ਹੀ ਕਲਾ-ਕਿਰਤਾਂ ਸਿਰਜ ਦਿੰਦਾ ਸੀ। ਉਸਦੀ ਲਿਖਤ ਵਿਚੋਂ ਉਸਦੀ ਸ਼ਖ਼ਸੀਅਤ ਦਾ ਰੰਗ ਉਘੜਦਾ ਸੀ। ਕੰਵਰ ਇਮਤਿਆਜ਼ ਨੇ ਹਾਲੇ ਬਹੁਤ ਕੁਝ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਉਣਾ ਸੀ ਪਰ ਉਹ ਬੇਵਕਤ ਹੀ ਤੁਰ ਗਿਆ।

ਮੈਂ ਕੰਵਰ ਇਮਤਿਆਜ਼ ਦੀ ਖ਼ੂਬ ਸੰਗਤ ਮਾਣੀ ਹੈ ਭਾਵੇਂ ਇਹ ਸਿਰਜਣਾ ਕੇਂਦਰ ਵਿਚ ਇਕੱਠਿਆਂ ਕੰਮ ਕਰਨਾ ਹੋਵੇ ਜਾਂ ਮੇਰੇ ਘਰ ਵਿਚ ਸ਼ਾਮ ਨੂੰ ਮਾਣੀ ਅਦਬੀ ਮਹਿਫ਼ਲ। ਉਹ ਘਰ ਵੜਦਿਆਂ ਸਾਰ ਮੇਰੀ ਪਤਨੀ ਨੂੰ ਕਹਿੰਦਾ, "ਭੈਣ ਜੀ 25 ਗ੍ਰਾਮ ਵਾਲਾ ਚਾਹ ਦਾ ਕੱਪ ਬਣਾਓ ਅਤੇ ਦੋ ਬਰੈਡਾਂ 'ਤੇ ਮਲਾਈ ਲਾ ਦਿਓ।" ਨਿੱਕੀਆਂ ਨਿੱਕੀਆਂ ਸਾਹਿਤਕ ਗੱਲਾਂ ਕਰਦਿਆਂ 'ਨੇਰਾ ਹੋ ਜਾਣਾ। ਉਸਨੇ ਜਾਣ ਲਈ ਸਕੂਟਰ ਸਟਾਰਟ ਕਰਨਾ ਤਾਂ ਮਨ ਵਿਚ ਧੁੜਕੂ ਪੈਦਾ ਹੋਣਾ ਕਿ ਉਸਨੂੰ ਦਿਨ ਖੜੇ ਪਿੰਡ ਚਲੇ ਜਾਣਾ ਚਾਹੀਦਾ ਸੀ ਕਿਉਂਕਿ ਵਕਤ ਮਾੜੇ ਸਨ। ਪਰ ਉਸਨੂੰ ਆਪਣੇ ਆਪ 'ਤੇ ਨਾਜ਼ ਸੀ ਕਿਉਂਕਿ ਉਹ ਆਪਣੇ ਇਲਾਕੇ ਵਿਚ ਸਨਮਾਨਯੋਗ ਅਧਿਆਪਕ ਵਜੋਂ ਜਾਣਿਆ ਜਾਂਦਾ ਸੀ।

ਕੰਵਰ ਇਮਤਿਆਜ਼ ਦੇ ਇੰਤਕਾਲ ਤੋਂ ਕਾਫ਼ੀ ਸਮੇਂ ਬਾਅਦ ਉਸਦੇ ਪੁੱਤਰ ਸ਼ਹਿਬਾਜ਼ ਖਾਨ ਅਤੇ ਨੂੰਹ ਮੁਨੱਜ਼ਾ ਇਰਸ਼ਾਦ ਨੇ ਉਨ੍ਹਾਂ ਦੀਆਂ ਲਿਖਤਾਂ ਦੀ ਕਿਤਾਬ, 'ਬੋਲ ਸੂਰਜਾ ਬੋਲ' ਸੰਪਾਦਤ ਕੀਤੀ ਹੈ ਜਿਸਨੂੰ ਸਿਰਜਣਾ ਕੇਂਦਰ ਕਪੂਰਥਲਾ ਵਲੋਂ ਪੰਜਾਬ ਭਵਨ ਸਰੀ ਵਾਲੇ ਸੁੱਖੀ ਬਾਠ ਦੇ ਸਹਿਯੋਗ ਨਾਲ ਛਾਪਿਆ ਗਿਆ ਹੈ। ਇਸ ਪੁਸਤਕ ਵਿਚ ਉਸ ਦੀਆਂ ਕਵਿਤਾਵਾਂ ਹਨ ਅਤੇ ਕੁਝ ਕਾਵਿ-ਚਿੱਤਰ ਤੋਂ ਇਲਾਵਾ ਕੁਝ ਸਾਹਿਤਕ ਮੁਲਾਕਾਤਾਂ ਵੀ ਹਨ ਜਿਨ੍ਹਾਂ ਵਿਚੋਂ ਸਾਹਿਤਕ ਹਸਤੀਆਂ ਦੇ ਅੰਤਰੀਵ ਨੂੰ ਪੜ੍ਹਿਆ ਅਤੇ ਸਮਝਿਆ ਜਾ ਸਕਦਾ ਹੈ।

ਕੰਵਰ ਇਮਤਿਆਜ਼ ਖੁਦ ਕਵਿਤਾ ਵਰਗਾ ਸੀ। ਉਸਦੇ ਬੋਲਾਂ ਵਿਚ, ਅਦਾ ਵਿਚ, ਮੁਸਕੜੀਆਂ ਵਿਚ ਅਤੇ ਉਸਦੀ ਤੱਕਣੀ ਵਿਚ ਕਾਵਿ-ਤਰੰਗਾਂ ਦੀ ਰੁਮਕਣੀ ਸੀ। ਉਸਦੀ ਕਵਿਤਾ ਨੂੰ ਪੜ੍ਹਦਿਆਂ, ਤੁਸੀਂ ਉਸਦੀ ਕਾਵਿ-ਪ੍ਰਤਿਭਾ ਤੋਂ ਇਲਾਵਾ ਉਸਦੀ ਪੰਜਾਬੀਅਤ ਧਰਾਤਲ ਦੇ ਵਸੀਹ ਗਿਆਨ ਦੇ ਵੀ ਰੂਬਰੂ ਹੁੰਦੇ ਹੋ। ਉਸਦੀ ਕਵਿਤਾ 'ਬੋਲ ਮਿਰਜ਼ਿਆ ਬੋਲ' ਮਿਰਜ਼ੇ ਦੀ ਜ਼ਖ਼ਮੀ ਮਾਨਸਕਿਤਾ ਨੂੰ ਚਿੱਤਰਦੀ, ਹੌਲੀ ਹੌਲੀ ਸੂਰਜ ਨੂੰ ਹਾਕਾਂ ਮਾਰਦਿਆਂ ਕੂਕਦੀ ਹੈ:

'ਬੋਲ ਸੂਰਜਾ ਬੋਲ'। ਉਹ ਖੱਬੀ ਖਾਨ ਮਿਰਜ਼ੇ ਨੂੰ ਪੁੱਛਦਾ;

'ਬੋਲ ਮਿਰਜ਼ਿਆ ਬੋਲ
ਖਾਲੀ ਤਰਕਸ਼
ਤੇ ਝੂਠੀ ਸਾਹਿਬਾਂ
ਕੀ ਹੈ ਤੇਰੇ ਕੋਲ
ਬੋਲ ਮਿਰਜ਼ਿਆ ਬੋਲ'

ਉਸਦੇ ਕਲਾਮ ਵਿਚ ਕਰਾਹੁੰਦੇ ਪੰਜਾਬ ਦਾ ਦਰਦ ਸਮਾਇਆ ਸੀ। ਤਾਂ ਹੀ ਉਹ ਕੂਕਦਾ;

'ਮੈਂ ਸੁਰਖ ਹਾਂ ਚੀਤੇ ਦੀ ਬਲਦੀ ਅੱਖ ਹਾਂ
ਮੈਂ ਗੁਲਾਬ ਹਾਂ ਪਰ ਟਹਿਣੀਓਂ ਵੱਖ ਹਾਂ।'

ਕੰਵਰ ਇਮਤਿਆਜ਼ ਪੰਜਾਬੀ ਬੋਲੀ ਦੀ ਸਿਫ਼ਤ ਕਰਦਿਆਂ, ਇਸ ਦੀਆਂ ਉਪ-ਬੋਲੀਆਂ ਵੀ ਗਿਣਾਉਣ ਲੱਗਦਾ ਜੋ ਉਸਦੇ ਗਿਆਨ ਦੀ ਗਵਾਹੀ ਹਨ;

'ਡੋਗਰੀ ਪਹਾੜੀ
ਮਲਵਈ ਤੇ ਦੁਆਬੜੀ
ਜੀਵੇ ਮੁਲਤਾਨੀ, ਮਾਝੀ
ਧੀ ਪੋਠੋਹਾਰ ਦੀ'

ਕੰਵਰ ਜਦ ਖ਼ੁਦਾ ਕੋਲੋਂ ਦੁਆ ਮੰਗਦਾ ਤਾਂ ਉਸਦੀ ਦੁਆ ਵੀ ਕੈਸੀ ਹੁੰਦੀ ਸੀ ਕਿ ਸਭ ਕੁਝ ਹੀ ਮੰਗਣ ਦੀ ਉਸਨੂੰ ਜਾਚ ਸੀ;

'ਮੈਂ ਬੇਪਰਾ ਹਾਂ
ਯਾ ਖੁਦਾਇਆ
ਮੈਨੂੰ ਪਰ ਦੇ ਦੇ'।

ਅਤੇ ਇਹ ਪਰ ਹੀ ਹੁੰਦੇ ਜਿਨ੍ਹਾਂ ਨਾਲ ਅੰਬਰ ਦਾ ਕਲਾਵਾ ਭਰਿਆ ਜਾ ਸਕਦਾ ਅਤੇ ਸੂਰਜਾਂ ਨਾਲ ਆੜੀ ਪਾਈ ਜਾ ਸਕਦੀ ਹੈ। ਧੀਆਂ ਦੀ ਹੋ ਰਹੀ ਬੇਪਤੀ ਅਤੇ ਚੌਰਾਹਿਆਂ ਵਿਚ ਲੁੱਟੀ ਜਾ ਰਹੀ ਅਜ਼ਮਤ ਬਾਰੇ ਫ਼ਿਕਰਮੰਦ ਹੋਇਆ, ਧੀ ਨੂੰ ਸੁਮੱਤਾਂ ਦਿੰਦਾ;

'ਨੀ ਧੀਏ!
ਮਹਿਲੋਂ ਬਾਹਰ ਨਾ ਜਾਹ
ਮਹਿਲੋਂ ਬਾਹਰ ਤਾਂ ਵੱਸਣ ਸ਼ਿਕਾਰੀ
ਜਿੰਦ ਲੈਣਗੇ ਖਾਹ'

ਕੰਵਰ ਵਰਗਾ ਫ਼ੱਕਰ, ਲੋਕ-ਮਨਾਂ ਦੀ ਬਾਤ ਪਾਉਂਦਿਆਂ, ਖ਼ੁਦ ਤਸਲੀਮ ਕਰਦਾ;

'ਰਾਤ ਅੱਖਾਂ ਵਿਚ ਲੰਘੇ, ਦਿਨੇ ਸਿਵਿਆਂ 'ਚ ਡੇਰਾ
ਈਰੀਏ ਭੰਬੀਰੀਏ ਨੀ ਉਹੀ ਘਰ ਮੇਰਾ'


ਕੰਵਰ ਪਿੰਡ ਵਿਚ ਰਹਿੰਦਾ ਸੀ ਅਤੇ ਉਸਨੂੰ ਕਿਰਸਾਨ ਦੀ ਮੰਦਹਾਲੀ ਦਾ ਪਤਾ ਸੀ। ਪੰਜਾਬ ਦੀ ਦਰਦੀਲੀ ਫਿਜ਼ਾ ਦੇ ਵੈਣ ਪਾਉਣ ਲੱਗਿਆ ਉਹ ਨੀਰ ਨੀਰ ਹੋ ਜਾਂਦਾ;

'ਪਾਵੇ ਪਾਵੇ ਪਾਵੇ
ਕੇਸਾਂ ਵਿਚੋਂ ਰੱਤ ਨੁੱਚੜੇ
ਜੱਟ ਸਿਵਿਆਂ ਨੂੰ ਭੱਜਿਆ ਜਾਵੇ।

ਦਿਲ ਵਿਚ ਚਾਅ ਜੀਣ ਦਾ
ਮੂਹਰੇ ਮੌਤ ਬਾਘੀਆਂ ਪਾਵੇ
ਪੰਜ ਦਰਿਆਵਾਂ ਦੇ
ਝੂਠੇ ਨਿਕਲੇ ਜਿੰਦੜੀਏ ਦਾਅਵੇ।
ਨਦੀਆਂ ਦੇ ਨੀਰ ਮੁੱਕ ਗਏ
ਮੇਰਾ ਰੋਣ ਥੰਮਿਆ ਨਾ ਜਾਵੇ।"

ਉਸਨੂੰ ਸ਼ਬਦਾਂ ਵਿਚ ਅੱਥਰੂ ਬੀਜਣ ਦੀ ਜਾਚ ਸੀ ਜਦ ਉਹ ਕਿਸੇ ਕਿਰਤੀ ਦੀ ਵੇਦਨਾ ਨੂੰ ਹਰਫ਼ ਅਰਪਦਾ ਸੀ;

'ਸਾਡੇ ਮਨ ਦੀ ਬੰਜਰ ਧਰਤੀ




*ਕੰਵਰ ਇਮਤਿਆਜ਼ ਦੀ ਪੁਸਤਕ 'ਬੋਲ ਸੂਰਜਾ ਬੋਲ' ਦਾ ਸਰਵਰਕ।*

ਛਿੜਕ ਵੇ ਲੋਕਾ ਪਾਣੀ
ਮਹਿਲਾਂ ਦੇ ਰੱਦਿਆਂ ਵਿਚ ਵਿਲਕੇ
ਸਾਡੀ ਮਿੱਝ ਦੀ ਘਾਣੀ"

ਕੰਵਰ ਇਮਤਿਆਜ਼ ਰੂਹਦਾਰ ਇਨਸਾਨ ਸੀ ਜਿਸਦੀ ਸਾਂਝ ਨੇ ਮੈਨੂੰ ਜ਼ਿੰਦਗੀ ਦੀਆਂ ਕਈ ਰਮਜ਼ਾਂ ਸਮਝਾਈਆਂ। ਪਰ ਖ਼ੁਦ ਉਹ ਤਾਰਿਆਂ ਕੋਲੋਂ ਆਪੇ ਲਈ ਰਾਹ ਪੁੱਛਦਾ ਹੀ ਅਣਜਾਣੇ ਰਾਹਾਂ ਨੂੰ ਤੁਰ ਗਿਆ ਕਿਉਂਕਿ ਉਸਦਾ ਦਿਲ ਕੂਕਦਾ;

'ਤਾਰਿਆਂ ਨੂੰ ਬੜਾ ਪੁੱਛਿਆ
ਰਾਹ ਕਿਹੜਿਆਂ ਪਿੰਡਾਂ ਨੂੰ ਜਾਂਦੇ'

ਕੰਵਰ ਇਮਤਿਆਜ਼ ਆਪਣੇ ਪਿਆਰਿਆਂ ਨੂੰ ਅਕਸਰ ਅੰਤਰੀਵ ਦੀ ਯਾਤਰਾ 'ਤੇ ਤੋਰਦਾ ਅਤੇ ਉਹ ਆਪ ਵੀ ਆਪਣੇ ਆਪ ਨੂੰ ਮਿਲਣਾ ਲੋਚਦਾ ਰਹਿੰਦਾ;

'ਦੇਹ ਦੀ ਗੁਫ਼ਾ
ਵਿਚ ਨੇਰਾ ਮਹਿਕੇ
ਆ ਜਿੰਦੇ
ਰੁਸ਼ਨਾ ਲਈਏ'।

ਕੰਵਰ ਇਮਤਿਆਜ਼ ਯਾਰਾਂ ਦਾ ਯਾਰ ਸੀ। ਉਸਦੀ ਰੂਹ ਵਿਚ ਅਮਿੱਤਰ ਹੋ ਗਏ ਮਿੱਤਰਾਂ ਦਾ ਦਰਦ ਛਲਕਦਾ;

'ਮਾਏਂ ਨੀ
ਮਿੱਤਰ ਜੋ ਅਮਿੱਤਰ ਹੋ ਗਏ
ਸਾਡੀ ਰੂਹ ਨੂੰ
ਰਹਿਣ ਖਪਾਉਂਦੇ।'

ਉਹ ਆਪਣੀ ਮਾਂ ਨੂੰ ਅੰਤਾਂ ਦੀ ਮੁਹੱਬਤ ਕਰਦਾ ਸੀ ਅਤੇ ਮਾਂ ਬਾਰੇ ਗੱਲਾਂ ਕਰਦਿਆਂ ਭਾਵੁਕ ਹੋ ਜਾਂਦਾ ਸੀ। ਮਾਂ ਬਾਰੇ ਉਸਨੇ ਅੱਠ ਹਿੱਸਿਆਂ ਵਿਚ ਲੰਮੀਂ ਨਜ਼ਮ ਲਿਖੀ ਹੈ। ਕਵਿਤਾ ਰਾਹੀਂ ਬਹੁਤ ਗੱਲਾਂ ਕਰਦਾ ਹੈ ਮਾਂ ਨਾਲ। ਇਹ ਨਜ਼ਮ ਆਪਣੀ ਮਾਂ ਨੂੰ ਬਹੁਤ ਵੱਡੀ ਅਕੀਦਤ ਹੈ ਅਤੇ ਆਖਰ ਨੂੰ ਉਹ ਤੁਰ ਗਈ ਮਾਂ ਦਾ ਪਤਾ ਪੁੱਛਦਾ;

ਹੇ ਮਾਂ!
ਤੂੰ ਕਿੱਥੇ ਏਂ?

ਇਸ ਪ੍ਰਸ਼ਨ ਦੇ ਨਿਰਉਤਰੇ ਰਹਿਣ ਦੀ ਤੜਫਣ ਨੂੰ ਜਦ ਪਾਠਕ ਮਹਿਸੂਸਦਾ ਤਾਂ ਉਸ ਦੀਆਂ ਅੱਖਾਂ ਵੀ ਨਮ ਹੋ ਜਾਂਦੀਆਂ। ਇਸ ਸੰਗ੍ਰਹਿ ਵਿਚ ਉਸ ਦੀ ਕਵਿਤਾ ਦੇ ਬਹੁਤ ਸਾਰੇ ਰੰਗ ਨੇ ਜੋ ਉਸਦੀ ਬਹੁਰੰਗੀ ਪ੍ਰਤਿਭਾ ਦਾ ਪ੍ਰਮਾਣ ਹਨ। ਉਸ ਦੀਆਂ 13 ਲਘੂ ਕਵਿਤਾਵਾਂ ਹਨ ਅਤੇ ਉਸਦੀ ਹੇਠਲੀ ਲਘੂ ਕਵਿਤਾ;

'ਚੰਨ ਚਾਨਣੀ ਰਾਤ
ਅਜੇ ਦੂਰ ਬੜੀ ਪ੍ਰਭਾਤ
ਕਿ ਤੈਨੂੰ ਚੁੰਮ ਲਵਾਂ।"

ਦਾ ਰੰਗ ਦੇਖ ਕੇ ਕੰਵਰ 'ਤੇ ਰਸ਼ਕ ਆਉਂਦਾ। ਉਸਦੇ ਸ਼ਬਦ ਫਿਜ਼ਾ ਵਿਚ ਰੂਹਾਨੀਅਤ ਅਤੇ ਅਦਬ ਦਾ ਅਨੂਠਾ ਸੰਗਮ ਸਿਰਜਦੇ। ਉਸਦੇ ਹੋਠਾਂ 'ਤੇ ਗੁਟਕਦੇ ਬੋਲ ਸਰੋਤਿਆਂ ਦੀ ਰੂਹ ਵਿਚ ਘਰ ਪਾ ਲੈਂਦੇ। ਉਹ ਚੁੱਪ ਵਿਚੋਂ ਕਿਵੇਂ ਕਵਿਤਾ ਨੂੰ ਸਿਰਜਦਾ ਅਤੇ ਮਾਣਦਾ ਸੀ ਇਹ ਕੰਵਰ ਇਮਤਿਆਜ਼ ਦੀ ਨਿਮਨ ਕਵਿਤਾ ਤੋਂ ਬਿਨਾਂ ਅਸੀਂ ਸਮਝ ਨਹੀਂ ਸਕਦੇ;

'ਅੱਖਰ ਬੋਲ
ਸਾਂਭਣ ਲਈ ਉਤਾਵਲੇ ਹੋਏ

.........................
ਉਸਨੇ ਆਖਿਆ
ਬੋਲਾਂ ਨਾਲੋਂ ਚੁੱਪ ਭਲੀ
ਅੰਤਰ ਮਨ ਦੇ
ਖ਼ਲਾਅ ਵਿਚੋਂ ਕੁਝ
ਸੁਣਿਆ ਕਰ

..................
ਉਦੋਂ ਤੋਂ
ਮੈਂ ਖਾਮੋਸ਼ ਹਾਂ'

ਅਤੇ ਇਹੀ ਖਾਮੋਸ਼ੀ ਉਸਦੀ ਸੁੰਨ-ਸਮਾਧੀ ਸੀ ਜਿਸ ਵਿਚ ਉਹ ਕਵਿਤਾ ਲਿਖਦਾ, ਪੜ੍ਹਦਾ, ਸੁਣਦਾ ਤੇ ਸੁਣਾਉਂਦਾ ਲੀਨ ਰਹਿੰਦਾ ਸੀ। ਉਸਦੀ ਕਵਿਤਾ ਦੀ ਸਮਰੱਥਾ ਅਤੇ ਪ੍ਰਤਾਪ ਹੀ ਸੀ ਕਿ ਕੰਵਰ ਇਮਤਿਆਜ਼ ਨੇ ਮਨਜੀਤ ਇੰਦਰਾ, ਮਹਿੰਦਰ ਦੁਸਾਂਝ, ਚਿੱਤਰਕਾਰ ਸਿਧਾਰਥ, ਮੋਹਨ ਸਪਰਾ, ਡਾ. ਰਵੀ, ਡਾ. ਰੌਸ਼ਨ ਲਾਲ ਅਹੂਜਾ ਆਦਿ ਅਦਬੀ ਸ਼ਖ਼ਸੀਅਤਾਂ ਦੇ ਕਾਵਿ-ਚਿੱਤਰ ਵੀ ਲਿਖੇ ਜਿਨ੍ਹਾਂ ਵਿਚੋਂ ਕਈ ਨਵੀਆਂ ਪਰਤਾਂ ਪਾਠਕਾਂ ਦੇ ਰੂਬਰੂ ਹੁੰਦੀਆਂ ਹਨ।

ਕੰਵਰ ਬਹੁਤ ਹੀ ਸੂਖ਼ਮ ਅਤੇ ਕੋਮਲ ਦਿਲ ਦਾ ਮਾਲਕ ਸੀ ਅਤੇ ਪੰਜਾਬ ਵਿਚਲੀ ਫਿਰਕੂ ਹਨੇਰੀ ਉਸਦੀ ਰੂਹ ਨੂੰ ਜ਼ਖ਼ਮੀ ਕਰਦੀ ਸੀ। ਇਸੇ ਜ਼ਖ਼ਮੀ ਮਾਨਸਿਕਤਾ ਵਿਚੋਂ ਹੀ ਉਹ ਅੰਬਰ ਵੱਲ ਨੂੰ ਹੱਥ ਉਠਾ ਕੇ ਕਰਾਹੁੰਦਾ ਹੈ;

'ਆ ਬੁੱਲਿਆ, ਆ 'ਕੱਠੇ ਪੜੀਏ
ਅੱਜ ਦਾ ਹੀ ਅਖ਼ਬਾਰ
ਮੈਂ ਸਾਂਭਾਂਗਾ ਟੋਪੀ ਆਪਣੀ
ਤੂੰ ਸਾਂਭੀ ਦਸਤਾਰ।'

ਅਤੇ ਕਾਲੇ ਸਮਿਆਂ ਵਿਚ ਉਹ ਅੰਬਰ ਕੋਲੋਂ ਸਰਘੀ ਦਾ ਤਾਰਾ ਮੰਗਦਿਆਂ ਜੋਦੜੀ ਕਰਦਾ ਹੈ;

'ਮੈਂ ਮੱਸਿਆ ਦੀ ਕਾਲਖ ਅੜਿਆ
ਤੂੰ ਸਰਗੀ ਦਾ ਤਾਰਾ
ਵੇ ਮੈਂ ਮੰਗਿਆ ਉਧਾਰਾ
ਅੰਬਰਾ ਵੇ ਮੈਨੂੰ ਦੇ ਦਿਹ ਉਧਾਰਾ।'

ਕੰਵਰ ਇਮਤਿਆਜ਼ ਹਰ ਮਿਲਣ ਵਾਲੇ ਦੇ ਦਿਲ ਵਿਚ ਆਲ੍ਹਣਾ ਪਾ ਲੈਂਦਾ। ਉਸਦਾ ਅੰਤਰੀਵ ਫਰੋਲਦਾ। ਮਿਲਣ ਵਾਲੇ ਦੀ ਰੂਹ ਦੀਆਂ ਪਰਤਾਂ ਹਰਫ਼ਾਂ ਦੇ ਹਵਾਲੇ ਕਰ ਕੇ, ਬਾਕਮਾਲ ਮੁਲਾਕਾਤਾਂ ਸਿਰਜਦਾ। ਇਹੀ ਅਦਬੀ ਮੁਲਾਕਾਤਾਂ ਇਸ ਕਿਤਾਬ ਦਾ ਇਕ ਹੋਰ ਹਾਸਲ ਵੀ ਹਨ। ਇਸ ਵਿਚ ਓਮ ਪ੍ਰਕਾਸ਼ ਗਾਸੋ, ਅਮਰ ਨਾਥ ਕੌਸਤੁਭ, ਅਜੀਤ ਰਾਹੀ, ਸੰਤ ਸੰਧੂ, ਇੰਦਰਜੀਤ ਹਸਨਪੁਰੀ, ਕਮਲਜੀਤ ਨੀਲੋਂ, ਫੂਲਾਂ ਰਾਣੀ ਚਿੱਤਰਕਾਰ, ਰਾਮ ਸਰੂਪ ਅਣਖੀ, ਪ੍ਰੋਮਿਲਾ ਅਰੋੜਾ, ਗੁਰਦੀਪ ਸਿੰਘ ਆਦਿ ਨਾਲ ਰੂਹਦਾਰੀਆਂ ਵਾਲੀਆਂ ਮੁਲਾਕਾਤਾਂ ਸ਼ਾਮਲ ਹਨ। ਕਵੀਆਂ ਅਤੇ ਕਲਾਕਾਰਾਂ ਦੀਆਂ ਕਿਰਤਾਂ ਅਤੇ ਲਿਖਤਾਂ ਦੇ ਅਣਛੋਹੇ ਰੰਗ, ਇਕ ਵਿਕਲੋਤਰੇ ਦ੍ਰਿਸ਼ਟੀਕੋਣ ਤੋਂ ਪ੍ਰਗਟਾਉਣ ਵਾਲੀ ਕੰਵਰ ਦੀ ਕਲਮ ਨੂੰ ਸਲਾਮ

ਪਿਆਰਾ ਕੰਵਰ ਇਮਤਿਆਜ਼ ਤਾਂ ਸਾਥੋਂ ਬਹੁਤ ਦੂਰ ਚਲਾ ਗਿਆ। ਪਰ ਉਸ ਦੀਆਂ ਕਵਿਤਾਵਾਂ ਅਤੇ ਮੁਲਾਕਾਤਾਂ ਦੇ ਸੰਗ੍ਰਹਿ 'ਬੋਲ ਸੂਰਜਾ ਬੋਲ' ਰਾਹੀਂ ਉਸ ਦੇ ਸ਼ਬਦ ਹਮੇਸ਼ਾ ਜਿਉਂਦੇ ਰਹਿਣਗੇ। ਉਹ ਲੋਕ-ਚੇਤਿਆਂ ਵਿਚ ਸਦਾ ਮਹਿਫੂਜ਼ ਰਹੇਗਾ ਕਿਉਂਕਿ ਸ਼ਬਦ ਕਦੇ ਵੀ ਮਰਿਆ ਨਹੀਂ ਕਰਦੇ। 'ਬੋਲ ਸੂਰਜਾ ਬੋਲ' ਦਾ ਹਾਰਦਿਕ ਸੁਆਗਤ। ਆਸ ਹੈ ਕਿ ਪਾਠਕ ਇਸਨੂੰ ਮੋਹਵੰਤਾ ਹੁੰਗਾਰਾ ਵੀ ਦੇਣਗੇ ਅਤੇ ਇਸ ਕਿਰਤ ਵਿਚੋਂ ਗੁਜ਼ਰਦਿਆਂ ਆਪਣੇ ਅਦਬੀ-ਅੰਬਰ ਨੂੰ ਹੋਰ ਵਸੀਹ ਕਰਨਗੇ।

---

# ਟਾਲਸਟਾਏ ਦੀਆਂ ਮਿੰਨੀ ਕਹਾਣੀਆਂ

ਅਨੁ : ਪ੍ਰੋ. ਨਵ ਸੰਗੀਤ ਸਿੰਘ
ਫੋਨ: 94176-92015

## ਬੱਚੇ ਦਾ ਪਿਆਰ

ਇੱਕ ਮਾਂ ਦੇ ਦੋ ਬੇਟੇ ਸਨ। ਵੱਡਾ ਅੱਠ ਸਾਲ ਦਾ ਤੇ ਛੋਟਾ ਛੇ ਸਾਲ ਦਾ। ਦੋਵੇਂ ਬੜੇ ਚੰਗੇ ਤੇ ਆਗਿਆਕਾਰੀ ਸਨ। ਇਸ ਲਈ ਉਨ੍ਹਾਂ ਦੀ ਮਾਂ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਸੀ।

ਇੱਕ ਵਾਰ ਛੋਟਾ ਆਪਣੀ ਮਾਂ ਨੂੰ ਕਹਿਣ ਲੱਗਿਆ, 'ਮੇਰੀ ਪਿਆਰੀ ਮਾਂ, ਤੂੰ ਮੈਨੂੰ ਇੰਨਾ ਪਿਆਰ ਨਹੀਂ ਕਰਦੀ, ਜਿੰਨਾ ਮੈਂ ਤੈਨੂੰ ਕਰਦਾ ਹਾਂ।'

"ਤੂੰ ਇਸ ਤਰ੍ਹਾਂ ਕਿਉਂ ਸੋਚਦਾ ਹੈਂ ਬੇਟਾ?" ਮਾਂ ਨੇ ਪੁੱਛਿਆ।

"ਇਸ ਲਈ ਕਿ ਤੇਰੇ ਦੋ ਬੇਟੇ ਹਨ, ਪਰ ਮੇਰੀ ਕੇਵਲ ਇਕ ਹੀ ਮਾਂ ਹੈ," ਬੇਟਾ ਬੋਲਿਆ।

## ਅੰਨ੍ਹੇ ਦਾ ਦਿਮਾਗ

ਹਨੇਰੀ ਰਾਤ ਵਿਚ ਇਕ ਅੰਨ੍ਹਾ ਸੜਕ 'ਤੇ ਜਾ ਰਿਹਾ ਸੀ। ਉਹਦੇ ਹੱਥ ਵਿਚ ਇੱਕ ਲਾਲਟੈਣ ਸੀ ਅਤੇ ਸਿਰ ਉੱਤੇ ਮਿੱਟੀ ਦਾ ਘੜਾ। ਕਿਸੇ ਰਾਹ ਚੱਲਣ ਵਾਲੇ ਨੇ ਉਹਨੂੰ ਉੱਚੀ ਅਵਾਜ਼ ਵਿਚ ਪੁੱਛਿਆ, "ਓਏ ਮੂਰਖ, ਤੇਰੇ ਲਈ ਕੀ ਦਿਨ ਕੀ ਰਾਤ! ਦੋਵੇਂ ਇੱਕੋ ਜਿਹੇ ਹਨ। ਫ਼ੇਰ ਆਹ ਲਾਲਟੈਣ ਕਿਉਂ ਚੁੱਕੀ ਫਿਰਦੈਂ?"

ਅੰਨ੍ਹੇ ਨੇ ਜਵਾਬ ਦਿੱਤਾ, "ਇਹ ਲਾਲਟੈਣ ਮੇਰੇ ਲਈ ਨਹੀਂ, ਤੇਰੇ ਲਈ ਜ਼ਰੂਰੀ ਹੈ ਕਿ ਕਿਤੇ ਰਾਤ ਦੇ ਹਨੇਰੇ ਵਿਚ ਮੇਰੇ ਨਾਲ ਟਕਰਾ ਕੇ ਕਿਤੇ ਮੇਰਾ ਮਿੱਟੀ ਦਾ ਘੜਾ ਨਾ ਡੇਗ ਦੇਵੇਂ!"

## ਲਾਲਚ

ਇੱਕ ਬੱਚਾ ਉੱਚੀ ਉੱਚੀ ਰੋ ਰਿਹਾ ਸੀ। ਉਹਦੇ ਕੋਲੋਂ ਲੰਘ ਰਹੇ ਇੱਕ ਆਦਮੀ ਨੇ ਪੁੱਛਿਆ, "ਬੇਟਾ, ਕਿਉਂ ਰੋ ਰਿਹਾ ਹੈਂ?"

ਬੱਚਾ ਰੋਂਦਾ ਹੋਏ ਬੋਲਿਆ, "ਮੇਰਾ ਇੱਕ ਰੁਪਿਆ ਗੁਆਚ ਗਿਆ ਹੈ।"

"ਕੋਈ ਗੱਲ ਨਹੀਂ। ਆਹ ਲੈ ਇੱਕ ਰੁਪਿਆ।" ਉਸ ਆਦਮੀ ਨੇ ਬੱਚੇ ਨੂੰ ਰੁਪਿਆ ਦਿੰਦਿਆਂ ਕਿਹਾ।"

ਬੱਚੇ ਨੇ ਰੁਪਿਆ ਲੈ ਲਿਆ ਅਤੇ ਫਿਰ ਹੋਰ ਵੀ ਜ਼ੋਰ ਨਾਲ ਰੋਣਾ ਸ਼ੁਰੂ ਕਰ ਦਿੱਤਾ।

ਆਦਮੀ ਨੇ ਪੁੱਛਿਆ, "ਹੁਣ ਕੀ ਹੋਇਆ?"

ਬੱਚੇ ਨੇ ਡੁਸਕਦੇ ਹੋਏ ਕਿਹਾ, "ਜੇ ਮੇਰਾ ਰੁਪਿਆ ਨਾ ਗੁਆਚਿਆ ਹੁੰਦਾ ਤਾਂ ਹੁਣ ਮੇਰੇ ਕੋਲ ਦੋ ਰੁਪਏ ਹੁੰਦੇ।"

## ਰਾਹ ਦੇ ਸਾਥੀ

ਦੋ ਦੋਸਤ ਕਿਤੇ ਜਾ ਰਹੇ ਸਨ। ਅਚਾਨਕ ਉਨ੍ਹਾਂ 'ਚੋਂ ਇੱਕ ਦੀ ਨਜ਼ਰ ਰੁਪਇਆਂ ਨਾਲ ਭਰੇ ਬਟੂਏ 'ਤੇ ਪਈ। ਉਹਨੇ ਝੱਟ ਉਹ ਬਟੂਆ ਚੁੱਕ ਲਿਆ ਅਤੇ ਆਪਣੇ ਮਿੱਤਰ ਨੂੰ ਕਿਹਾ, "ਵੇਖ, ਮੈਨੂੰ ਇਹ ਬਟੂਆ ਮਿਲਿਆ ਹੈ।"

ਮਿੱਤਰ ਨੇ ਜਵਾਬ ਦਿੱਤਾ, "ਬਈ, ਇਹ ਨਾ ਕਹਿ ਕਿ 'ਮੈਨੂੰ' ਇਹ ਬਟੂਆ ਮਿਲਿਆ ਹੈ, ਇਹ ਕਹਿ ਕਿ 'ਸਾਨੂੰ' ਮਿਲਿਆ ਹੈ। ਆਪਾਂ ਦੋਵੇਂ ਰਾਹ ਦੇ ਸਾਥੀ ਹਾਂ ਅਤੇ ਨਾਲ ਚੱਲਣ ਵਾਲਿਆਂ ਨੂੰ ਇੱਕ ਦੂਜੇ ਨਾਲ ਦੁਖ-ਸੁਖ ਆਪਸ ਵਿਚ ਵੰਡ ਲੈਣੇ ਚਾਹੀਦੇ ਹਨ। ਜੇ ਅੱਗੇ ਕੋਈ ਮੁਸੀਬਤ ਆਵੇਗੀ ਤਾਂ ਉਹਨੂੰ ਵੀ ਆਪਾਂ ਵੰਡ ਲਵਾਂਗੇ।"

ਇਸ 'ਤੇ ਪਹਿਲਾ ਮਿੱਤਰ ਬੋਲਿਆ, "ਦੋਸਤ, ਇਉਂ ਨਹੀਂ ਹੁੰਦਾ। ਜੋ ਮੈਨੂੰ ਮਿਲਿਆ, ਉਹ ਮੇਰਾ; ਜੋ ਤੈਨੂੰ ਮਿਲੇਗਾ, ਉਹ ਤੇਰਾ। ਮੇਰੇ ਦੁਖ-ਸੁਖ ਮੇਰੇ, ਤੇਰੇ ਦੁਖ-ਸੁਖ ਤੇਰੇ। ਇਨ੍ਹਾਂ ਵਿਚ ਕਾਹਦੀ ਸਾਂਝੇਦਾਰੀ?"

ਦੂਜੇ ਨੇ ਜਵਾਬ ਦਿੱਤਾ, "ਠੀਕ ਹੈ ਬਈ, ਤੇਰੀ ਮਰਜ਼ੀ।"

ਤੇ ਦੋਵੇਂ ਅੱਗੇ ਚੱਲ ਪਏ। ਕੁਝ ਦੂਰ ਜਾਣ 'ਤੇ ਬਟੂਏ ਦਾ ਮਾਲਕ ਆਪਣੇ ਅੰਗ-ਰੱਖਿਅਕਾਂ ਨਾਲ ਆਪਣਾ ਬਟੂਆ ਲੱਭਦਾ ਓਥੇ ਆ ਪਹੁੰਚਿਆ। ਉਨ੍ਹਾਂ ਨੂੰ ਵੇਖ ਕੇ ਪਹਿਲਾ ਮਿੱਤਰ ਘਬਰਾ ਗਿਆ ਅਤੇ ਆਪਣੇ ਸਾਥੀ ਨੂੰ ਬੋਲਿਆ, "ਦੋਸਤ, ਆਪਾਂ ਤੋਂ ਗਲਤੀ ਹੋ ਗਈ।"

ਇਸ 'ਤੇ ਦੂਜੇ ਨੇ ਕਿਹਾ, "ਮਿੱਤਰ, ਇਹ ਨਾ ਕਹਿ ਕਿ 'ਆਪਾਂ' ਤੋਂ ਗਲਤੀ ਹੋ ਗਈ, ਇਹ ਕਹਿ ਕਿ 'ਮੈਥੋਂ' ਗਲਤੀ ਹੋ ਗਈ। ਤੂੰ ਹੀ ਤਾਂ ਕਿਹਾ ਸੀ ਕਿ ਮੇਰੇ ਦੁਖ-ਸੁਖ ਮੇਰੇ ਤੇ ਤੇਰੇ ਦੁਖ-ਸੁਖ ਤੇਰੇ। ਇਸ ਵਿਚ ਕਾਹਦੀ ਸਾਂਝੇਦਾਰੀ?"

## ਪੇਂਡੂ ਦੀ ਅਕਲ

ਇਕ ਸ਼ਹਿਰ ਦੇ ਚੌਰਾਹੇ 'ਤੇ ਇਕ ਵੱਡਾ ਸਾਰਾ ਪੱਥਰ ਪਿਆ ਸੀ। ਇਹ ਇੰਨਾ ਵੱਡਾ ਸੀ ਕਿ ਆਵਾਜਾਈ ਵਿਚ ਵਿਘਨ ਪਾਉਂਦਾ ਸੀ। ਉਸ ਪੱਥਰ ਨੂੰ ਹਟਾਉਣ ਲਈ ਇੰਜੀਨੀਅਰਾਂ ਨੂੰ ਸੱਦਿਆ ਗਿਆ ਅਤੇ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਪੱਥਰ ਨੂੰ ਕਿਵੇਂ ਹਟਾਇਆ ਜਾਵੇ ਤੇ ਉਸਨੂੰ ਹਟਾਉਣ ਵਿਚ ਕਿੰਨਾ ਖਰਚਾ ਆਵੇਗਾ।

ਇਕ ਇੰਜੀਨੀਅਰ ਨੇ ਕਿਹਾ ਕਿ ਇਸ ਪੱਥਰ ਦੇ ਟੁਕੜੇ ਕਰਨੇ ਪੈਣਗੇ ਅਤੇ ਉਨ੍ਹਾਂ ਟੁਕੜਿਆਂ ਨੂੰ ਗੱਡੀ ਜਾਂ ਠੇਲੇ ਵਿਚ ਲੱਦ ਕੇ ਲਿਜਾਣਾ ਪਵੇਗਾ। ਇਸ 'ਤੇ ਕਰੀਬ ਅੱਠ ਹਜ਼ਾਰ ਰੁਪਏ ਦਾ ਖਰਚਾ ਹੋਵੇਗਾ।

ਦੂਜੇ ਇੰਜੀਨੀਅਰ ਨੇ ਸਲਾਹ ਦਿੱਤੀ ਕਿ ਪੱਥਰ ਹੇਠਾਂ ਇਕ ਮਜ਼ਬੂਤ ਠੇਲੇ ਦਾ ਫੱਟਾ ਲਾਇਆ ਜਾਵੇ ਅਤੇ ਉਸ ਪੱਥਰ ਨੂੰ ਉਸ 'ਤੇ ਲੱਦ ਕੇ ਲਿਜਾਇਆ ਜਾਵੇ। ਇਸ ਵਿਚ ਕਰੀਬ ਛੇ ਹਜ਼ਾਰ ਦਾ ਖਰਚਾ ਹੋਵੇਗਾ।


ਉੱਥੇ ਇੱਕ ਪੇਂਡੂ ਬੰਦਾ ਵੀ ਖੜ੍ਹਾ ਸੀ ਜੋ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਹ ਬੋਲਿਆ, "ਮੈਂ ਇਸ ਪੱਥਰ ਨੂੰ ਸਿਰਫ਼ ਸੌ ਰੁਪਏ ਦੇ ਖਰਚੇ ਵਿਚ ਹਟਾ ਸਕਦਾ ਹਾਂ।"

ਉਸ ਤੋਂ ਪੁੱਛਿਆ ਗਿਆ ਕਿ ਉਹ ਅਜਿਹਾ ਕਿਵੇਂ ਕਰੇਗਾ?

ਉਹਨੇ ਦੱਸਿਆ, "ਮੈਂ ਇਸ ਪੱਥਰ ਦੇ ਬਿਲਕੁਲ ਨੇੜੇ ਇੱਕ ਵੱਡਾ ਸਾਰਾ ਟੋਆ ਪੁੱਟਵਾਵਾਂਗਾ। ਉਸ ਵੱਡੇ ਟੋਏ ਵਿਚ ਇਸ ਪੱਥਰ ਨੂੰ ਸੁਟਵਾ ਦਿਆਂਗਾ। ਉੱਤੇ ਖੋਦੀ ਹੋਈ ਮਿੱਟੀ ਨਾਲ ਢਕ ਕੇ ਇਹਨੂੰ ਪੱਧਰਾ ਕਰਵਾ ਦਿਵਾਂਗਾ।"

ਅਧਿਕਾਰੀਆਂ ਨੂੰ ਉਹਦੀ ਯੋਜਨਾ ਪਸੰਦ ਆਈ ਅਤੇ ਉਹਨੂੰ ਸਹਿਮਤੀ ਦੇ ਦਿੱਤੀ। ਪੇਂਡੂ ਨੇ ਉਵੇਂ ਹੀ ਕੀਤਾ। ਉਹਨੂੰ ਸੌ ਰੁਪਏ ਖਰਚੇ ਦੇ ਤਾਂ ਮਿਲੇ ਹੀ, ਨਾਲ ਹੀ ਸੌ ਰੁਪਏ ਇਨਾਮ ਦੇ ਵੀ।

# ਫਾਸ਼ੀਵਾਦੀ ਹਿੰਸਾ ਦਾ ਡਿਸਟੋਪੀਆ ਅਤੇ ਮੌਜੂਦਾ ਨਿਜ਼ਾਮ ਦੀ ਸੂਖਮ ਪੜਚੋਲ 'ਲੈਲਾ' ਸੀਰੀਜ਼








ਨੈੱਟਫਲਿਕਸ ਸੀਰੀਜ਼ 'ਲੈਲਾ' ਦਾ ਪੋਸਟਰ ਅਤੇ (ਸੱਜੇ) ਦੋ ਵੱਖ-ਵੱਖ ਦ੍ਰਿਸ਼।

ਫਿਲਮ ਨਿਰਦੇਸ਼ਕ ਦੀਪਾ ਮਹਿਤਾ ਦਾ ਸਿਨੇਮਾ ਧਾਰਮਿਕ-ਸੱਭਿਆਚਾਰਕ ਜੜ੍ਹਤਾ, ਸਮਾਜਿਕ ਯਥਾਰਥ ਅਤੇ ਸਿਆਸੀ ਸਵਾਲਾਂ ਨੂੰ ਮੁਖਾਤਿਬ ਹੋਣ ਵਾਲਾ ਸਿਨੇਮਾ ਹੈ। ਆਪਣੀ ਬਹੁ-ਭਾਸ਼ਾਈ ਅਤੇ ਕਲਾਤਮਿਕ ਸੰਵੇਦਨਾ ਨਾਲ ਉਹ ਕਿਸੇ ਚੰਗੇ ਸਰਜਨ ਵਾਂਗ ਨਾ ਸਿਰਫ ਮੌਜੂਦਾ ਦੌਰ ਦੀ ਸਿਆਸਤ ਦੀਆਂ ਰਗਾਂ ਫਰੋਲਦੀ ਹੈ ਸਗੋਂ ਫਿਰਕਾਪ੍ਰਸਤੀ, ਸੱਭਿਆਚਾਰਕ ਦਾਬੇ, ਔਰਤਾਂ ਖਿਲਾਫ ਹੁੰਦੀ ਸੰਸਥਾਈ ਹਿੰਸਾ ਅਤੇ ਮਨੁੱਖੀ ਹੱਕ-ਹਕੂਕ ਦੇ ਘਾਣ ਵਿਰੁੱਧ ਸਮੂਹਿਕ ਚੇਤਨਾ ਦੀ ਲਾਮਬੰਦੀ ਕਰਨ ਦੀ ਕੋਸ਼ਿਸ਼ ਵੀ ਕਰਦੀ ਹੈ। ਉਸ ਦੀਆਂ ਮੁੱਖ ਫਿਲਮਾਂ 'ਅਰਥ', 'ਫਾਇਰ, 'ਵਾਟਰ', 'ਮਿਡਨਾਈਟ ਚਿਲਡਰਨ' ਅਤੇ 'ਹੈਵਨ



ਆਨ ਅਰਥ' ਜਿੱਥੇ ਪ੍ਰੰਪਰਾਗਤ ਸਮਾਜਾਂ ਦੇ ਆਧੁਨਿਕਤਾ ਨਾਲ ਟਕਰਾਉ ਅਤੇ ਗੈਰ-ਜਮਹੂਰੀ ਸਿਆਸਤੀ ਪ੍ਰਬੰਧਾਂ ਵਿਚ ਪਿਸ ਰਹੇ ਆਮ ਕਿਰਦਾਰਾਂ ਦੀ

**ਡਾ. ਕੁਲਦੀਪ ਕੌਰ**
ਫੋਨ: +91-98554-04330

ਜਦੋ-ਜਹਿਦ ਦੀਆਂ ਫਿਲਮਾਂ ਹਨ ਉੱਥੇ ਉਸ ਦਾ ਸਿਨੇਮਾ ਸਿਨੇਮਾਈ ਬਿੰਬਾਂ, ਚਿੰਨ੍ਹਾਂ ਅਤੇ ਭਾਸ਼ਾ ਦੀ ਔਰਤ ਪੱਖੀ ਅਤੇ ਮਾਨਵਵਾਦੀ ਵਿਆਖਿਆ ਵੀ ਕਰਦਾ ਹੈ।

ਓ.ਟੀ.ਟੀ. ਪਲੇਟਫਾਰਮ ਨੈੱਟਫਲਿਕਸ 'ਤੇ ਰਿਲੀਜ਼ ਹੋਈ ਉਸ ਦੀ ਛੇ ਭਾਗਾਂ ਵਿਚ ਵੰਡੀ ਸੀਰੀਜ਼ 'ਲੈਲਾ' ਸਾਡੇ ਸਮਿਆਂ ਦਾ ਮਹੱਤਵਪੂਰਨ ਦਸਤਾਵੇਜ਼ ਹੈ ਜਿਹੜਾ ਕਲਪਿਤ ਹੋਣ ਦੇ ਬਾਵਜੂਦ ਧਰਾਤਲੀ ਯਥਾਰਥ ਦੇ ਇੰਨਾ ਨੇੜੇ ਹੈ ਕਿ ਤੁਸੀਂ ਇਸ ਵਿਚਲੇ ਕਿਰਦਾਰਾਂ ਨੂੰ ਆਪਣੇ ਆਸ-ਪਾਸ ਸਾਹ ਲੈਂਦੇ ਦੇਖ-ਸੁਣ ਸਕਦੇ ਹੋ। ਇਸ ਸੀਰੀਜ਼ ਦਾ ਕੈਨਵਸ ਬਹੁਤ ਵਿਸ਼ਾਲ ਹੈ ਜਿਸ ਵਿਚ ਦਰਸ਼ਕ ਡਿਸਟੋਪੀਆ (ਮਨਹੂਸ ਸਮਾਂ), ਐਬਸਰਡਿਟੀ (ਬੇਤੁਕਾਪਣ, ਖਾਸ ਤੌਰ 'ਤੇ ਸਿਆਸੀ), ਸਮਾਜਿਕ ਅਰਾਜਕਤਾ ਅਤੇ ਧਾਰਮਿਕ ਫਾਸ਼ੀਵਾਦ ਤੋਂ ਲੈ ਕੇ ਕੱਟੜ ਰਾਸ਼ਟਰਵਾਦ, ਸਿਆਸੀ ਸਾਜ਼ਿਸ਼ਾਂ, ਤਕਨੀਕ ਦੀ ਸਮਰੱਥਾ ਅਤੇ ਸੂਹੀਆ ਤੰਤਰ ਦੀ ਸਿਆਸਤ ਤੇ ਪ੍ਰਚਾਰ ਨਾਲ ਹਰ ਕਦਮ 'ਤੇ ਦੋ-ਚਾਰ ਹੁੰਦੇ ਹੋ। ਇਸ ਤੋਂ ਵੀ ਅਹਿਮ ਇਹ ਕਿ ਇਹ ਸੀਰੀਜ਼ ਮਾਨਵੀ ਚੇਤਨਾ ਅਤੇ ਬਿਹਤਰ ਭਵਿੱਖ ਲਈ ਜੂਝਣ ਦਾ ਨਿੱਗਰ ਹਸਤਾਖਰ ਹੋ ਨਿਬੜਦੀ ਹੈ।

ਆਪਣੇ ਮਹੱਤਵਪੂਰਨ ਲੇਖ 'ਉਰ-ਫਾਸ਼ਿਜ਼ਮ (ਸਦੀਵੀ ਫਾਸ਼ੀਵਾਦ) ਵਿਚ ਫਾਸ਼ੀਵਾਦੀ ਪ੍ਰਵਿਰਤੀਆਂ ਦੀ ਵਿਆਖਿਆ ਕਰਦਿਆਂ ਉਘਾ ਚਿੰਤਕ ਉਮਬੈਰਤੋ ਐਕੋ ਲਿਖਦਾ ਹੈ ਕਿ ਸਿਆਸੀ ਤੌਰ 'ਤੇ ਸੱਤਾ ਪ੍ਰਾਪਤੀ ਤੋਂ ਫਾਸ਼ੀਵਾਦ ਸ਼ੁਰੂ ਜ਼ਰੂਰ ਹੁੰਦਾ ਹੈ ਪਰ ਇਸ ਦਾ ਪ੍ਰਸਾਰ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਹੁੰਦਾ ਹੈ ਜਿਸ ਵਿਚ ਨਾ ਸਿਰਫ ਜਮਹੂਰੀ ਅਮਲਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਬਲਕਿ ਸਮਾਜਿਕ, ਆਰਥਿਕ, ਸੱਭਿਆਚਾਰਕ ਵਸੀਲਿਆਂ ਅਤੇ ਮਨੁੱਖੀ ਅਧਿਕਾਰਾਂ ਉੱਪਰ ਅਜਾਰੇਦਾਰੀ ਦੀ ਸਥਾਪਨਾ ਲਈ ਜੰਗੀ ਪੱਧਰ 'ਤੇ ਕੰਮ ਕੀਤਾ ਜਾਂਦਾ ਹੈ। ਉਸ ਅਨੁਸਾਰ ਫਾਸ਼ੀਵਾਦ ਸਿਆਸੀ ਖਿਲਾਅ ਵਿਚੋਂ ਨਹੀਂ ਸਗੋਂ ਸਿਆਸੀ ਵਿਰੋਧ ਵਿਚੋਂ ਉੱਭਰਦਾ ਹੈ ਜਿਸ ਵਿਚ ਸੱਤਾ ਪ੍ਰਾਪਤੀ ਪਹਿਲਾ ਕਦਮ ਹੋ ਸਕਦਾ ਹੈ। ਇਸ ਪਿੱਛੇ ਕੰਮ ਕਰਦੇ ਕਾਰਕਾਂ ਵਿਚ ਮਹਾਨ ਸੱਭਿਅਤਾ ਦੀ ਮਿੱਥ ਉਭਾਰਨਾ, ਆਧੁਨਿਕ ਵਿਚਾਰਾਂ ਨਾਲ ਟਕਰਾਉ, ਵਖਰੇਵਿਆਂ ਨਾਲ ਨਫਰਤ ਅਤੇ ਵੱਖਰੀ ਨਸਲ/ਧਰਮ/ਵਰਗ ਨਾਲ ਦੂਜੈਲਪੁਣੇ ਦੀ ਧਾਰਨਾ ਬੇਹੱਦ ਅਹਿਮ ਹੈ।

'ਲੈਲਾ' ਸੀਰੀਜ਼ ਵਿਚ ਮੁੱਖ ਕਿਰਦਾਰ ਸ਼ਾਲਿਨੀ ਦਾ ਇੱਕ ਮੁਸਲਮਾਨ ਨਾਲ ਪਿਆਰ-ਵਿਆਹ ਉਸ ਦੀ ਬੇਟੀ ਲੈਲਾ ਦੇ ਅਗਵਾ ਹੋਣ ਅਤੇ ਫਿਰ 'ਮਿਸ਼ਰਤ ਖੂਨ' ਵਾਲਾ ਬੱਚਾ ਹੋਣ ਕਾਰਨ 'ਸ਼ੁੱਧੀਕਰਨ ਕੈਂਪ' ਵਿਚ ਭਰਤੀ ਹੋਣ ਦਾ ਕਾਰਨ ਬਣਦਾ ਹੈ। ਸ਼ਾਲਿਨੀ ਵੱਖਰੇ ਧਰਮ ਅਤੇ ਫਿਰਕੇ ਨਾਲ ਸਬੰਧਿਤ ਹੋਣ ਕਾਰਨ ਨਾ ਸਿਰਫ ਅਮਾਨਵੀ ਵਤੀਰੇ ਦਾ ਸ਼ਿਕਾਰ ਹੁੰਦੀ ਹੈ ਬਲਕਿ ਉਸ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਜਾਂਦੀ ਹੈ।

ਇਸ ਸੀਰੀਜ਼ ਦਾ ਪਹਿਲਾ ਦ੍ਰਿਸ਼ ਇਸ ਇਕਬਾਲੀਆ ਬਿਆਨ ਨਾਲ ਖੁੱਲ੍ਹਦਾ ਹੈ ਕਿ ਇਹ ਸਾਰਾ ਕਲਪਿਤ ਹੈ ਅਤੇ ਇਸ ਦਾ ਕਿਸੇ ਮ੍ਰਿਤਕ ਜਾਂ ਜਿਊਂਦੇ-ਜਾਗਦੇ ਇਨਸਾਨ ਨਾਲ ਕੋਈ ਸਬੰਧ ਨਹੀਂ ਪਰ ਇਸ ਦੇ ਪਹਿਲੇ ਹੀ ਦ੍ਰਿਸ਼ ਵਿਚ ਸ਼ਾਲਿਨੀ ਦੇ ਪਤੀ ਰਿਜ਼ਵਾਨ ਚੌਧਰੀ ਦੀ ਹਜੂਮੀ ਹੱਤਿਆ (ਮੌਬ ਲਿਚਿੰਗ) ਮੌਜੂਦਾ ਭਾਰਤ ਦੇ ਸਿਆਸੀ ਡਰਾਮੇ ਦੀ ਹਕੀਕਤ ਨਸ਼ਰ ਕਰਦੀ ਹੈ ਜਿੱਥੇ ਵੱਖਰੇ ਧਰਮ ਅਤੇ ਜੀਵਨ ਜਾਚ ਦਾ ਹਵਾਲਾ ਦੇ ਕੇ ਜਿਊਂਦੇ-ਜਾਗਦੇ ਅਖਲਾਕਾਂ, ਨਜੀਬਾਂ, ਪਹਿਲੂ ਖਾਨਾਂ ਅਤੇ ਜੁਨੈਦਾਂ ਨੂੰ ਭੀੜਾਂ ਦੁਆਰਾ ਜਲਾਉਣ, ਬੇਰਹਿਮ ਤਰੀਕੇ ਨਾਲ ਕੱਟਣ-ਵੱਢਣ ਦਾ ਦਸਤੂਰ ਨਿਰਵਿਘਨ ਜਾਰੀ ਹੈ। ਰਿਜ਼ਵਾਨ ਨੂੰ ਮਾਰਨਾ ਉਪਰਲੀ ਸਤਹਿ 'ਤੇ 'ਦੁਰਲਭ ਪਾਣੀ ਦੀ ਸਵਿਮਿੰਗ ਪੂਲ ਲਈ ਖਰੀਦਣ ਦੀ ਗੁਸਤਾਖੀ' ਜਾਪਦਾ ਹੈ ਪਰ ਜਦੋਂ ਹੌਲੀ-ਹੌਲੀ ਇਸ ਕਤਲ ਦੀਆਂ ਪਰਤਾਂ ਖੁੱਲ੍ਹਦੀਆਂ ਹਨ ਤਾਂ ਇਹ ਸਪਸ਼ਟ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਮਸਲਾ ਸਿਰਫ ਗੈਰ-ਕਾਨੂੰਨੀ ਜਾਂ 'ਪਾਣੀ ਚੋਰ ਹੋਣਾ ਨਹੀਂ ਬਲਕਿ ਇਸ ਮੁਲਕ 'ਆਰੀਆਵਰਤ' ਵਿਚ ਇੱਕ ਧਰਮ ਤੋਂ ਬਿਨਾ ਦੂਜੇ ਧਰਮਾਂ ਦੇ ਲੋਕਾਂ ਦਾ ਵੱਡੇ ਪੱਧਰ ਤੇ ਸਮੂਹਿਕ ਸਫਾਇਆ ਅਤੇ ਨਸਲਘਾਤ ਦੀ ਸਰਕਾਰੀ ਕਾਰਵਾਈ ਦੇ ਅਧੀਨ ਗੁੰਡਾ ਗਰੋਹਾਂ ਤੋਂ ਇਹ ਕਾਰਾ ਕਰਵਾਇਆ ਜਾ ਰਿਹਾ ਹੈ।

ਇਸ ਸੀਰੀਜ਼ ਦਾ ਸਮਾਂ ਸੰਨ 2045 ਦਾ ਹੈ। ਇਸ ਸਮੇਂ ਤੱਕ ਭਾਰਤ ਵਿਚ ਖਾਸ ਧਰਮ ਦਾ 'ਰਾਸ਼ਟਰ'' ਬਣਾਇਆ ਜਾ ਚੁੱਕਾ ਹੈ ਅਤੇ ਸਾਰੇ ਸਰਕਾਰੀ ਅਦਾਰੇ, ਸੰਸਥਾਵਾਂ ਅਤੇ ਏਜੰਸੀਆਂ ਦਾ ਭਗਵਾਕਰਨ ਹੋ ਚੁੱਕਾ ਹੈ। ਪੁਰਾਤਨ ਰਸਮਾਂ-ਰਿਵਾਜ਼ਾਂ, ਸਮਾਜਿਕ ਵਰਤਾਉ ਅਤੇ ਸਜ਼ਾਵਾਂ ਦੀ ਵਾਪਸੀ ਹੋ ਚੁੱਕੀ ਹੈ, ਭਾਵੇਂ ਦੂਜੇ ਪਾਸੇ ਮੁਲਕ ਦੇ ਵਿਗਿਆਨੀ ਅਤੇ ਬਾਬੂਸ਼ਾਹੀ ਅਤਿ-ਆਧੁਨਿਕ ਯੰਤਰਾਂ, ਸਪੇਸ ਸਮੱਗਰੀ ਅਤੇ ਸੂਖਮ ਜਾਸੂਸੀ ਯੰਤਰ ਬਣਾਉਣ ਅਤੇ ਇਨ੍ਹਾਂ ਨੂੰ ਪੂਰੇ ਮੁਲਕ ਦੀਆਂ ਸੜਕਾਂ, ਘਰਾਂ, ਹੋਟਲਾਂ, ਸਕੂਲਾਂ, ਕਾਲਜਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਲਗਾਉਣ ਵਿਚ ਕਾਮਯਾਬ ਹੋ ਚੁੱਕੀ ਹੈ। ਕਿਰਤੀ-ਕਾਮਿਆਂ 'ਤੇ ਨਿਗਾਹ ਰੱਖਣ, ਉਨ੍ਹਾਂ ਨੂੰ ਆਪਣੇ ਕੰਟਰੋਲ ਹੇਠ ਰੱਖਣ ਅਤੇ ਮੁਲਕ ਦੇ ਮੁਨਾਫਾ ਆਧਾਰਿਤ ਮਸ਼ੀਨਰੀ ਤੇ ਬਾਜ਼ਾਰਾਂ ਵਿਚ ਫਿੱਟ ਹੋਣ ਲਈ ਮਜਬੂਰ ਕਰਨ ਲਈ ਇੰਨੇ






ਨਾਵਲ 'ਲੈਲਾ' ਦਾ ਮੁਖੜਾ ਅਤੇ ਇਸ ਦਾ ਲੇਖਕ ਤੇ ਪੱਤਰਕਾਰ ਪ੍ਰਯਾਗ ਅਕਬਰ।

ਸੂਖਮ ਯੰਤਰ, ਕੈਮਰੇ ਅਤੇ ਖੁਫੀਆ ਤੰਤਰ ਸਰਗਰਮ ਹਨ। ਸਾਰਾ ਮੁਲਕ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ।

ਇੱਕ ਪਾਸੇ ਉਹ ਲੋਕ ਹਨ ਜਿਨ੍ਹਾਂ ਦਾ ਹਵਾ ਪਾਣੀ ਵਰਗੀਆਂ ਕੁਦਰਤੀ ਨਿਆਮਤਾਂ 'ਤੇ ਕੰਟਰੋਲ ਹੈ ਅਤੇ ਉਹ ਖੁਦ ਤੋਂ ਵਖਰੇਵੇਂ ਤੇ ਵੱਖਰੀ ਸਮਾਜਿਕ ਸਥਿਤੀ ਵਾਲਿਆਂ ਦਾ ਨਾ ਸਿਰਫ ਬਾਈਕਾਟ ਕਰਦੇ ਹਨ ਬਲਿਕ ਉਨ੍ਹਾਂ ਨੂੰ ਗੈਰ-ਮਾਨਵੀ ਅਤੇ ਜਲ ਰਹੇ ਕੂੜੇ ਦੇ ਢੇਰਾਂ ਵਿਚ ਗਲਣ-ਸੜਨ ਲਈ ਮਜਬੂਰ ਕਰ ਦਿੰਦੇ ਹਨ। ਇਸ ਸੀਰੀਜ਼ ਦੀ ਖੂਬੀ ਇਹ ਹੈ ਕਿ ਇਹ ਅੰਨ੍ਹੇ ਤਸ਼ੱਦਦ ਦੇ ਸਾਰੇ ਪਹਿਲੂਆਂ ਨੂੰ ਬਹੁਤ ਸੂਖਮਤਾ ਨਾਲ ਪਰਦੇ 'ਤੇ ਪੇਸ਼ ਕਰਦੀ ਹੈ।

'ਲੈਲਾ' ਵਿਚ ਧਾਰਮਿਕਤਾ ਤੇ ਵਿਗਿਆਨਕ ਨੇਮਾਂ ਵਿਚ ਚੱਲ ਰਹੀ ਜਦੋਜਹਿਦ ਬੇਹੱਦ ਸਟੀਕ ਹੈ। ਹੁਣ ਦੇ ਭਾਰਤਵਰਸ਼ ਵਾਂਗ ਭਵਿੱਖ ਦੇ ਆਰੀਆਵਰਤ ਨਾਮੀ ਮੁਲਕ ਵਿਚ ਵੀ ਸਰਕਾਰ ਦੀ ਆਲੋਚਨਾ ਅਤੇ ਉਸ ਦੇ ਕੰਮ-ਕਾਜ ਦੀ ਊਣਤਾਈ ਜ਼ਾਹਿਰ ਕਰਨਾ ਦੇਸ਼ਧ੍ਰੋਹ ਗਿਣਿਆ ਜਾਂਦਾ ਹੈ। ਇਸ ਸੀਰੀਜ਼ ਵਿਚ ਅਜਿਹੇ ਕੁਕਰਮਾਂ ਦੀ ਸਜ਼ਾ 'ਸ਼ੁੱਧੀਕਰਨ ਕੈਂਪਾਂ' ਤੇ 'ਸੁਧਾਰ ਘਰਾਂ' ਵਿਚ ਭੇਜਣਾ ਹੈ ਪਰ ਮੌਜੂਦਾ ਦੌਰ ਵਿਚ ਇਸ ਦਾ ਨਤੀਜਾ ਨਰਿੰਦਰ ਦਭੋਲਕਰ, ਐੱਮ.ਐੱਮ. ਕੁਲਬਰਗੀ, ਗੋਬਿੰਦ ਪਾਨਸਰੇ ਅਤੇ ਗੌਰੀ ਲੰਕੇਸ਼ ਵਰਗੇ ਜ਼ਹੀਨ ਤੇ ਸਮਾਜ ਦੀ ਜ਼ਮੀਰ ਮੰਨੇ ਜਾਂਦੇ ਬੁਧੀਜੀਵੀਆਂ ਦੇ ਹਿੰਦੂ ਅਤਿਵਾਦੀ ਗਰੁੱਪਾਂ ਵੱਲੋਂ ਦਿਨ-ਦਿਹਾੜੇ ਕੀਤੇ ਕਤਲਾਂ ਵਿਚ ਦੇਖਿਆ ਜਾ ਸਕਦਾ ਹੈ। ਇਨ੍ਹਾਂ ਚਾਰੇ ਬਜ਼ੁਰਗ ਦਰਵੇਸ਼ਾਂ ਦਾ ਕਸੂਰ ਸਿਰਫ ਇੰਨਾ ਸੀ ਕਿ ਇਹ ਨਾ ਸਿਰਫ ਧਾਰਮਿਕ ਕੱਟੜਤਾ, ਗੈਰ-ਜਮਹੂਰੀ ਨੀਤੀਆਂ, ਮੁਸਲਮਾਨਾਂ/ਦਲਿਤਾਂ/ਔਰਤਾਂ/ਗਰੀਬ ਤਬਕਿਆਂ ਨਾਲ ਹੋ ਰਹੇ ਬਲਾਤਕਾਰਾਂ, ਹਜੂਮੀ ਹੱਤਿਆਵਾਂ ਤੇ ਧੱਕੇਸ਼ਾਹੀ ਖਿਲਾਫ ਲਗਾਤਾਰ ਬੋਲ ਰਹੇ ਸਨ ਸਗੋਂ ਮੁਲਕ ਵਿਚ ਤੇਜ਼ੀ ਨਾਲ ਪਸਰ ਰਹੇ ਗੈਰ-ਵਿਗਿਆਨਕ, ਤਰਕਹੀਣ ਅਤੇ ਬੇਦਲੀਲ ਵਰਤਾਰਿਆਂ ਖਿਲਾਫ ਡਟ ਕੇ ਖੜ੍ਹੇ ਸਨ। ਇਸੇ ਤਰ੍ਹਾਂ ਇਸ ਸੀਰੀਜ਼ ਵਿਚ ਰਾਜ-ਸੱਤਾ 'ਤੇ ਕਾਬਜ਼ ਜਮਾਤ ਸਵਾਲਾਂ, ਆਲੋਚਨਾ, ਸੱਚ, ਤੱਥਾਂ ਅਤੇ ਅਣਖ ਭਰੀ ਜ਼ਿੰਦਗੀ ਤੋਂ ਪਲੇਗ ਵਾਂਗ ਡਰਦੀ ਹੈ ਅਤੇ ਨਵੀਂ ਉਮੀਦ ਦੀਆਂ ਕਰੂੰਬਲਾਂ ਨੂੰ ਨੋਚ ਕੇ ਸੁੱਟ ਦੇਣਾ ਚਾਹੁੰਦੀ ਹੈ।

ਇਸ ਸੀਰੀਜ਼ ਵਿਚ ਸਰਕਾਰੀ ਤੰਤਰ ਦੀਆਂ ਬੰਦਾ-ਮਾਰੂ ਨੀਤੀਆਂ ਦਾ ਖਮਿਆਜ਼ਾ ਬੱਚੇ ਅਤੇ ਔਰਤਾਂ ਭੁਗਤਦੇ ਹਨ। ਸੀਰੀਜ਼ ਵਿਚ ਅਜਿਹੇ ਬੱਚੇ ਜਿਹੜੇ ਹਿੰਦੂ-ਮੁਸਲਿਮ, ਹਿੰਦੂ-ਦਲਿਤ ਜਾਂ ਹਿੰਦੂ-ਈਸਾਈ ਵਿਆਹ ਵਿਚੋਂ ਪੈਦਾ ਹੋਏ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਤੋਂ ਖੋਹ ਕੇ ਅਜਿਹੀਆਂ ਏਜੰਸੀਆਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਜਿਹੜੀਆਂ ਜਾਂ ਤਾਂ ਉਨ੍ਹਾਂ ਨੂੰ ਬੇਔਲਾਦ ਜੋੜਿਆਂ ਨੂੰ ਵੇਚ ਦਿੰਦੀਆਂ ਹਨ ਜਾਂ ਉਨ੍ਹਾਂ ਦੀ ਸਮਗਲਿੰਗ ਕਰਦੇ ਨੇ ਜਾਂ ਫਿਰ ਉਨ੍ਹਾਂ ਨੂੰ ਲੇਬਰ ਕੈਂਪਾਂ ਵਿਚ ਮਰਨ ਲਈ ਸੁੱਟ ਦਿੰਦੇ ਹਨ। ਇਸ ਸੀਰੀਜ਼ ਦੀ ਮੁੱਖ ਕਿਰਦਾਰ ਸ਼ਾਲਿਨੀ ਜਦੋਂ ਖੁਦ ਦੀ ਮੁਕਤੀ ਲਈ ਦੋ 'ਅਪੱਵਿਤਰ' ਔਰਤਾਂ ਨੂੰ ਗੈਸ ਚੈਂਬਰ ਵਿਚ ਮਾਰਨ ਤੋਂ ਮੁਨਕਰ ਹੋ ਜਾਂਦੀ ਹੈ ਤਾਂ ਸਜ਼ਾ ਦੇ ਤੌਰ 'ਤੇ ਉਹ ਅਜਿਹੇ ਲੇਬਰ ਕੈਂਪ ਵਿਚ ਸੁੱਟ ਦਿੱਤੀ ਜਾਂਦੀ ਹੈ ਜਿੱਥੇ ਉਸ ਨੂੰ ਇੱਕ ਛੋਟੀ ਬੱਚੀ (ਮਾਪਿਆਂ ਤੋਂ ਖੋਹ ਕੇ ਸੁੱਟੀ) ਮਿਲਦੀ ਹੈ ਜਿਹੜੀ ਪੈਸਿਆਂ ਦੇ ਬਦਲੇ ਉਸ ਨੂੰ ਲੈਲਾ ਨੂੰ ਲੱਭਣ ਵਿਚ ਮਦਦ ਕਰਨ ਦਾ ਭਰੋਸਾ ਦਿੰਦੀ ਹੈ। ਫਿਲਮ ਦੀ ਕਹਾਣੀ ਮੁਤਾਬਿਕ ਸ਼ਾਲਿਨੀ ਦੀ ਧੀ ਲੈਲਾ ਨੂੰ ਅਗਵਾ ਕਰਨ ਵਿਚ 'ਰਿਪੀਟਰਜ਼' ਦਾ ਮੁੱਖ ਰੋਲ ਹੁੰਦਾ ਹੈ ਜਿਹੜੇ ਲੁੱਟਮਾਰ, ਫਿਰੌਤੀਆਂ ਅਤੇ ਹਜੂਮੀ ਹੱਤਿਆਵਾਂ ਕਰਨ ਵਾਲੇ ਅਜਿਹੇ ਸਮੂਹ ਹਨ ਜਿਨ੍ਹਾਂ ਨੂੰ ਸਟੇਟ ਦੀ ਪੂਰੀ ਹਮਾਇਤ ਹਾਸਲ ਹੈ ਅਤੇ ਉਹ ਮੌਕਾ ਆਉਣ 'ਤੇ ਬੱਚਿਆਂ ਅਤੇ ਔਰਤਾਂ ਨੂੰ ਵੀ ਨਹੀਂ ਬਖਸ਼ਦੇ।


ਇਹ ਸੀਰੀਜ਼ 'ਲੈਲਾ' ਬਹੁਤ ਸਾਰੇ ਪੱਖਾਂ ਤੋਂ ਇਸ ਲਈ ਵਿਲੱਖਣ ਹੈ ਕਿ ਇਹ ਫਾਸ਼ੀਵਾਦੀ ਸਮਾਜਾਂ ਵਿਚ ਜੀਅ ਰਹੇ ਲੋਕਾਂ ਦੀ ਜ਼ਿੰਦਗੀ ਦਾ ਮਾਰਮਿਕ ਖਾਕਾ ਖਿੱਚਦੀ ਹੈ। ਇਸ ਦੇ ਨਾਲ-ਨਾਲ ਸੀਰੀਜ਼ ਦਾਰਸ਼ਨਿਕ ਪੱਧਰ 'ਤੇ ਇਹ ਸੁਨੇਹਾ ਦਿੰਦੀ ਹੈ ਕਿ ਫਾਸ਼ੀਵਾਦ ਦਾ ਅਸਰ ਸਿਰਫ ਸਿਆਸੀ ਨਹੀਂ ਹੁੰਦਾ, ਇਹ ਹੌਲੀ-ਹੌਲੀ ਜ਼ਹਿਰ ਵਾਂਗ ਜ਼ਿੰਦਗੀ ਦੀ ਸਾਰੀਆਂ ਸ਼ੈਆਂ ਨੂੰ ਨੀਲਾ ਕਰਦਾ ਜਾਂਦਾ ਹੈ। ਵਫਾਦਾਰਾਂ ਦੀ ਜਾਸੂਸੀ ਤੋਂ ਲੈ ਕੇ ਸਿਆਸੀ ਸਾਜ਼ਿਸ਼ਾਂ ਤਹਿਤ ਫਾਸ਼ੀਵਾਦੀ ਇੱਕ-ਦੂਜੇ ਨੂੰ ਨਾ ਸਿਰਫ ਠਿੱਬੀ ਲਾਉਣ ਦੀ ਕੋਸ਼ਿਸ਼ ਕਰਦੇ ਹਨ ਬਲਕਿ ਉਨ੍ਹਾਂ ਦੀ ਨਾਲਾਇਕੀ ਤੇ ਵਿਚਾਰਹੀਣਤਾ ਦੀਕਸ਼ਤ ਵਾਂਗ ਪੂਰੇ ਪਰਿਵਾਰ ਨੂੰ ਨਿਗਲ ਜਾਂਦੀ ਹੈ।

ਫਾਸ਼ੀਵਾਦ ਮਿੱਥਕ ਇਤਿਹਾਸ, ਝੂਠੀ ਸ਼ਾਨੋ-ਸ਼ੌਕਤ, ਹਥਿਆਰਾਂ ਤੇ ਧਾਰਮਿਕਤਾ ਦੀ ਗਲੀਜ਼ ਨੁਮਾਇਸ਼ ਹੋਣ ਦੇ ਨਾਲ-ਨਾਲ ਮਾਨਵਤਾ ਦੀਆਂ ਸਭ ਤੋਂ ਖੂਬਸੂਰਤ ਸ਼ੈਆਂ ਨੂੰ ਨਿਗਲ ਜਾਂਦਾ ਹੈ। ਨਾਗਰਿਕ ਨੰਬਰਾਂ ਜਾਂ ਵਰਤੋਂ ਯੋਗ ਚੰਮ ਵਿਚ ਤਬਦੀਲ ਕਰ ਦਿੱਤੇ ਜਾਂਦੇ ਹਨ। ਇਹ ਸੀਰੀਜ਼ ਉਸ ਕਾਲੇ ਭਵਿੱਖ ਵੱਲ ਇਸ਼ਾਰਾ ਕਰਦੀ ਹੈ ਜਦੋਂ ਸਮਾਜਿਕ-ਜਿਨਸੀ ਕੁੰਠਾ ਅਤੇ ਸਿਆਸੀ ਨਪੁੰਸਕਤਾ ਦੇ ਭੰਨੇ ਬਦਨਸੀਬ ਸਮਾਜ ਇੱਕ-ਦੂਜੇ ਨੂੰ ਖਾਣ ਤੇ ਉਤਾਰੂ ਹੋ ਜਾਂਦੇ ਹਨ। ਦੀਪਾ ਮਹਿਤਾ ਨੇ ਬਹੁਤ ਹਿੰਮਤ ਨਾਲ ਦਰਸ਼ਕਾਂ ਨੂੰ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।


'ਲੈਲਾ' ਸੀਰੀਜ਼ ਪ੍ਰਯਾਗ ਅਕਬਰ ਦੇ ਇਸੇ ਨਾਮ ਦੇ ਨਾਵਲ 'ਤੇ ਆਧਾਰਿਤ ਹੈ ਅਤੇ ਇਸ ਵਿਚੋਂ ਵਾਰ-ਵਾਰ ਮਾਰਗਰੇਟ ਐਟਵੁੱਡ ਦੇ ਨਾਵਲ 'ਦਿ ਹੈਂਡਮੇਡ'ਜ਼ ਟੇਲ' ਅਤੇ ਜਾਰਜ ਆਰਵੈੱਲ ਦੇ ਨਾਵਲ 'ਨਾਈਨਟੀਨ ਏਟੀ ਫਾਰ' ਦਾ ਝਲਕਾਰਾ ਪੈਂਦਾ ਹੈ। ਫਿਲਮ ਦਾ ਸਭ ਤੋਂ ਦਰਦਨਾਕ ਦ੍ਰਿਸ਼ ਉਹ ਹੈ ਜਦੋਂ ਸ਼ਾਲਿਨੀ ਆਪਣੀ ਧੀ 'ਲੈਲਾ' ਨੂੰ ਲੱਭਣ ਵਿਚ ਕਾਮਯਾਬ ਤਾਂ ਹੋ ਜਾਂਦੀ ਹੈ ਪਰ ਤਦ ਤੱਕ ਉਸ ਉਪਰ ਜ਼ਹਿਰੀਲੇ ਪ੍ਰਚਾਰ ਦਾ ਇੰਨਾ ਅਸਰ ਹੋ ਚੁੱਕਿਆ ਹੈ ਕਿ ਉਹ ਆਪਣੀ ਮਾਂ ਨੂੰ ਆਖਦੀ ਹੈ, "ਮੇਰੀ ਕੋਈ ਮਾਂ ਨਹੀਂ, ਮੇਰੀ ਮਾਂ ਆਰੀਆਵਰਤ ਹੈ ਤੇ ਮੈਂ ਉਸ ਲਈ ਮਰਨ ਜਾਂ ਕਿਸੇ ਨੂੰ ਮਾਰਨ ਤੋਂ ਗੁਰੇਜ਼ ਨਹੀਂ ਕਰਾਂਗੀ।"

# Indo American Desh Bhagat Foundation of Bay Area

## ਮੇਲਾ ਗਦਰੀ ਬਾਬਿਆਂ ਦਾ


ਬਾਬਾ ਸੋਹਣ ਸਿੰਘ ਜੀ ਭਕਨਾ


ਸ਼ਹੀਦ ਸ: ਊਧਮ ਸਿੰਘ


ਸ਼ਹੀਦੇ ਆਜ਼ਮ ਸ: ਭਗਤ ਸਿੰਘ


ਸ਼ਹੀਦ ਕਰਤਾਰ ਸਿੰਘ ਸਰਾਭਾ


**Sushil Dosanjh**
Chief guest

**1521 California Circle Milpitas CA – 95035**

**Sep 23, 2023, ਸਮਾਂ 1 ਤੋਂ ਸ਼ਾਮ 6 ਵਜੇ ਤੱਕ**

ਸਭ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ

***Free entry, free food***


**Jot Ranjit**
Host

## ਗਦਰ ਪਾਰਟੀ ਦੇ ਸ਼ਹੀਦਾਂ ਅਤੇ ਸਮੂਹ ਇਨਕਲਾਬੀਆਂ ਅਤੇ ਦੇਸ਼ ਭਗਤਾਂ ਦੀ ਯਾਦ ਚ ਮੇਲਾ

**Singers: Satti Pabla, Jeeta Gill and Gidha, Bhangra groups**




Contacts

| 510 714 5058 | 408 592 4044 | 408 250 6236 |
|---|---|---|
| Narinder Sujjon | Balbir Johal | Harkewal S Sandhu |

ਮੰਚ ਸੰਚਾਲਨ:- **Kuldeep S. Sujjon and Prem Kumar Sharma**

**Main sponsors:** Pritam S. Grewal, Atwal Brothers Merced CA, Bhupinder S Sandhu (Rurka Kalan), Dilbag S. Sandhu (Rurka Kalan), Raj Bhanote, Gurjeet S. Hothi, Inderjit S. Sidhu, Bob Dhillon, Surjit S. Bains, Narjit Sujjon, American Truck & Trailer Repair & Towing, Jarnail S. Raja, Harinder Sujjon (Skylark Limousine), Kirpal S. Atwal, Harduman S. Sanghera, Sarbjit S. Sawadee, Manjeet S. Jhikka (Aidan West Realty Inc), Tarsem S. Atwal, Balwant Singh, Master Gurdial, Amrik Khudalia, Prem Kumar Rahon, Mastan Singh, Harbans S. Bola

**Mela Committee:** Kulbushan Kumar Happy, Sukhdev S. Sidhu, Balbir Johal, Iktar S. Sodhi, Mehnga S. Sarpanch

**Langar Committee:** Deepa Sandhu, Harbhajan Singh, Raja, and Balwant Singh

**Special thanks to University of Silicon Andhra, Milpitas C**